23-JAN-PAGE-1.qxd 1/22/2026 9:08 PM Page 1

ਸ਼ੁੱਕਰਵਾਰ, 23 ਜਨਵਰੀ, 2026
10 ਮਾਘ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 234

ਰੋਜ਼ਾਨਾ
# ਨਵਾਂ ਜ਼ਮਾਨਾ
DAILY NAWAN ZAMANA • FRIDAY, 23 JANUARY, 2026
ਜਲੰਧਰ


'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ   Regd. No : L-4/Pb-JL-0023/2024-26, (R.N.I.)-00068/57   E-mail : nawanzamana@gmail.com   www.nawanzamana.in   ਸਫ਼ੇ : 12

## ਸੱਜਣ ਕੁਮਾਰ ਬਰੀ



**ਦਿੱਲੀ** : ਸਥਾਨਕ ਅਦਾਲਤ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਦੌਰਾਨ ਰਾਜਧਾਨੀ ਦੇ ਜਨਕਪੁਰੀ ਅਤੇ ਵਿਕਾਸਪੁਰੀ ਇਲਾਕਿਆਂ ਵਿੱਚ ਹੋਈ ਹਿੰਸਾ ਨਾਲ ਸੰਬੰਧਤ ਮਾਮਲੇ ਵਿੱਚ ਸਾਬਕਾ ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਬਰੀ ਕਰ ਦਿੱਤਾ ਹੈ। ਵਿਸ਼ੇਸ਼ ਜੱਜ ਡੀ ਆਈ ਜੀ ਵਿਨੈ ਸਿੰਘ ਨੇ ਪਿਛਲੇ ਸਾਲ ਦਸੰਬਰ ਵਿੱਚ ਮਾਮਲੇ ਵਿੱਚ ਅੰਤਮ ਬਹਿਸ ਪੂਰੀ ਹੋਣ ਤੋਂ ਬਾਅਦ 22 ਜਨਵਰੀ ਲਈ ਫੈਸਲਾ ਰਾਖਵਾਂ ਰੱਖ ਲਿਆ ਸੀ। ਫਰਵਰੀ 2015 ਵਿੱਚ ਵਿਸ਼ੇਸ਼ ਜਾਂਚ ਟੀਮ ਨੇ ਦਿੱਲੀ ਦੇ ਜਨਕਪੁਰੀ ਅਤੇ ਵਿਕਾਸਪੁਰੀ ਵਿੱਚ ਦੰਗਿਆਂ ਦੌਰਾਨ ਹਿੰਸਾ ਦੀਆਂ ਸ਼ਿਕਾਇਤਾਂ ਦੇ ਆਧਾਰ 'ਤੇ ਸੱਜਣ ਕੁਮਾਰ ਖਿਲਾਫ਼ ਦੋ ਐੱਫ ਆਈ ਆਰ ਦਰਜ ਕੀਤੀਆਂ ਸਨ। ਪਹਿਲੀ ਐੱਫ ਆਈ ਆਰ ਜਨਕਪੁਰੀ ਵਿੱਚ ਹੋਈ ਹਿੰਸਾ ਬਾਰੇ ਸੀ, ਜਿੱਥੇ 1 ਨਵੰਬਰ, 1984 ਨੂੰ ਦੋ ਵਿਅਕਤੀ ਸੋਹਣ ਸਿੰਘ ਅਤੇ ਉਸ ਦਾ ਜਵਾਈ ਅਵਤਾਰ ਸਿੰਘ ਮਾਰੇ ਗਏ ਸਨ। ਦੂਜੀ ਐੱਫ ਆਈ ਆਰ ਗੁਰਚਰਨ ਸਿੰਘ ਦੇ ਮਾਮਲੇ ਵਿੱਚ ਦਰਜ ਕੀਤੀ ਗਈ ਸੀ, ਜਿਸ ਨੂੰ 2 ਨਵੰਬਰ, 1984 ਨੂੰ ਵਿਕਾਸਪੁਰੀ ਵਿੱਚ ਅੱਗ ਲਾ ਕੇ ਮਾਰ ਦਿੱਤਾ ਗਿਆ ਸੀ।

## ਨਿਊ ਸਾਊਥ ਵੇਲਜ਼ 'ਚ ਗੋਲੀਬਾਰੀ, 3 ਮੌਤਾਂ

**ਮੈਲਬਰਨ** : ਆਸਟਰੇਲੀਆ ਦੇ ਨਿਊ ਸਾਊਥ ਵੇਲਜ਼ ਰਾਜ ਦੇ ਇੱਕ ਕਸਬੇ ਵਿੱਚ ਵੀਰਵਾਰ ਨੂੰ ਹੋਈ ਗੋਲੀਬਾਰੀ ਵਿੱਚ ਤਿੰਨ ਲੋਕਾਂ ਦੀ ਮੌਤ ਹੋ ਗਈ ਅਤੇ ਇੱਕ ਹੋਰ ਜ਼ਖਮੀ ਹੋ ਗਿਆ। ਗੋਲੀਬਾਰੀ ਤੋਂ ਬਾਅਦ ਐਮਰਜੈਂਸੀ ਸੇਵਾਵਾਂ ਨੂੰ ਲੇਕ ਕਾਰਜੇਲੀਗੋ ਵਿੱਚ ਬੁਲਾਇਆ ਗਿਆ। ਪੁਲਸ ਨੇ ਕਿਹਾ ਕਿ ਮ੍ਰਿਤਕਾਂ ਵਿੱਚ ਦੋ ਔਰਤਾਂ ਵੀ ਸ਼ਾਮਲ ਹਨ। ਇੱਕ ਹੋਰ ਵਿਅਕਤੀ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਭਰਤੀ ਕਰਵਾਇਆ ਗਿਆ ਹੈ। ਪੁਲਸ ਨੇ ਲੋਕਾਂ ਨੂੰ ਇਲਾਕੇ ਤੋਂ ਦੂਰ ਰਹਿਣ ਅਤੇ ਸਥਾਨਕ ਨਿਵਾਸੀਆਂ ਨੂੰ ਘਰਾਂ ਅੰਦਰ ਰਹਿਣ ਦੀ ਅਪੀਲ ਕੀਤੀ ਹੈ।

## 10 ਜਵਾਨਾਂ ਦੀ ਮੌਤ

**ਭੱਦਰਵਾਹ** : ਜੰਮੂ-ਕਸ਼ਮੀਰ ਦੇ ਡੋਡਾ ਜ਼ਿਲ੍ਹੇ ਵਿਚ ਫੌਜ ਦਾ ਵਾਹਨ ਡੂੰਘੀ ਖੱਡ ਵਿਚ ਡਿੱਗਣ ਨਾਲ ਫੌਜ ਦੇ 10 ਜਵਾਨਾਂ ਦੀ ਮੌਤ ਹੋ ਗਈ, ਜਦੋਂ ਕਿ 7 ਹੋਰ ਜ਼ਖਮੀ ਹੋ ਗਏ। ਹਾਦਸਾ ਭੱਦਰਵਾਹ-ਚੰਬਾ ਅੰਤਰਰਾਜੀ ਰੋਡ 'ਤੇ ਖੰਨੀ ਟੌਪ 'ਤੇ ਹੋਇਆ। ਅਧਿਕਾਰੀਆਂ ਨੇ ਦੱਸਿਆ ਕਿ ਬੁਲੇਟ-ਪਰੂਫ ਫੌਜੀ ਵਾਹਨ, ਜਿਸ ਵਿੱਚ ਕੁੱਲ 17 ਜਵਾਨ ਸਵਾਰ ਸਨ, ਇੱਕ ਉੱਚੀ ਚੌਕੀ ਵੱਲ ਜਾ ਰਿਹਾ ਸੀ, ਜਦੋਂ ਚਾਲਕ ਵਾਹਨ ਤੋਂ ਕੰਟਰੋਲ ਗੁਆ ਬੈਠਾ ਤਾਂ ਗੱਡੀ 200 ਫੁੱਟ ਡੂੰਘੀ ਖੱਡ ਵਿੱਚ ਡਿੱਗ ਗਈ। ਅਧਿਕਾਰੀਆਂ ਦੱਸਿਆ ਕਿ ਫੌਜ ਤੇ ਪੁਲਸ ਵੱਲੋਂ ਫੌਰੀ ਸਾਂਝਾ ਬਚਾਅ ਕਾਰਜ ਸ਼ੁਰੂ ਕੀਤਾ ਗਿਆ। ਤਿੰਨ ਗੰਭੀਰ ਜ਼ਖ਼ਮੀਆਂ ਨੂੰ ਵਿਸ਼ੇਸ਼ ਇਲਾਜ ਲਈ ਊਧਮਪੁਰ ਫੌਜੀ ਹਸਪਤਾਲ ਭੇਜ ਦਿੱਤਾ ਗਿਆ ਹੈ।

## ਪੰਜਾਬ ਦੇ ਨੌਜਵਾਨਾਂ ਨੂੰ ਸਿੱਖ ਰੈਜੀਮੈਂਟ 'ਚ ਭਰਤੀ ਹੋਣ ਦੀ ਅਪੀਲ

**ਚੰਡੀਗੜ੍ਹ** : ਭਾਰਤੀ ਥਲ ਸੈਨਾ ਨੇ ਪੰਜਾਬ ਦੇ ਨੌਜਵਾਨਾਂ ਨੂੰ ਸ਼ਾਨਦਾਰ ਸਿੱਖ ਰੈਜੀਮੈਂਟ ਵਿੱਚ ਭਰਤੀ ਹੋਣ ਦੀ ਅਪੀਲ ਕੀਤੀ ਹੈ। ਫੌਜ ਨੇ ਜ਼ੋਰ ਦੇ ਕੇ ਕਿਹਾ ਕਿ ਰੈਜੀਮੈਂਟ ਦੀ ਅਸਲ ਤਾਕਤ ਸੂਬੇ ਦੇ ਨੌਜਵਾਨ ਤੇ ਔਰਤਾਂ ਹਨ, ਜਿਨ੍ਹਾਂ ਨੂੰ ਗੁਰੂ ਹਰਗੋਬਿੰਦ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਚਲੀ ਆ ਰਹੀ ਯੋਧਾ ਰਵਾਇਤ ਵਿਰਾਸਤ ਵਿਚ ਮਿਲੀ ਹੈ। ਸਿੱਖ ਰੈਜੀਮੈਂਟ ਵਿਚ ਸ਼ਾਮਲ ਹੋ ਕੇ ਨੌਜਵਾਨ ਆਪਣੇ ਪਰਵਾਰਾਂ ਲਈ ਮਾਣ ਦਾ ਸਰੋਤ ਬਣਨਗੇ ਅਤੇ ਹਿੰਮਤ, ਅਨੁਸ਼ਾਸਨ ਅਤੇ ਕੁਰਬਾਨੀ ਦੀ ਵਿਰਾਸਤ ਵਿੱਚ ਯੋਗਦਾਨ ਪਾਉਣਗੇ। ਸੀਨੀਅਰ ਫੌਜ ਅਧਿਕਾਰੀਆਂ ਅਨੁਸਾਰ ਲੋੜੀਂਦੀ ਨਫ਼ਰੀ ਦੀ ਘਾਟ ਨਾਲ ਜੁੜੀਆਂ ਚੁਣੌਤੀਆਂ ਦੇ ਬਾਵਜੂਦ ਸਿੱਖ ਰੈਜੀਮੈਂਟ ਲਗਾਤਾਰ ਬਿਹਤਰੀਨ ਕਾਰਗੁਜ਼ਾਰੀ ਦੇ ਰਹੀ ਹੈ ਤੇ ਭਾਰਤੀ ਥਲ ਸੈਨਾ ਦੀਆਂ ਉੱਚੀਆਂ ਉਮੀਦਾਂ ਦੀ ਕਸਵੱਟੀ 'ਤੇ ਖਰੀ ਉਤਰ ਰਹੀ ਹੈ।

## ਦੋ ਮਜ਼ਦੂਰ ਸੜ ਕੇ ਮਰੇ, 1 ਗੰਭੀਰ

**ਝੱਜਰ (ਹਰਿਆਣਾ)** : ਬਹਾਦੁਰਗੜ੍ਹ ਦੇ ਮਾਡਰਨ ਇੰਡਸਟਰੀਅਲ ਏਰੀਆ ਵਿੱਚ ਜੁੱਤੀਆਂ ਦੀ ਫੈਕਟਰੀ ਵਿੱਚ ਭਿਆਨਕ ਅੱਗ ਲੱਗਣ ਕਰਕੇ ਦੋ ਮਜ਼ਦੂਰਾਂ ਦੀ ਜਿਉਂਦੇ ਸੜਨ ਕਰਕੇ ਮੌਤ ਹੋ ਗਈ, ਜਦੋਂ ਕਿ ਇੱਕ ਹੋਰ ਮਜ਼ਦੂਰ ਬੁਰੀ ਤਰ੍ਹਾਂ ਝੁਲਸ ਗਿਆ। ਇਹ ਘਟਨਾ ਮਾਡਰਨ ਇੰਡਸਟਰੀਅਲ ਏਰੀਆ ਦੇ ਫੈਕਟਰੀ ਨੰਬਰ 817 ਵਿੱਚ ਵਾਪਰੀ, ਜਿੱਥੇ ਵੀਰਵਾਰ ਸਵੇਰੇ 5 ਵਜੇ ਦੇ ਕਰੀਬ ਅਚਾਨਕ ਅੱਗ ਲੱਗ ਗਈ। ਦੱਸਿਆ ਜਾ ਰਿਹਾ ਹੈ ਕਿ ਜਦੋਂ ਅੱਗ ਲੱਗੀ ਤਾਂ ਮਜ਼ਦੂਰ ਫੈਕਟਰੀ ਦੇ ਅੰਦਰ ਸੁੱਤੇ ਪਏ ਸਨ। ਦੋ ਮਜ਼ਦੂਰਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਮ੍ਰਿਤਕਾਂ ਦੀ ਪਛਾਣ ਅਬਦੁਲ ਅਟਵਾਰਿਸ ਅਤੇ ਅਮੀਰੁਦੀਨ ਉਰਫ਼ ਬੜੇ ਭਈਆ ਵਜੋਂ ਹੋਈ ਹੈ। ਦੋਵੇਂ ਮ੍ਰਿਤਕ ਚਚੇਰੇ ਭਰਾ ਸਨ।

# 'ਮੁੱਖ ਮੰਤਰੀ ਸਿਹਤ ਬੀਮਾ ਯੋਜਨਾ' ਦਾ ਆਗਾਜ਼

**ਮੁਹਾਲੀ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**




ਇੱਥੋਂ ਦੇ ਫੇਜ਼ ਅੱਠ ਦੇ ਪੰਚਾਇਤ ਵਿਭਾਗ ਦੇ ਮੁੱਖ ਦਫ਼ਤਰ ਵਿਕਾਸ ਭਵਨ ਦੇ ਆਡੀਟੋਰੀਅਮ ਵਿੱਚ ਵੀਰਵਾਰ ਨੂੰ ਪੰਜਾਬ ਦੇ ਹਰ ਵਰਗ ਲਈ 10 ਲੱਖ ਰੁਪਏ ਤੱਕ ਦੇ ਮੁਫ਼ਤ ਇਲਾਜ ਵਾਲੀ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦਾ ਆਗਾਜ਼ ਹੋ ਗਿਆ ਹੈ। ਮੁੱਖ ਮੰਤਰੀ ਭਗਵੰਤ ਮਾਨ ਅਤੇ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਵੱਲੋਂ ਸਕੀਮ ਦੇ ਲਾਭਪਾਤਰੀਆਂ ਨੂੰ ਕਾਰਡ ਵੰਡ ਕੇ ਇਸ ਸਕੀਮ ਦਾ ਆਰੰਭ ਕੀਤਾ ਗਿਆ।

ਇਸ ਮੌਕੇ ਆਮ ਆਦਮੀ ਪਾਰਟੀ ਦੇ ਆਗੂ ਮਨੀਸ਼ ਸਿਸੋਦੀਆ, ਸਤੇਂਦਰ ਜੈਨ, ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਕੈਬਨਿਟ ਮੰਤਰੀ ਅਮਨ ਅਰੋੜਾ ਸਮੇਤ ਵੱਡੀ ਗਿਣਤੀ ਵਿੱਚ ਪਾਰਟੀ ਦੇ ਵਿਧਾਇਕ ਅਤੇ ਹੋਰ ਆਗੂਆਂ ਤੋਂ ਇਲਾਵਾ ਪਾਰਟੀ ਵਰਕਰ ਮੌਜੂਦ ਸਨ। ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਅਤੇ ਅਰਵਿੰਦ ਕੇਜਰੀਵਾਲ ਨੇ ਦੱਸਿਆ ਕਿ ਪੰਜਾਬ ਦੇ 65 ਲੱਖ ਪਰਵਾਰਾਂ ਨੂੰ ਇਸ ਸਕੀਮ ਦਾ ਲਾਭ ਮਿਲੇਗਾ, ਜਿਸ ਤਹਿਤ ਰਾਜ ਦੇ ਤਿੰਨ ਕਰੋੜ ਵਸਨੀਕ ਬਿਨਾਂ ਕਿਸੇ ਪੈਸੇ ਤੋਂ ਪੰਜਾਬ ਦੇ ਕਿਸੇ ਵੀ ਪ੍ਰਾਈਵੇਟ ਅਤੇ ਸਰਕਾਰੀ ਹਸਪਤਾਲ ਵਿੱਚ ਆਪਣਾ ਮੁਫ਼ਤ ਇਲਾਜ ਕਰਵਾ ਸਕਣਗੇ। ਉਨ੍ਹਾ ਦੱਸਿਆ ਕਿ ਇਸ ਸਕੀਮ ਲਈ ਰਜਿਸਟਰੇਸ਼ਨ ਵੀਰਵਾਰ ਤੋਂ ਆਰੰਭ ਹੋ ਚੁੱਕੀ ਹੈ ਅਤੇ ਰਜਿਸਟਰੇਸ਼ਨ ਮੁਕੰਮਲ ਹੁੰਦਿਆਂ ਹੀ ਕੋਈ ਵੀ ਵਿਅਕਤੀ ਇਸ ਦਾ ਲਾਭ ਹਾਸਲ ਕਰ ਸਕੇਗਾ। ਉਨ੍ਹਾ ਦੱਸਿਆ ਕਿ ਇਸ ਸਕੀਮ ਵਿੱਚ ਵੱਖ-ਵੱਖ ਬਿਮਾਰੀਆਂ ਦੇ 2500 ਦੇ ਕਰੀਬ ਪੈਕੇਜ ਹਨ ਅਤੇ ਰਾਜ ਦੇ 95 ਫੀਸਦ ਹਸਪਤਾਲਾਂ ਨੂੰ ਸਕੀਮ ਲਈ ਸੂਚੀਬੱਧ ਕੀਤਾ ਗਿਆ ਹੈ। ਉਨ੍ਹਾ ਕਿਹਾ ਕਿ ਹਸਪਤਾਲਾਂ ਨੂੰ 15 ਦਿਨਾਂ ਦੇ ਅੰਦਰ ਕੀਤੇ ਗਏ ਇਲਾਜ ਦੀ ਅਦਾਇਗੀ ਯੂਨਾਈਟਿਡ ਇੰਸ਼ੋਰੈਂਸ ਕੰਪਨੀ ਵੱਲੋਂ ਯਕੀਨੀ ਬਣਾਈ ਜਾਵੇਗੀ। ਉਨ੍ਹਾ ਕਿਹਾ ਕਿ ਸਕੀਮ ਦਿਲ, ਕਿਡਨੀ, ਗੋਡੇ ਬਦਲਣ, ਜੱਚਾ ਬੱਚਾ ਤੋਂ ਇਲਾਵਾ ਹਰ ਤਰ੍ਹਾਂ ਦੇ ਇਲਾਜ ਲਈ ਉਪਲੱਬਧ ਹੋਵੇਗੀ। ਇਸ ਮੌਕੇ ਦੋਵਾਂ ਆਗੂਆਂ ਨੇ ਪੰਜਾਬ ਸਰਕਾਰ ਦੀਆਂ ਚਾਰ ਸਾਲ ਦੀਆਂ ਪ੍ਰਾਪਤੀਆਂ ਵੀ ਗਿਣਾਈਆਂ ਅਤੇ ਸਿਹਤ ਅਤੇ ਸਿੱਖਿਆ ਦੇ ਖੇਤਰ ਵਿੱਚ ਪਿਛਲੇ 75 ਸਾਲਾਂ ਤੋਂ ਵੱਧ ਕੰਮ ਚਾਰ ਸਾਲਾਂ ਵਿੱਚ ਕਰਨ ਦਾ ਦਾਅਵਾ ਕੀਤਾ। ਦੋਵਾਂ ਨੇ ਪੰਜਾਬ ਨੂੰ ਸਿਹਤ, ਸਿੱਖਿਆ ਪੱਖੋਂ ਹੋਰ ਅੱਗੇ ਵਧਾਉਣ ਅਤੇ ਨਸ਼ਿਆਂ ਤੇ ਗੈਂਗਸਟਰਾਂ ਤੋਂ ਮੁਕਤੀ ਦਿਵਾਉਣ ਦਾ ਵੀ ਯਕੀਨ ਦਿਵਾਇਆ। ਇਸ ਮੌਕੇ ਸਤੇਂਦਰ ਜੈਨ, ਡਾ. ਬਲਬੀਰ ਸਿੰਘ ਅਤੇ ਸੈਯਮ ਅਗਰਵਾਲ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਭਗਵੰਤ ਮਾਨ ਅਤੇ ਅਰਵਿੰਦ ਕੇਜਰੀਵਾਲ ਵੱਲੋਂ ਅਕਾਲੀ ਦਲ, ਕਾਂਗਰਸ ਅਤੇ ਭਾਜਪਾ ਉੱਤੇ ਵੀ ਤਿੱਖੇ ਨਿਸ਼ਾਨੇ ਸਾਧੇ ਗਏ।

# ਮਜ਼ਦੂਰਾਂ ਨੂੰ ਵੀ ਕਿਸਾਨਾਂ ਦੇ ਰਾਹ 'ਤੇ ਚੱਲਣ ਦੀ ਲੋੜ : ਰਾਹੁਲ



**ਨਵੀਂ ਦਿੱਲੀ** : ਕਾਂਗਰਸ ਆਗੂ ਰਾਹੁਲ ਗਾਂਧੀ ਨੇ ਮੋਦੀ ਸਰਕਾਰ 'ਤੇ ਮਗਨਰੇਗਾ ਖਤਮ ਕਰਨ ਦੀ ਕੋਸ਼ਿਸ਼ ਕਰਨ ਦਾ ਦੋਸ਼ ਲਗਾਇਆ ਹੈ। ਉਨ੍ਹਾ ਕਿਹਾ ਕਿ ਜਿਵੇਂ ਸਰਕਾਰ ਨੇ ਪਹਿਲਾਂ 'ਤਿੰਨ ਕਾਲੇ ਖੇਤੀ ਕਾਨੂੰਨ' ਲਿਆਂਦੇ ਸਨ, ਉਸੇ ਤਰ੍ਹਾਂ ਹੁਣ ਮਜ਼ਦੂਰਾਂ ਦੇ ਅਧਿਕਾਰਾਂ 'ਤੇ ਹਮਲਾ ਕੀਤਾ ਜਾ ਰਿਹਾ ਹੈ। ਰਾਸ਼ਟਰੀ ਮਗਨਰੇਗਾ ਮਜ਼ਦੂਰ ਕਨਵੈਨਸ਼ਨ ਨੂੰ ਸੰਬੋਧਨ ਕਰਦੇ ਹੋਏ ਰਾਹੁਲ ਗਾਂਧੀ ਨੇ ਕਿਹਾ ਕਿ ਮਗਨਰੇਗਾ ਦੀ ਮੂਲ ਸੋਚ ਗਰੀਬਾਂ ਨੂੰ ਕੰਮ ਦਾ ਅਧਿਕਾਰ ਦੇਣ ਦੀ ਸੀ। ਇਹ ਯੋਜਨਾ ਪੰਚਾਇਤੀ ਰਾਜ ਪ੍ਰਨਾਲੀ ਰਾਹੀਂ ਚਲਾਈ ਜਾਂਦੀ ਸੀ, ਤਾਂ ਜੋ ਲੋੜਵੰਦ ਲੋਕਾਂ ਨੂੰ ਰੋਜ਼ਗਾਰ ਮਿਲ ਸਕੇ। ਉਨ੍ਹਾਂ ਦਾਅਵਾ ਕੀਤਾ ਕਿ ਭਾਜਪਾ ਸਰਕਾਰ ਇਸ ਅਧਿਕਾਰ-ਅਧਾਰਤ ਪ੍ਰਨਾਲੀ ਨੂੰ ਖਤਮ ਕਰਨਾ ਚਾਹੁੰਦੀ ਹੈ। ਰਾਹੁਲ ਨੇ ਕਿਹਾ ਕਿ ਕਿਸਾਨਾਂ ਨੇ ਇੱਕਜੁਟ ਹੋ ਕੇ ਤਿੰਨ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਇਆ ਸੀ ਅਤੇ ਹੁਣ ਮਜ਼ਦੂਰਾਂ ਨੂੰ ਵੀ ਉਹੀ ਰਾਹ ਅਪਣਾਉਣ ਦੀ ਲੋੜ ਹੈ। ਉਨ੍ਹਾ ਦੋਸ਼ ਲਗਾਇਆ ਕਿ ਨਵੇਂ ਵੀ ਬੀ-ਜੀ ਰਾਮ ਜੀ ਕਾਨੂੰਨ ਤਹਿਤ ਕੇਂਦਰ ਸਰਕਾਰ ਕੰਮ ਅਤੇ ਫੰਡਾਂ ਦਾ ਫੈਸਲਾ ਕਰੇਗੀ, ਜਿਸ ਨਾਲ ਭਾਜਪਾ ਸ਼ਾਸਤ ਰਾਜਾਂ ਨੂੰ ਤਰਜੀਹ ਮਿਲੇਗੀ। ਉਨ੍ਹਾ ਕਿਹਾ ਕਿ ਮਜ਼ਦੂਰਾਂ ਨੂੰ ਮਿਲਣ ਵਾਲਾ ਲਾਭ ਹੁਣ ਠੇਕੇਦਾਰਾਂ ਅਤੇ ਬਿਊਰੋਕ੍ਰੇਸੀ ਕੋਲ ਚਲਾ ਜਾਵੇਗਾ।

ਉਹਨਾ ਦੋਸ਼ ਲਗਾਇਆ ਕਿ ਸਰਕਾਰ ਕੁਝ ਚੁਣੇ ਹੋਏ ਕਾਰਪੋਰੇਟ ਘਰਾਣਿਆਂ ਲਈ ਸੰਪਤੀ ਇਕੱਠਾ ਕਰਨਾ ਚਾਹੁੰਦੀ ਹੈ। ਗੌਰਤਲਬ ਹੈ ਕਿ ਕਾਂਗਰਸ ਨੇ 10 ਜਨਵਰੀ ਤੋਂ ਮਗਨਰੇਗਾ ਬਚਾਓ ਸੰਘਰਸ਼ ਤਹਿਤ 45 ਦਿਨਾਂ ਦੀ ਕੌਮੀ ਮੁਹਿੰਮ ਸ਼ੁਰੂ ਕੀਤੀ ਹੈ, ਜਿਸ ਦਾ ਮਕਸਦ ਮਗਨਰੇਗਾ ਨੂੰ ਉਸ ਦੇ ਮੂਲ ਅਧਿਕਾਰ-ਅਧਾਰਤ ਰੂਪ ਵਿੱਚ ਬਹਾਲ ਕਰਵਾਉਣਾ ਹੈ।

## ਰਾਜਪਾਲ ਗਹਿਲੋਤ ਕੇਂਦਰ ਦੀ 'ਕਠਪੁਤਲੀ' ਬਣੇ : ਸਿੱਧਾਰਮਈਆ

**ਬੰਗਲੁਰੂ** : ਸਿੱਧਾਰਮਈਆ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਨੇ ਕਰਨਾਟਕ ਦੇ ਰਾਜਪਾਲ ਥਾਵਰਚੰਦ ਗਹਿਲੋਤ ਦੇ ਬੰਗਲੁਰੂ ਵਿੱਚ ਰਾਜ ਵਿਧਾਨ ਸਭਾ ਵਿਚ ਦੋ ਸਤਰਾਂ ਵਾਲੇ ਭਾਸ਼ਣ ਦੀ ਤਿੱਖੀ ਨੁਕਤਾਚੀਨੀ ਕੀਤੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਰਾਜਪਾਲ ਗਹਿਲੋਤ ਕੇਂਦਰ ਸਰਕਾਰ ਦਾ 'ਹੱਥਠੋਕਾ' ਬਣ ਕੇ ਰਹਿ ਗਏ ਹਨ। ਆਪਣੇ ਭਾਸ਼ਣ ਮਗਰੋਂ ਗਹਿਲੋਤ ਸਦਨ 'ਚੋਂ ਵਾਕਆਊਟ ਕਰ ਗਏ। ਇਸ ਦੌਰਾਨ ਮੈਂਬਰਾਂ ਨੇ ਉਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਵੀ ਕੀਤੀ। ਗਹਿਲੋਤ ਨੇ ਵੀਰਵਾਰ ਨੂੰ ਇੱਥੇ ਰਾਜ ਵਿਧਾਨ ਸਭਾ ਦੇ ਸਾਂਝੇ ਸੈਸ਼ਨ ਦੌਰਾਨ ਆਪਣਾ ਰਵਾਇਤੀ ਭਾਸ਼ਣ ਸਿਰਫ਼ ਦੋ ਸ਼ੁਰੂਆਤੀ ਲਾਈਨਾਂ ਪੜ੍ਹਨ ਤੋਂ ਬਾਅਦ ਸਮਾਪਤ ਕੀਤਾ। ਮੈਂਬਰਾਂ ਦਾ ਸਵਾਗਤ ਕਰਨ ਤੋਂ ਬਾਅਦ ਰਾਜਪਾਲ ਨੇ ਟਿੱਪਣੀ ਕੀਤੀ ਕਿ ਉਹ ਸਾਂਝੇ ਸੈਸ਼ਨ ਨੂੰ ਸੰਬੋਧਨ ਕਰਕੇ ਖ਼ੁਸ਼ ਹਨ। ਰਾਜਪਾਲ ਨੇ ਹਿੰਦੀ ਵਿਚ ਪੜ੍ਹਿਆ 'ਮੇਰੀ ਸਰਕਾਰ ਰਾਜ ਦੇ ਆਰਥਿਕ, ਸਮਾਜਿਕ ਅਤੇ ਭੌਤਿਕ ਵਿਕਾਸ ਨੂੰ ਦੁੱਗਣਾ ਕਰਨ ਲਈ ਵਚਨਬੱਧ ਹੈ। ਜੈ ਹਿੰਦ, ਜੈ ਕਰਨਾਟਕ।" ਕਾਂਗਰਸ

• ਬਾਕੀ ਸਫਾ 2 'ਤੇ

# ਟਰੰਪ ਦੇ 'ਬੋਰਡ ਆਫ ਪੀਸ' 'ਚ ਪਾਕਿਸਤਾਨ ਸ਼ਾਮਲ, ਭਾਰਤ ਜੱਕੋਤੱਕੀ 'ਚ




**ਦਾਵੋਸ** : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੀਰਵਾਰ ਸਵਿਟਜ਼ਰਲੈਂਡ ਦੇ ਦਾਵੋਸ ਵਿੱਚ ਵਿਸ਼ਵ ਆਰਥਕ ਮੰਚ ਦੌਰਾਨ ਆਪਣੇ ਪ੍ਰਸਤਾਵਤ 'ਬੋਰਡ ਆਫ ਪੀਸ' ਦੇ ਪਹਿਲੇ ਚਾਰਟਰ ਨੂੰ ਰਸਮੀ ਤੌਰ 'ਤੇ ਲਾਂਚ ਕਰ ਦਿੱਤਾ। ਇਹ ਇੱਕ ਅੰਤਰਰਾਸ਼ਟਰੀ ਸੰਸਥਾ ਹੈ, ਜੋ ਵਿਸ਼ਵਵਿਆਪੀ ਸੰਘਰਸ਼ਾਂ ਨੂੰ ਸੁਲਝਾਉਣ ਲਈ ਬਣਾਈ ਗਈ ਹੈ, ਹਾਲਾਂਕਿ ਸ਼ੁਰੂ ਵਿੱਚ ਟਰੰਪ ਨੇ ਇਜ਼ਰਾਈਲ-ਹਮਾਸ ਜੰਗਬੰਦੀ ਤੋਂ ਬਾਅਦ ਗਾਜ਼ਾ ਦੇ ਪੁਨਰ-ਨਿਰਮਾਣ ਅਤੇ ਸ਼ਾਸਨ ਦੀ ਨਿਗਰਾਨੀ ਲਈ ਇਹ ਬੋਰਡ ਬਣਾਉਣ ਦਾ ਐਲਾਨ ਕੀਤਾ ਸੀ।ਟਰੰਪ ਦੇ ਇਸ 'ਬੋਰਡ ਆਫ ਪੀਸ' ਦੇ ਮਸੌਦੇ 'ਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ਼, ਅਰਜਨਟੀਨਾ, ਇੰਡੋਨੇਸ਼ੀਆ, ਤੁਰਕੀ, ਸਾਊਦੀ ਅਰਬ ਅਤੇ ਉਜ਼ਬੇਕਿਸਤਾਨ ਸਮੇਤ ਲਗਭਗ 20 ਦੇਸ਼ਾਂ ਦੇ ਆਗੂਆਂ ਨੇ ਦਸਤਖਤ ਕੀਤੇ ਹਨ। ਟਰੰਪ ਨੇ ਦਾਅਵਾ ਕੀਤਾ ਕਿ ਇਹ ਹੁਣ ਤੱਕ ਦਾ ਸਭ ਤੋਂ ਵੱਕਾਰੀ ਬੋਰਡ ਹੋਵੇਗਾ ਅਤੇ ਲਗਭਗ 35 ਦੇਸ਼ ਇਸ ਪ੍ਰੋਜੈਕਟ ਵਿੱਚ ਸ਼ਾਮਲ ਹੋਣ ਲਈ ਸਹਿਮਤ ਹੋ ਚੁੱਕੇ ਹਨ। ਟਰੰਪ ਖੁਦ ਇਸ ਬੋਰਡ ਦੀ ਪ੍ਰਧਾਨਗੀ ਸੰਭਾਲਣਗੇ ਅਤੇ ਚਾਰਟਰ ਅਨੁਸਾਰ ਉਹ ਇਸ ਨੂੰ ਜੀਵਨ ਭਰ ਸੰਭਾਲ ਸਕਦੇ ਹਨ।ਭਾਰਤ ਨੇ ਇਸ ਚਾਰਟਰ 'ਤੇ ਦਸਤਖਤ ਨਹੀਂ ਕੀਤੇ।ਟਰੰਪ ਨੇ ਇਸ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਮੇਤ ਕਈ ਵਿਸ਼ਵ ਨੇਤਾਵਾਂ ਨੂੰ ਸੱਦਾ ਦਿੱਤਾ ਸੀ, ਪਰ ਭਾਰਤ, ਚੀਨ, ਫਰਾਂਸ, ਬ੍ਰਿਟੇਨ ਅਤੇ ਜਰਮਨੀ ਵਰਗੇ ਪ੍ਰਮੁੱਖ ਦੇਸ਼ ਦਸਤਖਤੀ ਸਮਾਰੋਹ ਵਿੱਚ ਸ਼ਾਮਲ ਨਹੀਂ ਹੋਏ। ਚੀਨ ਨੇ ਇੱਕ ਬਿਆਨ ਜਾਰੀ ਕਰਕੇ ਇਸ ਬੋਰਡ ਵਿੱਚ ਸ਼ਾਮਲ ਹੋਣ ਤੋਂ ਸਾਫ ਇਨਕਾਰ ਕਰ ਦਿੱਤਾ ਹੈ।ਕਈ ਯੂਰਪੀ ਦੇਸ਼ਾਂ, ਜਿਵੇਂ ਕਿ ਫਰਾਂਸ, ਨਾਰਵੇ ਅਤੇ ਸਵੀਡਨ ਨੇ ਚਿੰਤਾ ਜਤਾਈ ਹੈ ਕਿ ਇਹ ਬੋਰਡ ਸੰਯੁਕਤ ਰਾਸ਼ਟਰ ਨੂੰ ਕਮਜ਼ੋਰ ਕਰ ਸਕਦਾ ਹੈ।ਬ੍ਰਿਟਿਸ਼ ਵਿਦੇਸ਼ ਮੰਤਰੀ ਯਵੇਟ ਕੂਪਰ ਨੇ ਕਿਹਾ ਕਿ ਬ੍ਰਿਟੇਨ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੀ ਸੰਭਾਵਤ ਭਾਗੀਦਾਰੀ ਕਾਰਨ ਇਸ ਚਾਰਟਰ 'ਤੇ ਦਸਤਖਤ ਨਹੀਂ ਕਰੇਗਾ।

ਜ਼ਿਕਰਯੋਗ ਹੈ ਕਿ ਇਸ ਬੋਰਡ ਦੀ ਸਥਾਈ ਮੈਂਬਰਸ਼ਿਪ ਲਈ ਇੱਕ ਅਰਬ ਡਾਲਰ ਦੇਣੇ ਪੈਣਗੇ।ਟਰੰਪ ਨੇ ਇਸ ਬੋਰਡ ਨੂੰ 'ਸਭ ਤੋਂ ਪ੍ਰਭਾਵਸ਼ਾਲੀ' ਅਤੇ 'ਕੰਮ ਪੂਰਾ ਕਰਨ ਵਾਲੇ' ਨੇਤਾਵਾਂ ਦਾ ਸਮੂਹ ਦੱਸਿਆ ਹੈ। ਹਾਲਾਂਕਿ ਇਸ ਦੀ ਸਫਲਤਾ ਗਾਜ਼ਾ ਵਿੱਚ ਜੰਗਬੰਦੀ ਦੀ ਸਥਿਰਤਾ ਅਤੇ ਵਿਸ਼ਵਵਿਆਪੀ ਸਮਰਥਨ 'ਤੇ ਨਿਰਭਰ ਕਰੇਗੀ, ਪਰ ਫਿਲਹਾਲ ਰੂਸ ਅਤੇ ਯੂਕਰੇਨ ਵਰਗੇ ਦੇਸ਼ਾਂ ਨੇ ਇਸ 'ਤੇ ਕੋਈ ਫੈਸਲਾ ਨਹੀਂ ਲਿਆ।

## ਬੰਗਲਾਦੇਸ਼ ਵੱਲੋਂ ਭਾਰਤ 'ਚ ਖੇਡਣ ਤੋਂ ਕੋਰੀ ਨਾਂਹ

**ਢਾਕਾ** : ਬੰਗਲਾਦੇਸ਼ ਕ੍ਰਿਕਟ ਬੋਰਡ ਦੇ ਪ੍ਰਧਾਨ ਅਮੀਨੁਲ ਇਸਲਾਮ ਬੁਲਬੁਲ ਨੇ ਵੀਰਵਾਰ ਨੂੰ ਸਪੱਸ਼ਟ ਕਰ ਦਿੱਤਾ ਕਿ ਉਹ ਆਪਣੀ ਟੀਮ ਨੂੰ ਟੀ-20 ਵਿਸ਼ਵ ਕੱਪ ਲਈ ਭਾਰਤ ਨਹੀਂ ਭੇਜਣਗੇ। ਹਾਲਾਂ ਕਿ ਕੌਮਾਂਤਰੀ ਕ੍ਰਿਕਟ ਕੌਂਸਲ ਨੇ ਬੰਗਲਾਦੇਸ਼ ਦੇ ਮੈਚ ਭਾਰਤ ਤੋਂ ਬਾਹਰ ਕਰਵਾਉਣ ਦੀ ਅਪੀਲ ਨੂੰ ਰੱਦ ਕਰ ਦਿੱਤਾ ਹੈ। ਬੁਲਬੁਲ ਨੇ ਕਿਹਾ ਕਿ ਅਸੀਂ ਵਿਸ਼ਵ ਕੱਪ ਖੇਡਣਾ ਚਾਹੁੰਦੇ ਹਾਂ, ਪਰ ਭਾਰਤ ਵਿੱਚ ਨਹੀਂ। ਉਨ੍ਹਾ ਮੁਸਤਫਿਜ਼ੁਰ ਰਹਿਮਾਨ ਨੂੰ ਆਈ ਪੀ ਐੱਲ ਤੋਂ ਬਾਹਰ ਕੀਤੇ ਜਾਣ ਅਤੇ ਘੱਟ ਗਿਣਤੀਆਂ ਦੇ ਮੁੱਦੇ 'ਤੇ ਭਾਰਤ ਦੇ ਰਵੱਈਏ ਨੂੰ ਇਸ ਫੈਸਲੇ ਦਾ ਵੱਡਾ ਕਾਰਨ ਦੱਸਿਆ ਹੈ। ਵਿਸ਼ਵ ਦਰਜਾਬੰਦੀ ਅਨੁਸਾਰ ਹੁਣ ਬੰਗਲਾਦੇਸ਼ ਦੀ ਜਗ੍ਹਾ ਸਕਾਟਲੈਂਡ ਵਿਸ਼ਵ ਕੱਪ ਖੇਡੇਗਾ।

# ਤਨਖਾਹ ਤੇ ਪੈਨਸ਼ਨ ਬਾਵਕਤ ਨਾ ਦੇਣ 'ਤੇ ਪੀ ਆਰ ਟੀ ਸੀ ਕਾਮਿਆਂ ਵੱਲੋਂ ਜ਼ਬਰਦਸਤ ਰੈਲੀ



**ਪਟਿਆਲਾ** : ਸ਼ਹਿਰ ਦੇ ਨਵਾਂ ਬੱਸ ਸਟੈਂਡ ਵਿਖੇ ਵੀਰਵਾਰ ਪੀ ਆਰ ਟੀ ਸੀ ਵਿੱਚ ਕੰਮ ਕਰਦੀਆਂ ਵਰਕਰਾਂ ਦੀਆਂ ਪੰਜ ਜਥੇਬੰਦੀਆਂ ਸੰਬੰਧਤ ਏਟਕ, ਇੰਟਕ, ਐੱਸ ਸੀ ਬੀ ਸੀ, ਸੀਟੂ ਅਤੇ ਰਿਟਾਇਰਡ ਵਰਕਰਜ਼ ਭਾਈਚਾਰਾ ਯੂਨੀਅਨ ਏਟਕ 'ਤੇ ਆਧਾਰਤ ਪੀ ਆਰ ਟੀ ਸੀ ਵਰਕਰਜ਼ ਐਕਸ਼ਨ ਕਮੇਟੀ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਅਤੇ ਖਜਾਨਾ ਮੰਤਰੀ ਦੇ ਪੁਤਲੇ ਸਾੜੇ ਗਏ । ਰੋਸ ਭਰਪੂਰ ਵਿਸ਼ਾਲ ਰੈਲੀ ਕਰਨ ਉਪਰੰਤ ਸਾਰੇ ਬੱਸ ਸਟੈਂਡ ਵਿੱਚ ਰੋਸ ਮਾਰਚ ਕਰਦੇ ਹੋਏ ਪੰਜਾਬ ਸਰਕਾਰ ਦੇ ਵਿਰੋਧ ਵਿੱਚ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ ਅਤੇ ਬੱਸ ਸਟੈਂਡ 'ਤੇ ਹਜ਼ਾਰਾਂ ਦੀ ਗਿਣਤੀ ਵਿੱਚ ਆਉਂਦੇ-ਜਾਂਦੇ ਲੋਕਾਂ ਨੂੰ ਪੰਜਾਬ ਸਰਕਾਰ ਵੱਲੋਂ ਪੀ ਆਰ ਟੀ ਸੀ ਦੇ ਵਰਕਰਾਂ ਨੂੰ 22 ਤਰੀਕ ਤੱਕ ਵੀ ਤਨਖਾਹਾਂ ਅਤੇ ਪੈਨਸ਼ਨਾਂ ਨਾ ਦਿੱਤੇ ਜਾਣ ਬਾਰੇ ਕੀਤੇ ਜਾ ਰਹੇ ਆਰਥਕ ਜ਼ੁਲਮ ਸੰਬੰਧੀ ਖੁੱਲ੍ਹ ਕੇ ਦੱਸਿਆ ਕਿ ਕਿਵੇਂ ਪੰਜਾਬ ਸਰਕਾਰ ਔਰਤਾਂ ਨੂੰ ਅਤੇ ਪੁਲਸ ਸਮੇਤ ਹੋਰ ਕਈ ਕੈਟਾਗਰੀਆਂ ਨੂੰ ਦਿੱਤੀਆਂ ਜਾ ਰਹੀਆਂ ਮੁਫ਼ਤ ਸਫਰ ਸਹੂਲਤਾਂ ਦੇ 600 ਕਰੋੜ ਰੁਪਏ ਤੋਂ ਵੱਧ ਦੀ ਬਣਦੀ ਰਕਮ ਵਿਚੋਂ ਤਨਖਾਹ-ਪੈਨਸ਼ਨ, ਜਿਹੜੀ ਕਿ ਵਰਕਰਾਂ ਨੂੰ ਇਸ ਮਹਿੰਗਾਈ ਦੇ ਦੌਰ ਵਿੱਚ ਹਰ ਪਹਿਲੀ ਤਰੀਕ ਨੂੰ ਮਿਲਣੀ ਜ਼ਰੂਰੀ ਹੁੰਦੀ ਹੈ, ਦੇ ਭੁਗਤਾਨ ਲਈ ਵੀ 30-35 ਕਰੋੜ ਰੁਪਏ ਮਹੀਨਾ ਨਹੀਂ ਦਿੰਦੀ। ਦੂਸਰੇ ਪਾਸੇ ਸਰਕਾਰ ਝੂਠੇ ਢੰਡੋਰੇ ਪਿਟਦੀ ਹੈ ਕਿ ਉਹ ਆਮ ਲੋਕਾਂ ਨੂੰ ਮੁਫ਼ਤ ਸਫਰ ਸਹੂਲਤਾਂ ਦੇ ਕੇ ਕਿੱਡਾ ਵੱਡਾ ਪਰਉਪਕਾਰ ਕਰ ਰਹੀ ਹੈ, ਜਦ ਕਿ ਇਹ ਪਰਉਪਕਾਰ ਪੀ ਆਰ ਟੀ ਸੀ ਦੇ 10000 ਪਰਵਾਰਾਂ ਨੂੰ ਭੁੱਖੇ ਮਾਰ ਕੇ ਕੀਤਾ ਜਾ ਰਿਹਾ ਹੈ। ਪੀ ਆਰ ਟੀ ਸੀ ਦੇ ਅਦਾਰੇ ਨੂੰ ਸਰਕਾਰ ਵੱਲੋਂ ਖਤਮ ਕਰਨ ਦੇ ਰਾਹ ਪਾ ਦਿੱਤਾ ਗਿਆ ਹੈ, ਕਿਉਂਕਿ ਇਸ ਸਰਕਾਰ ਨੇ ਅਦਾਰੇ ਵਿੱਚ ਆਪਣੇ 4 ਸਾਲ ਦੇ ਕਾਰਜਕਾਲ ਵਿੱਚ ਇੱਕ ਵੀ ਨਵੀਂ ਬੱਸ ਨਹੀਂ ਪੈਣ ਦਿੱਤੀ, ਜਦ ਕਿ ਸਰਕਾਰ ਨੇ ਬੱਸਾਂ ਲਈ ਆਪਣੇ ਕੋਲੋਂ ਕੋਈ ਪੈਸਾ ਵੀ ਨਹੀਂ ਦੇਣਾ ਹੁੰਦਾ, ਸਿਰਫ ਬੱਸਾਂ ਪਾਉਣ ਦੀ ਮਨਜ਼ੂਰੀ ਹੀ ਦੇਣੀ ਹੁੰਦੀ ਹੈ। ਇਸੇ ਤਰ੍ਹਾਂ ਪੰਜਾਬ ਰੋਡਵੇਜ਼-ਪਨਬਸ ਵਿੱਚ ਤਾਂ 1000 ਤੋਂ ਵੱਧ ਬੱਸਾਂ 2400 ਬੱਸਾਂ ਦੇ ਫਲੀਟ ਵਿਚੋਂ ਕੰਡਮ ਹੋ ਕੇ ਘਟ ਚੁੱਕੀਆਂ ਹਨ। ਅਜਿਹੇ ਤੋਂ ਸਪੱਸ਼ਟ ਹੈ ਕਿ ਸਰਕਾਰ ਵੱਲੋਂ ਪ੍ਰਾਈਵੇਟ ਬੱਸ ਟਰਾਂਸਪੋਰਟ ਮਾਫੀਏ ਨੂੰ ਪ੍ਰਫੁੱਲਤ ਹੋਣ ਦਾ ਖੁੱਲ੍ਹ ਕੇ ਮੌਕਾ ਦਿੱਤਾ ਜਾ ਰਿਹਾ ਹੈ।

ਵਿਸ਼ਾਲ ਰੋਸ ਰੈਲੀ ਨੂੰ ਸੰਬੋਧਨ ਕਰਦਿਆਂ ਐਕਸ਼ਨ ਕਮੇਟੀ ਦੇ ਕਨਵੀਨਰ ਨਿਰਮਲ ਸਿੰਘ ਧਾਲੀਵਾਲ ਅਤੇ ਮੈਂਬਰਾਂ ਬਲਦੇਵ ਰਾਜ ਬੱਤਾ, ਰਾਕੇਸ਼ ਕੁਮਾਰ ਦਾਤਾਰਪੁਰੀ, ਤਰਸੇਮ ਸਿੰਘ ਅਤੇ ਮੁਹੰਮਦ ਖਲੀਲ ਨੇ ਕਿਹਾ ਕਿ ਜਦੋਂ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਰਾਜ-ਭਾਗ 'ਤੇ ਕਾਬਜ਼ ਹੋਈ ਹੈ, ਉਸ ਸਮੇਂ ਤੋਂ ਹੀ ਸਰਕਾਰੀ ਟਰਾਂਸਪੋਰਟ ਨੂੰ ਖਤਮ ਕਰਨ ਦਾ ਸਿਲਸਿਲਾ ਬਾਦਸਤੂਰ ਜਾਰੀ ਹੈ। ਪੀ ਆਰ ਟੀ ਸੀ ਦੇ ਵਰਕਰਾਂ ਦੇ ਕਾਨੂੰਨੀ ਤੌਰ 'ਤੇ ਬਣਦੇ ਲਗਭਗ 150 ਕਰੋੜ ਰੁਪਏ ਦੇ ਬਕਾਏ ਨਹੀਂ ਦਿੱਤੇ ਜਾ ਰਹੇ, ਜਿਹੜੇ ਕਿ ਪੇ ਕਮਿਸ਼ਨ ਦਾ ਏਰੀਅਰ, ਸੇਵਾ-ਮੁਕਤ ਹੋਏ ਵਰਕਰਾਂ ਦੇ ਕਰੋੜਾਂ ਰੁਪਏ ਦੇ ਸੇਵਾ-ਮੁਕਤੀ ਬਕਾਏ, ਕਰੋੜਾਂ ਰੁਪਏ ਮੈਡੀਕਲ ਬਿੱਲ, ਡੀ ਏ ਦਾ ਏਰੀਅਰ, ਰਿਵਾਈਜ਼ਡ ਗਰੈਚੁਟੀ ਦੇ ਬਕਾਏ, ਏ ਸੀ ਪੀ ਦੇ ਬਕਾਏ ਆਦਿ ਦੇ ਰੂਪ ਵਿੱਚ ਖੜੇ ਹਨ। ਸਭ ਤੋਂ ਵੱਡਾ ਘਿਨਾਉਣਾ ਆਰਥਕ ਜ਼ੁਲਮ ਹਰ ਮਹੀਨੇ ਪੀ ਆਰ ਟੀ ਸੀ ਦੇ ਮੌਜੂਦਾ

• ਬਾਕੀ ਸਫਾ 2 'ਤੇ

## ਤਿੰਨਾਂ ਅਹੁਦਿਆਂ 'ਤੇ ਚੋਣ ਲੜੇਗੀ 'ਆਪ'

**ਚੰਡੀਗੜ੍ਹ** : ਆਮ ਆਦਮੀ ਪਾਰਟੀ ਨੇ 29 ਜਨਵਰੀ ਨੂੰ ਹੋਣ ਵਾਲੀਆਂ ਮੇਅਰ ਚੋਣਾਂ ਵਿੱਚ ਮੇਅਰ, ਸੀਨੀਅਰ ਡਿਪਟੀ ਮੇਅਰ ਅਤੇ ਡਿਪਟੀ ਮੇਅਰ, ਤਿੰਨੋਂ ਅਹੁਦਿਆਂ 'ਤੇ ਚੋਣ ਲੜਨ ਦਾ ਫੈਸਲਾ ਕੀਤਾ ਹੈ। ਸੂਤਰਾਂ ਨੇ ਦੱਸਿਆ ਕਿ ਇਹ ਫੈਸਲਾ ਪਾਰਟੀ ਦੀ ਸਿਖਰਲੀ ਲੀਡਰਸ਼ਿਪ ਦੀ ਮੀਟਿੰਗ ਤੋਂ ਬਾਅਦ ਲਿਆ ਗਿਆ ਹੈ। ਪਾਰਟੀ ਨੇ ਅਜੇ ਤੱਕ ਇਸ ਅਹੁਦੇ ਲਈ ਉਮੀਦਵਾਰਾਂ ਦੇ ਨਾਵਾਂ ਦਾ ਐਲਾਨ ਨਹੀਂ ਕੀਤਾ। ਕਾਂਗਰਸੀ ਕੌਂਸਲਰ ਵੀ 'ਆਪ' ਨਾਲ ਸੰਭਾਵੀ ਗੱਠਜੋੜ ਬਾਰੇ ਵਿਚਾਰ ਕਰ ਰਹੇ ਹਨ। ਹਾਲਾਂ ਕਿ ਕਾਂਗਰਸੀ ਕੌਂਸਲਰ ਗੱਠਜੋੜ ਦਾ ਵਿਰੋਧ ਕਰ ਰਹੇ ਹਨ।

ਮੇਅਰ ਦੀ ਚੋਣ ਐਤਕੀਂ ਇਸ ਗੱਲੋਂ ਵੀ ਦਿਲਚਸਪ ਰਹੇਗੀ ਕਿ ਆਮ ਆਦਮੀ ਪਾਰਟੀ ਦੇ ਦੋ ਕੌਂਸਲਰ ਸੁਮਨ ਸ਼ਰਮਾ ਅਤੇ ਪੂਨਮ ਦੇ ਹਾਲ ਹੀ ਵਿੱਚ ਭਾਜਪਾ 'ਚ ਸ਼ਾਮਲ ਹੋਣ ਮਗਰੋਂ ਵਿਰੋਧੀ ਕੌਂਸਲਰਾਂ ਅਤੇ ਸੱਤਾਧਾਰੀ ਭਾਜਪਾ ਦੀ ਗਿਣਤੀ ਹੁਣ ਬਰਾਬਰ ਹੋ ਗਈ ਹੈ। ਮੇਅਰ ਦੀ ਚੋਣ ਜਿੱਤਣ ਲਈ ਇੱਕ ਪਾਰਟੀ ਨੂੰ 19 ਵੋਟਾਂ ਦੀ ਲੋੜ ਹੁੰਦੀ ਹੈ। ਦੋ ਕੌਂਸਲਰਾਂ ਦੇ ਸ਼ਾਮਲ ਹੋਣ

• ਬਾਕੀ ਸਫਾ 2 'ਤੇ

## ਕੇਜਰੀਵਾਲ ਦਾ ਬਰੀ ਹੋਣਾ ਸੱਚ ਦੀ ਜਿੱਤ : ਅਮਨ ਅਰੋੜਾ



**ਚੰਡੀਗੜ੍ਹ (ਗੁਰਜੀਤ ਬਿੱਲਾ)**-ਆਮ ਆਦਮੀ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਕਥਿਤ ਆਬਕਾਰੀ ਨੀਤੀ ਮਾਮਲੇ ਨਾਲ ਸੰਬੰਧਤ ਈ ਡੀ ਦੇ ਇੱਕ ਮਾਮਲੇ ਵਿੱਚ ਬਰੀ ਕਰਨ ਦੇ ਦਿੱਲੀ ਦੀ ਅਦਾਲਤ ਦੇ ਫੈਸਲੇ 'ਤੇ ਪ੍ਰਤੀਕਿਰਿਆ ਦਿੰਦੇ ਹੋਏ 'ਆਪ' ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਨੇ ਕਿਹਾ ਕਿ ਇੱਕ ਵਾਰ ਫਿਰ ਝੂਠ, ਧੋਖੇ ਅਤੇ ਰਾਜਨੀਤਕ ਬਦਲਾਖੋਰੀ 'ਤੇ ਸੱਚਾਈ ਦੀ ਜਿੱਤ ਹੋਈ ਹੈ। ਲੰਮੇ ਸਮੇਂ ਤੋਂ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਕੇਜਰੀਵਾਲ ਅਤੇ 'ਆਪ' ਦੇ ਹੋਰ ਆਗੂਆਂ ਖ਼ਿਲਾਫ਼ ਝੂਠੇ ਅਤੇ ਬੇਬੁਨਿਆਦ ਕੇਸ ਦਰਜ ਕਰਨ ਲਈ ਈ ਡੀ ਵਰਗੀਆਂ ਏਜੰਸੀਆਂ ਦੀ ਦੁਰਵਰਤੋਂ ਕਰ ਰਹੀ ਸੀ। ਇਸ ਦਾ ਇੱਕੋ ਇੱਕ ਉਦੇਸ਼

• ਬਾਕੀ ਸਫਾ 2 'ਤੇ

# ਸਟਾਰਟਅੱਪ ਰੈਂਕਿੰਗ 'ਚ ਪੰਜਾਬ ਦੀ ਫਿਰ ਝੰਡੀ

**ਚੰਡੀਗੜ੍ਹ (ਗੁਰਜੀਤ ਬਿੱਲਾ/ਕ੍ਰਿਸ਼ਨ ਗਰਗ)**



ਕੈਬਨਿਟ ਮੰਤਰੀ ਸੰਜੀਵ ਅਰੋੜਾ ਨੇ ਦੱਸਿਆ ਕਿ ਭਾਰਤ ਸਰਕਾਰ ਦੇ ਉਦਯੋਗ ਅਤੇ ਅੰਦਰੂਨੀ ਵਪਾਰ ਵਿਭਾਗ (ਡੀ ਪੀ ਆਈ ਆਈ ਟੀ) ਵੱਲੋਂ ਕਰਵਾਏ ਗਏ ਸਟੇਟ ਸਟਾਰਟਅੱਪ ਰੈਂਕਿੰਗ ਦੇ 5ਵੇਂ ਐਡੀਸ਼ਨ ਵਿੱਚ ਪੰਜਾਬ ਨੂੰ ਇੱਕ ਵਾਰ ਫਿਰ ਤੋਂ ਸ਼੍ਰੇਣੀ ਏ ਵਿੱਚ 'ਟੌਪ ਪਰਫਾਰਮਰ ਸਟੇਟ' ਵਜੋਂ ਮਾਨਤਾ ਦਿੱਤੀ ਗਈ ਹੈ। ਇਹ ਲਗਾਤਾਰ ਦੂਜੀ ਵਾਰ ਹੈ, ਜਦੋਂ ਸੂਬੇ ਨੇ ਸ਼ਾਨਦਾਰ ਕਰਗੁਜ਼ਾਰੀ ਸਦਕਾ ਇਹ ਪ੍ਰਾਪਤੀ ਦਰਜ ਕੀਤੀ ਹੈ। ਇਹ ਮਾਣਮੱਤੀ ਪ੍ਰਾਪਤੀ ਮਜ਼ਬੂਤ ਅਤੇ ਗਤੀਸ਼ੀਲ ਸਟਾਰਟਅੱਪ ਈਕੋ-ਸਿਸਟਮ ਸਿਰਜਣ ਵਿੱਚ ਪੰਜਾਬ ਦੀ ਨਿਰੰਤਰ ਪ੍ਰਗਤੀ ਦਾ ਪ੍ਰਤੱਖ ਪ੍ਰਮਾਣ ਹੈ।ਉਨ੍ਹਾ ਕਿਹਾ ਕਿ ਵਣਜ ਅਤੇ ਉਦਯੋਗ ਮੰਤਰਾਲੇ ਅਧੀਨ ਡੀ ਪੀ ਆਈ ਆਈ ਟੀ ਵੱਲੋਂ ਕੀਤੇ ਇਸ ਸਟੇਟ ਸਟਾਰਟਅੱਪ ਰੈਂਕਿੰਗ ਅਭਿਆਸ ਦਾ ਉਦੇਸ਼ ਸੂਬਿਆਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਸਟਾਰਟਅੱਪ ਈਕੋ-ਸਿਸਟਮ ਮਜ਼ਬੂਤ ਕਰਨ ਲਈ ਸਰਗਰਮ ਸੁਧਾਰਾਂ ਨੂੰ ਅਪਣਾਉਣ ਵੱਲ ਉਤਸ਼ਾਹਤ ਕਰਨਾ ਹੈ। ਮੌਜੂਦਾ ਐਡੀਸ਼ਨ ਵਿੱਚ 36 ਵਿੱਚੋਂ 34 ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੇ ਹਿੱਸਾ ਲਿਆ, ਜੋ ਨਵੀਨਤਾ ਅਤੇ ਉਦਮਤਾ ਵੱਲ ਵਧ ਰਹੇ ਭਾਰਤ ਦੇ ਯਤਨਾਂ ਅਤੇ ਕੌਮੀ ਤਰਜੀਹ ਨੂੰ ਦਰਸਾਉਂਦਾ ਹੈ। ਇਸ ਰੈਂਕਿੰਗ ਵਿੱਚ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਪੰਜ ਸਮੂਹਾਂ ਵਿੱਚ ਸ਼੍ਰੇਣੀਬੱਧ ਕੀਤਾ ਜਾਂਦਾ ਹੈ-ਬੈਸਟ ਪਰਫਾਰਮਰ, ਟਾਪ ਪਰਫਾਰਮਰ, ਲੀਡਰ, ਅਸਪਾਇਰਿੰਗ ਲੀਡਰ ਅਤੇ ਇਮਰਜਿੰਗ ਸਟੇਟ। 1 ਜਨਵਰੀ 2023 ਤੋਂ 31 ਅਕਤੂਬਰ 2024 ਤੱਕ ਦੀ ਮਿਆਦ ਨਾਲ ਸਟਾਰਟਅੱਪ ਈਕੋ-ਸਿਸਟਮ ਗਰੋਥ ਨੂੰ 6 ਅਹਿਮ ਤੇ ਮੁੱਖ ਸੁਧਾਰ ਖੇਤਰਾਂ ਵਿੱਚ ਪ੍ਰਦਰਸ਼ਨ ਨਾਲ ਮੁਲਾਂਕਣ ਕੀਤਾ ਗਿਆ।

## ਰੰਗਦਾਰ ਵਿਸ਼ੇਸ਼ ਸਪਲੀਮੈਂਟ



**ਬਲਾਚੌਰ** ਤੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਗੁਰਪੁਰਬ ਮੌਕੇ ਵਿਸ਼ੇਸ਼ ਸਪਲੀਮੈਂਟ 2 ਫਰਵਰੀ ਨੂੰ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਇਸ ਸੰਬੰਧੀ ਇਸ਼ਤਿਹਾਰ ਤੇ ਹੋਰ ਛਪਣਯੋਗ ਸਮੱਗਰੀ ਦੇਣ ਲਈ ਸਾਡੇ ਪੱਤਰਕਾਰ **ਜਸਵਿੰਦਰ ਬੈਂਸ** ਨਾਲ ਮੋਬਾਇਲ ਨੰਬਰ 94655-88955 'ਤੇ ਸੰਪਰਕ ਕੀਤਾ ਜਾ ਸਕਦਾ ਹੈ।

-ਜਨਰਲ ਮੈਨੇਜਰ

## ਅੱਜ-ਨਾਮਾ

ਕਿਤੇ ਜੇ ਇੱਕ ਛਾਪਾ, ਕਿਧਰੇ ਪਿਆ ਦੂਜਾ,
ਚੱਲਦੀ ਛਾਪਿਆਂ ਦੀ ਦਿੱਸਦੀ ਲੜੀ ਬੇਲੀ।
ਹਰ ਇੱਕ ਥਾਂ ਤੱਕ ਪੁੱਜੀਆਂ ਪੁਲਸ ਟੀਮਾਂ,
ਥਾਂਉਂ-ਥਾਂ ਪੁਲਸ ਹੈ ਦਿੱਸਦੀ ਖੜੀ ਬੇਲੀ।
ਪਿੱਛੇ ਲੱਗੀ ਆ ਗੈਂਗਾਂ ਜਾਂ ਗੈਂਗਸਟਰਾਂ ਦੇ,
ਹਰ ਕੋਈ ਤੋੜਨੀ ਕਹਿੰਦੇ ਨੇ ਕੜੀ ਬੇਲੀ।
ਖਬਰਾਂ ਪੜ੍ਹੋ ਤਾਂ ਇਹ ਹੀ ਪ੍ਰਭਾਵ ਮਿਲਦਾ,
ਐਤਕੀਂ ਚੱਲੀ ਸਰਗਰਮੀ ਆ ਬੜੀ ਬੇਲੀ।
ਦੁਖੀ ਤਾਂ ਲੋਕ ਆ ਗੈਂਗਾਂ ਤੋਂ ਬੜੇ ਬੇਸ਼ੱਕ,
ਪੁਲਸੀ ਛਾਪਿਆਂ ਤੋਂ ਕੁਝ ਤਾਂ ਆਸ ਬੇਲੀ।
ਸਰਗਰਮੀ ਚੜ੍ਹੀ ਜਾਂ ਸਿਰੇ ਤਾਂ ਪਤਾ ਲੱਗੂ,
ਕਰੇਗੀ ਨਿਰਾਸ਼ ਜਾਂ ਦੇਊ ਧਰਵਾਸ ਬੇਲੀ।

-ਤੀਸ ਮਾਰ ਖਾਂ

# ਬੀਜ ਬਿੱਲ ਤੇ ਅਮਰੀਕਾ ਨਾਲ ਵਪਾਰ ਸਮਝੌਤੇ ਲਈ ਬੇਤਾਬੀ ਕਿਸਾਨਾਂ ਨਾਲ ਗਦਾਰੀ

**ਲੁਧਿਆਣਾ (ਐੱਮ ਐੱਸ ਭਾਟੀਆ)**

ਆਲ ਇੰਡੀਆ ਕਿਸਾਨ ਸਭਾ (ਏ ਆਈ ਕੇ ਐੱਸ) ਦੇ ਪ੍ਰਧਾਨ ਰਾਜਨ ਕਸ਼ੀਰਸਾਗਰ ਅਤੇ ਜਨਰਲ ਸਕੱਤਰ ਰਾਵੂਲਾ ਵੇਂਕੈਈਆ ਨੇ ਅਮਰੀਕਾ ਦੀ ਸੁਪਰੀਮ ਕੋਰਟ ਵੱਲੋਂ ਮੋਨਸਾਂਟੋ-ਬੇਅਰ ਦੀ ਉਸ ਅਪੀਲ ਨੂੰ ਸੁਣਨ ਦੇ ਫ਼ੈਸਲੇ 'ਤੇ ਗੰਭੀਰ ਚਿੰਤਾ ਪ੍ਰਗਟ ਕੀਤੀ ਹੈ, ਜਿਸ ਅਧੀਨ ਕੰਪਨੀ ਗਲਾਈਫੋਸੇਟ ਆਧਾਰਤ ਜ਼ਹਿਰੀਲੇ ਘਾਹਮਾਰ ਦਵਾਈ 'ਰਾਊਂਡਅੱਪ' ਕਾਰਨ ਕੈਂਸਰ ਨਾਲ ਪੀੜਤ ਲੋਕਾਂ ਵੱਲੋਂ ਕੀਤੇ ਕੇਸਾਂ ਤੋਂ ਕਾਨੂੰਨੀ ਛੋਟ (ਇਮਿਊਨਿਟੀ) ਮੰਗ ਰਹੀ ਹੈ। ਟਰੰਪ ਪ੍ਰਸ਼ਾਸਨ ਦੀ ਹਮਾਇਤ ਨਾਲ ਕੀਤਾ ਗਿਆ ਇਹ ਕਾਨੂੰਨੀ ਹੱਥਕੰਡਾ ਇੱਕ ਖ਼ਤਰਨਾਕ ਵਿਸ਼ਵ ਪੱਧਰੀ ਕਾਰਪੋਰੇਟ ਰਣਨੀਤੀ ਨੂੰ ਬੇਨਕਾਬ ਕਰਦਾ ਹੈ, ਜੋ ਹੁਣ ਭਾਰਤ ਵਿੱਚ ਕਿਸਾਨ ਵਿਰੋਧੀ ਸੀਡ ਬਿੱਲ 2025 ਅਤੇ ਚੱਲ ਰਹੀਆਂ ਭਾਰਤ-ਅਮਰੀਕਾ ਵਪਾਰ ਗੱਲਾਂਬਾਤਾਂ ਰਾਹੀਂ ਲਾਗੂ ਕੀਤੀ ਜਾ ਰਹੀ ਹੈ।

ਮੀਡੀਆ ਵਿੱਚ ਆਈ ਰਿਪੋਰਟ ਇਸ ਸਾਜ਼ਿਸ਼ੀ ਖੇਡ ਨੂੰ ਉਜਾਗਰ ਕਰਦੀ ਹੈ। ਗਲਾਈਫੋਸੇਟ ਨੂੰ ਸੁਰੱਖਿਅਤ ਦੱਸਣ ਵਾਲੀ ਇੱਕ ਅਹਿਮ ਉਦਯੋਗਿਕ ਅਧਿਐਨ ਰਿਪੋਰਟ ਨੂੰ ਇਸ ਲਈ ਵਾਪਸ ਲੈਣਾ ਪਿਆ ਕਿਉਂਕਿ ਇਸ ਵਿੱਚ ਮੋਨਸਾਂਟੋ ਦੀ ਗੁਪਤ ਸ਼ਮੂਲੀਅਤ ਸਾਹਮਣੇ ਆਈ। ਜਦੋਂ ਕਿ ਵਿਸ਼ਵ ਸਿਹਤ ਸੰਸਥਾ ਗਲਾਈਫੋਸੇਟ ਨੂੰ ਸੰਭਾਵਿਤ ਕੈਂਸਰਕਾਰਕ ਕਰਾਰ ਦਿੰਦੀ ਹੈ, ਉਥੇ ਅਮਰੀਕੀ ਵਾਤਾਵਰਣ ਸੁਰੱਖਿਆ ਏਜੰਸੀ (ਈ ਪੀ ਏ) ਕਾਰਪੋਰੇਟ ਦਬਾਅ ਹੇਠ ਇਸ ਨੂੰ ਸੁਰੱਖਿਅਤ ਦੱਸਦੀ ਹੈ। ਇਹ ਨਿਯਮਕ ਕਬਜ਼ੇ ਦੀ ਸਪੱਸ਼ਟ ਮਿਸਾਲ ਹੈ। 10 ਅਰਬ ਡਾਲਰ ਤੋਂ ਵੱਧ ਮੁਆਵਜ਼ਾ ਦੇਣ ਤੋਂ ਬਾਅਦ ਹੁਣ ਬੇਅਰ-ਮੋਨਸਾਂਟੋ ਸੁਪਰੀਮ ਕੋਰਟ ਤੋਂ ਇਹ ਮਨਜ਼ੂਰੀ ਮੰਗ ਰਹੀ ਹੈ ਕਿ ਕੇਂਦਰੀ ਈ ਪੀ ਏ ਦੇ ਨਿਯਮ ਉਸ ਨੂੰ ਰਾਜ ਪੱਧਰੀ ਕੇਸਾਂ ਤੋਂ ਛੋਟ ਦਿੰਦੇ ਹਨ। ਇਸ ਦਾ ਮਕਸਦ ਪੀੜਤਾਂ ਦੀ ਆਵਾਜ਼ ਸਦਾ ਲਈ ਦਬਾਉਣਾ ਅਤੇ ਜ਼ਿੰਮੇਵਾਰੀ ਤੋਂ ਬਚਣਾ ਹੈ।

ਟਰੰਪ ਪ੍ਰਸ਼ਾਸਨ ਨੇ ਇਸ ਕਾਰਪੋਰੇਟ ਹਮਲੇ ਨੂੰ ਖੁੱਲ੍ਹੀ ਹਮਾਇਤ ਦਿੱਤੀ ਹੈ। ਇਸੇ ਤਰ੍ਹਾਂ ਵਿਸ਼ਵ ਸਿਹਤ ਸੰਸਥਾ ਤੋਂ ਅਮਰੀਕਾ ਦੀ ਵਾਪਸੀ ਵੀ ਉਸ ਵਿਗਿਆਨ ਨੂੰ ਚੁੱਪ ਕਰਾਉਣ ਦੀ ਕੋਸ਼ਿਸ਼ ਸੀ, ਜੋ ਕਾਰਪੋਰੇਟ ਦਾਅਵਿਆਂ ਨੂੰ ਚੁਣੌਤੀ ਦਿੰਦਾ ਸੀ।ਇਹ ਸਿਰਫ਼ ਅਮਰੀਕਾ ਦੀ ਸਮੱਸਿਆ ਨਹੀਂ ਹੈ। ਇਹ ਭਾਰਤ ਲਈ ਇੱਕ ਖਾਕਾ (ਬਲੂਪ੍ਰਿੰਟ) ਹੈ।

ਭਾਰਤ ਸਰਕਾਰ ਦੋ ਸਮਾਂਤਰ ਹਥਿਆਰਾਂ ਰਾਹੀਂ ਇਨ੍ਹਾਂ ਹੀ ਕੰਪਨੀਆਂ ਨੂੰ ਫ਼ਾਇਦਾ ਪਹੁੰਚਾ ਰਹੀ ਹੈ। ਪਹਿਲਾ -ਸੀਡ ਬਿੱਲ 2025 ਹੈ।

ਇਹ ਬਿੱਲ ਭਾਰਤ ਦੀ ਬੀਜ ਖ਼ੁਦਮੁਖ਼ਤਿਆਰੀ 'ਤੇ ਸਿੱਧਾ ਹਮਲਾ ਹੈ। ਇਹ ਕਿਸਾਨਾਂ ਦੇ ਸਦੀਆਂ ਪੁਰਾਣੇ ਹੱਕ-ਬੀਜ ਸੰਭਾਲਣ, ਅਦਲਾ-ਬਦਲੀ ਕਰਨ ਅਤੇ ਵੇਚਣ ਨੂੰ ਅਪਰਾਧ ਬਣਾਉਂਦਾ ਹੈ। ਬਿੱਲ ਜ਼ਰੂਰੀ ਰਜਿਸਟ੍ਰੇਸ਼ਨ ਅਤੇ ਸਰਟੀਫਿਕੇਸ਼ਨ ਲਾਗੂ ਕਰਦਾ ਹੈ, ਜਿਸ ਨੂੰ ਸਿਰਫ਼ ਵੱਡੀਆਂ ਕਾਰਪੋਰੇਟ ਕੰਪਨੀਆਂ ਹੀ ਪੂਰਾ ਕਰ ਸਕਦੀਆਂ ਹਨ। ਇਸ ਦੇ ਨਤੀਜੇ ਵਜੋਂ ਬੇਅਰ, ਕੋਰਟੇਵਾ ਅਤੇ ਸਿੰਜੇਟਾ ਵਰਗੀਆਂ ਬਹੁ-ਰਾਸ਼ਟਰੀ ਕੰਪਨੀਆਂ ਦੀ ਇਜ਼ਾਰੇਦਾਰੀ।ਭਾਰਤ ਦੀ ਖੇਤੀਬਾੜੀ ਜੈਵ-ਵਿਭਿੰਨਤਾ ਦਾ ਨਾਸ ਹੋਵੇਗਾ, ਜਿਸ ਦਾ 90 ਫੀਸਦੀ ਅਸੀਂ ਪਹਿਲਾਂ ਹੀ ਗੁਆ ਚੁੱਕੇ ਹਾਂ।

ਕਿਸਾਨੀ ਸੰਕਟ ਅਤੇ ਕਰਜ਼ਾ ਹੋਰ ਡੂੰਘਾ ਹੋਵੇਗਾ, ਜਿੱਥੇ ਇੱਕ ਔਸਤ ਕਿਸਾਨ ਪਰਵਾਰ 'ਤੇ ?74,121 ਰੁਪਏ ਕਰਜ਼ਾ ਹੈ ਅਤੇ ਹਰ ਸਾਲ 11,000 ਤੋਂ ਵੱਧ ਕਿਸਾਨ ਆਤਮ-ਹੱਤਿਆ ਕਰਦੇ ਹਨ। ਭਾਰਤ-ਅਮਰੀਕਾ ਵਪਾਰ ਸਮਝੌਤਾ ਆਖ਼ਰੀ ਸਮਰਪਣ ਹੋਵੇਗਾ, ਇਸ ਲਈ ਚੱਲ ਰਹੀਆਂ ਵਪਾਰ ਗੱਲਾਂਬਾਤਾਂ ਕਾਰਪੋਰੇਟ ਕਬਜ਼ੇ ਨੂੰ ਕਾਨੂੰਨੀ ਤੌਰ 'ਤੇ ਮਜ਼ਬੂਤ ਕਰਨ ਵਾਲੀਆਂ ਹਨ। ਅਮਰੀਕਾ ਦੀਆਂ ਮੰਗਾਂ ਵਿੱਚ ਸ਼ਾਮਲ ਹੈ।

ਅਮਰੀਕੀ ਤਰਜ਼ ਦੇ ਬੌਧਿਕ ਸੰਪੱਤੀ ਅਤੇ ਬੀਜ ਕਾਨੂੰਨ ਲਾਗੂ ਕਰਵਾਉਣਾ, ਜੋ ਜੀਵਨ 'ਤੇ ਪੇਟੈਂਟ ਲਗਾਉਂਦੇ ਹਨ ਅਤੇ ਬੀਜ ਸੰਭਾਲਣ ਨੂੰ ਗੈਰਕਾਨੂੰਨੀ ਬਣਾਉਂਦੇ ਹਨ।

• ਬਾਕੀ ਸਫਾ 2 'ਤੇ

## ਕੁਲ ਹਿੰਦ ਦਲਿਤ ਅੰਦੋਲਨ ਅਧਿਕਾਰ ਦੀ ਕੌਮੀ ਕੌਂਸਲ ਮੀਟਿੰਗ ਗੰਗਟੂਰ 'ਚ ਅੱਜ ਤੋਂ



ਗੰਗਟੂਰ ਪਹੁੰਚੇ ਗੁਲਜ਼ਾਰ ਗੋਰੀਆ, ਵੀ ਐੱਮ ਨਿਰਮਲ, ਦੇਵੀ ਕੁਮਾਰੀ ਸਰਹਾਲੀ ਕਲਾਂ ਤੇ ਹੋਰ।

**ਗੰਗਟੂਰ, ਆਂਧਰਾ ਪ੍ਰਦੇਸ਼ (ਗਿਆਨ ਸੈਦਪੁਰੀ)**

ਕੁਲ ਹਿੰਦ ਦਲਿਤ ਅਧਿਕਾਰ ਅੰਦੋਲਨ ਦੀ ਕੌਮੀ ਕੌਂਸਲ ਦੀ ਮੀਟਿੰਗ 23 ਅਤੇ 24 ਜਨਵਰੀ ਨੂੰ ਸੀ ਪੀ ਆਈ ਜ਼ਿਲ੍ਹਾ ਦਫ਼ਤਰ ਗੰਗਟੂਰ ਵਿਖੇ ਹੋ ਰਹੀ ਹੈ। ਅੰਦੋਲਨ ਦੇ ਆਗੂ ਕਾਮਰੇਡ ਵਿਜੇਂਦਰ ਸਿੰਘ ਨਿਰਮਲ ਅਤੇ ਕਾਮਰੇਡ ਗੁਲਜ਼ਾਰ ਸਿੰਘ ਗੋਰੀਆ ਨੇ ਮੀਟਿੰਗ ਸੰਬੰਧੀ ਗੱਲਬਾਤ ਕਰਦਿਆਂ ਕਿਹਾ ਕਿ ਭਾਜਪਾ ਦੀ ਕੇਂਦਰ ਸਰਕਾਰ ਇੱਥੋਂ ਦੇ ਦਲਿਤਾਂ ਅਤੇ ਘੱਟ ਗਿਣਤੀ ਭਾਈਚਾਰਿਆਂ 'ਤੇ ਲਗਾਤਾਰ ਹਮਲੇ ਕਰ ਰਹੀ ਹੈ। ਅਜਿਹੀਆਂ ਪ੍ਰਸਥਿਤੀਆਂ ਵਿੱਚ ਕੀਤੀ ਜਾ ਰਹੀ ਮੀਟਿੰਗ ਦੀ ਬੜੀ ਮਹੱਤਤਾ ਹੈ। ਦਲਿਤਾਂ ਅਤੇ ਘੱਟ ਗਿਣਤੀਆਂ 'ਤੇ ਹੋ

• ਬਾਕੀ ਸਫਾ 2 'ਤੇ

CMYK

## ਥਾਣਾ ਠੁੱਲੀਵਾਲ ਪੁਲਸ ਵੱਲੋਂ ਸੁਰੱਖਿਆ ਰਿਹਰਸਲ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਗਣਤੰਤਰ ਦਿਵਸ ਨੂੰ ਲੈ ਕੇ ਇਲਾਕੇ ਅੰਦਰ ਅਮਨ-ਸ਼ਾਂਤੀ ਤੇ ਕਾਨੂੰਨ ਵਿਵਸਥਾ ਨੂੰ ਮਜ਼ਬੂਤ ਬਣਾਏ ਰੱਖਣ ਦੇ ਮੱਦੇਨਜ਼ਰ ਪੁਲਸ ਥਾਣਾ ਠੁੱਲੀਵਾਲ ਦੇ ਮੁੱਖ ਅਫਸਰ ਗੁਰਪਾਲ ਸਿੰਘ ਦੀ ਅਗਵਾਈ ਹੇਠ ਪੁਲਸ ਜਵਾਨਾਂ ਦੀ ਰਿਹਰਸਲ ਕਰਵਾਈ ਗਈ।ਇਸ ਮੌਕੇ ਉਨ੍ਹਾਂ ਦੱਸਿਆ ਕਿ ਐੱਸ ਐੱਸ ਪੀ ਬਰਨਾਲਾ ਮੁਹੰਮਦ ਸਰਫ਼ਰਾਜ ਆਲਮ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੁਲਸ ਸਬ ਡਵੀਜ਼ਨ ਮਹਿਲ ਕਲਾਂ ਦੇ ਡੀ ਐੱਸ ਪੀ ਜਸਪਾਲ ਸਿੰਘ ਧਾਲੀਵਾਲ ਦੀ ਰਹਿਨੁਮਾਈ ਹੇਠ ਸੁਰੱਖਿਆ ਇੰਤਜ਼ਾਮਾਂ ਨੂੰ ਹੋਰ ਮਜ਼ਬੂਤ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਗਣਤੰਤਰ ਦਿਵਸ ਦੌਰਾਨ ਕਿਸੇ ਵੀ ਅਣਚਾਹੀ ਘਟਨਾ ਨੂੰ ਰੋਕਣ ਤੇ ਲੋਕਾਂ ਨੂੰ ਸੁਰੱਖਿਅਤ ਮਾਹੌਲ ਪ੍ਰਦਾਨ ਕਰਨ ਲਈ ਪੁਲਸ ਵੱਲੋਂ ਲਗਾਤਾਰ ਰਿਹਰਸਲਾਂ ਕਰਵਾਈਆਂ ਜਾ ਰਹੀਆਂ ਹਨ।ਉਨ੍ਹਾਂ ਕਿਹਾ ਕਿ ਪੁਲਸ ਪੂਰੀ ਤਰ੍ਹਾਂ ਚੌਕਸ ਹੈ ਤੇ ਇਲਾਕੇ ਅੰਦਰ ਸ਼ਾਂਤੀ ਭੰਗ ਕਰਨ ਵਾਲੇ ਅਨਸਰਾਂ ਨਾਲ ਸਖ਼ਤੀ ਨਾਲ ਨਿਪਟਿਆ ਜਾਵੇਗਾ।ਇਸ ਮੌਕੇ ਜਸਵਿੰਦਰ ਸਿੰਘ, ਏ ਐੱਸ ਆਈ ਅਮਰਜੀਤ ਸਿੰਘ, ਹੌਲਦਾਰ ਦੀਪ ਸਿੰਘ, ਮੁਨਸ਼ੀ ਗੁਰਦੀਪ ਸਿੰਘ ਆਦਿ ਹਾਜ਼ਰ ਸਨ।

## ਕੁਲਭੂਸ਼ਣ ਰਾਏ ਬਾਂਸਲ ਨਮਿੱਤ ਅੰਤਮ ਅਰਦਾਸ ਅੱਜ



**ਫਰੀਦਕੋਟ (ਐਲਿਗਜੈਂਡਰ ਡਿਸੂਜ਼ਾ)**-ਫਰੀਦਕੋਟ ਦੇ ਵਪਾਰਕ ਜਗਤ ਵਿੱਚ ਇੱਕ ਚਮਕਦਾ ਸਿਤਾਰਾ, ਮਾਰਕੀਟ ਕਮੇਟੀ ਦੇ ਸਾਬਕਾ ਚੇਅਰਮੈਨ ਤੇ ਲਗਾਤਾਰ 30 ਸਾਲਾਂ ਤੱਕ ਰਾਅ ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਰਹੇ ਸ਼੍ਰੀ ਕੁਲਭੂਸ਼ਣ ਰਾਏ ਬਾਂਸਲ (ਭੂਸ਼ੀ) ਦਾ ਬੀਤੇ ਦਿਨੀਂ ਦੇਹਾਂਤ ਹੋ ਗਿਆ ਹੈ।ਭੂਸ਼ੀ ਦਾ ਦੇਹਾਂਤ ਨਾ ਸਿਰਫ਼ ਬਾਂਸਲ ਪਰਿਵਾਰ ਲਈ ਇੱਕ ਘਾਟਾ ਹੈ, ਸਗੋਂ ਪੂਰੇ ਫਰੀਦਕੋਟ ਤੇ ਵਪਾਰਕ ਭਾਈਚਾਰੇ ਲਈ ਇੱਕ ਨਾ ਪੂਰਾ ਹੋਣ ਵਾਲਾ ਘਾਟਾ ਹੈ।ਉਹ ਨਾ ਸਿਰਫ਼ ਇੱਕ ਹੁਨਰਮੰਦ ਕਾਰੋਬਾਰੀ ਸਨ, ਸਗੋਂ ਇੱਕ 'ਸਮੱਸਿਆ ਨਿਵਾਰਕ' ਵਜੋਂ ਵੀ ਜਾਣੇ ਜਾਂਦੇ ਸਨ।ਬਾਜ਼ਾਰ ਦੀਆਂ ਸਮੱਸਿਆਵਾਂ ਦੇ ਸਾਹਮਣੇ ਚੱਟਾਨ ਵਾਂਗ ਖੜ੍ਹੇ ਭੂਸ਼ੀ ਨੇ ਹਮੇਸ਼ਾ ਆੜ੍ਹਤੀਆ ਦੇ ਹਿੱਤਾਂ ਦੀ ਰੱਖਿਆ ਕੀਤੀ।ਉਹ ਆਪਣੇ ਪਿੱਛੇ ਕਦਰਾਂ-ਕੀਮਤਾਂ ਦੀ ਇੱਕ ਵਿਰਾਸਤ ਛੱਡ ਗਏ ਹਨ, ਜਿਸ ਨੂੰ ਉਨ੍ਹਾਂ ਦੇ ਪੁੱਤਰ ਐਡਵੋਕੇਟ ਪਿਊਸ਼ ਬਾਂਸਲ ਤੇ ਉਨ੍ਹਾਂ ਦੀਆਂ ਧੀਆਂ (ਜੋ ਕਾਨੂੰਨ ਤੇ ਦਵਾਈ ਦੇ ਖੇਤਰਾਂ ਵਿੱਚ ਸਮਾਜ ਸੇਵਾ ਵਿੱਚ ਲੱਗੇ ਹੋਏ ਹਨ) ਮਾਣ ਨਾਲ ਅੱਗੇ ਵਧਾ ਰਹੇ ਹਨ।ਉਨ੍ਹਾ ਨਮਿੱਤ ਅੰਤਿਮ ਅਰਦਾਸ ਤੇ ਪਗੜੀ ਸਮਾਰੋਹ 23 ਜਨਵਰੀ ਸ਼ੁੱਕਰਵਾਰ ਦੁਪਹਿਰ 1:00 ਵਜੇ ਤੋਂ 2:00 ਵਜੇ ਤੱਕ ਸ਼੍ਰੀ ਰਾਧਾ ਕ੍ਰਿਸ਼ਨ ਧਾਮ, ਵੀਰੇ ਵਾਲਾ ਰੋਡ, ਫਰੀਦਕੋਟ ਹੋਵੇਗਾ।

## ਦਸ ਹਜ਼ਾਰ ਰੁਪਏ ਰਿਸ਼ਵਤ ਲੈਂਦਾ ਹੌਲਦਾਰ ਰੰਗੇ ਹੱਥੀਂ ਕਾਬੂ




**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚੱਲ ਰਹੀ ਆਪਣੀ ਮੁਹਿੰਮ ਦੌਰਾਨ ਜ਼ਿਲ੍ਹਾ ਫਿਰੋਜ਼ਪੁਰ ਦੇ ਥਾਣਾ ਲੱਖੋ ਕੇ ਬਹਿਰਾਮ ਵਿਖੇ ਤਾਇਨਾਤ ਹੌਲਦਾਰ (ਹੈੱਡ ਕਾਂਸਟੇਬਲ) ਹਰਪਾਲ ਸਿੰਘ ਨੂੰ 10000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ।ਇਹ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਨੂੰ ਪਿੰਡ ਸਰੂਪ ਸਿੰਘ ਵਾਲਾ ਤਹਿਸੀਲ ਗੁਰੂ ਹਰਸਹਾਏ ਜ਼ਿਲ੍ਹਾ ਫਿਰੋਜ਼ਪੁਰ ਵਸਨੀਕ ਵੱਲੋਂ ਦਰਜ ਕਰਵਾਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਸ਼ਿਕਾਇਤਕਰਤਾ ਦੇ ਭਰਾ ਵਿਰੁੱਧ ਐੱਨ ਡੀ ਪੀ ਐੱਸ ਐਕਟ ਅਧੀਨ ਮਾਮਲਾ ਦਰਜ ਕੀਤਾ ਗਿਆ ਸੀ ਤੇ ਮੁਲਜ਼ਮ ਹੌਲਦਾਰ ਨੇ ਸ਼ਿਕਾਇਤਕਰਤਾ ਤੋਂ ਉਸ ਮਾਮਲੇ ਵਿੱਚ ਸ਼ਿਕਾਇਤਕਰਤਾ ਦੀ ਮਦਦ ਕਰਨ ਤੇ ਉਸ ਦੇ ਭਰਾ ਨੂੰ ਕਿਸੇ ਹੋਰ ਮਾਮਲੇ ਵਿੱਚ ਨਾਮਜ਼ਦ ਨਾ ਕਰਨ ਦੇ ਬਦਲੇ ਇੱਕ ਲੱਖ ਰੁਪਏ ਦੀ ਰਿਸ਼ਵਤ ਮੰਗੀ।ਇਸ ਸਬੰਧ ਵਿੱਚ ਦੋਸ਼ੀ ਹੌਲਦਾਰ ਨੇ ਸ਼ਿਕਾਇਤਕਰਤਾ ਤੋਂ 20000 ਰੁਪਏ ਰਿਸ਼ਵਤ ਦੀ ਰਕਮ ਪ੍ਰਾਪਤ ਕੀਤੀ ਤੇ ਬਾਕੀ ਰਹਿੰਦੀ ਰਕਮ ਦੀ ਮੰਗ ਕਰਦਾ ਰਿਹਾ।ਸ਼ਿਕਾਇਤਕਰਤਾ ਨੇ ਰਿਸ਼ਵਤ ਦੀ ਮੰਗ ਕਰਦੇ ਹੋਏ ਮੁਲਜ਼ਮ ਹੌਲਦਾਰ ਦੀ ਗੱਲਬਾਤ ਰਿਕਾਰਡ ਕਰ ਲਈ ਸੀ।ਬੁਲਾਰੇ ਨੇ ਅੱਗੇ ਦੱਸਿਆ ਕਿ ਉਸ ਦੀ ਸ਼ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਦੋਸ਼ੀ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 10000 ਰੁਪਏ ਰਿਸ਼ਵਤ ਲੈਂਦਿਆਂ ਗ੍ਰਿਫ਼ਤਾਰ ਕਰ ਲਿਆ।ਇਸ ਸਬੰਧ ਵਿੱਚ ਵਿਜੀਲੈਂਸ ਬਿਊਰੋ ਦੇ ਥਾਣਾ ਫਿਰੋਜ਼ਪੁਰ ਵਿਖੇ ਮੁਲਜ਼ਮ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ ਤੇ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

## ਬਲਜਿੰਦਰ ਸਿੰਘ ਪੰਜਾਬ ਸ਼ਡਿਊਲਡ ਕਾਸਟ ਲੈਂਡ ਡਿਵੈੱਲਪਮੈਂਟ ਐਂਡ ਫਾਇਨੈਂਸ ਕਾਰਪੋਰੇਸ਼ਨ ਦਾ ਚੇਅਰਮੈਨ ਨਿਯੁਕਤ



**ਦੋਰਾਹਾ (ਹਰਮਿੰਦਰ ਸੇਠ)**-ਮਾਣਯੋਗ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਵੱਲੋਂ ਰਾਜ ਦੇ ਵੱਖ-ਵੱਖ ਵਿਭਾਗਾਂ ਵਿੱਚ ਚੇਅਰਮੈਨ ਤੇ ਵਾਈਸ ਚੇਅਰਮੈਨਾਂ ਦੀਆਂ ਨਿਯੁਕਤੀਆਂ ਕੀਤੀਆਂ ਗਈਆਂ।ਇਸ ਤਹਿਤ ਹਲਕਾ ਪਾਇਲ ਤੋਂ ਟਕਸਾਲੀ ਆਮ ਆਦਮੀ ਪਾਰਟੀ ਆਗੂ ਸ੍ਰੀ ਬਲਜਿੰਦਰ ਸਿੰਘ ਚੌਂਦਾ ਨੂੰ ਪੰਜਾਬ ਸ਼ਡਿਊਲਡ ਕਾਸਟ ਲੈਂਡ ਡਿਵੈਲਪਮੈਂਟ ਐਂਡ ਫਾਇਨੈਂਸ ਕਾਰਪੋਰੇਸ਼ਨ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ।ਇਸ ਨਿਯੁਕਤੀ 'ਤੇ ਆਮ ਆਦਮੀ ਪਾਰਟੀ ਦੇ ਆਗੂਆਂ, ਵਰਕਰਾਂ ਤੇ ਇਲਾਕਾ ਨਿਵਾਸੀਆਂ ਵੱਲੋਂ ਸ੍ਰੀ ਚੌਂਦਾ ਨੂੰ ਨਵੀਂ ਜ਼ਿੰਮੇਵਾਰੀ ਸੰਭਾਲਣ ਲਈ ਦਿਲੋਂ ਵਧਾਈਆਂ ਤੇ ਸ਼ੁੱਭਕਾਮਨਾਵਾਂ ਦਿੱਤੀਆਂ ਗਈਆਂ।ਆਗੂਆਂ ਨੇ ਭਰੋਸਾ ਪ੍ਰਗਟ ਕੀਤਾ ਕਿ ਸ੍ਰੀ ਚੌਂਦਾ ਆਪਣੀ ਨਵੀਂ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ, ਇਮਾਨਦਾਰੀ ਤੇ ਸਮਰਪਣ ਨਾਲ ਨਿਭਾਉਂਦੇ ਹੋਏ ਸ਼ਡਿਊਲਡ ਕਾਸਟ ਵਰਗ ਦੇ ਸਮਾਜਿਕ ਤੇ ਆਰਥਿਕ ਸਸ਼ਕਤੀਕਰਨ ਲਈ ਪ੍ਰਭਾਵਸ਼ਾਲੀ ਤੇ ਲੋਕ-ਹਿਤੈਸ਼ੀ ਕਦਮ ਚੁੱਕਣਗੇ। ਇਸ ਮੌਕੇ ਇਹ ਵੀ ਉਮੀਦ ਜਤਾਈ ਗਈ ਕਿ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਨਵੀਂ ਟੀਮ ਸਰਕਾਰ ਦੀਆਂ ਲੋਕ-ਹਿਤੈਸ਼ੀ ਨੀਤੀਆਂ ਨੂੰ ਜ਼ਮੀਨੀ ਪੱਧਰ 'ਤੇ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਦਿਆਂ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਦੇ ਮਕਸਦ ਨੂੰ ਸਫਲਤਾ ਨਾਲ ਅੱਗੇ ਵਧਾਏਗੀ। ਆਪਣੀ ਨਿਯੁਕਤੀ 'ਤੇ ਪ੍ਰਤੀਕਿਰਿਆ ਦਿੰਦਿਆਂ ਸ੍ਰ. ਬਲਜਿੰਦਰ ਸਿੰਘ ਚੌਂਦਾ ਨੇ ਮਾਣਯੋਗ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਆਮ ਆਦਮੀ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਦਾ ਭਰੋਸਾ ਜਤਾਉਣ ਲਈ ਧੰਨਵਾਦ ਕੀਤਾ ਤੇ ਕਿਹਾ ਕਿ ਉਹ ਸੌਂਪੀ ਗਈ ਜ਼ਿੰਮੇਵਾਰੀ ਨੂੰ ਪੂਰੀ ਨਿਸ਼ਠਾ ਤੇ ਇਮਾਨਦਾਰੀ ਨਾਲ ਨਿਭਾਉਣਗੇ।

## ਗਊਵੰਸ਼ ਸੇਵਾ ਧਾਮ ਵਿਖੇ ਗਊ ਭਲਾਈ ਕੈਂਪ ਲਗਾਇਆ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪਸ਼ੂ ਪਾਲਣ ਵਿਭਾਗ ਪੰਜਾਬ ਵੱਲੋਂ ਕੈਬਨਿਟ ਮੰਤਰੀ ਪਸ਼ੂ ਪਾਲਣ ਵਿਭਾਗ ਗੁਰਮੀਤ ਸਿੰਘ ਖੁੱਡੀਆਂ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਵਿਭਾਗ ਦੇ ਪ੍ਰਮੁੱਖ ਸਕੱਤਰ ਰਾਹੁਲ ਭੰਡਾਰੀ ਦੀ ਰਹਿਨੁਮਾਈ ਤੇ ਡਾਇਰੈਕਟਰ ਡਾ. ਪਰਮਦੀਪ ਸਿੰਘ ਵਾਲੀਆ ਦੀ ਅਗਵਾਈ ਹੇਠ ਬੀਮਾਰ, ਜ਼ਖ਼ਮੀ ਤੇ ਬੇਸਹਾਰਾ ਗਊਆਂ ਦੀ ਸੇਵਾ ਸੰਭਾਲ ਕਰ ਰਹੇ ਗਊਵੰਸ਼ ਸੇਵਾ ਧਾਮ ਦਰਸ਼ਨ ਸਿੰਘ ਨਗਰ ਵਿਖੇ ਪਸ਼ੂ ਪਾਲਣ ਵਿਭਾਗ ਵੱਲੋਂ ਗਊ ਭਲਾਈ ਕੈਂਪ ਲਾਇਆ ਗਿਆ।ਇਹ ਕੈਂਪ ਪੰਜਾਬ ਗਊ ਸੇਵਾ ਕਮਿਸ਼ਨ ਦੇ ਸਹਿਯੋਗ ਨਾਲ ਲਾਇਆ ਗਿਆ, ਜਿਸ ਵਿੱਚ 25 ਹਜ਼ਾਰ ਦੀਆਂ ਦਵਾਈਆਂ ਦਿੱਤੀਆਂ ਗਈਆਂ।ਇਸ ਮੌਕੇ ਪਸ਼ੂ ਪਾਲਣ ਵਿਭਾਗ ਦੇ ਡਿਪਟੀ ਡਾਇਰੈਕਟਰ ਡਾ. ਵਿਕਰਮਜੀਤ ਸਿੰਘ, ਸਹਾਇਕ ਡਾਇਰੈਕਟਰ ਡਾ. ਰਜਨੀਕ ਭੋਰਾ, ਸਹਾਇਕ ਡਾਇਰੈਕਟਰ ਡਾ. ਸੁਨਿੰਦਰ ਕੌਰ, ਵੈਟਰਨਰੀ ਅਫਸਰ ਡਾ. ਜਤਿੰਦਰ ਸਿੰਘ, ਵੈਟਰਨਰੀ ਇੰਸਪੈਕਟਰ ਜਗਮੋਹਨ ਸਿੰਘ, ਬੀਰ ਦਵਿੰਦਰ ਸਿੰਘ ਤੇ ਰਾਜ ਕੁਮਾਰ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।ਇਸ ਗਊ ਧਾਮ ਦੇ ਸੰਚਾਲਕ ਤੇ ਫਾਊਂਡਰ ਜੰਗ ਸਿੰਘ ਨੇ ਕਿਹਾ ਕਿ ਇਸ ਕੈਂਪ ਦੇ ਆਯੋਜਨ ਨਾਲ ਗਊਸ਼ਾਲਾ ਨੂੰ ਬਹੁਤ ਵੱਡਾ ਲਾਭ ਮਿਲਿਆ ਹੈ।ਗਊਆਂ ਨੂੰ ਜ਼ਰੂਰੀ ਦਵਾਈਆਂ ਮਿਲੀਆਂ ਹਨ।ਉਨ੍ਹਾਂ ਇਸ ਲਈ ਵਿਭਾਗ ਦਾ ਧੰਨਵਾਦ ਕੀਤਾ।ਉਨ੍ਹਾਂ ਕਿਹਾ ਕਿ ਇਸ ਗਊਸ਼ਾਲਾ ਵਿੱਚ ਬੀਮਾਰ, ਜ਼ਖ਼ਮੀ ਤੇ ਬੇਸਹਾਰਾ ਗਊਆਂ ਹਨ।ਗਊ ਭਗਤਾਂ ਦੇ ਸਹਿਯੋਗ ਨਾਲ ਇਹ ਗਊਸ਼ਾਲਾ ਚਲਾਈ ਜਾ ਰਹੀ ਹੈ।ਇਸ ਮੌਕੇ ਟਰੀਟਮੈਂਟ ਇੰਚਾਰਜ ਵਿਸ਼ਨੂੰ ਸ਼ਰਮਾ, ਵਾਈਸ ਪ੍ਰਧਾਨ ਸੁਰਜੀਤ ਸਿੰਘ, ਜੁਆਇੰਟ ਕੈਸ਼ੀਅਰ ਵਿਪਨ ਸੂਦ, ਗੋਲਕ ਇੰਚਾਰਜ ਬਲਦੇਵ ਰਾਜ, ਕੈਸ਼ੀਅਰ ਲਵਕੇਸ਼ ਉੱਪਲ, ਘਨਸ਼ਿਆਮ ਤਿਵਾੜੀ ਤੇ ਵੱਡੀ ਗਿਣਤੀ ਵਿੱਚ ਗਊਭਗਤ ਹਾਜ਼ਰ ਸਨ।

## ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ ਪੈਨਸ਼ਨਾਂ ਵੰਡੀਆਂ



**ਕੋਟ ਈਸੇ ਖਾਂ (ਅਰੋੜਾ)**-ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੈਨੇਜਿੰਗ ਟਰੱਸਟੀ ਡਾ. ਐੱਸ ਪੀ ਸਿੰਘ ਉਬਰਾਏ ਮੋਗਾ ਇਕਾਈ ਦੀ ਟੀਮ ਰਾਹੀਂ ਜ਼ਿਲ੍ਹੇ ਦੀਆਂ 180 ਦੇ ਕਰੀਬ ਵਿਧਵਾ ਔਰਤਾਂ ਨੂੰ ਉਨ੍ਹਾਂ ਦੇ ਬੱਚਿਆਂ ਦੀ ਪੜ੍ਹਾਈ ਲਿਖਾਈ ਲਈ ਹਰ ਮਹੀਨੇ ਪੈਨਸ਼ਨ ਦੇ ਕੇ ਉਨ੍ਹਾਂ ਦਾ ਸਹਾਰਾ ਬਣ ਰਹੇ ਹਨ।ਜ਼ਿਲ੍ਹੇ ਦੇ ਕੋਟ ਈਸੇ ਖਾਂ ਏਰੀਏ ਦੀਆਂ ਤਕਰੀਬਨ 23 ਪੈਨਸ਼ਨਾਂ ਕੋਟ ਈਸੇ ਖਾਂ ਵਿਖੇ ਸੰਨੀ ਓਬਰਾਏ ਕਲੀਨਿਕਲ ਲੈਬ 'ਤੇ ਵੰਡੀਆਂ ਗਈਆਂ ਤਾਂ ਕਿ ਏਰੀਏ ਦੀਆਂ ਜ਼ਰੂਰਤਮੰਦ ਔਰਤਾਂ ਨੂੰ ਦੂਰ ਦੁਰਾਡੇ ਖੱਜਲ ਖੁਆਰ ਨਾ ਹੋਣਾ ਪਵੇ।ਇਹ ਚੈੱਕ ਟਰੱਸਟ ਦੇ ਜ਼ਿਲ੍ਹਾ ਪ੍ਰਧਾਨ ਗੋਕਲ ਚੰਦ ਬੁੱਘੀਪੁਰਾ, ਟਰੱਸਟੀ ਤੇ ਰੂਰਲ ਐੱਨ.ਜੀ.ਓ. ਕਲੱਬਜ਼ ਐਸੋਸੀਏਸ਼ਨ ਮੋਗਾ ਦੇ ਪ੍ਰਧਾਨ ਹਰਭਿੰਦਰ ਸਿੰਘ ਜਾਨੀਆ, ਜ਼ਿਲ੍ਹਾ ਪ੍ਰੈੱਸ ਸਕੱਤਰ ਭਵਨਦੀਪ ਸਿੰਘ ਪੁਰਬਾ (ਮੁੱਖ ਸੰਪਾਦਕ : 'ਮਹਿਕ ਵਤਨ ਦੀ ਲਾਈਵ' ਬਿਊਰੋ), ਟਰੱਸਟੀ ਰਾਮ ਸਿੰਘ ਜਾਨੀਆ ਨੇ ਖੁਦ ਕੋਟ ਈਸੇ ਖਾਂ ਵਿਖੇ ਹਾਜ਼ਰ ਹੋ ਕੇ ਲਾਭਪਾਤਰੀਆਂ ਨੂੰ ਭੇਟ ਕੀਤੇ।

# ਸਰਕਾਰ ਦੀ ਅਰਥੀ ਫੂਕੀ, ਦਿੜ੍ਹਬਾ ਰੈਲੀ 'ਚ ਸ਼ਾਮਲ ਹੋਣ ਦਾ ਐਲਾਨ



**ਫ਼ਿਰੋਜ਼ਪੁਰ (ਗੁਰਬਚਨ ਸਿੰਘ)**

ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਜ਼ਿਲ੍ਹਾ-ਫਿਰੋਜ਼ਪੁਰ ਤੋਂ ਵੱਖ ਵੱਖ ਬ੍ਰਾਂਚਾਂ ਘੱਲ ਖੁਰਦ, ਗੁਰੂਹਰਸਹਾਏ, ਮਮਦੋਟ, ਮਖੂ, ਜ਼ੀਰਾ, ਫਿਰੋਜ਼ਪੁਰ ਦੇ ਬ੍ਰਾਂਚ ਪ੍ਰਧਾਨਾਂ, ਬ੍ਰਾਂਚ ਜਰਨਲ ਸਕੱਤਰ, ਬ੍ਰਾਂਚ ਖਜ਼ਾਨਚੀ ਤੇ ਜ਼ਿਲ੍ਹਾ ਫਿਰੋਜ਼ਪੁਰ ਦੇ ਪ੍ਰਧਾਨ ਬਲਜੀਤ ਸਿੰਘ, ਸਰਕਲ ਪ੍ਰਧਾਨ ਬਲਕਾਰ ਸਿੰਘ, ਜਰਨਲ ਸਕੱਤਰ ਹਰਜਿੰਦਰ ਸਿੰਘ ਮੋਮੀ ਨੇ ਕਿਹਾ ਕਿ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਪੰਜਾਬ ਸਰਕਾਰ ਦੀਆਂ ਪੇਂਡੂ ਜਲ ਸਪਲਾਈ ਸਕੀਮਾਂ 'ਤੇ ਫੀਲਡ ਅਤੇ ਦਫਤਰਾਂ ਵਿਚ ਵੱਖ-ਵੱਖ ਪੋਸਟਾਂ 'ਤੇ ਰੈਗੂਲਰ ਮੁਲਾਜ਼ਮਾਂ ਦੀ ਤਰ੍ਹਾਂ ਪਿਛਲੇ 15 ਤੋਂ 20 ਸਾਲਾਂ ਦੇ ਲੰਬੇ ਅਰਸੇ ਤੋਂ ਇਕ ਵਰਕਰ ਦੇ ਰੂਪ 'ਚ ਲਗਾਤਾਰ ਸੇਵਾਵਾਂ ਦੇ ਰਹੇ ਇਨਲਿਸਟਮੈਂਟ ਤੇ ਆਊਟਸੋਰਸ ਠੇਕਾ ਅਧਾਰਿਤ ਵਰਕਰਾਂ ਨੂੰ ਉਨ੍ਹਾਂ ਦੇ ਤਜਰਬੇ ਦੇ ਅਧਾਰ 'ਤੇ ਸਬੰਧਤ ਵਿਭਾਗ 'ਚ ਮਰਜ ਕਰਕੇ ਪੱਕੇ ਰੁਜ਼ਗਾਰ ਦਾ ਪ੍ਰਬੰਧ ਕਰਨ ਸਮੇਤ ਹੱਕੀ ਅਤੇ ਜਾਇਜ਼ ਮੰਗਾਂ ਦਾ ਹੱਲ ਕਰਨ ਦੀ ਮੰਗ ਲਈ ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਵੱਲੋਂ ਮੰਗ ਕੀਤੀ ਜਾ ਰਹੀ ਹੈ, ਜਿਸਦੇ ਵਿਰੋਧ 'ਚ ਮਜ਼ਬੂਰੀ ਵੱਸ ਵਰਕਰ ਆਪਣੇ ਕੱਚੇ-ਪਿੱਲੇ ਰੁਜਗਾਰ ਨੂੰ ਬਚਾਉਣ ਲਈ ਸੰਘਰਸ਼ ਦੇ ਰਾਹ ਤੁਰੇ ਹੋਏ ਹਨ।

ਉਨ੍ਹਾਂ ਕਿਹਾ ਕਿ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਵੱਲੋਂ ਪੰਜਾਬ ਸਰਕਾਰ ਦੀ ਅਰਥੀ ਫੂਕਣ ਦਾ ਪ੍ਰੋਗਰਾਮ ਦਿੱਤਾ ਸੀ ਉਸ ਲਾਗੂ ਕਰਦਿਆਂ ਹੋਇਆਂ ਅੱਜ ਫਿਰੋਜ਼ਪੁਰ ਜ਼ਿਲ੍ਹੇ ਦੀਆਂ ਸਾਰੀਆਂ ਬ੍ਰਾਂਚਾਂ 'ਤੇ ਵਰਕਰ ਇੱਕਠੇ ਹੋ ਕੇ ਪੰਜਾਬ ਸਰਕਾਰ ਦੀ ਅਰਥੀ ਫੂਕੀ ਗਈ।ਪ੍ਰੈੱਸ ਸਕੱਤਰ ਰਣਜੀਤ ਸਿੰਘ ਖਾਲਸਾ ਨੇ ਦੱਸਿਆ ਕਿ ਫਿਰੋਜ਼ਪੁਰ ਜ਼ਿਲ੍ਹੇ ਤੋਂ ਜਲ ਸਪਲਾਈ ਵਿਭਾਗ ਦੇ ਇਨਲਿਸਟਮੈਂਟ/ਆਊਟਸੋਰਸ ਵਰਕਰ ਆਪਣੇ ਪਰਵਾਰਾਂ-ਬੱਚਿਆਂ ਸਮੇਤ ਸ਼ਾਮਲ ਹੋਣ ਦਾ ਐਲਾਨ ਕੀਤਾ ਅਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ 'ਚ ਇਕ ਵਰਕਰ ਦੇ ਰੂਪ 'ਚ ਸੇਵਾਵਾਂ ਦੇ ਰਹੇ ਇਨਲਿਸਟਮੈਂਟ ਅਤੇ ਆਊਟਸੋਰਸ ਮੁਲਾਜ਼ਮਾਂ ਨੂੰ ਤਜਰਬੇ ਦੇ ਅਧਾਰ 'ਤੇ ਸਬੰਧਤ ਵਿਭਾਗ ਵਿਚ ਮਰਜ ਕਰਕੇ, ਈ.ਪੀ.ਐਫ. ਤੇ ਈ.ਐਸ.ਆਈ.ਸੀ. ਵਰਗੀਆਂ ਤਮਾਮ ਸਹੂਲਤਾਂ ਦੇਣ ਵਾਲੀ ਪਾਲਸੀ (ਤਜਵੀਜ) ਨੂੰ ਲਾਗੂ ਕਰਕੇ ਵਰਕਰਾਂ ਦਾ ਪੱਕਾ ਰੁਜ਼ਗਾਰ ਦਾ ਪ੍ਰਬੰਧ ਕਰਨਾ ਤੇ ਜਦੋਂ ਤੱਕ ਪੱਕੇ ਰੁਜਗਾਰ ਦਾ ਪ੍ਰਬੰਧ ਕਰਨ ਵਾਲੀ ਮੰਗ ਦਾ ਹੱਲ ਨਹੀਂ ਕੀਤਾ ਜਾਂਦਾ, ਉਸ ਸਮੇਂ ਤੱਕ ਲੇਬਰ ਕਾਨੂੰਨ 1948 ਅਤੇ 1957 ਵਿੱਚ 15ਵੀਂ ਲੇਬਰ ਕਮਿਸ਼ਨਰ ਦੀਆਂ ਸਿਫ਼ਾਰਸ਼ਾਂ ਨੂੰ ਸ਼ਾਮਲ ਕਰਕੇ ਤਨਖਾਹ ਨਿਸਚਿਤ ਕਰਕੇ ਘੱਟੋ-ਘੱਟ ਉਜਰਤ 34244 ਰੁਪਏ ਲਾਗੂ ਕਰਨਾ। ਇਨਲਿਸਟਮੈਂਟ ਅਤੇ ਆਊਟਸੋਰਸ ਵਰਕਰ, ਜੋ ਠੇਕਾ ਪ੍ਰਣਾਲੀ ਦਾ ਸੰਤਾਪ ਭੋਗਦੇ ਹੋਏ 58 ਸਾਲ ਉਮਰ ਹੋ ਗਈ ਹੈ, ਉਨ੍ਹਾਂ ਵੱਲੋਂ ਲਗਾਤਾਰ ਦਿੱਤੀਆਂ ਗਈਆਂ ਸੇਵਾਵਾਂ ਨੂੰ ਧਿਆਨ ਵਿਚ ਰੱਖਦੇ ਹੋਏ ਇਨ੍ਹਾਂ ਕਾਮਿਆਂ ਦੇ ਵਾਰਸਾਂ ਨੂੰ ਵੀ ਪੱਕੀ ਨੌਕਰੀ ਦੇਣਾ।

ਪੰਚਾਇਤਾਂ ਨੂੰ ਹੈਂਡਓਵਰ ਕੀਤੀਆਂ ਜਲ ਸਪਲਾਈ ਸਕੀਮਾਂ ਮੁੜ ਵਿਭਾਗ ਅਧੀਨ ਕਰਨਾ ਆਦਿ ਹੱਕੀ ਤੇ ਜਾਇਜ਼ ਮੰਗਾਂ ਹਨ, ਦਾ ਹੱਲ ਕਰਾਉਣ ਤੱਕ ਜਥੇਬੰਦੀ ਵੱਲੋਂ ਪੁਰਅਮਨ ਢੰਗ ਨਾਲ ਸੰਘਰਸ਼ ਜਾਰੀ ਰੱਖਿਆ ਜਾਵੇਗਾ।

## ਡਿਪਟੀ ਕਮਿਸ਼ਨਰ ਵੱਲੋਂ 'ਸਖੀ ਸ਼ਕਤੀ ਮੇਲੇ' ਦੀਆਂ ਤਿਆਰੀਆਂ ਦਾ ਜਾਇਜ਼ਾ

**■ 27 ਤੋਂ ਆਮ ਖਾਸ ਬਾਗ ਵਿਖੇ ਲੱਗੇਗਾ ਮੇਲਾ, ਪ੍ਰਬੰਧ ਮੁਕੰਮਲ ਕਰਨ ਦੇ ਆਦੇਸ਼**



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮਹਿਲਾ ਸਸ਼ਕਤੀਕਰਨ ਤੇ ਸਵੈ-ਸਹਾਇਤਾ ਸਮੂਹਾਂ ਨੂੰ ਉਤਸ਼ਾਹਤ ਕਰਨ ਦੇ ਮਕਸਦ ਨਾਲ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਰਵਾਏ ਜਾ ਰਹੇ 'ਸਖੀ ਸ਼ਕਤੀ ਮੇਲੇ' ਦੀਆਂ ਤਿਆਰੀਆਂ ਸਬੰਧੀ ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਨੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਵਿਸ਼ੇਸ਼ ਮੀਟਿੰਗ ਕੀਤੀ ਤੇ ਪ੍ਰਬੰਧਾਂ ਦਾ ਜਾਇਜ਼ਾ ਲਿਆ।ਇਹ ਮੇਲਾ ਆਮ ਖਾਸ ਬਾਗ ਵਿਖੇ 27 ਤੋਂ 30 ਜਨਵਰੀ ਤੱਕ ਲਗਾਇਆ ਜਾ ਰਿਹਾ ਹੈ।ਡੀ ਸੀ ਨੇ ਕਿਹਾ ਕਿ ਇਹ ਮੇਲਾ ਮਹਿਲਾਵਾਂ ਦੇ ਹੁਨਰ ਨੂੰ ਪ੍ਰਦਰਸ਼ਤ ਕਰਨ ਤੇ ਉਨ੍ਹਾਂ ਦੇ ਉਤਪਾਦਾਂ ਲਈ ਮੰਡੀਕਰਨ ਦੇ ਮੌਕੇ ਪ੍ਰਦਾਨ ਕਰਨ ਲਈ ਇੱਕ ਮਿਆਰੀ ਮੰਚ ਸਾਬਿਤ ਹੋਵੇਗਾ।ਮੇਲੇ ਵਿੱਚ ਵੱਖ-ਵੱਖ ਸਵੈ-ਸਹਾਇਤਾ ਸਮੂਹਾਂ ਵੱਲੋਂ ਤਿਆਰ ਵਸਤਾਂ ਦੇ ਸਟਾਲ ਲਗਾਏ ਜਾਣਗੇ।ਮੀਟਿੰਗ ਦੌਰਾਨ ਡਾ. ਸੋਨਾ ਥਿੰਦ ਨੇ ਕਿਹਾ ਕਿ ਇਸ ਮੇਲੇ ਦਾ ਮੁੱਖ ਮਕਸਦ ਔਰਤਾਂ ਨੂੰ ਆਤਮ-ਨਿਰਭਰ ਬਣਾਉਣਾ ਹੈ।ਉਨ੍ਹਾਂ ਸਬੰਧਤ ਵਿਭਾਗਾਂ ਨੂੰ ਹਦਾਇਤ ਕੀਤੀ ਕਿ ਮੇਲੇ ਵਾਲੀ ਥਾਂ 'ਤੇ ਸਾਫ਼-ਸਫ਼ਾਈ, ਪੀਣ ਵਾਲੇ ਪਾਣੀ ਤੇ ਬਿਜਲੀ ਦੇ ਪੁਖ਼ਤਾ ਇੰਤਜ਼ਾਮ ਕੀਤੇ ਜਾਣ।ਸੁਰੱਖਿਆ ਦੇ ਲਿਹਾਜ਼ ਨਾਲ ਪੁਲਸ ਵਿਭਾਗ ਵੱਲੋਂ ਉਚਿਤ ਪ੍ਰਬੰਧ ਯਕੀਨੀ ਬਣਾਏ ਜਾਣ।ਸਟਾਲਾਂ ਦੀ ਅਲਾਟਮੈਂਟ ਪਾਰਦਰਸ਼ੀ ਤਰੀਕੇ ਨਾਲ ਕੀਤੀ ਜਾਵੇ ਤਾਂ ਜੋ ਵੱਧ ਤੋਂ ਵੱਧ ਮਹਿਲਾਵਾਂ ਨੂੰ ਫਾਇਦਾ ਮਿਲ ਸਕੇ।ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸੁਰਿੰਦਰ ਸਿੰਘ ਧਾਲੀਵਾਲ ਨੇ ਵੀ ਵੱਖ-ਵੱਖ ਵਿਭਾਗਾਂ ਦੇ ਕੰਮਾਂ ਦੀ ਸਮੀਖਿਆ ਕੀਤੀ।

ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਸਾਰੇ ਪ੍ਰਬੰਧ ਨਿਰਧਾਰਤ ਸਮੇਂ ਅੰਦਰ ਮੁਕੰਮਲ ਕਰ ਲਏ ਜਾਣ ਤਾਂ ਜੋ ਮੇਲੇ ਵਿੱਚ ਆਉਣ ਵਾਲੇ ਲੋਕਾਂ ਤੇ ਪ੍ਰਦਰਸ਼ਨੀ ਲਗਾਉਣ ਵਾਲੀਆਂ ਮਹਿਲਾਵਾਂ ਨੂੰ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ।ਡਿਪਟੀ ਕਮਿਸ਼ਨਰ ਨੇ ਸਮੂਹ ਜ਼ਿਲ੍ਹਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਮੇਲੇ ਵਿੱਚ ਵੱਧ-ਚੜ੍ਹ ਕੇ ਸ਼ਮੂਲੀਅਤ ਕਰਨ ਤੇ ਮਹਿਲਾਵਾਂ ਵੱਲੋਂ ਤਿਆਰ ਕੀਤੇ ਸਮਾਨ ਦੀ ਖਰੀਦਦਾਰੀ ਕਰਕੇ ਉਨ੍ਹਾਂ ਦਾ ਉਤਸ਼ਾਹ ਵਧਾਉਣ।

## ਖ਼ਤਰੇ ਦੀ ਸੂਚੀ 'ਚ ਪੰਜਾਬ ਦੇ 14 ਜ਼ਿਲ੍ਹੇ, ਯੂਰੀਆ ਦੀ ਵਰਤੋਂ 'ਚ ਸੰਗਰੂਰ ਸਭ ਤੋਂ ਅੱਗੇ !

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਕੇਂਦਰ ਸਰਕਾਰ ਵੱਲੋਂ ਜਾਰੀ ਕੀਤੀ ਗਈ ਇੱਕ ਤਾਜ਼ਾ ਰਿਪੋਰਟ ਨੇ ਪੰਜਾਬ ਵਿੱਚ ਖਾਦਾਂ ਦੀ ਬੇਲੋੜੀ ਵਰਤੋਂ ਬਾਰੇ ਗੰਭੀਰ ਚਿੰਤਾ ਪੈਦਾ ਕਰ ਦਿੱਤੀ ਹੈ। ਸੰਗਰੂਰ ਜ਼ਿਲ੍ਹਾ ਪਿਛਲੇ ਸਾਲ 2,82,800 ਮੀਟ੍ਰਿਕ ਟਨ ਯੂਰੀਆ ਦੀ ਵਰਤੋਂ ਨਾਲ ਪੂਰੇ ਦੇਸ਼ ਵਿੱਚੋਂ ਪਹਿਲੇ ਨੰਬਰ 'ਤੇ ਰਿਹਾ ਹੈ।ਕੇਂਦਰੀ ਰਸਾਇਣ ਤੇ ਖਾਦ ਮੰਤਰਾਲੇ ਦੀ 9 ਜਨਵਰੀ ਦੀ ਰਿਪੋਰਟ ਅਨੁਸਾਰ ਦੇਸ਼ ਦੇ ਸਭ ਤੋਂ ਵੱਧ ਯੂਰੀਆ ਦੀ ਖਪਤ ਕਰਨ ਵਾਲੇ 100 ਜ਼ਿਲ੍ਹਿਆਂ ਵਿੱਚ ਪੰਜਾਬ ਦੇ 14 ਜ਼ਿਲ੍ਹੇ ਸ਼ਾਮਲ ਹਨ।ਪੰਜਾਬ 'ਚ ਯੂਰੀਆ ਦੀ ਵਰਤੋਂ ਵਿੱਚ ਸੰਗਰੂਰ ਸਭ ਤੋਂ ਅੱਗੇ ਹੈ ਤੇ ਲੁਧਿਆਣਾ ਚੌਥੇ, ਪਟਿਆਲਾ ਅੱਠਵੇਂ, ਬਠਿੰਡਾ ਨੌਵੇਂ ਤੇ ਮੁਕਤਸਰ (15ਵੇਂ) ਸਥਾਨ 'ਤੇ ਹੈ।ਹੋਰਨਾਂ ਜ਼ਿਲ੍ਹਿਆਂ ਵਿੱਚ ਅੰਮ੍ਰਿਤਸਰ, ਫਿਰੋਜ਼ਪੁਰ, ਜਲੰਧਰ, ਮਾਨਸਾ, ਮੋਗਾ, ਫਾਜ਼ਿਲਕਾ, ਤਰਨਤਾਰਨ, ਗੁਰਦਾਸਪੁਰ ਤੇ ਬਰਨਾਲਾ ਵੀ ਇਸ ਸੂਚੀ ਵਿੱਚ ਸ਼ਾਮਲ ਹਨ।ਹਰਿਆਣਾ ਵਿੱਚੋਂ ਸਿਰਸਾ 6ਵੇਂ ਤੇ ਕਰਨਾਲ 12ਵੇਂ ਸਥਾਨ 'ਤੇ ਹਨ।ਇਸੇ ਤਰ੍ਹਾਂ ਡੀ.ਏ.ਪੀ. ਦੀ ਵਰਤੋਂ ਵਿੱਚ ਪੰਜਾਬ ਦੇ 11 ਤੇ ਹਰਿਆਣਾ ਦੇ 7 ਜ਼ਿਲ੍ਹੇ ਚੋਟੀ ਦੇ 100 ਵਿੱਚ ਆਉਂਦੇ ਹਨ, ਜਿਨ੍ਹਾਂ ਵਿੱਚ ਲੁਧਿਆਣਾ ਪੰਜਾਬ ਵਿੱਚੋਂ ਤੇ ਸਿਰਸਾ ਹਰਿਆਣਾ ਵਿੱਚੋਂ ਮੋਹਰੀ ਹਨ।ਕੇਂਦਰੀ ਖਾਦ ਵਿਭਾਗ ਦੇ ਸੰਯੁਕਤ ਸਕੱਤਰ ਕ੍ਰਿਸ਼ਨ ਕਾਂਤ ਪਾਠਕ ਨੇ ਸਬੰਧਤ ਜ਼ਿਲ੍ਹਾ ਪ੍ਰਸ਼ਾਸਨਾਂ ਨੂੰ ਪੱਤਰ ਲਿਖ ਕੇ ਖਾਦਾਂ ਦੀ ਬੇਲੋੜੀ ਵਰਤੋਂ ਨੂੰ ਤੁਰੰਤ ਰੋਕਣ ਦੀ ਅਪੀਲ ਕੀਤੀ ਹੈ।ਉਨ੍ਹਾਂ ਚਿਤਾਵਨੀ ਦਿੱਤੀ ਹੈ ਕਿ ਖਾਦਾਂ ਦੀ ਜ਼ਿਆਦਾ ਵਰਤੋਂ ਨਾਲ ਮਿੱਟੀ ਦੀ ਸਿਹਤ, ਪਾਣੀ ਦੀ ਸੁਰੱਖਿਆ ਤੇ ਜਨਤਕ ਸਿਹਤ 'ਤੇ ਮਾੜਾ ਅਸਰ ਪੈ ਰਿਹਾ ਹੈ।ਰਿਪੋਰਟ ਮੁਤਾਬਕ ਦੇਸ਼ ਦੇ 440 ਜ਼ਿਲ੍ਹਿਆਂ ਵਿੱਚ ਧਰਤੀ ਹੇਠਲੇ ਪਾਣੀ ਵਿੱਚ ਨਾਈਟ੍ਰੇਟ ਦੀ ਮਾਤਰਾ ਤੈਅ ਸੀਮਾ ਤੋਂ ਕਿਤੇ ਵੱਧ ਪਾਈ ਗਈ ਹੈ।ਪੰਜਾਬ ਖੇਤੀਬਾੜੀ ਵਿਭਾਗ ਦੇ ਨਿਰਦੇਸ਼ਕ ਜਸਵੰਤ ਸਿੰਘ ਅਨੁਸਾਰ ਕਿਸਾਨ ਅਕਸਰ ਗੁਆਂਢੀ ਕਿਸਾਨਾਂ ਦੀ ਦੇਖਾ-ਦੇਖੀ ਖਾਦਾਂ ਦੀ ਵਰਤੋਂ ਵਧਾ ਦਿੰਦੇ ਹਨ, ਜਿਸ ਨੂੰ ਰੋਕਣ ਲਈ ਜਾਗਰੂਕਤਾ ਕੈਂਪ ਲਗਾਏ ਜਾ ਰਹੇ ਹਨ।ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਮਾਹਰਾਂ ਦਾ ਕਹਿਣਾ ਹੈ ਕਿ ਕਿਸਾਨਾਂ 'ਚ ਇਹ ਗਲਤ ਧਾਰਨਾ ਹੈ ਕਿ ਵਧੇਰੇ ਖਾਦ ਪਾਉਣ ਨਾਲ ਝਾੜ ਵੱਧਦਾ ਹੈ, ਜਦਕਿ ਅਸਲੀਅਤ ਵਿੱਚ ਅਜਿਹਾ ਨਹੀਂ ਹੈ।

## ਪੱਤਰਕਾਰ ਹਰਜਿੰਦਰ ਝੱਜ ਨੂੰ ਸਦਮਾ, ਪਿਤਾ ਦਾ ਦੇਹਾਂਤ



**ਦੋਰਾਹਾ (ਹਰਮਿੰਦਰ ਸੇਠ)**-ਸਾਹਨੇਵਾਲ ਤੋਂ ਪੱਤਰਕਾਰ ਹਰਜਿੰਦਰ ਸਿੰਘ ਝੱਜ ਨੂੰ ਉਸ ਵਕਤ ਗਹਿਰਾ ਸਦਮਾ ਪੁੱਜਾ, ਜਦੋਂ ਬੀਤੇ ਦਿਨ ਉਨ੍ਹਾਂ ਦੇ ਪਿਤਾ ਸੰਤ ਬਾਬਾ ਰਣਜੀਤ ਸਿੰਘ (85 ਸਾਲ) ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗੁਰੂ ਚਰਨਾਂ ਵਿੱਚ ਜਾ ਵਿਰਾਜੇ।ਉਹ ਪਿਛਲੇ ਕਾਫੀ ਅਰਸੇ ਤੋਂ ਚਾਹ ਵਾਲੇ ਕੌਂਚ ਵੈਲੀ ਪਿੰਡ ਬਹਿਰਾਲ ਵਿਖੇ ਗੁਰਦੁਆਰਾ ਸਹਿਬ ਨੇੜੇ ਸ੍ਰੀ ਪਾਉਂਟਾ ਸਾਹਿਬ ਵਿੱਚ ਮੁੱਖ ਸੇਵਾਦਾਰ ਵਜੋਂ ਸੇਵਾ ਨਿਭਾਅ ਰਹੇ ਸਨ।ਉਸ ਹਲਕੇ ਦੀਆਂ ਨਾਮ ਲੇਵਾ ਸੰਗਤਾਂ ਨੂੰ ਜਿੱਥੇ ਸੰਤ ਬਾਬਾ ਰਣਜੀਤ ਸਿੰਘ ਦੇ ਸਦਾ ਵਾਸਤੇ ਵਿੱਛੜ ਜਾਣ ਨਾਲ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ, ਉਥੇ ਹੀ ਝੱਜ ਪਰਵਾਰ ਨੂੰ ਵੀ ਗਹਿਰਾ ਸਦਮਾ ਪੁੱਜਾ।ਸੰਤ ਬਾਬਾ ਰਣਜੀਤ ਸਿੰਘ ਜੀ ਦਾ 21 ਜਨਵਰੀ ਬਾਅਦ ਦੁਪਹਿਰ ਗੁਰਦੁਆਰਾ ਸਾਹਿਬ ਵਿਖੇ ਭਾਰੀ ਗਿਣਤੀ ਵਿੱਚ ਨਾਮਲੇਵਾ ਸੰਗਤਾਂ ਨੇ ਨਮ ਅੱਖਾਂ ਨਾਲ ਸਸਕਾਰ ਕੀਤਾ।

# ਮਨਰੇਗਾ ਵਰਕਰਾਂ ਦਾ ਰੁਜ਼ਗਾਰ ਖੋਹ ਰਹੀ ਹੈ ਕੇਂਦਰ ਸਰਕਾਰ : ਰਾਜਿੰਦਰ ਦੀਪਾ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਕਸਬੇ ਦੇ ਨਜ਼ਦੀਕੀ ਪਿੰਡ ਸ਼ਾਹਪੁਰ ਕਲਾਂ ਵਿਖੇ ਰੋਹੀ ਸਿੰਘ ਪੰਚ ਤੇ ਕੇਵਲ ਸਿੰਘ ਦੀ ਅਗਵਾਈ ਵਿੱਚ ਮਨਰੇਗਾ ਵਰਕਰਾਂ ਦਾ ਇੱਕ ਭਰਵਾਂ ਇਕੱਠ ਰੱਖਿਆ ਗਿਆ, ਜਿਸ ਨੂੰ ਸੰਬੋਧਨ ਕਰਦਿਆਂ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਬਾਬੂ ਰਾਜਿੰਦਰ ਦੀਪਾ ਨੇ ਕਿਹਾ ਕਿ ਮਨਰੇਗਾ ਕਾਨੂੰਨ ਕਾਂਗਰਸ ਪਾਰਟੀ ਦੀ ਦੇਣ ਹੈ, ਜਿਸ ਨਾਲ ਪੂਰੇ ਦੇਸ਼ ਦੇ ਗਰੀਬ ਵਰਗ ਦੇ ਲੋਕਾਂ ਨੂੰ ਫਾਇਦਾ ਹੋਇਆ ਹੈ, ਪਰ ਕੇਂਦਰ ਦੀ ਭਾਜਪਾ ਸਰਕਾਰ ਨੇ ਇਸ ਕਾਨੂੰਨ 'ਚ ਬਦਲਾਅ ਕਰਕੇ ਸਮੁੱਚੇ ਦੇਸ਼ ਦੇ ਲੋਕਾਂ ਹੱਥੋਂ ਰੁਜ਼ਗਾਰ ਖੋਹ ਰਹੀ ਹੈ।

ਉਨ੍ਹਾਂ ਕਿਹਾ ਕਿ ਮਨਰੇਗਾ ਤਹਿਤ ਹਰ ਮਜ਼ਦੂਰ ਦਾ ਪ੍ਰਤੀ ਸਾਲ 100 ਦਿਨ ਕੰਮ ਕਾਨੂੰਨੀ ਹੱਕ ਹੈ, ਪਰ ਕੇਂਦਰ ਸਰਕਾਰ ਨੇ ਬੜੀ ਸੋਚੀ ਸਮਝੀ ਸਾਜ਼ਿਸ਼ ਨਾਲ ਇਸ ਕਾਨੂੰਨ 'ਚ ਬਦਲਾਅ ਕਰਕੇ ਕਹਿਣ ਨੂੰ ਤਾਂ ਭਾਵੇਂ 125 ਦਿਨ ਪ੍ਰਤੀ ਸਾਲ ਕੀਤੇ ਹਨ, ਪਰ ਇਸ ਕਾਨੂੰਨ ਲਈ ਸੂਬਿਆਂ ਦਾ ਯੋਗਦਾਨ ਦਸ ਪ੍ਰਤੀਸ਼ਤ ਤੋਂ ਵਧਾ ਕੇ 40 ਪ੍ਰਤੀਸ਼ਤ ਕਰ ਦਿੱਤਾ, ਜਦੋਂਕਿ ਸਭ ਨੂੰ ਪਤਾ ਕਿ ਪੰਜਾਬ ਸਿਰ ਕਰਜ਼ੇ ਦੀ ਭਾਰੀ ਪੰਡ ਹੋਣ ਕਰਕੇ ਕਿਸੇ ਵੀ ਕੀਮਤ 'ਤੇ ਇਹ ਫੰਡ ਸੂਬਿਆਂ ਦੀਆਂ ਸਰਕਾਰਾਂ ਪਾਉਣ ਤੋਂ ਅਸਮਰੱਥ ਹੋਣਗੀਆਂ ਤੇ ਜਦੋਂ ਸੂਬੇ ਦੀਆਂ ਸਰਕਾਰਾਂ ਨੇ ਆਪਣਾ ਬਣਦਾ ਯੋਗਦਾਨ ਨਾ ਪਾਇਆ ਤਾਂ ਇਹ ਮਨਰੇਗਾ ਮਜ਼ਦੂਰਾਂ ਨੂੰ ਰੁਜ਼ਗਾਰ ਬੰਦ ਹੋ ਜਾਵੇਗਾ, ਜਿਸ ਨਾਲ ਹਰ ਗਰੀਬ ਪਰਵਾਰ ਨੂੰ ਆਰਥਿਕ ਤੌਰ ਉੱਤੇ ਬਹੁਤ ਵੱਡਾ ਨੁਕਸਾਨ ਹੋਣਾ ਤੈਅ ਹੈ।

ਇਸ ਮੌਕੇ ਬਾਬੂ ਰਾਜਿੰਦਰ ਦੀਪਾ ਨੇ ਮੌਜੂਦਾ ਸਰਕਾਰ ਦੇ ਵਿਕਾਸ ਦਾਅਵਿਆਂ ਦੀ ਫੂਕ ਕੱਢਦਿਆਂ ਕਿਹਾ ਕਿ ਗਰੀਬ ਪਰਵਾਰਾਂ ਦੇ ਗੰਦੇ ਪਾਣੀ ਦਾ ਸਹੀ ਨਿਕਾਸ ਨਾ ਹੋਣ ਕਾਰਨ ਬਦਬੂ ਮਾਰ ਰਹੀ ਤੇ ਘਰਾਂ ਅੱਗੇ ਖੜ੍ਹਾ ਗੰਦਾ ਪਾਣੀ ਬਿਮਾਰੀਆਂ ਨੂੰ ਸੱਦਾ ਦੇ ਰਿਹਾ ਹੈ।ਉਨ੍ਹਾਂ ਦੱਸਿਆ ਕਿ ਇਹ ਗੰਦਾ ਨਾਲ਼ਾ 20-22 ਬਾਈ ਸਾਲ ਪਹਿਲਾਂ ਬਣਾਇਆ ਗਿਆ ਸੀ ਜੋ ਕਿ ਹੁਣ ਬੁਰੀ ਤਰ੍ਹਾਂ ਟੁੱਟ ਚੁੱਕਿਆ ਹੈ, ਪਰ ਵੱਡੇ ਵੱਡੇ ਵਿਕਾਸ ਦੇ ਦਾਅਵੇ ਕਰਨ ਵਾਲੀ ਸਰਕਾਰ ਦਾ ਗਰੀਬ ਵਰਗ ਦੀਆਂ ਸਮੱਸਿਆਵਾਂ ਵੱਲ ਕੋਈ ਧਿਆਨ ਨਹੀਂ।ਇਸ ਮੌਕੇ ਵੱਡੀ ਗਿਣਤੀ 'ਚ ਮਨਰੇਗਾ ਵਰਕਰ ਮੌਜੂਦ ਸਨ।

## ਸਫਾ 1 ਦੇ ਬਾਕੀ...

### ਤਨਖਾਹ ਤੇ ਪੈਨਸ਼ਨ...

ਅਤੇ ਸੇਵਾ-ਮੁਕਤ ਕਰਮਚਾਰੀਆਂ ਦੇ 10000 ਟੱਬਰਾਂ ਨਾਲ ਤਨਖਾਹ ਅਤੇ ਪੈਨਸ਼ਨ ਪਹਿਲੀ ਤਰੀਕ ਨੂੰ ਨਾ ਦੇ ਕੇ ਕੀਤਾ ਜਾਂਦਾ ਹੈ । ਸਰਕਾਰ ਅਤੇ ਬੇਪਰਵਾਹ ਹੋਈ ਪੀ ਆਰ ਟੀ ਸੀ ਦੀ ਮੈਨੇਜਮੈਂਟ ਨੂੰ ਭੋਰਾ ਵੀ ਫਿਕਰ ਨਹੀਂ ਜਾਪਦਾ ਕਿ ਉਹ ਸੋਚ ਸਕਣ ਕਿ ਇਨ੍ਹਾਂ ਟੱਬਰਾਂ ਦੀ ਰੋਟੀ ਕਿਵੇਂ ਚਲਦੀ ਹੋਵੇਗੀ, ਕਿਵੇਂ ਉਹ ਬੱਚਿਆਂ ਦੀਆਂ ਫੀਸਾਂ, ਬਿਮਾਰੀਆਂ ਦੇ ਖਰਚੇ, ਬੈਂਕਾਂ ਦੀਆਂ ਕਿਸ਼ਤਾਂ ਅਤੇ ਹੋਰ ਸਮਾਜਿਕ ਜ਼ਿੰਮੇਵਾਰੀਆਂ ਪੂਰੀਆਂ ਕਰਦੇ ਹੋਣਗੇ। ਸਰਕਾਰ ਦੀ ਇਹ ਵੀ ਕੀ ਨੈਤਿਕਤਾ ਹੈ ਕਿ ਜਿਸ ਅਦਾਰੇ ਦੀ ਉਸ ਨੇ ਕੋਈ ਵਿੱਤੀ ਮਦਦ ਨਹੀਂ ਕਰਨੀ, ਉਸ ਅਦਾਰੇ ਵਿੱਚ ਆਪਣੇ ਸਿਆਸੀ ਚੇਅਰਮੈਨ, ਵਾਈਸ ਚੇਅਰਮੈਨ ਅਤੇ 5-7 ਬੋਰਡ ਮੈਂਬਰਾਂ ਨੂੰ ਨਿਯੁਕਤ ਕਰਕੇ ਕਰੋੜਾਂ ਰੁਪਏ ਦਾ ਬੇਲੋੜਾ ਵਿੱਤੀ ਬੋਝ ਪਾਏ, ਜਦ ਕਿ ਇਨ੍ਹਾਂ ਨਿਯੁਕਤੀਆਂ ਦਾ ਅਦਾਰੇ ਨੂੰ ਉਕਾ ਹੀ ਕੋਈ ਫਾਇਦਾ ਨਹੀਂ।ਐਕਸ਼ਨ ਕਮੇਟੀ ਦੇ ਆਗੂਆਂ ਨੇ ਪੀ ਆਰ ਟੀ ਸੀ ਦੀ ਮੈਨੇਜਮੈਂਟ ਦੀ ਸਖਤ ਨੁਕਤਾਚੀਨੀ ਕਰਦਿਆਂ ਕਿਹਾ ਕਿ ਵਰਕਰਾਂ ਦੇ ਕਾਨੂੰਨੀ ਹੱਕਾਂ ਨੂੰ ਪੈਰਾਂ ਥੱਲੇ ਮਧੋਲਿਆ ਜਾ ਰਿਹਾ ਹੈ, ਕਿਉਂਕਿ ਬਣਦੀਆ ਤਰੱਕੀਆਂ ਨਹੀਂ ਕੀਤੀਆਂ ਜਾ ਰਹੀਆਂ, ਕੰਟਰੈਕਟ ਅਤੇ ਆਊਟਸੋਰਸ 'ਤੇ 15-15 ਸਾਲਾਂ ਤੋਂ ਕੰਮ ਕਰਦੇ ਵਰਕਰਾਂ ਨੂੰ ਰੈਗੂਲਰ ਕਰਨ ਲਈ ਕੋਈ ਕਦਮ ਨਾ ਚੁੱਕਣਾ, 2004 ਤੋਂ ਪਹਿਲਾਂ ਭਰਤੀ ਹੋਏ ਕੁਝ ਵਰਕਰਾਂ ਨੂੰ ਪੈਨਸ਼ਨ ਦਾ ਲਾਭ ਨਾ ਦੇਣਾ, ਸੋਧੇ ਹੋਏ ਟੀ ਏ / ਡੀ ਏ ਰੇਟ ਅਜੇ ਤੱਕ ਲਾਗੂ ਨਾ ਕਰਨੇ, ਸੇਵਾ-ਮੁਕਤ ਵਰਕਰਾਂ ਨੂੰ ਦੋ ਸਾਲ ਬਾਅਦ ਇੱਕ ਬੇਸਿਕ ਪੇ ਦੇ ਬਰਾਬਰ ਯਾਤਰਾ ਭੱਤੇ ਦੇ ਤੌਰ 'ਤੇ ਨਾ ਦੇਣਾ, ਪੇ-ਪੈਰਿਟੀ ਨਾ ਕਰਨਾ, ਅਦਾਲਤਾਂ ਦੇ ਫੈਸਲੇ ਲਾਗੂ ਨਾ ਕਰਨਾ, ਮੈਡੀਕਲ ਬਿੱਲਾਂ ਦੇ ਬਕਾਏ ਨਾ ਦੇਣਾ, ਰਿਟ ਨੰਬਰ 8240 ਦੇ ਫੈਸਲੇ ਅਨੁਸਾਰ 600 ਤੋਂ ਵੱਧ ਵਰਕਰਾਂ ਨੂੰ ਪੈਨਸ਼ਨ ਨਾ ਲਗਾਉਣਾ ਅਤੇ 1900 ਅਤੇ 1992 ਦੀ ਪੈਨਸ਼ਨ ਸਕੀਮ ਤੋਂ ਵਾਂਝੇ ਰਹਿ ਗਏ 400-500 ਬਜ਼ੁਰਗ ਵਰਕਰਾਂ ਨੂੰ ਪੈਨਸ਼ਨ ਦਾ ਲਾਭ ਨਾ ਦੇਣਾ ਆਦਿ ਅਨੇਕਾਂ ਹੱਕੀ ਮਸਲੇ ਹਨ, ਜਿਨ੍ਹਾਂ ਨੂੰ ਜਾਣਬੁੱਝ ਕੇ ਲਟਕਾਇਆ ਜਾ ਰਿਹਾ ਹੈ। ਵਿਸ਼ਾਲ ਰੈਲੀ ਵਿੱਚ ਪੀ ਆਰ ਟੀ ਸੀ ਰਿਟਾਇਰਡ ਇੰਪਲਾਈਜ਼ ਵੈੱਲਫੇਅਰ ਐਸੋਸੀਏਸ਼ਨ ਦੇ ਜੋਗਿੰਦਰ ਸਿੰਘ ਅਤੇ ਸ਼ਿਵ ਕੁਮਾਰ ਦੀ ਅਗਵਾਈ ਵਿੱਚ 25-30 ਸੇਵਾ-ਮੁਕਤ ਕਰਮਚਾਰੀਆਂ ਨੇ ਵੀ ਸ਼ਮੂਲੀਅਤ ਕੀਤੀ ਅਤੇ ਅੱਗੇ ਵਾਸਤੇ ਵੀ ਇਸੇ ਤਰ੍ਹਾਂ ਸਾਥ ਦੇਣ ਦਾ ਭਰੋਸਾ ਦਿੱਤਾ। ਐਕਸ਼ਨ ਕਮੇਟੀ ਵੱਲੋਂ ਇਹ ਵੀ ਐਲਾਨ ਕੀਤਾ ਗਿਆ ਕਿ ਜੇਕਰ 7 ਤਰੀਕ ਤੱਕ ਤਨਖਾਹ ਅਤੇ ਪੈਨਸ਼ਨ ਨਾ ਦਿੱਤੀ ਗਈ ਤਾਂ ਤੁਰੰਤ ਅਗਲੇ ਦਿਨ ਸਖਤ ਐਕਸ਼ਨ ਕੀਤਾ ਜਾਇਆ ਕਰੇਗਾ।

### ਬੀਜ ਬਿੱਲ ਤੇ ਅਮਰੀਕਾ ...

ਨਿਯਮਕ ਹਾਰਮਨਾਈਜ਼ੇਸ਼ਨ ਰਾਹੀਂ ਅਮਰੀਕੀ ਈ ਪੀ ਏ ਦੇ ਮਿਆਰ ਮੰਨਵਾਉਣਾ, ਜਿਸ ਨਾਲ ਵਿਸ਼ਵ ਵਪਾਰ ਸੰਸਥਾ ਵੱਲੋਂ ਚੇਤਾਵਨੀ ਦਿੱਤੇ ਗਏ ਜ਼ਹਿਰੀਲੇ ਕੀਟਨਾਸ਼ਕ ਭਾਰਤ ਵਿੱਚ ਖੁੱਲ੍ਹੇਆਮ ਆ ਜਾਣਗੇ। ਘੱਟੋ-ਘੱਟ ਸਮਰਥਨ ਮੁੱਲ (ਐੱਮ ਐੱਸ ਪੀ) ਪ੍ਰਣਾਲੀ ਨੂੰ ਖਤਮ ਕਰਨਾ ਅਤੇ ਸਬਸਿਡੀ ਵਾਲੀ ਅਮਰੀਕੀ ਖੇਤੀ ਉਤਪਾਦਨ ਨਾਲ ਭਾਰਤੀ ਮੰਡੀਆਂ ਭਰ ਦੇਣਾ, ਜਿਸ ਨਾਲ ਕਰੋੜਾਂ ਕਿਸਾਨਾਂ ਦੀ ਰੋਜ਼ੀ-ਰੋਟੀ ਤਬਾਹ ਹੋ ਜਾਵੇਗੀ।

ਅਮਰੀਕੀ ਸੁਪਰੀਮ ਕੋਰਟ ਵਿੱਚ ਛੋਟ ਮੰਗਣ ਵਾਲੀ ਕਾਰਪੋਰੇਟ ਤਾਕਤ ਹੀ ਭਾਰਤ ਦਾ ਸੀਡ ਬਿੱਲ ਲਿਖ ਰਹੀ ਹੈ ਅਤੇ ਵਪਾਰ ਦੀਆਂ ਸ਼ਰਤਾਂ ਤੈਅ ਕਰ ਰਹੀ ਹੈ। ਵਿਸ਼ਵ ਵਪਾਰ ਸੰਸਥਾ ਤੋਂ ਵਾਪਸੀ ਦਾ ਮਕਸਦ ਸੁਤੰਤਰ ਵਿਗਿਆਨ ਨੂੰ ਚੁੱਪ ਕਰਾਉਣਾ ਸੀ, ਜਦਕਿ ਵਪਾਰ ਸਮਝੌਤਾ ਉਸ ਖ਼ਰਾਬ ਅਮਰੀਕੀ ਮਿਆਰ ਨੂੰ ਭਾਰਤ 'ਤੇ ਥੋਪਣ ਦਾ ਸਾਧਨ ਹੈ।ਮੋਨਸਾਂਟੋ ਮਾਮਲਾ ਭਾਰਤ ਲਈ ਖ਼ਤਰੇ ਦੀ ਘੰਟੀ ਹੈ। ਸਾਨੂੰ ਦੁਸ਼ਮਣ ਦਾ ਚਿਹਰਾ ਸਪੱਸ਼ਟ ਦਿਖ ਰਿਹਾ ਹੈ-ਇੱਕ ਐਸੀ ਕਾਰਪੋਰੇਸ਼ਨ ਜੋ ਵਿਗਿਆਨ ਨੂੰ ਖਰੀਦਦੀ ਹੈ, ਨਿਯਮਕ ਸੰਸਥਾਵਾਂ ਨੂੰ ਕਾਬੂ ਕਰਦੀ ਹੈ, ਛੋਟ ਲਈ ਅਦਾਲਤਾਂ 'ਚ ਦੌੜ ਲਗਾਉਂਦੀ ਹੈ ਅਤੇ ਜ਼ਹਿਰ ਵੇਚਦੀ ਹੈ। ਮੋਦੀ ਸਰਕਾਰ ਦਾ ਸੀਡ ਬਿੱਲ 2025 ਅਤੇ ਅਮਰੀਕਾ ਨਾਲ ਵਪਾਰ ਸਮਝੌਤੇ ਲਈ ਬੇਤਾਬੀ ਭਾਰਤੀ ਕਿਸਾਨਾਂ ਨਾਲ ਗ਼ੱਦਾਰੀ ਹੈ। ਕਿਸਾਨ ਸਭਾ ਨੇ ਐਲਾਨ ਕੀਤਾ ਹੈ ਕਿ ਸੀਡ ਬਿੱਲ 2025 ਖ਼ਿਲਾਫ਼ ਦੇਸ਼ਵਿਆਪੀ ਸੰਘਰਸ਼ ਤੇਜ਼ ਕੀਤਾ ਜਾਵੇਗਾ ਅਤੇ ਭਾਰਤ-ਅਮਰੀਕਾ ਵਪਾਰ ਗੱਲਾਂਬਾਤਾਂ ਤੋਂ ਤੁਰੰਤ ਅਤੇ ਸਥਾਈ ਤੌਰ 'ਤੇ ਪਿੱਛੇ ਹਟਣ ਦੀ ਮੰਗ ਕੀਤੀ ਜਾਵੇਗੀ।ਸਭਾ ਅਗਲੇ ਹਫ਼ਤੇ ਤੋਂ ਦੇਸ਼ਵਿਆਪੀ ਪ੍ਰਦਰਸ਼ਨ, ਰੈਲੀਆਂ ਅਤੇ ਜਾਗਰੂਕਤਾ ਪ੍ਰੋਗਰਾਮ ਸ਼ੁਰੂ ਕਰੇਗੀ। ਉਸ ਨੇ ਹਰ ਕਿਸਾਨ, ਖੇਤੀ ਮਜ਼ਦੂਰ, ਟਰੇਡ ਯੂਨੀਅਨਿਸਟ, ਵਿਦਿਆਰਥੀ ਅਤੇ ਲੋਕਤੰਤਰਪਸੰਦ ਨਾਗਰਿਕ ਨੂੰ 12 ਫਰਵਰੀ ਦੀ ਦੇਸ਼ਵਿਆਪੀ ਹੜਤਾਲ ਅਤੇ ਵਿਸ਼ਾਲ ਅੰਦੋਲਨ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ ਹੈ।

### ਕੁਲ ਹਿੰਦ ਦਲਿਤ...

ਰਹੇ ਸਰਕਾਰੀ ਤੇ ਗੈਰ ਸਰਕਾਰੀ ਤਸ਼ੱਦਦ ਨੂੰ ਰੋਕਣ ਲਈ ਮੀਟਿੰਗ ਵਿੱਚ ਵਿਚਾਰਾਂ ਕਰਨ ਉਪਰੰਤ ਕੋਈ ਰਣਨੀਤੀ ਤੈਅ ਕੀਤੀ ਜਾਵੇਗੀ। ਅੱਜ ਸਵੇਰ ਤੋਂ ਹੀ ਮੀਟਿੰਗ ਵਿੱਚ ਹਿੱਸਾ ਲੈਣ ਲਈ ਡੈਲੀਗੇਟ ਪੁੱਜਣੇ ਸ਼ੁਰੂ ਹੋ ਗਏ ਸਨ। ਗੰਗਟੂਰ ਦੇ ਜ਼ਿਲ੍ਹਾ ਕਾਮਰੇਡਾਂ ਨੇ ਬਾਹਰੋਂ ਆਏ ਡੈਲੀਗੇਟਾਂ ਦਾ ਭਰਵਾਂ ਸਵਾਗਤ ਕੀਤਾ। ਸ਼ਾਮ ਤੱਕ ਕਾਫ਼ੀ ਗਿਣਤੀ ਵਿੱਚ ਡੈਲੀਗੇਟ ਪਹੁੰਚ ਚੁੱਕੇ ਹਨ। ਇਨ੍ਹਾਂ ਵਿੱਚ ਬਿਹਾਰ ਦੇ ਸਾਬਕਾ ਵਿਧਾਇਕ ਜਾਨਕੀ ਪਾਸਵਾਨ ਤੇ ਸੂਰਯ ਕਾਂਤ ਪਾਸਵਾਨ, ਆਲ ਇੰਡੀਆ ਦਲਿਤ ਰਾਈਟਸ ਮੂਵਮੈਂਟ ਦੇ ਵੱਖ-ਵੱਖ ਸੂਬਿਆਂ ਦੇ ਡੈਲੀਗੇਟ ਸ਼ਾਮਲ ਹਨ। ਪੰਜਾਬ ਵਿੱਚੋਂ ਕਾਮਰੇਡ ਗੁਲਜ਼ਾਰ ਸਿੰਘ ਗੋਰੀਆ, ਕਾਮਰੇਡ ਦੇਵੀ ਕੁਮਾਰੀ ਸਰਹਾਲੀ ਕਲਾਂ, ਕਾਮਰੇਡ ਨਾਨਕ ਚੰਦ ਬਜਾਜ ਵੀ ਸੰਗਰੂਰ ਪਹੁੰਚ ਗਏ ਹਨ।

### ਕੇਜਰੀਵਾਲ ਦਾ...

'ਆਪ' ਦੇ ਅਕਸ ਨੂੰ ਖਰਾਬ ਕਰਨਾ ਅਤੇ ਕੇਜਰੀਵਾਲ ਦੀ ਰਾਜਨੀਤੀ ਨੂੰ ਕਮਜ਼ੋਰ ਕਰਨਾ ਸੀ। ਅੱਜ ਦੇ ਅਦਾਲਤੀ ਫੈਸਲੇ ਨੇ ਇਨ੍ਹਾਂ ਕੋਸ਼ਿਸ਼ਾਂ ਨੂੰ ਪੂਰੀ ਤਰ੍ਹਾਂ ਬੇਨਕਾਬ ਕਰ ਦਿੱਤਾ ਹੈ।

ਅਰਵਿੰਦ ਕੇਜਰੀਵਾਲ ਦਾ ਬਰੀ ਹੋਣਾ ਸਾਬਤ ਕਰਦਾ ਹੈ ਕਿ ਇਲਜ਼ਾਮ ਮਨਘੜਤ ਤੇ ਸਿਆਸਤ ਤੋਂ ਪ੍ਰੇਰਿਤ ਸਨ। ਅਰੋੜਾ ਨੇ ਕਿਹਾ ਕਿ ਭਾਜਪਾ ਸਰਕਾਰ ਦਾ ਇਰਾਦਾ ਕਦੇ ਵੀ ਇਨਸਾਫ਼ ਕਰਨਾ ਨਹੀਂ ਸੀ, ਇਹ ਸਿਰਫ਼ ਸਾਡੇ ਰਾਸ਼ਟਰੀ ਕਨਵੀਨਰ ਨੂੰ ਪ੍ਰੇਸ਼ਾਨ ਤੇ ਬਦਨਾਮ ਕਰਨਾ ਸੀ।

### ਰਾਜਪਾਲ ਗਹਿਲੋਤ...

ਮੈਂਬਰਾਂ ਨੇ ਰਾਜਪਾਲ ਵੱਲੋਂ ਆਪਣਾ ਭਾਸ਼ਣ ਘਟਾਉਣ 'ਤੇ ਸਖ਼ਤ ਨਾਰਾਜ਼ਗੀ ਜਤਾਈ ਅਤੇ ਸਦਨ ਦੇ ਫਲੋਰ 'ਤੇ 'ਸ਼ਰਮ ਕਰੋ ਸ਼ਰਮ ਕਰੋ' ਦੇ ਨਾਅਰੇ ਲਗਾਏ।

ਮੁੱਖ ਮੰਤਰੀ ਸਿੱਧਰਮਈਆ ਨੇ ਕਿਹਾ ਕਿ ਰਾਜਪਾਲ ਥਾਵਰਚੰਦ ਗਹਿਲੋਤ ਨੇ ਸਰਕਾਰ ਵੱਲੋਂ ਤਿਆਰ ਕੀਤਾ ਪੂਰਾ ਭਾਸ਼ਣ ਨਾ ਪੜ੍ਹ ਕੇ ਸੰਵਿਧਾਨ ਦੀ ਉਲੰਘਣਾ ਕੀਤੀ ਹੈ।

### ਤਿੰਨਾਂ ਅਹੁਦਿਆਂ...

ਨਾਲ ਭਾਜਪਾ ਕੌਂਸਲਰਾਂ ਦੀ ਗਿਣਤੀ ਸਦਨ ਵਿੱਚ 18 ਹੋ ਗਈ ਹੈ। ਇਸ ਸਮੇਂ ਕਾਂਗਰਸ ਕੋਲ ਛੇ ਕੌਂਸਲਰ ਹਨ ਅਤੇ 'ਆਪ' ਕੋਲ ਸਦਨ ਵਿੱਚ 11 ਕੌਂਸਲਰ ਹਨ। ਸੰਸਦ ਮੈਂਬਰ ਕੋਲ ਵੀ ਇੱਕ ਵੋਟ ਹੈ। ਹੁਣ ਸੱਤਾਧਾਰੀ ਪਾਰਟੀ ਭਾਜਪਾ ਅਤੇ ਵਿਰੋਧੀ ਪਾਰਟੀਆਂ ਦੋਵਾਂ ਕੋਲ ਬਰਾਬਰ 18 ਵੋਟਾਂ ਹਨ, ਜੋ 'ਆਪ' ਅਤੇ ਕਾਂਗਰਸ ਦੋਵਾਂ ਦਾ ਗੱਠਜੋੜ ਹੋਣ ਦੀ ਸਥਿਤੀ ਵਿੱਚ ਚੋਣ ਨੂੰ ਦਿਲਚਸਪ ਬਣਾਉਂਦੀ ਹੈ। ਐਤਕੀਂ ਮੇਅਰ ਦੀ ਚੋਣ ਹੱਥ ਖੜ੍ਹੇ ਕਰਕੇ ਹੋਵੇਗੀ। ਇਹ ਚੋਣ ਪਹਿਲਾਂ ਗੁਪਤ ਵੋਟਿੰਗ ਰਾਹੀਂ ਹੋਈ ਸੀ ਅਤੇ ਕਰੀਬੀ ਮੁਕਾਬਲਿਆਂ ਵਿੱਚ ਕਰਾਸ ਵੋਟਿੰਗ ਨੇ ਵੱਡੀ ਭੂਮਿਕਾ ਨਿਭਾਈ।

## ਰਾਜਪੁਰਾ ਬਾਈਪਾਸ 'ਤੇ ਸਲਿੱਪ ਰੋਡ ਖੁੱਲ੍ਹਣ ਨਾਲ ਆਮ ਲੋਕਾਂ ਨੂੰ ਵੱਡੀ ਰਾਹਤ : ਐੱਸ ਡੀ ਐੱਮ

*ਲੰਮੇ ਸਮੇਂ ਤੋਂ ਬੰਦ ਸਲਿਪ ਰੋਡ ਖੁੱਲ੍ਹਣ ਨਾਲ ਰਾਜਪੁਰਾ ਵਾਸੀਆਂ ਨੇ ਲਿਆ ਸੁੱਖ ਦਾ ਸਾਹ*



**ਰਾਜਪੁਰਾ (ਰਮੇਸ਼ ਕਟਾਰੀਆ)**-ਸਬ ਡਵੀਜ਼ਨਲ ਮੈਜਿਸਟ੍ਰੇਟ ਰਾਜਪੁਰਾ ਸ੍ਰੀ ਨਮਨ ਮਰਕਨ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਰਾਜਪੁਰਾ ਬਾਈ ਪਾਸ 'ਤੇ ਚੰਡੀਗੜ੍ਹ ਵੱਲੋਂ ਆਉਂਦੇ ਹੋਏ ਗਗਨ ਚੌਕ ਤੋਂ ਪਟਿਆਲਾ ਜਾਣ ਲਈ ਬਣੀ ਸਲਿੱਪ ਰੋਡ, ਜੋ ਕਿ ਕੁਝ ਸਮੇਂ ਤੋਂ ਬੰਦ ਪਈ ਸੀ, ਹੁਣ ਆਮ ਲੋਕਾਂ ਦੀ ਸੁਵਿਧਾ ਨੂੰ ਧਿਆਨ ਵਿੱਚ ਰੱਖਦੇ ਹੋਏ ਮੁੜ ਖੋਲ੍ਹ ਦਿੱਤੀ ਗਈ ਹੈ। ਇਸ ਸਲਿਪ ਰੋਡ ਦੇ ਬੰਦ ਹੋਣ ਕਾਰਨ ਇਲਾਕੇ ਦੇ ਲੋਕਾਂ ਸਮੇਤ ਰਾਹਗੀਰਾਂ ਨੂੰ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਸੀ।ਐੱਸ.ਡੀ.ਐੱਮ. ਨਮਨ ਮਰਕਨ ਨੇ ਦੱਸਿਆ ਕਿ ਇਸ ਸਲਿਪ ਰੋਡ ਦੇ ਬੰਦ ਹੋਣ ਕਾਰਨ ਚੰਡੀਗੜ੍ਹ ਤੋਂ ਆਉਣ ਵਾਲੇ ਵਾਹਨਾਂ ਨੂੰ ਪਟਿਆਲਾ, ਸੰਗਰੂਰ, ਬਰਨਾਲਾ ਜਾਂ ਬਠਿੰਡਾ ਵੱਲ ਜਾਣ ਲਈ ਰਾਜਪੁਰਾ ਸ਼ਹਿਰ ਵਿੱਚੋਂ ਲੰਘਣਾ ਪੈਂਦਾ ਸੀ, ਜਿਸ ਨਾਲ ਨਾ ਸਿਰਫ ਟ੍ਰੈਫਿਕ ਜਾਮ ਦੀ ਸਮੱਸਿਆ ਪੈਦਾ ਹੁੰਦੀ ਸੀ, ਸਗੋਂ ਆਮ ਲੋਕਾਂ ਦਾ ਸਮਾਂ ਵੀ ਬਰਬਾਦ ਹੁੰਦਾ ਸੀ।ਉਨ੍ਹਾਂ ਕਿਹਾ ਕਿ ਹੁਣ ਚੰਡੀਗੜ੍ਹ ਵੱਲੋਂ ਆਉਣ ਵਾਲਾ ਟ੍ਰੈਫਿਕ ਬਿਨਾਂ ਰਾਜਪੁਰਾ ਸ਼ਹਿਰ ਵਿੱਚ ਦਾਖ਼ਲ ਹੋਏ ਸਿੱਧਾ ਬਾਈਪਾਸ ਦੀ ਵਰਤੋਂ ਕਰ ਸਕੇਗਾ। ਇਸ ਨਾਲ ਨਾ ਕੇਵਲ ਸ਼ਹਿਰ ਦੇ ਅੰਦਰ ਟ੍ਰੈਫਿਕ ਦਾ ਦਬਾਅ ਘਟੇਗਾ, ਸਗੋਂ ਦੁਰਘਟਨਾਵਾਂ ਦੀ ਸੰਭਾਵਨਾ ਵੀ ਕਾਫੀ ਹੱਦ ਤੱਕ ਘਟੇਗੀ।ਐੱਸ.ਡੀ.ਐੱਮ. ਨੇ ਕਿਹਾ ਕਿ ਪ੍ਰਸ਼ਾਸਨ ਆਮ ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਵਚਨਬੱਧ ਹੈ ਤੇ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਲੋਕ-ਹਿਤੈਸ਼ੀ ਫ਼ੈਸਲੇ ਲਏ ਜਾਂਦੇ ਰਹਿਣਗੇ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਦੇ ਹੋਏ ਇਸ ਸਹੂਲਤ ਦਾ ਪੂਰਾ ਲਾਭ ਉਠਾਇਆ ਜਾਵੇ।

## ਪ੍ਰਦੀਪ ਧੂੜੀਆ ਨੇ ਮਾਤਾ ਦੀ ਯਾਦ 'ਚ ਸ਼ਾਲ ਵੰਡੇ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਸਮਾਜ ਦੇ ਭਲੇ ਤੇ ਵਿਕਾਸ ਨੂੰ ਸਮਰਪਤ ਪ੍ਰਮੁੱਖ ਵਰਕਿੰਗ ਗੈਰ-ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਦੇ ਪੈਟਰਨ ਪ੍ਰਦੀਪ ਧੂੜੀਆ ਦੀ ਮਾਤਾ ਸਵ: ਵਿੱਦਿਆ ਵੰਤੀ ਧੂੜੀਆ ਦੀ ਦਸਵੀਂ ਬਰਸੀ ਮੌਕੇ ਉਨ੍ਹਾਂ ਦੀ ਯਾਦ ਵਿੱਚ ਧੂੜੀਆ ਪਰਵਾਰ ਵੱਲੋਂ ਤੇਰਾਂ ਔਰਤਾਂ ਨੂੰ ਸ਼ਾਲ ਵੰਡੇ ਗਏ।ਸ਼ਾਲ ਵੰਡਣ ਦੀ ਸ਼ੁਰੂਆਤ ਪ੍ਰਦੀਪ ਧੂੜੀਆ ਦੀ ਧਰਮਪਤਨੀ ਸੁਨੀਤਾ ਧੂੜੀਆ ਵੱਲੋਂ ਕੀਤੀ ਗਈ।ਇਸ ਮੌਕੇ ਕੇਸ਼ਵ ਧੂੜੀਆ ਤੇ ਕੁਸ਼ਲ ਧੂੜੀਆ ਵੀ ਮੌਜੂਦ ਸਨ।ਇਹ ਜਾਣਕਾਰੀ ਦਿੰਦੇ ਹੋਏ ਮਿਸ਼ਨ ਮੁਖੀ ਪ੍ਰਸਿੱਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ ਨੇ ਦੱਸਿਆ ਕਿ ਇਥੋਂ ਨੇੜਲੇ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਤੱਕ ਬੀੜ ਸਰਕਾਰ ਦੀਆਂ ਅਮਨਦੀਪ ਕੌਰ, ਹਰਪਾਲ ਕੌਰ, ਗੀਨਾ ਰਾਣੀ, ਸੀਮਾ ਰਾਣੀ, ਹਰਪ੍ਰੀਤ ਕੌਰ, ਆਸ਼ਾ ਰਾਣੀ, ਅਮਨਦੀਪ ਕੌਰ, ਅੰਜੂ ਰਾਣੀ, ਦਲਜੀਤ ਕੌਰ, ਰਾਜਦੀਪ ਕੌਰ, ਨਸੀਬ ਕੌਰ ਅਤੇ ਸੁਖਦੇਵ ਕੌਰ ਆਦਿ ਨੂੰ ਸ਼ਾਲ ਵੰਡੇ ਗਏ।ਇਸ ਸਮੇਂ ਸਕੂਲ ਦੀ ਮੁੱਖ ਅਧਿਆਪਕਾ ਪੁਸ਼ਪਾ ਰਾਣੀ ਤੇ ਸਮੂਹ ਸਟਾਫ ਮੌਜੂਦ ਸੀ।ਸ਼ਾਲ ਵੰਡੇ ਜਾਣ ਉਪਰੰਤ ਪ੍ਰਧਾਨ ਢੋਸੀਵਾਲ ਨੇ ਸਮੁੱਚੇ ਮਿਸ਼ਨ ਵੱਲੋਂ ਸਵ: ਮਾਤਾ ਵਿਦਿਆ ਵੰਤੀ ਧੂੜੀਆ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।ਸ਼ਾਲ ਵੰਡਣ ਮੌਕੇ ਧੂੜੀਆ ਪਰਵਾਰ ਦੇ ਸਾਰੇ ਮੈਂਬਰਾਂ ਤੋਂ ਇਲਾਵਾ ਮਿਸ਼ਨ ਗਾਇਡ ਇੰਜ. ਅਸ਼ੋਕ ਕੁਮਾਰ ਭਾਰਤੀ, ਚੇਅਰਮੈਨ ਨਿਰੰਜਣ ਸਿੰਘ ਰੱਖਰਾ, ਸੀਨੀਅਰ ਮੈਂਬਰ ਰਵਿੰਦਰ ਕਟਾਰੀਆ, ਮਿਸ਼ਨ ਹਮਦਰਦ ਜਨਕ ਰਾਜ ਜੌੜਾ, ਕੁਲਵਿੰਦਰ ਕੁਮਾਰ ਤੇ ਨਰਿੰਦਰ ਕਾਕਾ ਆਦਿ ਮੌਜੂਦ ਸਨ।

## ਰਾਮ ਭਗਤਾਂ ਨੇ ਲੰਗਰ ਲਗਾਇਆ



**ਬਠਿੰਡਾ (ਰਾਜੀਵ ਗੋਇਲ)**-ਜ਼ਿਲ੍ਹੇ ਦੇ ਕਸਬਾ ਭਗਤਾ ਭਾਈ ਕਾ ਦੇ ਮੁੱਖ ਚੌਕ ਵਿਖੇ ਸਮੂਹ ਰਾਮ ਭਗਤਾਂ ਵੱਲੋਂ ਲੰਗਰ ਲਗਾਇਆ ਗਿਆ। ਇਸ ਮੌਕੇ ਜਾਣਕਾਰੀ ਦਿੰਦਿਆਂ ਪਰਵੀਨ ਕੁਮਾਰ ਮਹੇਸ਼ਵਰੀ ਨੇ ਦੱਸਿਆ ਕਿ ਰਾਮ ਮੰਦਰ ਦੇ ਨਿਰਮਾਣ ਦੀ ਖੁਸ਼ੀ ਵਿੱਚ ਉਸ ਵਕਤ ਇਹ ਲੰਗਰ ਸ਼ੁਰੂ ਹੋਇਆ ਸੀ, ਜੋ ਕਿ ਆਏ ਸਾਲ ਲਗਾਇਆ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਅੱਜ ਲੰਗਰ ਵਿੱਚ ਸਮੂਹ ਰਾਮ ਭਗਤਾਂ ਵੱਲੋਂ ਸਹਿਯੋਗ ਕੀਤਾ ਗਿਆ ਹੈ। ਇਸ ਮੌਕੇ ਰਾਮ ਭਗਤਾਂ ਵੱਲੋਂ ਪਟਾਕੇ ਚਲਾ ਕੇ ਮੁੜ ਯਾਦਾਂ ਨੂੰ ਤਾਜ਼ਾ ਕੀਤਾ ਗਿਆ ਤੇ ਆਉਣ ਜਾਣ ਵਾਲੇ ਰਾਹਗੀਰਾਂ ਵੱਲੋਂ ਲੰਗਰ ਛਕਿਆ ਗਿਆ। ਇਸ ਮੌਕੇ ਆਸ-ਪਾਸ ਦੇ ਸਮੂਹ ਦੁਕਾਨਦਾਰ ਸ਼ਾਮਲ ਸਨ।

## ਕਰਮਗੜ੍ਹ 'ਚ ਮੁਫ਼ਤ ਆਯੂਸ਼ ਮੈਡੀਕਲ ਜਾਂਚ ਕੈਂਪ ਲਗਾਇਆ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਆਯੁਰਵੈਦਿਕ ਤੇ ਯੂਨਾਨੀ ਅਫ਼ਸਰ ਬਰਨਾਲਾ ਡਾ. ਅਮਨ ਕੌਸ਼ਲ, ਜ਼ਿਲ੍ਹਾ ਹੋਮਿਓਪੈਥੀ ਅਫ਼ਸਰ ਬਰਨਾਲਾ ਡਾ. ਰਾਜੀਵ ਜਿੰਦੀਆ ਦੀ ਯੋਗ ਅਗਵਾਈ ਵਿੱਚ ਗੁਰਦੁਆਰਾ ਸਿੰਘ ਸਭਾ ਪਿੰਡ ਕਰਮਗੜ੍ਹ ਵਿਖੇ ਆਯੂਸ਼ ਮੈਡੀਕਲ ਜਾਂਚ ਕੈਂਪ ਲਗਾਇਆ ਗਿਆ।ਇਸ ਕੈਂਪ ਦਾ ਉਦਘਾਟਨ ਸਰਪੰਚ ਸ੍ਰੀਮਤੀ ਹਰਪ੍ਰੀਤ ਕੌਰ, ਜ਼ਿਲ੍ਹਾ ਆਯੁਰਵੈਦਿਕ ਤੇ ਯੂਨਾਨੀ ਅਫ਼ਸਰ ਬਰਨਾਲਾ ਡਾ. ਅਮਨ ਕੌਸ਼ਲ ਤੇ ਸੁਪਰਡੈਂਟ ਸ੍ਰ. ਗੁਰਜੀਤ ਸਿੰਘ ਵੱਲੋਂ ਸਾਂਝੇ ਤੌਰ 'ਤੇ ਕੀਤਾ ਗਿਆ।ਇਸ ਕੈਂਪ 'ਚ ਆਯੁਰਵੈਦਿਕ ਵਿਭਾਗ ਵੱਲੋਂ 335 ਤੇ ਹੋਮਿਓਪੈਥਿਕ ਵਿਭਾਗ ਵੱਲੋਂ 248 ਮਰੀਜ਼ਾਂ ਦਾ ਚੈੱਕਅਪ ਕੀਤਾ ਗਿਆ।ਆਯੁਰਵੈਦਿਕ ਵਿਭਾਗ ਵੱਲੋਂ ਡਾ. ਅਮਨਦੀਪ ਸਿੰਘ ਨੋਡਲ ਅਫ਼ਸਰ, ਡਾ. ਨਵਨੀਤ ਬਾਂਸਲ ਏ ਐੱਮ ਓ, ਡਾ. ਸੀਮਾ ਬਾਂਸਲ ਏ ਐੱਮ ਓ ਤੇ ਡਾ. ਪੂਨਮ ਰਾਣੀ ਏ ਐੱਮ ਓ ਨੇ ਮਰੀਜ਼ਾਂ ਦੀ ਜਾਂਚ ਕੀਤੀ। ਉੱਪ-ਵੈਦ ਸੁਖਚੈਨ ਸਿੰਘ, ਗੁਰਪ੍ਰੀਤ ਸਿੰਘ, ਹਰਵਿੰਦਰ ਸਿੰਘ, ਜਗਸੀਰ ਸਿੰਘ ਨੇ ਦਵਾਈਆਂ ਦੀ ਵੰਡ ਕੀਤੀ।ਹੋਮਿਓਪੈਥਿਕ ਵਿਭਾਗ ਵੱਲੋਂ ਡਾ. ਅਨੁਪਮ ਰੁਪਾਲ ਐੱਚ ਐੱਮ ਓ ਨੇ ਮਰੀਜ਼ਾਂ ਦਾ ਨਰੀਖਣ ਕੀਤਾ। ਹੋਮਿਓਪੈਥੀ ਡਿਸਪੈਂਸਰ ਇੰਦਰਜੀਤ ਤੇ ਗੁਰਮੀਤ ਸਿੰਘ ਧਨੌਲਾ ਨੇ ਹੋਮਿਓਪੈਥਿਕ ਦਵਾਈਆਂ ਦਿੱਤੀਆਂ।

## ਮੁਫ਼ਤ ਆਯੂਸ਼ ਕੈਂਪ 'ਚ 921 ਮਰੀਜ਼ਾਂ ਦੀ ਜਾਂਚ




**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਡਾਇਰੈਕਟਰ ਆਯੂਰਵੇਦਾ ਪੰਜਾਬ ਡਾ. ਰਮਨ ਖੰਨਾ ਜੀ ਦੇ ਦਿਸ਼ਾ-ਨਿਰਦੇਸ਼ ਹੇਠ ਜ਼ਿਲ੍ਹਾ ਆਯੂਰਵੈਦਿਕ ਤੇ ਯੂਨਾਨੀ ਅਫਸਰ ਸੰਗਰੂਰ ਡਾ. ਮਲਕੀਤ ਸਿੰਘ ਘੱਗਾ ਦੀ ਯੋਗ ਅਗਵਾਈ ਹੇਠ ਮੁਫਤ ਆਯੂਸ਼ ਕੈਂਪ ਗੁਰਦੁਆਰਾ ਮੋਰਾਂਵਾਲੀ ਸੁਨਾਮ ਵਿਖੇ ਲਗਾਇਆ ਗਿਆ। ਕੈਂਪ ਦਾ ਉਦਘਾਟਨ ਜ਼ਿਲ੍ਹਾ ਆਯੂਰਵੈਦਿਕ ਤੇ ਯੂਨਾਨੀ ਅਫ਼ਸਰ ਡਾ. ਮਲਕੀਤ ਸਿੰਘ ਨੇ ਕੀਤਾ।ਕੈਂਪ ਵਿੱਚ ਆਯੂਰਵੈਦਿਕ ਵਿਭਾਗ ਵੱਲੋਂ ਡਾ. ਗੁਰਪ੍ਰੀਤ ਕੌਰ, ਡਾ: ਰੋਜ਼ੀ, ਡਾ. ਮੀਨੂੰ ਤੇ ਹੋਮਿਓਪੈਥਿਕ ਦੇ ਡਾ. ਅਮਰਿੰਦਰ ਕੌਰ ਨੇ ਮਰੀਜ਼ਾਂ ਦੀ ਜਾਂਚ ਕਰਕੇ ਉਨ੍ਹਾਂ ਨੂੰ ਮੁਫਤ ਦਵਾਈਆਂ ਦਿੱਤੀਆਂ।ਕੈਂਪ ਇੰਚਾਰਜ ਡਾਕਟਰ ਗੁਰਪ੍ਰੀਤ ਕੌਰ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਹਰ ਰੋਜ਼ ਆਪਣੇ ਜੀਵਨ ਵਿੱਚ ਆਯੂਰਵੇਦ ਤੇ ਯੋਗ ਨੂੰ ਅਪਣਾਉਣ ਚਾਹੀਦਾ ਹੈ।ਮਰੀਜ਼ਾਂ ਨੂੰ ਰੋਜ਼ਾਨਾ ਵਰਤੋਂ ਵਿੱਚ ਡੱਬੇ ਬੰਦ ਖਾਣਾ ਇਸਤੇਮਾਲ ਨਾ ਕਰਨ ਤੇ ਰੋਜ਼ਾਨਾ ਤਾਜ਼ਾ ਭੋਜਨ ਖਾਣ ਬਾਰੇ ਦੱਸਿਆ।ਯੋਗਾ ਅਤੇ ਹਰਬਲ ਡਾਈਟ ਨਾਲ ਤੰਦਰੁਸਤ ਰਹਿ ਸਕਦੇ ਹਾਂ।ਸ਼ੂਗਰ ਤੇ ਬਲੱਡ ਪ੍ਰੈਸ਼ਰ ਵਰਗੀਆਂ ਬਿਮਾਰੀਆਂ ਨੂੰ ਲਾਈਫ ਸਟਾਈਲ਼ ਅਪਣਾਉਣ ਨਾਲ ਨਿਜਾਤ ਪਾ ਸਕਦੀ ਹਾਂ।ਡਾਕਟਰ ਮਲਕੀਤ ਸਿੰਘ ਨੇ ਵੀ ਲੋਕਾਂ ਨੂੰ ਹਾਰ ਸ਼ਿੰਗਾਰ, ਗਿਲੋਅ ਦੀ ਵਰਤੋਂ ਦੇ ਲਾਭ ਬਾਰੇ ਦੱਸਿਆ।ਇਸ ਕੈਂਪ ਵਿੱਚ ਆਯੁਰਵੇਦ ਵਿਭਾਗ ਵੱਲੋਂ 469 ਤੇ ਹੋਮਿਓਪੈਥੀ ਵਿਭਾਗ ਵੱਲੋਂ 452 ਮਰੀਜ਼ ਚੈੱਕ ਕੀਤੇ ਗਏ ਤੇ ਕੁੱਲ 921 ਮਰੀਜ਼ਾਂ ਦਾ ਚੈੱਕਅਪ ਕੀਤਾ।ਇਸ ਕੈਂਪ ਵਿੱਚ ਆਯੂਰਵੈਦਿਕ ਵਿਭਾਗ ਦੇ ਉਪਵੈਦ ਮਨਪ੍ਰੀਤ ਕੌਰ, ਪਰਮਿੰਦਰ ਸਿੰਘ, ਕੁਲਵਿੰਦਰ ਕੌਰ ਤੇ ਹੋਮਿਓਪੈਥੀ ਡਿਸਪੈਂਸਰੀ ਤੋਂ ਕਰਨੈਲ ਸਿੰਘ, ਬਬੀਤਾ ਰਾਣੀ, ਜੋਬਨਪ੍ਰੀਤ ਸਿੰਘ ਤੇ ਰੂਬਲਪਰੀਤ ਕੌਰ ਨੇ ਮਰੀਜ਼ਾਂ ਨੂੰ ਦਵਾਈਆਂ ਦਿੱਤੀਆਂ।ਇਸ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਕੁਲਵੀਰ ਭੰਗੂ ਤੇ ਗੁਰਮੇਲ ਸਿੰਘ ਮੌਜੂਦ ਸਨ।

## 26 ਨੂੰ ਕੀਤੀ ਜਾਵੇਗੀ ਸਮੁੱਚੇ ਜ਼ਿਲ੍ਹੇ 'ਚ ਟਰੈਕਟਰ ਪਰੇਡ : ਐੱਸ ਕੇ ਐੱਮ

**ਮੋਗਾ (ਇਕਬਾਲ ਸਿੰਘ ਖਹਿਰਾ)**-ਸੰਯੁਕਤ ਕਿਸਾਨ ਮੋਰਚਾ ਦੀ ਮੀਟਿੰਗ ਗੁਰਦੁਆਰਾ ਬੀਬੀ ਕਾਹਨ ਕੌਰ ਵਿਖੇ ਬੀ ਕੇ ਯੂ ਰਾਜੇਵਾਲ ਦੇ ਗੁਰਬੀਰ ਸਿੰਘ ਕੋਟ ਇਸੇਖਾਂ ਦੀ ਅਗਵਾਈ ਹੇਠ ਹੋਈ ਮੀਟਿੰਗ 'ਚ ਜ਼ਿਲ੍ਹਾ ਪ੍ਰਧਾਨ ਭੁਪਿੰਦਰ ਸਿੰਘ ਦੌਲਤਪੁਰਾ ਬੀ.ਕੇ.ਯੂ ਲੱਖੋਵਾਲ, ਗੁਰਮੀਤ ਸਿੰਘ ਕਿਸ਼ਨਪੁਰਾ ਜਨਰਲ ਸਕੱਤਰ ਬੀਕੇਯੂ ਏਕਤਾ ਉਗਰਾਹਾਂ, ਕਸ਼ਮੀਰਾ ਸਿੰਘ ਭੇਖਾ ਜ਼ਿਲ੍ਹਾ ਮੀਤ ਪ੍ਰਧਾਨ ਕ੍ਰਾਂਤੀਕਾਰੀ ਯੂਨੀਅਨ ਪੰਜਾਬ, ਪ੍ਰਗਟ ਸਿੰਘ ਸਾਫੂਵਾਲਾ ਜ਼ਿਲ੍ਹਾ ਪ੍ਰਧਾਨ ਕਿਰਤੀ ਕਿਸਾਨ ਯੂਨੀਅਨ, ਗੁਰਬੇਜ ਸਿੰਘ ਜਰਨਲ ਸਕੱਤਰ ਕੌਮੀ ਕਿਸਾਨ ਯੂਨੀਅਨ ਸ਼ਾਮਿਲ ਹੋਏ ਵੱਖ ਵੱਖ ਆਗੂਆਂ ਨੇ ਵਿਚਾਰਾਂ ਕਰਦੇ ਹੋਏ ਮੀਡੀਆ ਨੂੰ ਜਾਣਕਾਰੀ ਦਿੰਦੇ ਦੱਸਿਆ ਕਿ ਕੇਂਦਰ ਸਰਕਾਰ ਦੀਆਂ ਕਿਸਾਨ ਮਾਰੂ ਨੀਤੀਆਂ ਖਿਲਾਫ ਜੋ ਸਰਕਾਰ ਕਿਸਾਨੀ ਸੰਘਰਸ਼ ਦੌਰਾਨ ਕੀਤੇ ਹੋਏ ਆਪਣੇ ਵਾਅਦਿਆਂ ਤੋਂ ਮੁੱਕਰੀ ਹੈ, ਉਸ ਸਮੇਂ ਕੀਤੇ ਗਏ ਵਾਅਦਿਆਂ ਐੱਮ ਐੱਸ ਪੀ ਕਾਨੂੰਨੀ ਗਰਾਂਟੀ ਤੇ ਹੋਰ ਕਿਸਾਨੀ ਹੱਕਾਂ ਲਈ ਸੰਯੁਕਤ ਕਿਸਾਨ ਮੋਰਚਾ ਦੇ ਦਿਸ਼ਾ ਨਿਰਦੇਸ਼ ਅਨੁਸਾਰ 26 ਜਨਵਰੀ ਨੂੰ ਜੋ ਟਰੈਕਟਰ ਪਰੇਡ ਹੋਵੇਗੀ, ਉਹ ਸਮੁੱਚੇ ਜ਼ਿਲ੍ਹੇ ਵਿੱਚ ਕੀਤੀ ਜਾਵੇਗੀ। ਇਸ ਸਮੇਂ ਗੁਰਮੇਲ ਸਿੰਘ ਡਰੋਲੀ ਬਲਾਕ ਪ੍ਰਧਾਨ ਬੀਕੇਯੂ ਲੱਖੋਵਾਲ, ਸੁਖਮੰਦਰ ਸਿੰਘ ਭੇਖਾ, ਮੇਜਰ ਸਿੰਘ ਡਰੋਲੀ ਆਦਿ ਹਾਜ਼ਰ ਸਨ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ਼ ਚੰਦ ਫ਼ਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫ਼ਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਬਟਾਲਾ 'ਚ ਨਸ਼ਿਆਂ ਵਿਰੁੱਧ ਜਾਗਰੂਕਤਾ ਰੈਲੀਆਂ ਕੱਢੀਆਂ



**ਬਟਾਲਾ (ਤਰਲੋਕ ਬੱਗਾ)**- ਡਿਪਟੀ ਕਮਿਸ਼ਨਰ ਗੁਰਦਾਸਪੁਰ ਸ੍ਰੀ ਆਦਿੱਤਿਆ ਉੱਪਲ ਦੇ ਦਿਸ਼ਾ ਨਿਰਦੇਸ਼ਾਂ ਹੇਠ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੇ ਦੂਜੇ ਪੜਾਅ ਤਹਿਤ ਜ਼ਿਲ੍ਹੇ ਅੰਦਰ ਨਸ਼ਿਆਂ ਵਿਰੁੱਧ ਜਾਗਰੂਕਤਾ ਰੈਲੀਆਂ ਕੱਢੀਆਂ ਜਾ ਰਹੀਆਂ ਹਨ। ਐਸ.ਡੀ.ਐਮ ਬਟਾਲਾ ਗੁਰਮੰਦਰ ਸਿੰਘ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਵੀਰਵਾਰ ਨੂੰ ਬਟਾਲੇ ਦੀ ਵਾਰਡ ਨੰਬਰ 1,10,11,12 ਵਿਖੇ ਨਸ਼ਿਆਂ ਵਿਰੁੱਧ ਜਾਗਰੂਕਤਾ ਰੈਲੀ ਕੱਢੀ ਗਈ ਤੇ ਲੋਕਾਂ ਨੂੰ ਨਸ਼ਿਆਂ ਵਿਰੁੱਧ ਲਾਮਬੰਦ ਕੀਤਾ ਗਿਆ।ਇਸ ਮੌਕੇ ਹਲਕਾ ਕੁਆਰਡੀਨੇਟਰ ਮਨਜੀਤ ਸਿੰਘ ਬੁਮਰਾਹ, ਪ੍ਰਧਾਨ ਵੀਨੂੰ ਕਾਹਲੋਂ, ਲੰਬੜਦਾਰ ਬਲਵਿੰਦਰ ਸਿੰਘ, ਪਰਦੀਪ ਕੁਮਾਰ, ਗੁਰਪ੍ਰੀਤ ਸਿੰਘ ਆਦਿ ਮੌਜੂਦ ਸਨ।

# ਚੋਰ ਸੰਨ ਫਲਾਈ ਦੀ ਦੁਕਾਨ ਤੋਂ ਸਾਢੇ ਅੱਠ ਲੱਖ ਦੀ ਚੋਰੀ ਕਰਕੇ ਫ਼ਰਾਰ

**ਜਲੰਧਰ, (ਸੁਰਿੰਦਰ ਕੁਮਾਰ)**- ਜਲੰਧਰ ਦੀ ਬਸਤੀ 9 'ਚ ਚੋਰੀ ਦਾ ਮਾਮਲਾ ਸਾਹਮਣੇ ਆਇਆ ਹੈ ਜਿੱਥੇ ਚੋਰ ਸੰਨ ਫਲਾਈ ਦੀ ਦੁਕਾਨ ਤੋਂ ਲੱਖਾਂ ਦੀ ਚੋਰੀ ਕਰਕੇ ਫ਼ਰਾਰ ਹੋ ਗਏ। ਮਾਮਲੇ ਦੀ ਜਾਣਕਾਰੀ ਦਿੰਦਿਆਂ ਮਧੂ ਗੁਪਤਾ ਨੇ ਕਿਹਾ ਕਿ ਤਿਜੋਰੀ ਵਿੱਚੋਂ 8.50 ਲੱਖ ਰੁਪਏ ਚੋਰ ਲੈ ਕੇ ਫ਼ਰਾਰ ਹੋ ਗਏ। ਪੀੜਿਤਾ ਨੇ ਦੱਸਿਆ ਕਿ ਉਨ੍ਹਾਂ ਕੋਲ ਕੁਝ ਗਾਹਕਾਂ ਦੇ ਪੈਸੇ ਆਏ ਸਨ, ਪਰ ਓ ਦਿਨ ਲਈ ਉਹ ਪੈਸੇ ਦੁਕਾਨ ਵਿੱਚ ਭੁੱਲ ਗਏ। ਜਦੋਂ ਅੱਜ ਦੁਕਾਨ ਤੇ ਆ ਕੇ ਵੇਖਿਆ ਤਾਂ ਤਿਜੋਰੀ 'ਚੋਂ ਪੈਸੇ ਗਾਇਬ ਸਨ। ਪੀੜਿਤਾ ਨੇ ਦੋਸ਼ ਲਗਾਇਆ ਕਿ ਉਸ ਦੀ ਦੁਕਾਨ 'ਤੇ ਕੰਮ ਕਰਨ ਵਾਲੇ ਸੋਨੂ ਨੇ ਕਥਿਤ ਚੋਰੀ ਕੀਤੀ ਹੈ।ਮਧੂ ਗੁਪਤਾ ਨੇ ਇਹ ਵੀ ਦੋਸ਼ ਲਾਇਆ ਕਿ ਸੋਨੂ ਉਨ੍ਹਾਂ ਦੀ ਗੱਡੀ ਲੈ ਕੇ ਫ਼ਰਾਰ ਹੋ ਗਿਆ ਸੀ, ਬਾਅਦ ਵਿੱਚ ਪੁਲਸ ਨੇ ਅੰਬਾਲਾ ਤੋਂ ਗੱਡੀ ਬਰਾਮਦ ਕਰ ਲਈ।ਪੀੜਿਤਾ ਨੇ ਕਿਹਾ ਕਿ ਘਟਨਾ ਦੁਕਾਨ ਵਿੱਚ ਲੱਗੇ ਸੀ ਸੀ ਟੀ ਵੀ ਕੈਮਰੇ ਵਿੱਚ ਕੈਦ ਹੋ ਗਈ, ਜਿਸ ਵਿੱਚ ਸੋਨੂ ਦੁਕਾਨ ਦੇ ਤਾਲੇ ਤੋੜਦਾ ਤੇ ਬੋਰੀ ਲੈ ਕੇ ਜਾਂਦਾ ਦਿਖਾਈ ਦਿੱਤਾ। ਹਾਲਾਂਕਿ ਚੋਰੀ ਦੇ ਦੌਰਾਨ ਚੋਰ ਨੇ ਸੀ ਸੀ ਟੀ ਵੀ ਕੈਮਰੇ ਦੀ ਤਾਰਾਂ ਤੋੜ ਦਿੱਤੀਆਂ । ਪੀੜਿਤਾ ਨੇ ਇਸ ਘਟਨਾ ਦੀ ਸ਼ਿਕਾਇਤ ਪੁਲਸ ਨੂੰ ਕਰ ਦਿੱਤੀ। ਮੌਕੇ 'ਤੇ ਪੁਲਸ ਪਹੁੰਚ ਕੇ ਮਾਮਲੇ ਦੀ ਜਾਂਚ ਵਿੱਚ ਜੁੱਟ ਗਈ ਹੈ।

# ਪੰਜਾਬ 'ਚ ਸਿਹਤ ਕ੍ਰਾਂਤੀ ਦੀ ਸ਼ੁਰੂਆਤ

## 10 ਲੱਖ ਰੁਪਏ ਦੀ ਮੁੱਖ ਮੰਤਰੀ ਸਿਹਤ ਯੋਜਨਾ ਲਾਗੂ



**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਆਮ ਆਦਮੀ ਪਾਰਟੀ ਦੇ ਰਾਸ਼ਟਰੀ ਸੰਯੋਜਕ ਤੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਸਰਕਾਰ ਦੀ ਇਤਿਹਾਸਕ 10 ਲੱਖ ਰੁਪਏ ਦੀ ਮੁੱਖ ਮੰਤਰੀ ਸਿਹਤ ਯੋਜਨਾ ਦੀ ਸ਼ੁਰੂਆਤ ਦੇ ਮੌਕੇ ਹਲਕਾ ਡੇਰਾਬੱਸੀ ਦੇ ਵਿਧਾਇਕ ਸ: ਕੁਲਜੀਤ ਸਿੰਘ ਰੰਧਾਵਾ ਦੀ ਮੌਜੂਦਗੀ ਵਿੱਚ ਡੇਰਾਬੱਸੀ ਕਮਿਊਨਿਟੀ ਸੈਂਟਰ ਵਿਖੇ ਵਿਸ਼ਾਲ ਸਮਾਗਮ ਦਾ ਆਯੋਜਨ ਕੀਤਾ ਗਿਆ।ਇਸ ਸਮਾਗਮ ਦੌਰਾਨ ਆਮ ਆਦਮੀ ਪਾਰਟੀ ਦੀ ਸਮੁੱਚੀ ਟੀਮ ਸਮੇਤ ਸੈਂਕੜਿਆਂ ਤੋਂ ਵੱਧ ਸਥਾਨਕ ਲੋਕਾਂ ਲਈ ਯੋਜਨਾ ਦੀ ਸ਼ੁਰੂਆਤ ਦਾ ਸਿੱਧਾ ਲਾਈਵ ਪ੍ਰਸਾਰਣ ਕਰਵਾਇਆ ਗਿਆ, ਤਾਂ ਜੋ ਆਮ ਲੋਕਾਂ ਤੱਕ ਸਰਕਾਰ ਦੀ ਇਸ ਲੋਕ-ਹਿਤੈਸ਼ੀ ਸਿਹਤ ਯੋਜਨਾ ਦੀ ਪੂਰੀ ਜਾਣਕਾਰੀ ਪਹੁੰਚ ਸਕੇ। ਸਮਾਗਮ ਵਿੱਚ ਮੌਜੂਦ ਰਹੇ ਪਰਿਵਾਰਾਂ ਨੂੰ ਵਿਧਾਇਕ ਰੰਧਾਵਾ ਦੁਆਰਾ ਮੁੱਖ ਮੰਤਰੀ ਸਿਹਤ ਯੋਜਨਾ ਦੇ ਕਾਰਡ ਬਣਵਾਉਣ ਲਈ ਅਪਾਇੰਟਮੈਂਟ ਲੈਟਰ ਵੀ ਵੰਡੇ ਗਏ।ਇਸ ਯੋਜਨਾ ਤਹਿਤ ਹਰ ਯੋਗ ਪਰਵਾਰ ਨੂੰ ਸਾਲਾਨਾ 10 ਲੱਖ ਰੁਪਏ ਤੱਕ ਦਾ ਮੁਫ਼ਤ ਇਲਾਜ ਮੁਹੱਈਆ ਕਰਵਾਇਆ ਜਾਵੇਗਾ। ਇਸ ਯੋਜਨਾ ਅਧੀਨ ਪੀ ਜੀ ਆਈ ਸਮੇਤ ਸੂਬੇ ਦੇ ਸਰਕਾਰੀ ਅਤੇ ਪ੍ਰਾਈਵੇਟ ਹਸਪਤਾਲਾਂ ਵਿੱਚ ਇਲਾਜ ਦੀ ਸਹੂਲਤ ਉਪਲਬਧ ਹੋਵੇਗੀ।

# ਪੰਜਾਬ ਸਰਕਾਰ ਪ੍ਰਕਾਸ਼ ਉਤਸਵ ਨੂੰ ਪੂਰੀ ਸ਼ਰਧਾ ਨਾਲ ਮਨਾਉਣ ਲਈ ਵਚਨਬੱਧ : ਮੋਹਿੰਦਰ ਭਗਤ



**ਜਲੰਧਰ (ਸੁਰਿੰਦਰ ਕੁਮਾਰ)**- ਪੰਜਾਬ ਦੇ ਬਾਗਬਾਨੀ, ਸੁਤੰਤਰਤਾ ਸੈਨਾਨੀ ਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਨੇ ਵੱਖ-ਵੱਖ ਧਾਰਮਿਕ ਸੰਗਠਨਾਂ ਤੇ ਪ੍ਰਸ਼ਾਸਨਿਕ ਅਧਿਕਾਰੀਆਂ ਸਮੇਤ ਸਤਿਗੁਰੂ ਰਵਿਦਾਸ ਮਹਾਰਾਜ ਦੇ ਪ੍ਰਕਾਸ਼ ਉਤਸਵ ਅਤੇ ਸ਼ੋਭਾ ਯਾਤਰਾ ਸਬੰਧੀ ਕੀਤੇ ਜਾ ਰਹੇ ਪ੍ਰਬੰਧਾਂ ਦਾ ਜਾਇਜ਼ਾ ਲਿਆ। ਇਥੇ ਸਤਿਗੁਰੂ ਰਵਿਦਾਸ ਧਾਮ ਵਿਖੇ ਮੇਅਰ ਵਨੀਤ ਧੀਰ, ਡਿਪਟੀ ਕਮਿਸ਼ਨਰ ਡਾ.ਹਿਮਾਂਸ਼ੂ ਅਗਰਵਾਲ, ਪੁਲਸ ਕਮਿਸ਼ਨਰ ਧਨਪ੍ਰੀਤ ਕੌਰ, ਕਮਿਸ਼ਨਰ ਨਗਰ ਨਿਗਮ ਸੰਦੀਪ ਰਿਸ਼ੀ ਸਮੇਤ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕੈਬਨਿਟ ਮੰਤਰੀ ਮੋਹਿੰਦਰ ਭਗਤ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਰਾਜ ਸਰਕਾਰ ਸਤਿਗੁਰੂ ਰਵਿਦਾਸ ਮਹਾਰਾਜ ਦੇ ਪ੍ਰਕਾਸ਼ ਦਿਹਾੜੇ ਨੂੰ ਪੂਰੀ ਸ਼ਰਧਾ ਤੇ ਉੱਚ ਮਿਆਰਾਂ ਨਾਲ ਮਨਾਉਣ ਲਈ ਦ੍ਰਿੜ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 1 ਫਰਵਰੀ ਨੂੰ ਪ੍ਰਕਾਸ਼ ਦਿਹਾੜੇ ਅਤੇ 31 ਜਨਵਰੀ ਨੂੰ ਕੱਢੀ ਜਾਣ ਵਾਲੀ ਸ਼ੋਭਾ ਯਾਤਰਾ ਦੌਰਾਨ ਸਮੁੱਚੇ ਪ੍ਰਬੰਧ ਯਕੀਨੀ ਬਣਾਏ ਜਾਣਗੇ। ਕੈਬਨਿਟ ਮੰਤਰੀ ਮੋਹਿੰਦਰ ਭਗਤ ਵਲੋਂ ਸ੍ਰੀ ਗੁਰੂ ਰਵਿਦਾਸ ਮੰਦਿਰ ਮੈਮੋਰੀਅਲ ਟਰੱਸਟ, ਸਿਧਾਰਥ ਨਗਰ ਵਿਖੇ ਮੀਟਿੰਗ ਦੌਰਾਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਉਤਸਵ ਸਬੰਧੀ ਕੀਤੀਆਂ ਜਾ ਰਹੀਆਂ ਤਿਆਰੀਆਂ ਦਾ ਜਾਇਜ਼ਾ ਲਿਆ ਗਿਆ। ਉਨ੍ਹਾਂ ਸਰਧਾਲੂਆਂ ਨੂੰ ਸੱਦਾ ਦਿੱਤਾ ਕਿ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਉਤਸਵ ਸਬੰਧੀ ਕਰਵਾਏ ਜਾ ਰਹੇ ਸਮਾਗਮਾਂ ਤੇ ਸ਼ੋਭਾ ਯਾਤਰਾ ਵਿੱਚ ਪੂਰੀ ਸ਼ਰਧਾ ਤੇ ਉਤਸ਼ਾਹ ਨਾਲ ਵੱਡੀ ਗਿਣਤੀ ਵਿੱਚ ਸ਼ਿਰਕਤ ਕਰਨ।

# ਡੇਰਿਆਂ ਦੀ ਹਮਾਇਤ ਕਾਰਨ ਸ਼੍ਰੋਮਣੀ ਅਕਾਲੀ ਦਲ ਦਾ ਹੋਇਆ ਬੁਰਾ ਹਾਲ : ਧਰਮੀ ਫੌਜੀ



**ਧਾਰੀਵਾਲ (ਮਨਦੀਪ ਵਿੱਕੀ)**- ਸਮੂਹ ਸਿੱਖ ਧਰਮੀ ਫੌਜੀ ਜੂਨ 1984 ਪਰਿਵਾਰ ਵੈਲਫੇਅਰ ਅਸੋਸੀਏਸ਼ਨ ਦੇ ਪ੍ਰਧਾਨ ਬਲਦੇਵ ਸਿੰਘ ਗੁਰਦਾਸਪੁਰ ਨੇ ਕਿਹਾ ਸ਼੍ਰੋਮਣੀ ਅਕਾਲੀ ਦਲ ਤੋਂ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਏ ਬੰਗਾ ਤੋਂ ਵਿਧਾਇਕ ਡਾਕਟਰ ਸੁਖਵਿੰਦਰ ਕੁਮਾਰ ਸੁੱਖੀ ਵੱਲੋਂ ਪੰਜਾਬ ਸਟੇਟ ਵੇਅਰਹਾਊਸਿੰਗ ਕਾਰਪੋਰੇਸ਼ਨ ਦੀ ਚੇਅਰਮੈਨੀ ਤੋਂ ਦਿੱਤਾ ਅਸਤੀਫਾ ਸਿਆਸੀ ਅਤੇ ਧਾਰਮਿਕ ਵਰਗਾਂ ਵਿੱਚ ਚਰਚਾ ਦਾ ਵਿਸ਼ਾ ਬਣ ਗਿਆ ਹੈ। ਇਹ ਅਸਤੀਫਾ ਉਸ ਸਮੇਂ ਆਇਆ ਜਦੋਂ 328 ਗਾਇਬ ਪਾਵਨ ਸਰੂਪਾਂ ਦੀ ਤਲਾਸ਼ ਲਈ ਬਣਾਈ ਐਸ ਆਈ ਟੀ ਵੱਲੋਂ ਬੰਗਾ ਦੇ ਧਾਰਮਿਕ ਸਥਾਨ ਰਸੋਖਾਨਾ ਸ੍ਰੀ ਨਾਭ ਕੰਵਲ ਰਾਜਾ ਸਾਹਿਬ ਵਿੱਚੋਂ 169 ਪਾਵਨ ਸਰੂਪ ਮਿਲਣ ਦਾ ਦਾਅਵਾ ਕੀਤਾ ਗਿਆ। ਧਰਮੀ ਫੌਜੀ ਨੇ ਕਿਹਾ ਜਦੋਂ ਐਸ.ਆਈ.ਟੀ. ਪਾਵਨ ਸਰੂਪਾਂ ਦੀ ਜਾਂਚ ਸਬੰਧੀ ਡੇਰੇ 'ਚ ਦਾਖਲ ਹੋਈ ਤਾਂ ਸੁੱਖੀ ਦੇ ਮਨ ਨੂੰ ਠੇਸ ਪਹੁੰਚੀ, ਪਰ ਜਦੋਂ ਜੂਨ 1984 ਦੌਰਾਨ ਟੈਂਕ ਤੋਪਾਂ ਨਾਲ ਫੌਜ ਨੇ ਦਾਖਲ ਹੋ ਕੇ ਸ੍ਰੀ ਅਕਾਲ ਤਖਤ ਸਾਹਿਬ ਢਹਿ ਢੇਰੀ ਕੀਤਾ, ਨਿਰਦੋਸ਼ਾਂ ਸੰਗਤਾਂ ਮਾਰੀਆਂ ਗਈਆਂ, ਉਸ ਬਾਰੇ 41 ਸਾਲ ਬੀਤ ਜਾਣ 'ਤੇ ਸੁੱਖੀ ਦੇ ਮਨ ਨੂੰ ਠੇਸ ਕਿਉਂ ਨਹੀਂ ਪਹੁੰਚੀ। ਉਨ੍ਹਾਂ ਕਿਹਾ ਵੋਟਾਂ ਦੀ ਖਾਤਰ ਡੇਰਿਆਂ ਦੀ ਹਮਾਇਤ ਕਰਨ ਕਰਕੇ ਹੀ ਸ਼੍ਰੋਮਣੀ ਅਕਾਲੀ ਦਲ ਬਾਦਲ ਵੀ ਅੱਜ ਹਾਸ਼ੀਏ 'ਤੇ ਆ ਗਿਆ ਹੈ। ਪ੍ਰਧਾਨ ਬਲਦੇਵ ਸਿੰਘ ਨੇ ਐਸੋਸੀਏਸ਼ਨ ਨੇ ਮੁੱਖ ਮੰਤਰੀ ਪੰਜਾਬ ਨੂੰ ਅਪੀਲ ਕੀਤੀ ਕਿ 328 ਪਾਵਨ ਸਰੂਪਾਂ ਦੀ ਸਹੀ ਜਾਂਚ ਕਰਕੇ ਸਿੱਖ ਕੌਮ ਨੂੰ ਇਨਸਾਫ ਦਿੱਤਾ ਜਾਵੇ।

# ਟੀ ਸੀ ਇੰਟਰਨੈਸ਼ਨਲ ਸਕੂਲ ਦੀ ਵਿਦਿਆਰਥਣ ਨੇ ਕਾਂਸੀ ਦਾ ਤਗਮਾ ਜਿੱਤਿਆ



**ਗੁਰਦਾਸਪੁਰ (ਦਿਨੇਸ਼ ਕੁਮਾਰ)**- ਟੀ.ਸੀ. ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀ ਨੇ ਜ਼ਿਲ੍ਹਾ ਪੱਧਰੀ ਜਿਮਨਾਸਟਿਕ ਮੁਕਾਬਲੇ ਵਿੱਚ ਕਾਂਸੀ ਦਾ ਤਗਮਾ ਜਿੱਤਿਆ। ਟੀ.ਸੀ. ਇੰਟਰਨੈਸ਼ਨਲ ਸਕੂਲ ਲਈ ਇਹ ਬਹੁਤ ਹੀ ਮਾਣ ਵਾਲੀ ਗੱਲ ਹੈ ਕਿ ਸਕੂਲ ਦੀ ਚੌਥੀ ਜਮਾਤ ਦੀ ਹੋਣਹਾਰ ਵਿਦਿਆਰਥਣ ਆਰੋਹੀ ਹੰਸ ਨੇ ਜ਼ਿਲ੍ਹਾ ਪੱਧਰੀ ਜਿਮਨਾਸਟਿਕ ਮੁਕਾਬਲੇ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਕਾਂਸੀ ਦਾ ਤਗਮਾ ਹਾਸਲ ਕੀਤਾ ਹੈ। ਇਸ ਮੁਕਾਬਲੇ ਵਿੱਚ ਜ਼ਿਲ੍ਹੇ ਦੇ ਵੱਖ-ਵੱਖ ਸਕੂਲਾਂ ਦੇ ਕਈ ਹੋਣਹਾਰ ਖਿਡਾਰੀਆਂ ਨੇ ਭਾਗ ਲਿਆ। ਸਖ਼ਤ ਮੁਕਾਬਲੇ ਦੇ ਵਿਚਕਾਰ, ਆਰੋਹੀ ਹੰਸ ਨੇ ਇਹ ਉਪਲਬਧੀ ਹਾਸਲ ਕਰਕੇ ਸਕੂਲ ਦਾ ਨਾਂ ਰੌਸ਼ਨ ਕੀਤਾ। ਸਕੂਲ ਦੇ ਚੇਅਰਮੈਨ ਸ੍ਰੀ ਰਵਿੰਦਰ ਸ਼ਰਮਾ ਨੇ ਆਰੋਹੀ ਹੰਸ ਨੂੰ ਇਸ ਕਾਮਯਾਬੀ 'ਤੇ ਤਹਿ ਦਿਲੋਂ ਵਧਾਈ ਦਿੰਦਿਆਂ ਕਿਹਾ ਕਿ ਇਹ ਪ੍ਰਾਪਤੀ ਸਕੂਲ ਵਿੱਚ ਖੇਡਾਂ ਪ੍ਰਤੀ ਉਸਾਰੂ ਮਾਹੌਲ ਅਤੇ ਵਿਦਿਆਰਥੀਆਂ ਦੀ ਸਖ਼ਤ ਮਿਹਨਤ ਦਾ ਨਤੀਜਾ ਹੈ। ਸਕੂਲ ਦੇ ਪ੍ਰਿੰਸੀਪਲ ਅਤੇ ਸਮੂਹ ਸਟਾਫ਼ ਨੇ ਵੀ ਵਿਦਿਆਰਥਣ ਨੂੰ ਵਧਾਈ ਦਿੱਤੀ ।

# ਕਲਗੀਧਰ ਟਰੱਸਟ ਨੇ 10 ਮਕਾਨ ਤਿਆਰ ਕਰਕੇ ਹੜ੍ਹ ਪੀੜਤਾਂ ਨੂੰ ਸੌਂਪੇ




**ਧਾਰੀਵਾਲ (ਮਨਦੀਪ ਵਿੱਕੀ)**- ਕਲਗੀਧਰ ਟਰੱਸਟ ਗੁਰਦੁਆਰਾ ਬੜੂ ਸਾਹਿਬ ਹਿਮਾਚਲ ਪ੍ਰਦੇਸ਼ ਵੱਲੋਂ ਹਰ ਵਾਰ ਦੀ ਤਰ੍ਹਾਂ ਕੁਦਰਤੀ ਆਫਤਾਂ ਨੂੰ ਨਜਿੱਠਣ ਲਈ ਅਕਾਲ ਸੇਵਾ ਟੀਮਾਂ ਨੂੰ ਭੇਜਣ ਦਾ 26 ਅਗਸਤ ਤੋਂ ਉੱਦਮ ਕੀਤਾ ਗਿਆ। ਟਰੱਸਟ ਦੇ ਪ੍ਰਧਾਨ ਡਾ. ਦਵਿੰਦਰ ਸਿੰਘ ਨੇ ਪਹਿਲਾਂ ਹੀ ਭਰੋਸਾ ਦਿਵਾਇਆ ਸੀ ਕਿ ਸੰਗਤ ਵੱਲੋਂ ਦਿੱਤਾ ਗਿਆ ਦਾਨ ਪੂਰੀ ਪਾਰਦਰਸ਼ਤਾ ਨਾਲ ਹੜ੍ਹ ਪੀੜਤਾਂ ਦੀਆਂ ਬੁਨਿਆਦੀ ਲੋੜਾਂ ਲਈ ਵਰਤਿਆ ਜਾਵੇਗਾ। ਰਾਹਤ ਕਾਰਜਾਂ ਦੇ ਚੌਥੇ ਚਰਨ ਤਹਿਤ ਪੂਰੀ ਤਰ੍ਹਾਂ ਨੁਕਸਾਨੀ ਹੋਏ ਘਰਾਂ ਵਾਲੇ ਪਰਿਵਾਰਾਂ ਲਈ ਨਵੇਂ ਮਕਾਨ ਤਿਆਰ ਕਰਨ ਦਾ ਫੈਸਲਾ ਲਿਆ ਗਿਆ। ਇਸ ਕੜੀ ਤਹਿਤ ਟਰੱਸਟ ਦੇ ਉਪ-ਪ੍ਰਧਾਨ ਜਗਜੀਤ ਸਿੰਘ (ਕਾਕਾ ਵੀਰ ਜੀ) ਦੀ ਅਗਵਾਈ ਹੇਠ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਰਾਮਪੁਰ (5), ਅਦੀਆ (1), ਸਕਰੀ (3) ਅਤੇ ਸੁਲਤਾਨੀ (1) ਵਿੱਚ ਕੁੱਲ 10 ਪ੍ਰੀ-ਫੈਬ੍ਰਿਕੇਟਡ ਮਕਾਨ ਤਿਆਰ ਕਰਕੇ ਹੜ੍ਹ ਪੀੜਤ ਪਰਿਵਾਰਾਂ ਨੂੰ ਸੌਂਪੇ ਗਏ। ਇਹ ਮਕਾਨ ਸਿਰਫ਼ 24 ਘੰਟਿਆਂ ਵਿੱਚ ਤਿਆਰ ਕੀਤੇ ਗਏ। ਹਰ ਮਕਾਨ ਨਾਲ ਰਸੋਈ ਦਾ ਰਾਸ਼ਨ, ਬੈਡ, ਗੱਦੇ, ਪੱਖੇ ਅਤੇ ਹੋਰ ਜ਼ਰੂਰੀ ਸਮਾਨ ਵੀ ਦਿੱਤਾ ਗਿਆ। ਮਕਾਨਾਂ ਦੀਆਂ ਚਾਬੀਆਂ ਸੌਂਪਣ ਸਮੇਂ ਏ.ਡੀ.ਸੀ. ਗੁਰਦਾਸਪੁਰ ਗੁਰਸਿਮਰਨ ਸਿੰਘ ਢਿੱਲੋਂ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਕੇ ਟਰੱਸਟ ਦੇ ਉੱਦਮ ਦੀ ਸ਼ਲਾਘਾ ਕੀਤੀ। ਇਸ ਮੌਕੇ ਟਰੱਸਟ ਦੇ ਸੇਵਾਦਾਰ, ਭਾਈ ਲਖਵਿੰਦਰ ਸਿੰਘ (ਦਮਦਮੀ ਟਕਸਾਲ), ਖੁਸੀਪੁਰ ਤੋਂ ਸਰਪੰਚ ਨਿਸ਼ਾਨ ਸਿੰਘ, ਤਲਵੰਡੀ ਬਾਜਵਾ ਤੋਂ ਮੁਖਤਿਆਰ ਸਿੰਘ ਬਾਜਵਾ, ਗਾਜ਼ੀ ਤੋਂ ਸਰਪੰਚ ਗੁਰਜਿੰਦਰ ਸਿੰਘ, ਆਦੀ ਪਿੰਡ ਦੇ ਸਰਪੰਚ, ਤਹਿਸੀਲਦਾਰ, ਪਟਵਾਰੀ ਅਤੇ ਸਥਾਨਕ ਪਤਵੰਤੇ ਵੀ ਮੌਜੂਦ ਸਨ।

# ਰੋਡ ਸੇਫਟੀ ਮਹੀਨੇ ਤਹਿਤ ਸਕੂਲਾਂ 'ਚ ਜਾਗਰੂਕਤਾ ਸੈਮੀਨਾਰ



**ਗੁਰਦਾਸਪੁਰ (ਜਨਕ ਮਹਾਜਨ)**- ਟਰੈਫਿਕ ਪੁਲਿਸ ਵਲੋਂ ਮਨਾਏ ਜਾ ਰਹੇ ਰੋਡ ਸੇਫਟੀ ਮਹੀਨੇ ਸਬੰਧੀ ਸੁਨੀਲ ਜੋਸ਼ੀ ਬਾਲ ਵਿਕਾਸ ਅਫਸਰ ਨਾਲ ਵੱਖ-ਵੱਖ ਸਕੂਲਾਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ), ਆਨੰਦ ਮਾਡਲ ਸਕੂਲ ਗੁਰਦਾਸਪੁਰ ਅਤੇ ਸਪਰਿੰਗ ਫੀਲਡ ਸਕੂਲ ਔਜਲਾ ਵਿਚ ਵਿਦਿਆਰਥੀਆਂ, ਬੱਸਾਂ ਦੇ ਡਰਾਈਵਰਾਂ ਅਤੇ ਸਟਾਫ ਨੂੰ ਰੋਡ ਸੇਫਟੀ ਸਬੰਧੀ ਜਾਗਰੂਕ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਜਾਗਰੂਕਤਾ ਸੈਮੀਨਾਰ ਦੌਰਾਨ ਟਰੈਫਿਕ ਨਿਯਮਾਂ ਦੀ ਸਿਖਲਾਈ ਦਿੱਤੀ ਗਈ ਅਤੇ ਟਰੈਫਿਕ ਨਿਯਮਾਂ ਦੀ ਪਾਲਣਾ ਕਰਨ ਲਈ ਪ੍ਰੇਰਤ ਕੀਤਾ ਗਿਆ। 16 ਸਾਲ ਤੋਂ 18 ਸਾਲ ਤੱਕ ਬੱਚਿਆਂ ਦੇ ਬਣਨ ਵਾਲੇ ਡਰਾਈਵਿੰਗ ਲਾਈਸੰਸ ਬਾਰੇ ਵਿਦਿਆਰਥੀਆਂ ਨੂੰ ਦੱਸਿਆ ਗਿਆ ਅਤੇ ਨਬਾਲਗ ਦੇ ਡਰਾਈਵਿੰਗ ਕਰਨ ਉਪਰ ਹੋਣ ਵਾਲੀ ਕਾਨੂੰਨੀ ਕਾਰਵਾਈ ਬਾਰੇ ਵਿਸਥਾਰ ਪੂਰਵਕ ਦੱਸਿਆ ਗਿਆ। ਐਕਸੀਡੈਂਟ ਪੀੜਤ ਵਿਅਕਤੀ ਦੀ ਮਦਦ ਲਈ ਅੱਗੇ ਆਉਣ ਲਈ ਵਿਦਿਆਰਥੀਆਂ ਨੂੰ ਪ੍ਰੇਰਤ ਕੀਤਾ ਗਿਆ ਅਤੇ ਨਸ਼ੇ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਇਆ ਗਿਆ। ਸੈਮੀਨਾਰ ਵਿੱਚ ਏ.ਐਸ.ਆਈ. ਅਮਨਦੀਪ ਸਿੰਘ ਸੁਨੀਲ ਜੋਸ਼ੀ ਬਾਲ ਵਿਕਾਸ ਆਫਿਸਰ ਸੁਸ਼ੀਲ ਕੁਮਾਰ ਆਦਿ ਨੇ ਹਿੱਸਾ ਲਿਆ।

# ਵਿਨੈ ਚੌਧਰੀ ਨੂੰ ਜ਼ਿਲਾ ਗੁਰਦਾਸਪੁਰ ਦਾ ਥਾਪਿਆ ਵਾਈਸ ਪ੍ਰਧਾਨ



**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**- ਭਾਰਤੀ ਜਨਤਾ ਪਾਰਟੀ ਵੱਲੋਂ ਜਿਲਾ ਗੁਰਦਾਸਪੁਰ ਤੋਂ ਭਾਜਪਾ ਦੇ ਸੀਨੀਅਰ ਨੇਤਾ ਵਿਨੈ ਚੌਧਰੀ ਨੂੰ ਵਾਈਸ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਵਿਨੈ ਚੌਧਰੀ ਨੂੰ ਵਾਈਸ ਪ੍ਰਧਾਨ ਬਣਨ 'ਤੇ ਇਲਾਕੇ ਵਿੱਚ ਖੁਸ਼ੀ ਦੀ ਲਹਿਰ ਪਾਈ ਗਈ। ਹਲਕਾ ਦੀਨਾਨਗਰ ਤੋਂ ਭਾਜਪਾ ਦੀ ਲੀਡਰਸ਼ਿਪ ਵਲੋਂ ਨਵੇਂ ਬਣੇ ਵਾਈਸ ਪ੍ਰਧਾਨ ਵਿਨੈ ਚੌਧਰੀ ਨੂੰ ਮੂੰਹ ਮਿੱਠਾ ਕਰਵਾ ਕੇ ਵਧਾਈਆਂ ਦਿੱਤੀਆਂ।ਇਸ ਮੌਕੇ ਚੌਧਰੀ ਨੇ ਪੰਜਾਬ ਭਾਜਪਾ ਅਤੇ ਹਾਈ ਕਮਾਂਡ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਭਾਰਤੀ ਜਨਤਾ ਪਾਰਟੀ ਦੇ ਹਮੇਸ਼ਾਂ ਰਿਣੀ ਰਹਿਣਗੇ।

# ਭਾਰਤੀ ਕਮਿਊਨਿਸਟ ਪਾਰਟੀ ਬਲਾਕ ਤਰਸਿੱਕਾ ਦਾ 29 ਨੂੰ ਹੋਵੇਗਾ ਜ਼ਿਲ੍ਹਾ ਡੈਲੀਗੇਟ ਅਜਲਾਸ



**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**- ਭਾਰਤੀ ਕਮਿਊਨਿਸਟ ਪਾਰਟੀ ਬਲਾਕ ਤਰਸਿੱਕਾ ਦੀ ਮੀਟਿੰਗ ਸਾਥੀ ਨਰਿੰਦਰ ਸਿੰਘ ਸੈਦੋਲੇਲ ਦੀ ਪ੍ਰਧਾਨਗੀ ਹੇਠ ਪਿੰਡ ਖਜਾਲਾ ਵਿਖੇ ਹੋਈ। ਜਿਸ ਨੂੰ ਸੰਬੋਧਨ ਕਰਦਿਆਂ ਜਿਲਾ ਸਕੱਤਰ ਲੱਖਬੀਰ ਸਿੰਘ ਨਿਜਾਮਪੁਰ ਅਤੇ ਬਲਾਕ ਸਕੱਤਰ ਮੰਗਲ ਸਿੰਘ ਖਜਾਲਾ ਨੇ ਕਿਹਾ ਕਿ ਪਾਰਟੀ ਦਾ ਅੰਮ੍ਰਿਤਸਰ ਜਿਲਾ ਡੈਲੀਗੇਟ ਅਜਲਾਸ 29 ਜਨਵਰੀ ਦਿਨ ਵੀਰਵਾਰ ਨੂੰ 11 ਵਜੇ ਸਾਥੀ ਗੁਰਬੇਜ ਸਿੰਘ ਯਾਦਗਾਰੀ ਹਾਲ ਖਜਾਲਾ ਵਿਖੇ ਹੋਵੇਗਾ।ਇਸ ਅਜਲਾਸ ਵਾਸਤੇ ਸੂਬਾ ਪਾਰਟੀ ਵੱਲੋਂ ਸਾਥੀ ਹਰਦੇਵ ਸਿੰਘ ਅਰਸ਼ੀ. ਸਾਬਕਾ ਐਮ, ਐਲ, ਏ, ਅਤੇ ਪ੍ਰਿਥੀਪਾਲ ਸਿੰਘ ਮਾੜੀਮੇਘਾ ਵਿਸ਼ੇਸ਼ ਤੌਰ 'ਤੇ ਪਹੁੰਚ ਰਹੇ ਹਨ। ਭਾਰਤੀ ਕਮਿਊਨਿਸਟ ਪਾਰਟੀ ਦੇ ਜੁਝਾਰੂ ਆਗੂ ਅਤੇ ਸਾਰੀ ਜਿੰਦਗੀ ਲੋਕ ਹਿੱਤਾਂ ਦੇ ਲੇਖੇ ਲਾਉਣ ਵਾਲੇ ਸਾਥੀ ਪਿਆਰਾ ਸਿੰਘ ਧਾਰੜ ਇਸ ਮੌਕੇ ਝੰਡਾ ਲਹਿਰਾਉਣ ਦੀ ਰਸਮ ਅਦਾ ਕਰਨਗੇ। ਇਸ ਤੋਂ ਇਲਾਵਾ ਜਿਲੇ ਭਰ ਵਿੱਚੋਂ ਚੁਣੇ ਹੋਏ 150 ਦੇ ਕਰੀਬ ਡੈਲੀਗੇਟ ਇਸ ਅਜਲਾਸ ਵਿੱਚ ਹਿੱਸਾ ਲੈਣਗੇ। ਜਿਸ ਵਿੱਚ ਜਿਲਾ ਸਕੱਤਰ ਪਿਛਲੇ ਤਿੰਨ ਸਾਲ ਦੀ ਰਾਜਨੀਤਕ ਜਥੇਬੰਦਕ ਰਿਪੋਰਟ ਜਿਲ੍ਹਾ ਕੌਂਸਿਲ ਵੱਲੋਂ ਪਾਸ ਕੀਤੀ ਹੋਈ ਪੇਸ਼ ਕਰਨਗੇ। ਰਿਪੋਰਟ ਤੋਂ ਬਾਅਦ ਨਵੀਂ ਜਿਲਾ ਕੌਂਸਲ, ਜਿਲਾ ਸਕੱਤਰ ਅਤੇ ਸੂਬਾ ਕਾਨਫਰੰਸ ਵਾਸਤੇ ਡੈਲੀਗੇਟ ਦੀ ਚੋਣ ਕੀਤੀ ਜਾਵੇਗੀ। ਮੀਟਿੰਗ ਅੰਦਰ ਅਜਲਾਸ ਨੂੰ ਸਫਲ ਬਣਾਉਣ ਵਾਸਤੇ ਸਾਥੀਆਂ ਦੀਆਂ ਡਿਊਟੀਆਂ ਲਾਈਆਂ ਗਈਆਂ। ਮੀਟਿੰਗ ਅੰਦਰ ਮਾਸਟਰ ਅਜਾਦ ਸਿੰਘ ਮਹਿਤਾ, ਸੁੱਚਾ ਸਿੰਘ ਚੋਗਾਵਾਂ, ਸਰਬਜੀਤ ਸਿੰਘ, ਸੁਖਬੀਰ ਸਿੰਘ ਜਲਾਲ ਉਸਮਾ, ਸਲੱਖਣ ਸਿੰਘ ਧਰਮੂਚੱਕ, ਮੁਖਤਾਰ ਸਿੰਘ, ਮਨੋਹਰ ਸਿੰਘ, ਵਿਜੈ ਕੁਮਾਰ ਭੀਲੋਵਾਲ, ਸਵਿੰਦਰ ਸਿੰਘ ਰੂਪੋਵਾਲੀ ਅਤੇ ਅਮਰਜੀਤ ਸਿੰਘ ਸਾਬਕਾ ਸਰਪੰਚ ਚਾਟੀਵਿੰਡ ਹਾਜਰ ਸਨ।

# ਸਰਕਾਰੀ ਕਾਲਜ ਗੁਰਦਾਸਪੁਰ ਵਿਖੇ ਗਣਤੰਤਰ ਦਿਵਸ ਸੰਬੰਧੀ ਰਿਹਰਸਲ



**ਗੁਰਦਾਸਪੁਰ (ਜਨਕ ਮਹਾਜਨ)**- ਸ਼ਹੀਦ ਲੈਫ਼ਟੀਨੈਂਟ ਨਵਦੀਪ ਸਿੰਘ ਸਟੇਡੀਅਮ ਗੁਰਦਾਸਪੁਰ ਵਿਖੇ 26 ਜਨਵਰੀ ਨੂੰ ਹੋਣ ਵਾਲੇ ਜ਼ਿਲ੍ਹਾ ਪੱਧਰੀ ਗਣਤੰਤਰ ਦਿਵਸ ਸਮਾਗਮ ਦੀ ਦੂਸਰੀ ਰਿਹਰਸਲ ਕਰਵਾਈ ਗਈ। ਇਸ ਰਿਹਰਸਲ ਦਾ ਨਿਰੀਖਣ ਆਦਿੱਤਿਆ ਗੁਪਤਾ ਸਹਾਇਕ ਕਮਿਸ਼ਨਰ (ਜ) ਗੁਰਦਾਸਪੁਰ ਵਲੋਂ ਕੀਤਾ ਗਿਆ। ਇਸ ਮੌਕੇ ਐੱਸ.ਡੀ.ਐੱਮ. ਗੁਰਦਾਸਪੁਰ ਅਨੁਪ੍ਰੀਤ ਕੌਰ ਵੀ ਮੌਜੂਦ ਸਨ। ਰਿਹਰਸਲ ਦੌਰਾਨ ਪੰਜਾਬ ਪੁਲਿਸ ਦੇ ਜਵਾਨਾਂ, ਪੰਜਾਬ ਪੁਲਿਸ ਦੀ ਮਹਿਲਾ ਪਲਟੂਨ, ਪੰਜਾਬ ਹੋਮਗਾਰਡ, ਐੱਨ.ਸੀ.ਸੀ. ਕੈਡਟਾਂ, ਪੰਜਾਬ ਪੁਲਿਸ ਬੈਂਡ ਅਤੇ ਸਕੂਲੀ ਵਿਦਿਆਰਥੀਆਂ ਦੇ ਬੈਂਡ ਵਲੋਂ ਸ਼ਾਨਦਾਰ ਮਾਰਚ ਪਾਸਟ ਕੀਤਾ ਗਿਆ। ਇਸ ਤੋਂ ਬਾਅਦ ਵੱਖ-ਵੱਖ ਸਕੂਲੀ ਵਿਦਿਆਰਥੀਆਂ ਵੱਲੋਂ ਮਾਸ ਪੀ.ਟੀ. ਸ਼ੋਅ ਅਤੇ ਪੰਜਾਬੀ ਸਭਿਆਚਾਰ ਤੇ ਦੇਸ਼ ਭਗਤੀ ਨਾਲ ਲਬਰੇਜ਼ ਵੱਖ-ਵੱਖ ਪ੍ਰੋਗਰਾਮ ਪੇਸ਼ ਕੀਤੇ ਗਏ। ਗਣਤੰਤਰ ਦਿਵਸ ਦੀ ਰਿਹਰਸਲ ਦਾ ਨਿਰੀਖਣ ਕਰਨ ਤੋਂ ਬਾਅਦ ਆਦਿੱਤਿਆ ਗੁਪਤਾ ਸਹਾਇਕ ਕਮਿਸ਼ਨਰ (ਜ) ਗੁਰਦਾਸਪੁਰ ਨੇ ਕਿਹਾ ਕਿ 26 ਜਨਵਰੀ ਨੂੰ ਗੁਰਦਾਸਪੁਰ ਵਿਖੇ ਜ਼ਿਲ੍ਹਾ ਪੱਧਰੀ ਗਣਤੰਤਰ ਦਿਵਸ ਸਮਾਗਮ ਪੂਰੇ ਉਤਸ਼ਾਹ ਨਾਲ ਮਨਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ 24 ਜਨਵਰੀ ਨੂੰ ਸਰਕਾਰੀ ਕਾਲਜ ਗੁਰਦਾਸਪੁਰ ਵਿਖੇ ਸਵੇਰੇ 10 ਵਜੇ ਫੁੱਲ ਡਰੈੱਸ ਰਿਹਰਸਲ ਹੋਵੇਗੀ। ਇਸ ਮੌਕੇ ਹਰਪ੍ਰੀਤ ਸਿੰਘ ਡੀ.ਡੀ.ਪੀ.ਓ, ਪ੍ਰੋਫੈਸਰ ਰਾਜ ਕੁਮਾਰ ਸ਼ਰਮਾ, ਪ੍ਰਿੰਸੀਪਲ ਅਸ਼ਵਨੀ ਕੁਮਾਰ ਭੱਲਾ, ਜ਼ਿਲ੍ਹਾ ਖਜਾਨਾ ਅਫਸਰ ਜੋਗਿੰਦਰ ਪਾਲ ਸ਼ਰਮਾ,, ਡੀ.ਪੀ.ਆਰ.ਓ ਹਰਜਿੰਦਰ ਸਿੰਘ ਕਲਸੀ, ਸੁਪਰਡੈਂਟ ਵਿਜੇ ਕੁਮਾਰ, ਜਿਲ੍ਹਾ ਨੋਡਲ ਅਫਸਰ ਪਰਮਿੰਦਰ ਸਿੰਘ ਸੈਣੀ, ਹਰਮਨਜੀਤ ਸਿੰਘ, ਮੁਕੇਸ਼ ਕੁਮਾਰ, ਸਰਬਜੀਤ ਸਿੰਘ ਮੁਲਤਾਨੀ, ਐਮ. ਸਨ ਵਿਨੋਦ ਭਾਟੀਆ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

# ਐਡਵੋਕੇਟ ਦੀ ਗੱਡੀ 'ਤੇ ਦੇਰ ਰਾਤ ਸ਼ਰੇਆਮ ਚੱਲੀਆਂ ਗੋਲੀਆਂ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**- 20 ਜਨਵਰੀ ਨੂੰ ਅਜਨਾਲਾ ਅੰਦਰ ਸ਼ਰੇਆਮ ਗੋਲੀਆਂ ਚੱਲਣ ਦਾ ਮਾਮਲਾ ਸਾਹਮਣੇ ਆਇਆ ਹੈ ਜਿੱਥੇ ਦੇਰ ਰਾਤ ਅੰਮ੍ਰਿਤਸਰ ਤੋਂ ਅਜਨਾਲਾ ਆਪਣੀ ਗੱਡੀ ਉਪਰ ਆ ਰਹੇ ਵਕੀਲ ਸਨੀਲ ਪਾਲ ਅਤੇ ਉਸ ਦੇ ਸਾਥੀਆਂ ਉੱਪਰ ਕੁਝ ਗੱਡੀ 'ਤੇ ਸਵਾਰ ਲੋਕਾਂ ਵੱਲੋਂ ਸ਼ਰੇਆਮ ਫਾਇਰਿੰਗ ਕਰ ਦਿੱਤੀ ਗਈ ਜਿਸ ਦੌਰਾਨ ਇੱਕ ਗੋਲੀ ਗੱਡੀ ਉੱਪਰ ਲੱਗ ਗਈ ਪਰ ਆਪਣੀ ਜਾਨ ਨੂੰ ਬਚਾਉਂਦੇ ਹੋਏ ਐਡਵੋਕੇਟ ਸੁਨੀਲ ਪਾਲ ਨੇ ਗੱਡੀ ਥਾਣੇ ਅੰਦਰ ਵਾੜ ਕੇ ਆਪਣੀ ਜਾਨ ਬਚਾਈ ਅਤੇ ਇਨਸਾਫ਼ ਦੀ ਗੁਹਾਰ ਲਗਾਈ । ਉਹਨਾਂ ਪੁਲਿਸ ਪ੍ਰਸ਼ਾਸਨ ਕੋਲੋਂ ਮੰਗ ਕੀਤੀ ਕਿ ਜਲਦ ਤੋਂ ਜਲਦ ਜਿੰਮਵਾਰ ਲੋਕਾਂ ਵਿਰੁੱਧ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ ।

# ਸਕਿਉਰਿਟੀ ਸੁਪਰਵਾਈਜ਼ਰ ਦੀ ਭਰਤੀ ਸੰਬੰਧੀ ਟਰੇਨਿੰਗ 10 ਫਰਵਰੀ ਤੋਂ



**ਤਰਨ ਤਾਰਨ ( ਪ੍ਰਿਤਪਾਲ ਸਿੰਘ)**- ਸੀ-ਪਾਈਟ ਕੈਂਪ ਕਪੂਰਥਲਾ ਦੇ ਅਧਿਕਾਰੀ ਕੈਪਟਨ ਅਜੀਤ ਸਿੰਘ ਨੇ ਦੱਸਿਆ ਹੈ ਕਿ ਜ਼ਿਲ੍ਹਾ ਤਰਨਤਾਰਨ ਅਤੇ ਅੰਮ੍ਰਿਤਸਰ ਦੇ ਯੁਵਕਾਂ ਲਈ ਸੀ-ਪਾਈਟ ਕੈਂਪ ਕਪੂਰਥਲਾ ਵਿਖੇ ਸਕਿਉਰਿਟੀ ਸੁਪਰਵਾਈਜਰ ਦਾ ਕੋਰਸ ਮਿਤੀ 10 ਫਰਵਰੀ 2026 ਤੋਂ ਸ਼ੁਰੂ ਹੋਣ ਜਾ ਰਿਹਾ ਹੈ। ਕੈਪਟਨ ਅਜੀਤ ਸਿੰਘ ਨੇ ਦੱਸਿਆ ਕਿ ਇੱਕ ਸਪਰਵਾਈਜਰ ਅਧੀਨ 08 ਤੋਂ 10 ਯੁਵਕ ਕੰਮ ਕਰਦੇ ਹਨ ਅਤੇ ਸੁਪਰਵਾਈਜਰ ਨੂੰ ਚੰਗੀ ਤਨਖਾਹ ਮਿਲਦੀ ਹੈ। ਇਹ ਪੰਜਾਬ ਦੇ ਯੁਵਕਾਂ ਦੇ ਲਈ ਰੋਜ਼ਗਾਰ ਹਾਸਲ ਕਰਨ ਦਾ ਸੌਨਹਿਰੀ ਮੌਕਾ ਹੈ। ਉਨ੍ਹਾਂ ਕਿਹਾ ਕਿ ਚਾਹਵਾਨ ਯੁਵਕ ਜਲਦੀ ਤੋਂ ਜਲਦੀ ਸੀ-ਪਾਈਟ ਕੈਂਪ, ਥੇਹ ਕਾਂਜਲਾ, ਕਪੂਰਥਲਾ ਵਿਖੇ ਆ ਕੇ ਆਪਣਾ ਰਜਿਸਟਰੇਸ਼ਨ ਕਰਵਾ ਸਕਦੇ ਹਨ। ਉਨ੍ਹਾਂ ਕਿਹਾ ਕਿ ਚਾਹਵਾਨ ਨੌਜਵਾਨ ਫ਼ਿਜੀਕਲ ਟੈਸਟ/ਲਿਖਤੀ ਪੇਪਰ ਦੀ ਸਿਖਲਾਈ ਲਈ ਜ਼ਰੂਰੀ ਦਸਤਾਵੇਜ ਦੀਆਂ ਫੋਟੋ ਕਾਪੀਆਂ, ਆਧਾਰ ਕਾਰਡ, ਦਸਵੀਂ ਕਲਾਸ ਜਾਂ ਬਾਰਵੀਂ ਕਾਲਸ ਦਾ ਸਰਟੀਫਿਕੇਟ, ਜਾਤੀ ਸਰਟੀਫਿਕੇਟ ਅਤੇ ਦੋ ਪਾਸਪੋਰਟ ਸਾਈਜ਼ ਫ਼ੋਟੋਗਰਾਫ ਲੈ ਕੇ ਰਿਪੋਰਟ ਕਰ ਸਕਦੇ ਹਨ।

# ਖਪਤਕਾਰਾਂ ਨੇ ਪ੍ਰੀਪੇਡ ਮੀਟਰ ਉਤਾਰ ਕੇ ਬਿਜਲੀ ਦਫਤਰਾਂ 'ਚ ਕਰਵਾਏ ਜਮ੍ਹਾਂ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਕੇ. ਐਮ. ਐਮ. ਭਾਰਤ (ਚੈਪਟਰ ਪੰਜਾਬ) ਵੱਲੋਂ ਬਿਜਲੀ ਨਿੱਜੀਕਰਨ ਦੇ ਵਿਰੋਧ ਵਿੱਚ ਪ੍ਰੀਪੇਡ ਮੀਟਰ ਉਤਾਰਨ ਦਾ ਐਕਸ਼ਨ ਲਗਾਤਾਰ ਜਾਰੀ ਹੈ, ਜਿਸ ਦੇ ਚਲਦੇ 10 ਦਸੰਬਰ 2025 ਦੀ ਤਰਜ਼ ਤੇ ਦਿੱਤੇ ਗਏ ਸੱਦੇ ਤੇ ਇੱਕ ਵਾਰ ਫਿਰ ਤੋਂ ਹਜ਼ਾਰਾਂ ਆਮ ਖ਼ਪਤਕਾਰਾਂ ਦੇ ਘਰਾਂ ਵਿੱਚ ਲੱਗੇ ਪ੍ਰੀਪੇਡ ਮੀਟਰ ਉਤਾਰ ਕੇ ਬਿਜਲੀ ਦਫਤਰਾਂ ਵਿੱਚ ਜਮ੍ਹਾਂ ਕਰਵਾ ਦਿੱਤੇ। ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਸਭਰਾ ਤੇ ਸੂਬਾ ਜਨਰਲ ਸਕੱਤਰ ਰਾਣਾ ਰਣਬੀਰ ਸਿੰਘ ਨੇ ਦੱਸਿਆ ਕਿ ਬਿਜਲੀ ਦੇ ਨਿੱਜੀਕਰਨ ਦਾ ਕਿਸਾਨ ਮਜ਼ਦੂਰ ਮੋਰਚਾ ਵੱਲੋਂ ਲਗਾਤਾਰ ਵਿਰੋਧ ਕੀਤਾ ਹੈ ਰਿਹਾ ਹੈ। ਆਗੂਆਂ ਨੇ ਦੱਸਿਆ ਕਿ ਅੱਜ ਫ਼ਿਰ ਤੋਂ ਹਜ਼ਾਰਾਂ ਦੀ ਗਿਣਤੀ ਵਿੱਚ ਖਪਤਕਾਰਾਂ ਵੱਲੋਂ ਜਥੇਬੰਦੀ ਦੇ ਆਗੂਆਂ ਦੇ ਸਹਿਯੋਗ ਨਾਲ ਹਜ਼ਾਰਾਂ ਮੀਟਰ ਉਤਾਰੇ ਗਏ ਹਨ। ਉਹਨਾਂ ਕਿਹਾ ਕਿ ਜਿਸ ਦੇਸ਼ ਦੇ 80 ਕਰੋੜ ਲੋਕਾਂ ਨੂੰ ਰਾਸ਼ਨ ਫ੍ਰੀ ਜਾਂ ਸਸਤੇ ਭਾਅ ਤੇ ਦੇਣਾ ਪੈ ਰਿਹਾ ਹੋਵੇ ਓਥੇ ਲੋਕਾਂ ਦੀ ਪਹਿਲਾਂ ਪੈਸੇ ਅਦਾ ਕਰਕੇ ਮਹਿੰਗੇ ਰੇਟਾਂ ਤੇ ਬਿਜਲੀ ਦੀ ਸਹੂਲਤ ਲੈਣ ਵਾਲੀ ਆਰਥਿਕ ਹਾਲਾਤ ਕਿਵੇਂ ਸੋਚੀ ਜਾ ਸਕਦੀ ਹੈ। ਉਹਨਾਂ ਕਿਹਾ ਕਿ ਪੰਜਾਬ ਅਤੇ ਕੇਂਦਰ ਸਰਕਾਰ ਰਲਕੇ ਬਿਜਲੀ ਅਦਾਰਾ ਪ੍ਰਾਈਵੇਟ ਕੰਪਨੀਆਂ ਦੇ ਹੱਥਾਂ ਵਿੱਚ ਦੇਣ ਦਾ ਰਾਹ ਪੱਧਰਾ ਕਰਨ ਲਈ ਪ੍ਰੀਪੇਡ ਮੀਟਰ ਲਗਾ ਰਹੀਆਂ ਹਨ। ਉਹਨਾਂ ਕਿਹਾ ਕਿ ਪ੍ਰੀਪੇਡ ਦੀ ਜਗ੍ਹਾ ਰਵਾਇਤੀ ਮਕੈਨੀਕਲ ਮੀਟਰ ਲਗਾਏ ਜਾਣ ਤਾਂ ਖ਼ਪਤਕਾਰਾਂ ਨੂੰ ਕੋਈ ਇਤਰਾਜ਼ ਨਹੀਂ ਹੈ। ਉਹਨਾਂ ਕਿਹਾ ਕਿ ਜਦੋਂ ਬਿਜਲੀ ਸੋਧ ਬਿੱਲ ਨਾਲ ਇਸ ਮੀਟਰ ਨੂੰ ਜੋੜ ਕੇ ਦੇਖਿਆ ਜਾਵੇਗਾ ਤਾਂ ਸਮਝ ਆਵੇਗੀ ਕਿ ਸਰਕਾਰ ਉਸ ਬਿੱਲ ਰਾਹੀਂ ਕਰਾਸ ਸਬਸਿਡੀ ਬੰਦ ਕਰਕੇ ਲੋਕਾਂ ਨੂੰ ਮਹਿੰਗੇ ਰੇਟਾਂ ਤੇ ਬਿਜਲੀ ਦੇਣ ਦਾ ਸਿਲਸਿਲਾ ਸ਼ੁਰੂ ਕਰਨ ਜਾ ਰਹੀ ਹੈ, ਜਿਸ ਤਹਿਤ ਲੋਕਾਂ ਕੋਲੋ ਭਾਰੀ ਬਿੱਲ ਐਡਵਾਂਸ ਵਿੱਚ ਇੱਕਠੇ ਕਰਨ ਲਈ ਇਹ ਦਾਅ ਖੇਡਿਆ ਜਾ ਰਿਹਾ ਹੈ। ਉਹਨਾਂ ਸਾਰੀਆਂ ਸੰਘਰਸ਼ੀ ਧਿਰਾਂ ਨੂੰ ਬਿਜਲੀ ਸੋਧ ਬਿੱਲ ਖ਼ਿਲਾਫ਼ ਇੱਕਠੇ ਹੋ ਕੇ ਸੰਘਰਸ਼ ਕਰਨ ਦੀ ਅਪੀਲ ਕੀਤੀ।

# ਬੇਹੱਦ ਖਤਰਨਾਕ ਹੋ ਚੁੱਕਿਆ ਚਾਇਨਾ ਡੋਰ ਵਰਤਣ ਦਾ ਰੁਝਾਨ

**ਫਤਹਿਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)**- ਖਤਰਨਾਕ ਚਾਇਨਾ ਡੋਰ ਨਾਲ ਪਤੰਗਬਾਜ਼ੀ ਕਰਨ ਦੇ ਰੁਝਾਨ ਨੇ ਇਨਸਾਨਾਂ ਤੇ ਬੇਜ਼ੁਬਾਨ ਪੰਛੀਆਂ ਲਈ ਬਹੁਤ ਵੱਡਾ ਖਤਰਾ ਪੈਦਾ ਕਰ ਦਿੱਤਾ ਹੈ। ਆਏ ਦਿਨ ਕੋਈ ਨਾ ਕੋਈ ਬੱਚਾ ਨੌਜਵਾਨ ਤੇ ਬਜ਼ੁਰਗ ਇਸ ਦੀ ਭੇਟ ਚੜ੍ਹ ਰਿਹਾ ਹੈ। ਪਰ ਇਸ ਸਭ ਦੇ ਬਾਵਜੂਦ ਚਾਇਨਾ ਡੋਰ ਦੀ ਵਿਕਰੀ ਧੜੱਲੇ ਨਾਲ ਹੋ ਰਹੀ ਹੈ। ਇਸ ਸੰਬੰਧੀ ਪਿੰਡ ਮਾਨ ਸੈਂਡਵਾਲ ਦੇ ਸਾਬਕਾ ਸਰਪੰਚ ਕੁਲਦੀਪ ਸਿੰਘ ਮਾਨ ਨੇ ਪ੍ਰੈਸ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਹਰ ਸ਼ਹਿਰ, ਕਸਬੇ ਤੇ ਪਿੰਡ ਵਿੱਚ ਦੁਕਾਨਦਾਰ ਲਾਲਚਵੱਸ ਚਾਇਨਾ ਡੋਰ ਵੇਚ ਰਹੇ ਹਨ। ਉਹ ਆਪਣੇ ਥੋੜ੍ਹੇ ਜਿਹੇ ਮੁਨਾਫੇ ਖਾਤਰ ਇਨਸਾਨੀ ਤੇ ਪੰਛੀਆਂ ਜਾਨਵਰਾਂ ਦੀ ਜਾਨ ਖਤਰੇ ਵਿੱਚ ਪਾ ਰਹੇ ਹਨ।ਉਹਨਾਂ ਪੁਲਸ ਪ੍ਰਸ਼ਾਸਨ ਨੂੰ ਅਪੀਲ ਕਰਦਿਆਂ ਕਿਹਾ ਕੇ ਇਸ ਸੰਬੰਧ ਵਿਚ ਹੋਰ ਸਖਤੀ ਵਰਤੀ ਜਾਵੇ। ਇਸੇ ਤਰ੍ਹਾਂ ਇਸ ਸੰਬੰਧੀ ਨੌਜਵਾਨ ਗੁਰਿੰਦਰ ਸਿੰਘ ਮਾਨ ਨੇ ਗੱਲਬਾਤ ਕਰਦਿਆਂ ਕਿਹਾ ਕਿ ਇਹ ਖ਼ੂਨੀ ਡੋਰ ਇਨਸਾਨਾਂ ਤੇ ਪੰਛੀਆਂ ਦੇ ਖ਼ੂਨ ਦੀ ਪਿਆਸੀ ਹੈ। ਇਹ ਚਾਇਨਾ ਡੋਰ ਹੁਣ ਬਾਰਡਰ ਪਾਰ ਤੋਂ ਨਹੀਂ ਬਲਕਿ ਸਾਡੇ ਪੰਜਾਬ ਦੇ ਕਈ ਸ਼ਹਿਰਾਂ ਵਿਚ ਵੀ ਤਿਆਰ ਹੋ ਰਹੀ ਹੈ। ਹਰ ਸੀਜ਼ਨ ਦੌਰਾਨ ਇਸ ਨਾਲ ਬੜੇ ਭਿਆਨਕ ਹਾਦਸੇ ਵਾਪਰਦੇ ਨੇ ਪਰ ਫਿਰ ਵੀ ਅਸੀਂ ਸੁਚੇਤ ਨਹੀਂ ਹੋ ਰਹੇ । ਉਹਨਾਂ ਦੱਸਿਆ ਕੇ ਚਾਇਨਾ ਡੋਰ ਇਕ ਤਰ੍ਹਾਂ ਦਾ ਆਤੰਕ ਦਾ ਨਾਂਅ ਬਣ ਕੇ ਰਹਿ ਗਈ ਹੈ ਤੇ ਗੈਂਗਸਟਰਵਾਦ ਵਾਂਗ ਹੀ ਬੇਹੱਦ ਖਤਰਨਾਕ ਰੂਪ ਧਾਰਨ ਕਰ ਚੁੱਕੀ ਹੈ। ਇਸ ਲਈ ਪ੍ਰਸ਼ਾਸ਼ਨ ਨੂੰ ਅਪੀਲ ਹੈ ਕੇ ਹੋਰ ਸਖਤੀ ਵਰਤਦੇ ਹੋਏ ਇਸ ਦੀ ਵਿਕਰੀ ਮੁਕੰਮਲ ਤੌਰ 'ਤੇ ਬੰਦ ਕੀਤੀ ਜਾਵੇ।

# ਗੁਰਦਾਸਪੁਰ 'ਚ ਆਂਗਣਵਾੜੀ ਵਰਕਰਾਂ ਦੀ ਸਿਖਲਾਈ



**ਗੁਰਦਾਸਪੁਰ (ਜਨਕ ਮਹਾਜਨ)**- ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਅਤੇ ਜਸਮੀਤ ਕੌਰ ਜਿਲ੍ਹਾ ਪ੍ਰੋਗਰਾਮ ਅਫਸਰ ਗੁਰਦਾਸਪੁਰ ਦੀ ਅਗਵਾਈ ਹੇਠ ਜਿਲ੍ਹਾ ਗੁਰਦਾਸਪੁਰ ਵਿਚ ਨਾਰੀ ਸ਼ਕਤੀ ਕੇਂਦਰ ਵਿੱਚ ਵਰਕਰਾਂ ਦੀ 'ਪੋਸ਼ਣ ਵੀ ਪੜ੍ਹਾਈ ਵੀ' ਦੀ ਸ਼ੁਰੂਆਤ ਕੀਤੀ ਗਈ। ਇਸ ਸਬੰਧੀ ਜਸਮੀਤ ਕੌਰ ਜ਼ਿਲ੍ਹਾ ਪ੍ਰੋਗਰਾਮ ਅਫਸਰ ਗੁਰਦਾਸਪੁਰ ਵਲੋਂ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਟਰੇਨਿੰਗ ਦਾ ਮੁੱਖ ਉਦੇਸ਼ ਆਂਗਣਵਾੜੀ ਸੈਟਰਾਂ ਵਿਚ 0-6 ਸਾਲ ਦੇ ਬੱਚਿਆ ਨੂੰ ਅਰਲੀ ਚਾਈਲਡ ਹੁਡ ਕੇਅਰ ਐਡ ਐਜੂਕੇਸ਼ਨ ਸਿੱਖਿਆ ਦੇਣ ਲਈ ਆਂਗਣਵਾੜੀ ਵਰਕਰਾਂ ਨੂੰ ਪ੍ਰੇਰਿਤ ਕਰਨਾ ਹੈ, ਤਾਂ ਜੋ ਆਂਗਣਵਾੜੀ ਸੈਟਰਾਂ ਵਿਚ ਬੱਚਿਆਂ ਦਾ ਸਰਵਪੱਖੀ ਵਿਕਾਸ ਦਾ ਉਦੇਸ਼ ਪ੍ਰਾਪਤ ਕੀਤਾ ਜਾ ਸਕੇ ਅਤੇ ਸਕਸ਼ਮ ਸੈਟਰਾਂ ਨੂੰ ਲਰਨਿੰਗ ਸੈਟਰਾਂ ਵਜੋਂ ਵਿਕਸਿਤ ਕੀਤਾ ਜਾ ਸਕੇ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਗੁਰਦਾਸਪੁਰ ਵਿਖੇ ਵੱਖ-ਵੱਖ ਬਲਾਕਾਂ ਵਿੱਚ 4 ਬੈੱਚ ਅਧੀਨ ਟਰੇਨਿੰਗ ਮੁਕੰਮਲ ਕਰਵਾਈ ਜਾਵੇਗੀ। ਪਹਿਲਾ ਬੈਚ 23 ਜਨਵਰੀ 2026 ਤੱਕ ਪੂਰਾ ਕਾਰਵਾਇਆ ਜਾਵੇਗਾ ਜਿਸ ਵਿੱਚ ਬਲਾਕ ਦੋਰਾਂਗਲਾ ਦੇ 85 ਵਰਕਰਾਂ ਨੂੰ ਟਰੇਨਿੰਗ ਦਿੱਤੀ ਜਾਵੇਗੀ। ਇਸ ਮੌਕੇ ਕਮਲਪ੍ਰੀਤ ਕੌਰ ਡਿਸਟ੍ਰਿਕ ਕੋਆਰਡੀਨੇਟਰ, ਨਵਪ੍ਰੀਤ ਕੌਰ, ਰਾਜਵਿੰਦਰ ਕੌਰ, ਵਰਿੰਦਰ ਕੌਰ ਸੁਪਰਵਾਈਜਰ, ਬਲਜਿੰਦਰ ਸਿੰਘ ਮੀਡੀਆ ਡਾਕੂਮੈਟ ਅਸਿਸਟੈਂਟ, ਗਗਨਦੀਪ, ਆਕੁਸ਼ ਸਰਮਾ ਬਲਾਕ ਕੋਆਰਡੀਨੇਟਰ, ਹਰਪ੍ਰੀਤ ਕੌਰ ਅੱਤਰੀ, ਪ੍ਰਥਮ ਐਜੂਕੇਸ਼ਨ ਫਾਊਡੇਸ਼ਨ ਟੀਮ ਅੰਜਲੀ ਸ਼ਰਮਾ ਅਤੇ ਕਾਮਨੀ ਠਾਕੁਰ ਨੇ ਵੀ ਟਰੇਨਿੰਗ ਵਿਚ ਭਾਗ ਲਿਆ ਗਿਆ।

# 81 ਬੱਸਾਂ ਦੀ ਚੈਕਿੰਗ, 13 ਦੇ ਕੱਟੇ ਚਲਾਨ



**ਹੁਸ਼ਿਆਰਪੁਰ, (ਓ ਪੀ ਰਾਣਾ)**- ਸੇਫ ਸਕੂਲ ਵਾਹਨ ਪਾਲਿਸੀ ਤਹਿਤ ਸਕੂਲੀ ਬੱਚਿਆਂ ਦੀ ਸੁਰੱਖਿਆ ਨੂੰ ਮੁੱਖ ਰੱਖਦੇ ਹੋਏ ਸਕੂਲ ਮੁਖੀ ਵੱਲੋਂ ਬੱਸਾਂ ਵਿਚ ਸਾਰੇ ਨਿਯਮਾਂ ਅਤੇ ਸ਼ਰਤਾਂ ਦੀ ਪਾਲਣਾ ਕਰਨੀ ਅਤਿ ਜ਼ਰੂਰੀ ਹੈ। ਇਸ ਸਬੰਧੀ ਜ਼ਿਲ੍ਹਾ ਹੁਸ਼ਿਆਰਪੁਰ ਦੇ ਬਲਾਕ ਮੁਕੇਰੀਆਂ ਵਿੱਚ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਅਤੇ ਪੰਜਾਬ ਰਾਜ ਬਾਲ ਅਧਿਕਾਰ ਰੱਖਿਆ ਕਮਿਸ਼ਨ ਵੱਲੋਂ ਜਾਰੀ ਹਦਾਇਤਾਂ ਅਤੇ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੇ ਹੁਕਮਾਂ ਅਨੁਸਾਰ ਸੇਫ ਸਕੂਲ ਵਾਹਨ ਪਲਿਸੀ ਤਹਿਤ ਸੇਂਟ ਜੋਸਫ ਕਾਨਵੈਂਟ ਸਕੂਲ, ਐੱਸ ਪੀ ਐੱਨ ਐੱਸ ਐੱਸ ਕੇ ਪਬਲਿਕ ਹਾਈ ਸਕੂਲ, ਵੁਡਬੇਰੀ ਵਰਲਡ ਸਕੂਲ ਤੇ ਕੈਂਬਰਿਜ ਓਵਰਸੀਜ਼ ਸਕੂਲਾਂ ਦੀਆਂ ਬੱਸਾਂ ਦੀ ਚੈਕਿੰਗ ਕੀਤੀ ਗਈ। ਚੈਕਿੰਗ ਦੌਰਾਨ ਜਿਨ੍ਹਾਂ ਸਕੂਲੀ ਬੱਸਾਂ ਵਿੱਚ ਮਿਆਦ ਖ਼ਤਮ ਹੋ ਚੁੱਕੀਆਂ ਫਸਟ ਏਡ ਕਿੱਟਾਂ, ਫਾਗ ਲਾਈਟਸ, ਬਿਨਾਂ ਲੇਡੀ ਅਟੈਂਡੈਂਟ, ਬਿਨਾਂ ਪਾਸਿੰਗ, ਸਪੀਡ ਗਵਰਨਰ ਦਾ ਨਾ ਹੋਣਾ, ਬੱਸ ਵਿਚ ਐਮਰਜੈਂਸੀ ਐਗਜ਼ਿਟ ਦਾ ਨਾ ਹੋਣਾ, ਬਿਨਾਂ ਅੱਗ ਬੁਝਾਊ ਯੰਤਰ, ਬਿਨਾਂ ਸੀ.ਸੀ.ਟੀ.ਵੀ ਕੈਮਰਾ, ਬੱਸ ਵਿਚ ਸਿਟਿੰਗ ਕਪੈਸਿਟੀ ਦਾ ਵੱਧ ਹੋਣਾ ਆਦਿ ਕਮੀਆਂ ਪਾਈਆਂ ਗਈਆਂ। ਇਸ ਦੌਰਾਨ ਕੁੱਲ 81 ਬੱਸਾਂ ਚੈੱਕ ਕੀਤੀਆਂ ਗਈਆਂ ਅਤੇ 13 ਬੱਸਾਂ ਦੇ ਚਲਾਨ ਕੱਟੇ ਗਏ । ਇਸ ਮੌਕੇ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਵੱਲੋਂ ਰਣਜੀਤ ਕੌਰ, ਜਸਵਿੰਦਰ ਸਿੰਘ, ਏ.ਐਸ.ਆਈ ਰਕੇਸ਼ ਕੁਮਾਰ, ਏ.ਐਸ.ਆਈ ਗੁਰਨਾਮ ਸਿੰਘ, ਸਿੱਖਿਆ ਵਿਭਾਗ ਤੋਂ ਸੁਰਜੀਤ ਸਿੰਘ ਅਤੇ ਸਮੂਹ ਟੀਮ ਹਾਜ਼ਰ ਸੀ। ਟਾਸਕ ਫੋਰਸ ਵੱਲੋਂ ਸਾਰੇ ਸਕੂਲਾਂ ਨੂੰ ਹਦਾਇਤ ਕੀਤੀ ਗਈ ਕਿ ਸਾਰੇ ਡਰਾਈਵਰਾਂ ਦਾ ਸਮੇਂ ਸਿਰ ਮੈਡੀਕਲ ਚੈਕਅੱਪ ਕਰਵਾਇਆ ਜਾਵੇ, ਸਾਰੀਆਂ ਬੱਸਾਂ ਦੇ ਡਰਾਈਵਰ ਅਤੇ ਅਟੈਂਡੈਂਟ ਆਪਣੀ ਯੂਨੀਫਾਰਮ ਜ਼ਰੂਰ ਪਾਉਣ, ਬੱਸਾਂ ਵਿਚ ਸਫਰ ਕਰਨ ਵਾਲੇ ਛੋਟੇ ਬੱਚਿਆਂ ਦਾ ਖਾਸ ਧਿਆਨ ਰੱਖਣ, ਉਨ੍ਹਾਂ ਨੂੰ ਬੱਸ ਤੋਂ ਚੜ੍ਹਨ ਅਤੇ ਉਤਰਨ ਸਮੇਂ ਸਹੀ ਤਰੀਕੇ ਨਾਲ ਰੋਡ ਕਰਾਸ ਕਰਵਾਉਣ ਅਤੇ ਜਿਨ੍ਹਾਂ ਸਕੂਲੀ ਬੱਸਾਂ ਵਿਚ ਜੋ ਵੀ ਕਮੀਆਂ ਪਾਈਆਂ ਗਈਆਂ ਹਨ, ਉਨ੍ਹਾਂ ਨੂੰ ਤੁਰੰਤ ਦੂਰ ਕੀਤਾ ਜਾਵੇ।

# ਮਾਈਨਿੰਗ ਮਟੀਰੀਅਲ ਲਿਜਾਣ ਵਾਲੇ ਟਿੱਪਰ/ਟਰੱਕਾਂ ਸੰਬੰਧੀ ਪਾਬੰਦੀ ਦੇ ਹੁਕਮ ਜਾਰੀ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਜ਼ਿਲ੍ਹਾ ਮੈਜਿਸਟ੍ਰੇਟ ਆਸ਼ਿਕਾ ਜੈਨ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 163 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੁਕਮ ਜਾਰੀ ਕੀਤਾ ਹੈ ਕਿ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਪੈਂਦੇ ਪਿੰਡ ਜੇਜੋਂ ਤੋਂ ਮਾਹਿਲਪੁਰ ਰੋਡ ਅਤੇ ਨੰਗਲ ਤੋਂ ਗੜ੍ਹਸ਼ੰਕਰ ਰੋਡ 'ਤੇ ਮਾਈਨਿੰਗ ਮਟੀਰੀਅਲ ਲਿਜਾਣ ਵਾਲੇ ਟਿੱਪਰ/ਟਰੱਕਾਂ ਨੂੰ ਕੇਵਲ ਸ਼ਾਮ 7 ਵਜੇ ਤੋਂ ਸਵੇਰੇ 7 ਵਜੇ ਤੱਕ ਆਵਾਜਾਈ ਦੀ ਆਗਿਆ ਹੋਵੇਗੀ ਅਤੇ ਇਸ ਸਮੇਂ ਤੋਂ ਇਲਾਵਾ ਇਨ੍ਹਾਂ ਸੜਕਾਂ 'ਤੇ ਮਾਈਨਿੰਗ ਮਟੀਰੀਅਲ ਲਿਜਾਣ ਵਾਲੇ ਟਿੱਪਰ/ਟਰੱਕਾਂ ਦੀ ਆਵਾਜਾਈ 'ਤੇ 20 ਮਾਰਚ 2026 ਤੱਕ ਰੋਕ ਲਗਾਈ ਗਈ ਹੈ।ਜ਼ਿਲ੍ਹਾ ਮੈਜਿਸਟ੍ਰੇਟ ਨੇ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ ਨੂੰ ਹਦਾਇਤ ਕੀਤੀ ਹੈ ਕਿ ਪਿੰਡਾਂ ਦੇ ਵਲੰਟੀਅਰਾਂ ਵੱਲੋਂ ਵਿਸ਼ੇਸ਼ ਥਾਵਾਂ 'ਤੇ ਠੀਕਰੀ ਪਹਿਰਾ ਆਦਿ ਦੇ ਪ੍ਰਬੰਧ ਕੀਤੇ ਜਾਣ। ਉਪ ਪੁਲਸ ਕਪਤਾਲ ਗੜ੍ਹਸ਼ੰਕਰ ਯਕੀਨੀ ਬਣਾਉਣਗੇ ਕਿ ਟ੍ਰੈਫਿਕ ਪੁਲਸ ਵੱਲੋਂ ਟਿੱਪਰ/ਟਰੱਕਾਂ ਦੀ ਓਵਰਸਪੀਡ ਦੀ ਚੈਕਿੰਗ ਕੀਤੀ ਜਾਵੇ। ਰਿਜਨਲ ਟਰਾਂਸਪੋਰਟ ਅਥਾਰਟੀ ਹੁਸ਼ਿਆਰਪੁਰ ਉਕਤ ਹੁਕਮਾਂ ਸਨਮੁੱਖ ਓਵਰਲੋਡ ਅਤੇ ਹੋਰ ਨਿਯਮਾਂ ਦੀ ਉਲੰਘਣਾ ਸਬੰਧੀ ਚੈਕਿੰਗ ਤੇ ਲੋੜੀਂਦੀ ਕਾਰਵਾਈ ਯਕੀਨੀ ਬਣਾਉਣਗੇ। ਕਾਰਜਕਾਰੀ ਇੰਜੀਨੀਅਰ, ਡਰੇਨੇਜ-ਕਮ-ਜ਼ਿਲ੍ਹਾ ਮਾਈਨਿੰਗ ਅਫ਼ਸਰ ਹੁਸ਼ਿਆਰਪੁਰ ਅੰਤਰ-ਰਾਜੀ ਚੈਕ ਪੋਸਟਾਂ 'ਤੇ 24 ਘੰਟੇ ਮੋਨੀਟਰਿੰਗ ਯਕੀਨੀ ਬਣਾਉਣਗੇ ਤੇ ਇਸ ਦੇ ਨਾਲ ਹੀ ਚੈੱਕ ਪੋਸਟ 'ਤੇ ਭਾਰ ਤੋਲਣ ਵਾਲੇ ਕੰਡੇ ਦੀ ਵਰਤੋਂ ਕਰਕੇ ਓਵਰਲੋਡ ਟਿੱਪਰਾਂ ਦੀ ਚੈਕਿੰਗ ਤੇ ਇਨ੍ਹਾਂ 'ਤੇ ਬਣਦੀ ਕਾਰਵਾਈ ਅਮਲ ਵਿਚ ਲਿਆਉਣੀ ਯਕੀਨੀ ਬਣਾਈ ਜਾਵੇਗੀ। ਇਹ 20 ਮਾਰਚ 2026 ਤੱਕ ਲਾਗੂ ਰਹੇਗਾ।

# ਸ਼ਹੀਦੀ ਸਮਾਗਮਾਂ ਦੇ ਦੂਜੇ ਦਿਨ ਸੰਧਿਆ ਫੇਰੀ



**ਆਦਮਪੁਰ (ਪਰਮਜੀਤ ਸਿੰਘ)**- ਗੁਰਦੁਆਰਾ ਸ਼ਹੀਦ ਬਾਬਾ ਮਤੀ ਜੀ ਵਿਖੇ ਧੰਨ ਧੰਨ ਸ਼ਹੀਦ ਬਾਬਾ ਮਤੀ ਜੀ ਦੇ ਸਾਲਾਨਾ ਸ਼ਹੀਦੀ ਦਿਹਾੜੇ ਨੂੰ ਸਮਰਪਤ ਤਿੰਨ ਰੋਜ਼ਾ ਸਮਾਗਮਾਂ ਦੇ ਦੂਸਰੇ ਦਿਨ ਗੁਰੂਦੁਆਰਾ ਸਾਹਿਬ ਤੋਂ ਪੰਜ ਪਿਆਰਿਆਂ ਦੀ ਅਗਵਾਈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਜੀ ਦੀ ਛਤਰ ਛਾਇਆ ਹੇਠ ਗੁਰੂਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਦੇਸ਼ਾਂ ਵਿਦੇਸ਼ਾਂ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਵਿਸ਼ਾਲ ਸੰਧਿਆ ਫੇਰੀ ਕੱਢੀ ਗਈ।ਇਸ ਮੌਕੇ ਡੇਰਾ ਸੰਤਪੁਰਾ ਜੱਬੜ ਵੱਲੋਂ ਸੰਤ ਬਾਬਾ ਜਨਕ ਸਿੰਘ, ਸੰਤ ਬਾਬਾ ਮਨਮੋਹਨ ਸਿੰਘ ਵੱਲੋ ਵੀ ਹਾਜ਼ਰੀ ਭਰੀ ਗਈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਗੁਰੂਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜੱਥੇਦਾਰ ਮਨੋਹਰ ਸਿੰਘ ਨੇ ਦੱਸਿਆ ਕਿ ਸਮਾਗਮਾਂ ਦੇ ਦੂਜੇ ਦਿਨ ਵੀ ਸੰਧਿਆ ਫੇਰੀ ਗੁਰੂਦੁਆਰਾ ਸਾਹਿਬ ਤੋਂ ਆਰੰਭ ਹੋ ਕੇ ਪੂਰੇ ਨਗਰ ਦੀਆਂ ਪਰਿਕਰਮਾ ਕਰਦਿਆਂ ਦੇਰ ਸ਼ਾਮ ਗੁਰੂਦੁਆਰਾ ਸਾਹਿਬ ਪਹੁੰਚ ਸਮਾਪਤ ਹੋਈ।ਜਿਸ ਉਪਰੰਤ ਭਾਈ ਮਨਜਿੰਦਰ ਸਿੰਘ ਹਰਰਾਏਪੁਰ ਵਾਲੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜ ਨਿਹਾਲ ਕੀਤਾ। ਇਸ ਮੌਕੇ ਸੰਗਤਾਂ ਵੱਲੋਂ ਲੰਗਰਾਂ ਅਤੇ ਫੁੱਲਾਂ ਦੀ ਵਰਖਾ ਕਰ ਸੰਧਿਆ ਫੇਰੀ ਦਾ ਸਵਾਗਤ ਕਰ ਗੁਰੂ ਮਹਾਰਾਜ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ ਤੇ ਵੱਖ ਵੱਖ ਪੜਾਵਾਂ ਤੇ ਗਤਕਾ ਪਾਰਟੀਆਂ ਵੱਲੋਂ ਗੱਤਕੇ ਦੇ ਜੌਹਰ ਵਿਖਾਏ ਗਏ। ਉਨ੍ਹਾਂ ਦੱਸਿਆ ਕਿ ਸਮਾਗਮਾਂ ਦੇ ਅਖੀਰਲੇ ਦਿਨ ਤਿੰਨ ਰੋਜ਼ਾ ਤੋਂ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਪਾਏ ਜਾਣਗੇ। ਉਪਰੰਤ ਖੁੱਲ੍ਹੇ ਦੀਵਾਨਾਂ ਅੰਦਰ ਪੰਥ ਪ੍ਰਸਿੱਧ ਰਾਗੀ ਢਾਡੀ ਜੱਥੇ ਸੰਗਤਾਂ ਨੂੰ ਗੁਰਬਾਣੀ ਦੇ ਸ਼ਬਦ ਗਾਇਨ ਕਰ ਗੁਰੂ ਚਰਨਾਂ ਨਾਲ ਜੋੜਨਗੇ। ਅਖੀਰ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ। ਇਸ ਮੌਕੇ ਜਰਨੈਲ ਸਿੰਘ, ਰਣਵੀਰ ਪਾਲ ਸਿੰਘ, ਹਰਦਿਆਲ ਸਿੰਘ, ਜਸਪਾਲ ਸਿੰਘ, ਸਤਨਾਮ ਸਿੰਘ, ਅਮਰਜੀਤ ਸਿੰਘ, ਨਰਿੰਦਰ ਸਿੰਘ ਨਿੰਦੀ, ਕਾਬਲ ਸਿੰਘ, ਮਾਸਟਰ ਸੁਰਜੀਤ ਸਿੰਘ, ਸਰਪੰਚ ਰਸ਼ਪਾਲ ਸਿੰਘ ਪਾਲਾ, ਲਖਵਿੰਦਰ ਸਿੰਘ, ਗੁਰਜੀਤ ਸਿੰਘ, ਕਾਬਲ ਸਿੰਘ ਤੇ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਭਰ ਕੇ ਗੁਰੂ ਮਹਾਰਾਜ ਦਾ ਆਸ਼ੀਰਵਾਦ ਲਿਆ।

23-Jan-PAGE-4.qxd 1/22/2026 9:36 PM Page 1

ਨਵਾਂ ਜ਼ਮਾਨਾ
ਸ਼ੁੱਕਰਵਾਰ, 23 ਜਨਵਰੀ 2026

# ਪ੍ਰਦੂਸ਼ਣ ਟੈਰਿਫ ਨਾਲੋਂ ਵੀ ਵੱਡਾ ਖਤਰਾ

*ਸਵਿਟਜ਼ਰਲੈਂਡ ਦੇ ਦਾਵੋਸ ਵਿੱਚ ਵਿਸ਼ਵ ਆਰਥਕ ਮੰਚ ਦੀ ਸਾਲਾਨਾ ਬੈਠਕ ਦੌਰਾਨ ਹਾਰਵਰਡ ਯੂਨੀਵਰਸਿਟੀ ਦੀ ਪ੍ਰੋਫੈਸਰ ਤੇ ਕੌਮਾਂਤਰੀ ਮਾਲੀ ਫੰਡ (ਆਈ ਐੱਮ ਐੱਫ) ਦੀ ਸਾਬਕਾ ਮੁੱਖ ਅਰਥ-ਸ਼ਾਸਤਰੀ ਗੀਤਾ ਗੋਪੀਨਾਥ ਨੇ ਇਹ ਗੰਭੀਰ ਚਿਤਾਵਨੀ ਦਿੱਤੀ ਹੈ ਕਿ ਪ੍ਰਦੂਸ਼ਣ ਭਾਰਤ ਦੀ ਅਰਥ ਵਿਵਸਥਾ ਲਈ ਟੈਰਿਫ ਤੋਂ ਕਿਤੇ ਵੱਡਾ ਖਤਰਾ ਹੈ। ਪ੍ਰਦੂਸ਼ਣ ਨਾ ਸਿਰਫ ਸਿਹਤ ਨੂੰ ਨੁਕਸਾਨ ਪਹੁੰਚਾਉਂਦਾ ਹੈ, ਸਗੋਂ ਉਤਪਾਦਕਤਾ, ਸਿਹਤ ਦੇਖਭਾਲ ਲਾਗਤ ਤੇ ਪੂਰੀਆਂ ਆਰਥਕ ਸਰਗਰਮੀਆਂ 'ਤੇ ਭਾਰੀ ਅਸਰ ਪਾਉਂਦਾ ਹੈ। ਭਾਰਤ ਵਿੱਚ ਪ੍ਰਦੂਸ਼ਣ ਕਰਕੇ ਹਰ ਸਾਲ ਲੱਖਾਂ ਮੌਤਾਂ ਹੁੰਦੀਆਂ ਹਨ। ਨਵੇਂ ਕਾਰੋਬਾਰ ਤੇ ਨਿਵੇਸ਼ ਦੇ ਚਰਚਿਆਂ ਵਿੱਚ ਅਕਸਰ ਵਪਾਰ, ਟੈਰਿਫ ਤੇ ਨਿਯਮਾਂ 'ਤੇ ਧਿਆਨ ਕੇਂਦਰਤ ਕੀਤਾ ਜਾਂਦਾ ਹੈ, ਪਰ ਪ੍ਰਦੂਸ਼ਣ ਨੂੰ ਮਹੱਤਵ ਨਹੀਂ ਦਿੱਤਾ ਜਾਂਦਾ, ਜਿਹੜਾ ਕਿ ਉਸ ਨੂੰ ਮਿਲਣਾ ਚਾਹੀਦਾ ਹੈ। ਜਦੋਂ ਭਾਰਤ ਖੁਦ ਨੂੰ ਵਿਸ਼ਵ ਆਰਥਕ ਤੇ ਮੈਨੂੰਫੈਕਚਰਿੰਗ ਕੇਂਦਰ ਦੇ ਰੂਪ ਵਿੱਚ ਸਥਾਪਤ ਕਰ ਰਿਹਾ ਹੈ, ਤਦ ਸਵੱਛ ਸ਼ਹਿਰ, ਸਿਹਤ ਜੀਵਨ ਸਥਿਤੀਆਂ ਤੇ ਨਿਵੇਸ਼ਕਾਂ ਦਾ ਭਰੋਸਾ ਬਣਾਈ ਰੱਖਣ ਲਈ ਪ੍ਰਦੂਸ਼ਣ 'ਤੇ ਕੰਟਰੋਲ ਬੇਹੱਦ ਜ਼ਰੂਰੀ ਹੈ।*

*ਗੀਤਾ ਗੋਪੀਨਾਥ ਨੇ ਇਹ ਚਿਤਾਵਨੀ ਉਦੋਂ ਦਿੱਤੀ ਹੈ, ਜਦੋਂ ਭਾਰਤ ਵਿਸ਼ਵ ਪੱਧਰ 'ਤੇ ਤੇਜ਼ੀ ਨਾਲ ਉੱਭਰ ਰਹੀ ਅਰਥ-ਵਿਵਸਥਾ ਦੇ ਰੂਪ ਵਿੱਚ ਚਰਚਾ 'ਚ ਹੈ, ਪਰ ਹਵਾ ਪ੍ਰਦੂਸ਼ਣ ਤੇ ਚੌਗਿਰਦਾ ਚੁਣੌਤੀਆਂ ਦੇਸ਼ ਅੱਗੇ ਇੱਕ ਵੱਡੀ ਰੁਕਾਵਟ ਬਣੀਆਂ ਹੋਈਆਂ ਹਨ। ਭਾਰਤ ਦੀਆਂ ਸੜਕਾਂ, ਕਾਰਖਾਨਿਆਂ ਤੇ ਖੇਤਾਂ ਵਿੱਚੋਂ ਉਠਦਾ ਧੂੰਆਂ ਹਰ ਸਾਲ ਲੱਖਾਂ ਜ਼ਿੰਦਗੀਆਂ ਨਿਗਲ ਰਿਹਾ ਹੈ। ਵਿਸ਼ਵ ਬੈਂਕ ਦੀ 2022 ਦੀ ਰਿਪੋਰਟ ਵਿੱਚ ਦੱਸਿਆ ਗਿਆ ਸੀ ਕਿ ਭਾਰਤ ਵਿੱਚ ਪ੍ਰਦੂਸ਼ਣ ਕਰਕੇ ਹਰ ਸਾਲ ਲਗਭਗ 17 ਲੱਖ ਮੌਤਾਂ ਹੁੰਦੀਆਂ ਹਨ, ਜਿਹੜੀਆਂ ਦੇਸ਼ ਦੀਆਂ ਕੁਲ ਮੌਤਾਂ ਦਾ ਕਰੀਬ 18 ਫੀਸਦੀ ਹੈ। ਇਸ ਨਾਲ ਪਰਵਾਰਾਂ, ਕਾਮਾ-ਸ਼ਕਤੀ ਤੇ ਲੰਮੇ ਸਮੇਂ ਲਈ ਵਿਕਾਸ 'ਤੇ ਭਾਰੀ ਆਰਥਕ ਬੋਝ ਪੈਂਦਾ ਹੈ। ਵੱਖ-ਵੱਖ ਰਿਪੋਰਟਾਂ ਦੱਸਦੀਆਂ ਹਨ ਕਿ ਪ੍ਰਦੂਸ਼ਣ ਕਰਕੇ ਕੁਲ ਘਰੇਲੂ ਪੈਦਾਵਾਰ (ਜੀ ਡੀ ਪੀ) ਵਿੱਚ 0.5 ਫੀਸਦੀ ਦੀ ਕਮੀ ਆ ਸਕਦੀ ਹੈ। ਪ੍ਰਦੂਸ਼ਣ ਨਾਲ ਜੰਗੀ ਪੱਧਰ 'ਤੇ ਲੜਨ ਦੀ ਲੋੜ ਹੈ, ਕਿਉਂਕਿ ਸਵੱਛ ਹਵਾ ਨਾ ਮਿਲੀ ਤਾਂ ਭਾਰਤ ਦਾ ਵਿਸ਼ਵ ਆਰਥਕ ਸ਼ਕਤੀ ਬਣਨ ਦਾ ਸੁਫਨਾ ਧੁੰਦਲਾ ਪੈ ਜਾਵੇਗਾ। ਸ਼ਹਿਰਾਂ ਵਿੱਚ ਧੁੰਦ ਛਾਈ ਰਹਿੰਦੀ ਹੈ, ਬੱਚੇ ਸਕੂਲ ਜਾਣ ਵੇਲੇ ਮਾਸਕ ਲਾਉਂਦੇ ਹਨ ਅਤੇ ਬਜ਼ੁਰਗਾਂ ਨੂੰ ਸਾਹ ਲੈਣ ਵਿੱਚ ਦਿੱਕਤ ਆਉਂਦੀ ਹੈ। ਇਹ ਸਭ ਇੱਕ ਵੱਡਾ ਸੰਕਟ ਹੈ। ਸਵੱਛ ਊਰਜਾ ਅਪਨਾਉਣ ਅਤੇ ਸਖਤ ਨੀਤੀਆਂ ਲਾਗੂ ਕਰਨ ਨਾਲ ਹੀ ਇਹ ਸੰਕਟ ਟਾਲਿਆ ਜਾ ਸਕਦਾ ਹੈ। ਸਵੱਛ ਹਵਾ ਨਾਲ ਨਾ ਸਿਰਫ ਜ਼ਿੰਦਗੀਆਂ ਬਚਣਗੀਆਂ, ਅਰਥ-ਵਿਵਸਥਾ ਮਜ਼ਬੂਤ ਹੋਵੇਗੀ, ਉਤਪਾਦਕਤਾ ਵਧੇਗੀ ਤੇ ਨਿਵੇਸ਼ ਆਵੇਗਾ। ਪ੍ਰਦੂਸ਼ਣ ਖਿਲਾਫ ਲੜਾਈ ਹੁਣ ਕੋਈ ਪਰਿਆਵਰਣ ਦਾ ਮੁੱਦਾ ਨਹੀਂ, ਸਗੋਂ ਆਰਥਕ ਭਵਿੱਖ ਦੀ ਲੜਾਈ ਹੈ। ਇਸ ਅਦ੍ਰਿਸ਼ ਦੁਸ਼ਮਣ ਨੂੰ ਹਰਾ ਕੇ ਹੀ ਵਿਕਾਸ ਦੀ ਨਵੀਂ ਕਹਾਣੀ ਲਿਖ ਹੋਵੇਗੀ।*

# ਜਿਨ੍ਹਾਂ ਨੇ ਦੁਨੀਆਂ ਨੂੰ ਬਦਲਿਆ



ਗੁਰਚਰਨ ਸਿੰਘ ਨੂਰਪੁਰ

ਇਸ ਦੁਨੀਆ ਨੂੰ ਉਹਨਾਂ ਕੁਝ ਕੁ ਲੋਕਾਂ ਨੇ ਬਦਲਿਆ, ਜਿਨ੍ਹਾਂ ਨੇ ਪੁਰਾਣੀਆਂ ਰਵਾਇਤਾਂ ਦਾ ਤਿਆਗ ਕਰਕੇ ਨਵੇ ਰਾਹਾਂ ਦੀ ਤਲਾਸ਼ ਕੀਤੀ।

ਇਸ ਦੁਨੀਆ ਨੂੰ ਸੋਹਣਾ ਬਣਾਉਣ ਵਿੱਚ ਸਭ ਤੋਂ ਵੱਧ ਰੋਲ ਉਹਨਾਂ ਅਦਾ ਕੀਤਾ, ਜੋ ਧਰਮ-ਕਰਮ ਦੇ ਨਾਂਅ 'ਤੇ ਇਕੱਠੀਆਂ ਹੋਣ ਵਾਲੀਆਂ ਭੀੜਾਂ ਦੇ ਹਿੱਸੇਦਾਰ ਨਹੀਂ ਸਨ। ਭੀੜ ਦਾ ਹਿੱਸਾ ਬਣਨ ਵਾਲੇ ਪ੍ਰੰਪਰਾਵਾਂ ਅਨੁਸਾਰ ਚਲਦੇ ਹਨ ਅਤੇ ਬਣੀਆਂ-ਬਣਾਈਆਂ ਰਵਾਇਤਾਂ ਨੂੰ ਜਾਰੀ ਰੱਖਣ ਲਈ ਮਰਨ-ਮਾਰਨ ਲਈ ਤਿਆਰ ਹੋ ਜਾਂਦੇ ਸਨ। ਇਹੋ ਲੋਕ ਸਨ, ਜਿਹਨਾਂ ਨੇ ਜਦੋਂ ਰੇਲ ਗੱਡੀ ਈਜਾਦ ਹੋਈ ਤਾਂ ਇਸ ਦਾ ਇਹਨਾਂ ਡਟ ਕੇ ਵਿਰੋਧ ਕੀਤਾ ਤੇ ਮਗਰੋਂ ਇਸ ਵਿੱਚ ਝੂਟੇ ਵੀ ਲਏ। ਇਹੋ ਹੀ ਸਨ, ਜਿਨ੍ਹਾਂ ਨੇ ਮੁਰਦਾ ਸਰੀਰਾਂ ਦੀ ਚੀੜ-ਫਾੜ ਕਰਕੇ ਇਸ ਦੇ ਰੋਗਾਂ ਨੂੰ ਲੱਭਣ ਵਾਲੇ ਡਾਕਟਰਾਂ, ਸਰੀਰ ਵਿਗਿਆਨੀਆਂ ਨੂੰ ਜਿਉਂਦਿਆਂ ਨੂੰ ਜਲਾ ਦਿੱਤਾ। ਜਦੋਂ ਬਿਜਲੀ ਦੀ ਖੋਜ ਹੋਈ ਤਾਂ ਭੀੜ ਨੇ ਕਿਹਾ ਕਿ ਜਦੋਂ ਪਾਣੀ ਵਿੱਚੋਂ ਬਿਜਲੀ ਹੀ ਕੱਢ ਲਈ ਤਾਂ ਇਹ ਪਾਣੀ ਸਾਡੇ ਕਿਸ ਕੰਮ ਦਾ? ਇਸੇ ਬਿਜਲੀ ਨੇ ਫਿਰ ਪੂਰੀ ਦੁਨੀਆ ਦੀਆਂ ਰਾਤਾਂ ਨੂੰ ਰੌਸ਼ਨ ਕਰ ਦਿੱਤਾ। ਕਿਸੇ ਜੋਤਸ਼ੀ ਨੇ ਕਦੇ ਇਹ ਨਹੀਂ ਦੱਸਿਆ ਕਿ ਏ ਆਈ ਨੂੰ ਕਿਵੇਂ ਈਜਾਦ ਕੀਤਾ ਜਾ ਸਕਦਾ ਹੈ, ਪਰ ਜਦੋਂ ਏ ਆਈ ਈਜਾਦ ਹੋਈ ਤਾਂ ਏ ਆਈ ਜੋਤਸ਼ੀ ਵੀ ਸਾਡਾ ਭਵਿੱਖ ਦੱਸਣ ਲਈ ਪ੍ਰਗਟ ਹੋ ਗਏ।

ਦੁਨੀਆ ਨੂੰ ਬਦਲਣ ਵਾਲੇ ਕੁਝ ਕੁ ਇਨਸਾਨਾਂ ਵਿੱਚ ਇੱਕ ਬੜਾ ਵਿਲੱਖਣ ਨਾਂਅ ਹੈ ਥਾਮਸ ਅਲਵਾ ਐਡੀਸਨ। ਉਸ ਨੂੰ ਸਕੂਲ 'ਚੋਂ ਇਸ ਲਈ ਕੱਢ ਦਿੱਤਾ ਗਿਆ ਕਿ ਅਧਿਆਪਕ ਨੇ ਮਹਿਸੂਸ ਕੀਤਾ ਕਿ ਇਹ ਬੱਚਾ ਪੜ੍ਹਨ-ਲਿਖਣ ਦੇ ਕਾਬਲ ਨਹੀਂ। ਅਧਿਆਪਕ ਨੇ ਇੱਕ ਚਿੱਠੀ ਲਿਖੀ ਮਾਸੂਮ ਐਡੀਸਨ ਦੀ ਜੇਬ ਵਿੱਚ ਪਾਈ ਤੇ ਸਕੂਲ 'ਚੋਂ ਸਦਾ ਲਈ ਇਸ ਦੀ ਛੁੱਟੀ ਕਰ ਦਿੱਤੀ। ਛੋਟਾ ਜਿਹਾ ਬੱਚਾ ਸੀ ਉਹ ਅਜੇ ਪੜ੍ਹਨਾ-ਲਿਖਣਾ ਸਿੱਖ ਰਿਹਾ ਸੀ, ਉਹਨੇ ਆ ਕੇ ਚਿੱਠੀ ਆਪਣੀ ਮਾਂ ਨੂੰ ਦਿੱਤੀ। ਚਿੱਠੀ ਪੜ੍ਹਦਿਆਂ ਸਾਰ ਮਾਂ ਦੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ। ਲਿਖਿਆ ਸੀ, 'ਇਸ ਬੱਚੇ ਦਾ ਦਿਮਾਗ ਪੜ੍ਹਾਈ ਵਿੱਚ ਦੂਜੇ ਬੱਚਿਆਂ ਵਾਂਗ ਕੰਮ ਨਹੀਂ ਕਰਦਾ। ਇਹ ਮੰਦਬੁੱਧੀ ਹੈ ਅਤੇ ਪੜ੍ਹਨ ਦੇ ਲਾਇਕ ਨਹੀਂ। ਇਸ ਲਈ ਅਸੀਂ ਇਸ ਨੂੰ ਸਕੂਲ ਵਿੱਚ ਨਹੀਂ ਰੱਖ ਸਕਦੇ।'

ਮਾਸੂਮ ਐਡੀਸਨ ਨੇ ਜਦੋਂ ਆਪਣੀ ਮਾਂ ਨੂੰ ਪੁੱਛਿਆ, 'ਅਧਿਆਪਕ ਸਾਹਿਬ ਨੇ ਚਿੱਠੀ ਵਿੱਚ ਕੀ ਲਿਖਿਆ ਹੈ?' ਤਾਂ ਉਸ ਨੇ ਜੋ ਜਵਾਬ ਦਿੱਤਾ, ਉਸ ਨੂੰ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਜਾਣਾ ਚਾਹੀਦਾ ਹੈ। ਉਹਨਾਂ ਬੋਲਾਂ ਨੇ ਐਡੀਸਨ ਨੂੰ ਹੀ ਮਹਾਨ ਨਹੀਂ ਬਣਾਇਆ, ਸਗੋਂ ਉਹਨਾਂ ਦੋ ਵਾਕਾਂ ਵਿੱਚ ਇਸ ਦੁਨੀਆ ਨੂੰ ਸੋਹਣੀ ਬਣਾਉਣ ਦਾ ਹੁਨਰ ਛੁਪਿਆ ਹੋਇਆ ਸੀ। ਉਸ ਕਿਹਾ, 'ਅਧਿਆਪਕ ਨੇ ਲਿਖਿਆ ਹੈ ਕਿ ਤੁਹਾਡਾ ਬੱਚਾ ਬੜਾ ਜੀਨੀਅਸ ਹੈ। ਇਸ ਨੂੰ ਪੜ੍ਹਨ ਲਈ ਕਿਸੇ ਵੱਡੇ ਸਕੂਲ ਦੀ ਲੋੜ ਹੈ। ਇਹ ਏਨਾ ਜ਼ਿਆਦਾ ਬੁੱਧੀਮਾਨ ਹੈ ਕਿ ਸਾਡੇ ਕੋਲ ਇਸ ਨੂੰ ਸਿਖਿਅਤ ਕਰਨ ਦੀ ਸਮਰੱਥਾ ਨਹੀਂ। ਇਸ ਲਈ ਇਸ ਨੂੰ ਕਿਸੇ ਵੱਡੇ ਸਕੂਲ ਵਿੱਚ ਦਾਖਲ ਕਰਵਾਓ। ਇਹ ਇੱਕ ਦਿਨ ਬਹੁਤ ਵੱਡਾ ਬੰਦਾ ਬਣੇਗਾ।' ਇਹਨਾਂ ਸ਼ਬਦਾਂ ਨੇ ਐਡੀਸਨ ਦੀ ਹੀ ਤਕਦੀਰ ਨਹੀਂ ਬਦਲੀ, ਬਲਕਿ ਕਹਿ ਸਕਦੇ ਹਾਂ ਕਿ ਇਸ ਦੁਨੀਆ ਦੀ ਵੀ ਤਕਦੀਰ ਬਦਲ ਦਿੱਤੀ। ਇਸ ਮਗਰੋਂ ਐਡੀਸਨ ਕਿਸੇ ਸਕੂਲ, ਕਾਲਜ ਨਹੀਂ ਗਿਆ, ਉਸ ਦੇ ਮਾਂ ਨੇ ਉਸ ਨੂੰ ਘਰ ਵਿੱਚ ਹੀ ਪੜ੍ਹਨਾ, ਲਿਖਣਾ ਸਿਖਾਇਆ ਜਿਸ ਨਾਲ ਉਹ ਕਿਤਾਬਾਂ ਪੜ੍ਹਨ ਵਿੱਚ ਰੁਚੀ ਲੈਣ ਲੱਗਾ। ਕਿਤਾਬਾਂ ਪੜ੍ਹਨ ਵਿੱਚ ਉਹਦੀ ਰੁਚੀ ਵਧਦੀ ਗਈ ਅਤੇ ਉਹ ਹਰ ਦਿਨ ਇਹਨਾਂ ਨੂੰ ਪੜ੍ਹਨ ਨਹੀਂ, ਬਲਕਿ ਸਿੱਖਣ ਲੱਗ ਪਿਆ। ਨਵੀਆਂ ਚੀਜ਼ਾਂ ਨੂੰ ਸਿੱਖਣ ਦੀ ਪ੍ਰਵਿਰਤੀ ਤੋਂ ਹੀ ਉਸ ਨੂੰ ਦੁਨੀਆਂ ਤੋਂ ਕੁਝ ਹਟ ਕੇ ਨਵਾਂ ਸੋਚਣ, ਸਮਝਣ ਤੇ ਕੁਝ ਕਰਨ ਦਾ ਹੁਨਰ ਆਇਆ।

1879 ਵਿੱਚ ਬਲਬ ਦੀ ਖੋਜ ਕਰਕੇ ਦੁਨੀਆ ਨੂੰ ਹੈਰਾਨ ਕਰ ਦਿੱਤਾ। ਉਸ ਨੇ ਫੋਨੋਗ੍ਰਾਫ ਆਵਾਜ਼ ਨੂੰ ਰਿਕਾਰਡ ਕਰਨ ਵਾਲਾ ਜੰਤਰ ਤਿਆਰ ਕੀਤਾ ਜੋ ਗੀਤ-ਸੰਗੀਤ, ਆਵਾਜ਼ ਨੂੰ ਰਿਕਾਰਡ ਕਰਨ ਦੀ ਖੋਜ ਦਾ ਜ਼ਰੀਆ ਬਣਿਆ। ਅੱਜਕੱਲ੍ਹ ਦਾ ਸਿਨੇਮਾ ਮੋਸ਼ਨ ਪਿਕਚਰ ਜਿਸ ਨੂੰ ਕਿਨੇਟੋਸਕੋਪ ਕਿਹਾ ਜਾਂਦਾ ਹੈ, ਕਿਸੇ ਸੀਨ ਦੀ ਰਿਕਾਰਡਿੰਗ ਅਤੇ ਪ੍ਰਦਰਸ਼ਨ ਕਰਨ ਵਾਲੀ ਮਸ਼ੀਨ ਬਣਾ ਕੇ ਐਡੀਸਨ ਨੇ ਦੁਨੀਆ ਵਿੱਚ ਵੱਡੀ ਤਬਦੀਲੀ ਲੈ ਆਂਦੀ। ਉਸ ਨੇ ਕਾਰਬਨ ਮਾਈਕਰੋਫੋਨ ਟੈਲੀਫੋਨ ਦੀ ਆਵਾਜ਼ ਵਿੱਚ ਸੁਧਾਰ ਕਰਨ ਵਾਲਾ ਜੰਤਰ ਬਣਾਇਆ, ਜਿਸ ਨਾਲ ਇੱਕ ਥਾਂ ਤੋਂ ਦੂਜੀ ਥਾਂ 'ਤੇ ਆਵਾਜ਼ ਨੂੰ ਸਪੱਸ਼ਟ ਸੁਣਿਆ ਜਾਣ ਲੱਗਾ।

ਐਡੀਸਨ ਦੀ ਮਾਂ ਜਿਸ ਦਾ ਨਾਂਅ ਨੈਂਸੀ ਮੈਥਿਊਜ਼ ਐਲੀਅਟ ਸੀ, ਦੁਨੀਆ ਦੀਆਂ ਕੁਝ ਕੁ ਸੋਹਣੀਆਂ ਤੇ ਸੂਝਵਾਨ ਮਾਵਾਂ ਵਿੱਚੋਂ ਇੱਕ ਸੀ, ਜਿਸ ਨੇ ਆਪਣੀ ਸਮਝ ਨਾਲ ਆਪਣੇ ਪੁੱਤਰ ਨੂੰ ਮਹਾਨ ਵਿਗਿਆਨੀ ਬਣਾਉਣ ਵਿੱਚ ਵੱਡੀ ਭੂਮਿਕਾ ਅਦਾ ਕੀਤੀ।

ਜੀਵ ਵਿਕਾਸ ਦੀ ਗੁੱਥੀ ਨੂੰ ਸੁਲਝਾ ਕੇ ਦੁਨੀਆ ਨੂੰ ਹਿਲਾ ਦੇਣ ਵਾਲੇ ਚਾਰਲਸ ਡਾਰਵਿਨ ਨੂੰ ਸਕੂਲੀ ਪੜ੍ਹਾਈ ਵਿੱਚ ਕੋਈ ਖਾਸ ਦਿਲਚਸਪੀ ਨਹੀਂ ਸੀ। ਉਸ ਦੇ ਅਧਿਆਪਕਾਂ ਅਨੁਸਾਰ ਉਹ ਕੀੜੇ-ਮਕੌੜੇ ਤੇ ਪੰਛੀ ਫੜਨ ਵਾਲਾ ਸ਼ਖਸ ਸੀ। ਸ਼ੁਰੂ ਵਿੱਚ ਉਹ ਆਪਣੀ ਖੋਜ ਲਈ ਮਜ਼ਾਕ ਦਾ ਪਾਤਰ ਵੀ ਬਣਦਾ ਰਿਹਾ, ਪਰ ਉਸ ਦੀ ਜ਼ਿੰਦਗੀ ਵਿੱਚ ਉਦੋਂ ਇੱਕ ਵਿਸ਼ੇਸ਼ ਮੋੜ ਆਇਆ, ਜਦੋਂ ਉਸ ਨੇ ਬੀਗਲ ਜਹਾਜ਼ ਜਿਸ ਦੇ ਯਾਤਰੀਆਂ ਨੇ ਧਰਤੀ ਦਾ ਨਕਸ਼ਾ ਬਣਾਉਣ ਲਈ ਯਾਤਰਾ 'ਤੇ ਜਾਣਾ ਸੀ, ਨਾਲ ਜਾਣ ਦਾ ਮੌਕਾ ਮਿਲਿਆ। ਇਸ ਵਿਸ਼ੇਸ਼ ਸਮੁੰਦਰੀ ਜਹਾਜ਼ ਰਾਹੀਂ ਉਹ ਪੰਜ ਸਾਲ ਯਾਤਰਾ 'ਤੇ ਰਿਹਾ। ਉਸ ਨੇ ਧਰਤੀ ਦੇ ਵੱਖ-ਵੱਖ ਟਾਪੂਆਂ ਦੱਖਣੀ ਅਮਰੀਕਾ, ਆਸਟਰੇਲੀਆ ਆਦਿ ਸਮੁੰਦਰ ਦੇ ਨਾਲ ਨਾਲ ਲੱਗਦੀਆਂ ਥਾਵਾਂ ਅਤੇ ਇਹਨਾਂ ਵੱਖ-ਵੱਖ ਥਾਵਾਂ 'ਤੇ ਰਹਿੰਦੇ ਪੰਛੀਆਂ, ਪਸ਼ੂਆਂ ਦੇ ਆਕਾਰ, ਰੰਗ-ਰੂਪ ਅਤੇ ਸਰੀਰਕ ਬਣਤਰਾਂ ਦਾ ਡੂੰਘਾਈ ਨਾਲ ਅਧਿਐਨ ਕੀਤਾ ਅਤੇ ਮਗਰੋਂ ਇਸ ਨੂੰ ਜੀਵ ਵਿਕਾਸ ਅਤੇ ਕੁਦਰਤੀ ਚੋਣ ਦੀ ਥਿਊਰੀ ਰਾਹੀਂ ਆਪਣੇ ਸਿਧਾਂਤ ਨੂੰ ਜਦੋਂ ਦੁਨੀਆ ਅੱਗੇ ਰੱਖਿਆ ਤਾਂ ਦੁਨੀਆ ਨੂੰ ਹੈਰਾਨ ਕਰਕੇ ਰੱਖ ਦਿੱਤਾ। ਡਾਰਵਿਨ ਆਪਣੀ ਜੀਵ ਵਿਕਾਸ ਦੀ ਖੋਜ 'ਕੁਦਰਤੀ ਚੋਣ' (ਨੇਚੁਰਲ ਸਿਲੈਕਸ਼ਨ) ਰਾਹੀਂ ਪੂਰੀ ਦੁਨੀਆ ਵਿੱਚ ਪ੍ਰਸਿੱਧ ਹੋਇਆ। ਉਸ ਦੀ ਖੋਜ ਏਨੀ ਪ੍ਰਭਾਵਸ਼ਾਲੀ ਸੀ ਕਿ ਉਸ ਨੇ ਧਰਤੀ 'ਤੇ ਜੀਵਨ ਕਿਵੇਂ ਪਨਪਿਆ, ਇਸ ਦਾ ਵਿਕਾਸ ਕਿਵੇਂ ਹੋਇਆ? ਹਜ਼ਾਰਾਂ ਸਾਲਾਂ ਦੀ ਇਸ ਗੁੱਥੀ ਨੂੰ ਉਸ ਨੇ ਆਪਣੀ ਖੋਜ ਰਾਹੀਂ ਖੋਲ੍ਹ ਕੇ ਰੱਖ ਦਿੱਤਾ।

ਮਹਾਨ ਵਿਗਿਆਨੀ ਜਿਊਨਾਰਦੋ ਬੁਰੋਨੋ, ਗਲੈਲੀਓ ਆਦਿ ਵੀ ਅਜਿਹੇ ਵੱਡੇ ਵਿਗਿਆਨੀ ਹੋਏ ਹਨ, ਜਿਹਨਾਂ ਨੂੰ ਆਪਣੀਆਂ ਖੋਜਾਂ ਕਰਕੇ ਘੋਰ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ। ਇਹ ਦੁਨੀਆ ਦੇ ਕੁਝ ਅਜਿਹੇ ਮਹਾਨ ਵਿਅਕਤੀ ਸਨ, ਜਿਹਨਾਂ ਦੇ ਵਿਚਾਰ ਦੁਨੀਆ ਵਿੱਚ ਵੱਡੀਆਂ ਤਬਦੀਲੀਆਂ ਦੇ ਕਾਰਨ ਬਣੇ।

ਸਿਗਮੰਡ ਫਰਾਇਡ ਨੇ ਪਹਿਲੀ ਵਾਰ ਦੁਨੀਆ ਅੱਗੇ ਮਨ ਦੇ ਰਹੱਸ ਖੋਲ੍ਹ ਕੇ ਆਧੁਨਿਕ ਮਨੋਵਿਗਿਆਨ ਦਾ ਮੁੱਢ ਬੰਨ੍ਹਿਆ। ਉਸ ਤੋਂ ਪਹਿਲਾਂ ਮਾਨਸਿਕ ਰੋਗਾਂ ਨੂੰ ਭੂਤਾਂ-ਪ੍ਰੇਤਾਂ ਅਤੇ ਬੁਰੀਆਂ ਆਤਮਾਵਾਂ ਦਾ ਸਾਇਆ ਮੰਨਿਆ ਜਾਂਦਾ ਸੀ। ਮਾਨਸਿਕ ਰੋਗੀਆਂ ਖਾਸ ਕਰਕੇ ਔਰਤਾਂ ਜੋ ਮਾਨਸਿਕ ਰੋਗੀ ਹੋ ਜਾਂਦੀਆਂ ਸਨ, ਇਹਨਾਂ ਨੂੰ ਚੁੜੇਲਾਂ, ਕੁਚੀਲਾਂ ਸਮਝ ਕੇ ਜ਼ਿੰਦਾ ਸਾੜਨ ਦਾ ਮਨੁੱਖਤਾ ਦਾ ਇੱਕ ਲੰਮਾ ਇਤਿਹਾਸ ਰਿਹਾ ਹੈ। ਪੱਛਮੀ ਮੁਲਕਾਂ ਵਿੱਚ ਵੀ ਮਾਨਸਿਕ ਰੋਗੀ ਔਰਤਾਂ ਨੂੰ ਚੁੜੇਲਾਂ ਸਮਝ ਕੇ ਲੋਹੇ ਦੀ ਕੁਰਸੀ ਨਾਲ ਬੰਨ੍ਹ ਕੇ ਹੇਠਾਂ ਅੱਗ ਬਾਲ ਦਿੱਤੀ ਜਾਂਦੀ ਸੀ। ਮਾਨਸਿਕ ਰੋਗੀਆਂ ਦੇ ਮਨ ਦੀ ਵੇਦਨਾ ਸਮਝਣ ਦੀ ਬਜਾਏ ਇਹਨਾਂ ਰੋਗੀਆਂ ਨੂੰ ਘੋਰ ਤਸੀਹੇ ਦੇ ਕੇ ਮਾਰਿਆ ਜਾਂਦਾ ਰਿਹਾ। ਅੱਜ ਵੀ ਅਖੌਤੀ ਸਿਆਣੇ ਸਾਧ ਭੂਤ-ਪ੍ਰੇਤ ਕੱਢਣ ਦੇ ਨਾਂਅ 'ਤੇ ਮਾਨਸਿਕ ਰੋਗੀਆਂ ਤੇ ਤਸ਼ੱਦਦ ਕਰਦੇ ਹਨ, ਇਹਨਾਂ ਨੂੰ ਕੁੱਟਦੇ ਮਾਰਦੇ ਹਨ। ਸਿਗਮੰਡ ਫਰਾਇਡ ਦੇ ਮਨ ਦੀਆਂ ਗੁੰਝਲਾਂ ਨੂੰ ਜਾਨਣ, ਸਮਝਣ ਅਤੇ ਖੋਹਲਣ ਵਾਲੀ ਖੋਜ ਨਾਲ ਮਾਨਸਿਕ ਬਿਮਾਰੀਆਂ ਨੂੰ ਸਮਝਿਆ ਗਿਆ ਅਤੇ ਇਹਨਾਂ ਦੇ ਹੱਲ ਲੱਭਣ ਵੱਲ ਦੁਨੀਆਂ ਨੇ ਪੁਲਾਂਘ ਪੁੱਟੀ। ਇਸੇ ਦੀ ਬਦੌਲਤ ਦੁਨੀਆ ਵਿੱਚੋਂ ਪਾਗਲਖਾਨੇ ਖਤਮ ਕਰ ਦਿੱਤੇ ਗਏ, ਕਿਉਂਕਿ ਪਾਗਲਪਣ ਦਾ ਹੁਣ ਪੂਰੀ ਤਰ੍ਹਾਂ ਇਲਾਜ ਸੰਭਵ ਹੈ।

ਲੂਈਸ ਪਾਸਚਰ ਨਾਂਅ ਦੇ ਮਹਾਨ ਵਿਗਿਆਨੀ ਨੇ ਦੁਨੀਆਂ ਨੂੰ ਪਹਿਲੀ ਵਾਰ ਇਹ ਦੱਸਿਆ ਕਿ ਸਾਡੇ ਆਲੇ-ਦੁਆਲੇ ਜੀਵਾਣੂਆਂ ਕੀਟਾਣੂਆਂ ਵਿਸ਼ਾਣੂਆਂ ਦਾ ਇੱਕ ਸੰਸਾਰ ਹੈ, ਜੋ ਧਰਤੀ ਦੇ ਜੀਵ-ਜੰਤੂਆਂ, ਰੁੱਖਾਂ ਦਰੱਖਤਾਂ, ਬਨਸਪਤੀਆਂ ਅਤੇ ਮਨੁੱਖਾਂ ਦੇ ਜੀਵਨ ਨੂੰ ਪ੍ਰਭਾਵਿਤ ਕਰਦਾ ਹੈ, ਇਸ ਨਾਲ ਬਿਮਾਰੀਆਂ, ਦੁਸ਼ਵਾਰੀਆਂ, ਮਹਾਂਮਾਰੀਆਂ ਫੈਲਦੀਆਂ ਹਨ। ਉਸ ਦੀ ਇਸ ਖੋਜ ਨਾਲ ਦੁਨੀਆ ਭਰ ਦੇ ਡਾਕਟਰੀ ਵਿਗਿਆਨ ਦੇ ਖੇਤਰ ਵਿੱਚ ਇੱਕ ਵੱਡਾ ਇਨਕਲਾਬ ਆਇਆ। ਹਜ਼ਾਰਾਂ ਸਾਲਾਂ ਤੋਂ ਫੈਲਦੀਆਂ ਆ ਰਹੀਆਂ ਬਿਮਾਰੀਆਂ ਦੇ ਕਾਰਨਾਂ ਨੂੰ ਜਾਣਿਆ, ਸਮਝਿਆ ਜਾਣ ਲੱਗਾ ਅਤੇ ਇਹਨਾਂ ਦੇ ਇਲਾਜ ਖੋਜੇ ਗਏ। ਇਹੋ ਹੀ ਮਹਾਨ ਵਿਗਿਆਨੀ ਸੀ, ਜਿਸ ਨੇ ਰੈਬੀਜ਼ ਦੇ ਟੀਕੇ ਦੀ ਖੋਜ ਕਰਕੇ ਦੁਨੀਆ ਦੇ ਲੱਖਾਂ ਲੋਕਾਂ ਨੂੰ ਹਲਕਾਅ ਨਾਲ ਹੋਣ ਵਾਲੀਆਂ ਮੌਤਾਂ ਤੋਂ ਨਿਜਾਤ ਦਿਵਾਈ।

ਨਿਊਟਨ, ਆਈਨਸਟਾਈਨ ਅਤੇ ਬਿਜਲੀ ਖੋਜ ਦੇ ਮੋਢੀ ਬੈਂਜਾਮਿਨ ਫਰੈਂਕਲਿਨ ਅਜਿਹੇ ਮਹਾਨ ਵਿਗਿਆਨੀ ਹੋਏ ਹਨ, ਜਿਹਨਾਂ ਦੀ ਬਦੌਲਤ ਇਹ ਦੁਨੀਆ ਤਬਦੀਲ ਹੋਈ। ਭਵਿੱਖ ਵਿੱਚ ਅਸੀਂ ਇਸ ਧਰਤੀ ਦੇ ਵਾਸੀ ਇੱਕ ਅਜਿਹੇ ਪੜਾਅ 'ਤੇ ਆਣ ਖੜ੍ਹੇ ਹੋਏ ਹਾਂ, ਜਿੱਥੇ ਦੁਨੀਆ ਉੱਕਾ ਹੀ ਤਬਦੀਲ ਹੋ ਜਾਵੇਗੀ। ਅਗਲੇ ਦਸ ਸਾਲਾਂ ਤੱਕ ਦੁਨੀਆ ਵਿੱਚ ਏ ਆਈ ਦਾ ਪ੍ਰਭਾਵ ਵਿਆਪਕ ਹੋ ਜਾਵੇਗਾ ਤੇ ਇਹ ਦੁਨੀਆ ਬੜੀ ਵਿਲੱਖਣ ਬਣ ਜਾਵੇਗੀ।

ਇਸ ਕਾਇਨਾਤ ਵਿੱਚ ਸਭ ਕੁਝ ਬਦਲ ਰਿਹਾ ਹੈ। ਇਹ ਬਦਲਾਅ ਸਦੀਵੀ ਹੈ, ਜੋ ਅੱਜ ਨਹੀਂ ਉਹ ਕੱਲ੍ਹ ਹੋ ਸਕਦਾ ਹੈ। ਸਮੇਂ ਦੇ ਬਦਲਣ ਦੇ ਨਾਲ-ਨਾਲ ਵਿਚਾਰਾਂ ਦਾ ਵਿਕਾਸ ਵੀ ਬੜਾ ਜ਼ਰੂਰੀ ਹੁੰਦਾ ਹੈ। ਦੁਨੀਆ ਦੇ ਜਿਹੜੇ ਜਿਹੜੇ ਖਿੱਤਿਆਂ ਵਿੱਚ ਬਦਲਾਅ ਦਾ ਵਿਰੋਧ ਹੁੰਦਾ ਹੈ ਇਹ ਖਿੱਤੇ ਦੁਨੀਆਂ ਨਾਲੋਂ ਪਛੜ ਜਾਂਦੇ ਹਨ। ਵਿਚਾਰਸ਼ੀਲ ਅਤੇ ਵਿਵੇਕਸ਼ੀਲ ਹੋਣ ਦਾ ਇੱਕੋ-ਇੱਕ ਰਾਹ ਹੈ ਵਿਗਿਆਨਕ ਸੋਚ। ਵਿਗਿਆਨਕ ਢੰਗ ਅਤੇ ਵਿਗਿਆਨਕ ਸੋਚ ਨਾਲ ਹੀ ਮਨੁੱਖ ਆਪਣੇ ਦੌਰ ਦੀਆਂ ਮੁਸ਼ਕਲਾਂ, ਸਮੱਸਿਆਵਾਂ ਤੋਂ ਛੁਟਕਾਰਾ ਪਾ ਸਕਦਾ ਹੈ।

**# ਸੰਪਰਕ : 98550-51099**

# ਮਹਾਨ ਕ੍ਰਾਂਤੀਕਾਰੀ ਸਤਿਗੁਰੂ ਰਾਮ ਸਿੰਘ ਜੀ

**ਡਾ. ਜੋਗਾ ਸਿੰਘ**

ਸਿੱਖੀ ਮਰਯਾਦਾ ਦੀ ਤਰਸਯੋਗ ਹਾਲਤ ਅਤੇ ਗੁਲਾਮੀ ਦੀਆਂ ਜ਼ੰਜੀਰਾਂ 'ਚ ਜਕੜੇ ਲੋਕਾਂ ਦੇ ਜੀਵਨ 'ਚ ਖੇੜਾ ਲਿਆਉਣ ਵਾਲੇ ਰਹਿਬਰ, ਸਤਿਗੁਰੂ ਰਾਮ ਸਿੰਘ ਜੀ ਦਾ ਅਵਤਾਰ 3 ਫਰਵਰੀ 1816 ਨੂੰ ਪਿੰਡ ਰਾਈਆ (ਲੁਧਿਆਣਾ) ਵਿਖੇ ਹੋਇਆ। ਆਪ ਜੀ ਬਚਪਨ ਤੋ ਹੀ ਧਾਰਮਕ ਸੋਚ ਵਾਲੇ ਸਨ। ਨਾਮ-ਬਾਣੀ ਦਾ ਅਭਿਆਨ ਕਰਦੇ ਤੇ ਕਰਾਉਂਦੇ ਸਨ। ਮਹਾਰਾਜਾ ਰਣਜੀਤ ਸਿੰਘ ਦੀ ਫੌਜ ਦੀ ਕੰਵਰ ਨੌਨਿਹਾਲ ਸਿੰਘ ਪਲਟਨ ਵਿਚ ਭਰਤੀ ਹੋ ਗਏ। ਆਪ ਜੀ ਮਸਤਾਨੀ ਬਿਰਤੀ 'ਚ ਰਹਿੰਦੇ ਸਨ। ਇਸ ਕਰਕੇ ਪਲਟਨ ਦਾ ਨਾਂਅ 'ਭਗਤਾਂ ਦੀ ਪਲਟਨ' ਪੈ ਗਿਆ।

ਫੌਜ ਦੀ ਨੌਕਰੀ ਦੌਰਾਨ ਸੰਨ 1814 'ਚ ਆਪ ਜੀ ਦੀ ਭੇਟ ਸਤਿਗੁਰੂ ਬਾਲਕ ਸਿੰਘ ਨਾਲ ਹੋਈ। ਉਹਨਾ ਆਪ ਜੀ ਨੂੰ ਗੁਰਮੰਤ੍ਰ ਦਿੱਤਾ ਅਤੇ ਲੁਕਾਈ ਨੂੰ ਭਲੇ ਪਾਸੇ ਲਗਾਉਣ ਲਈ ਗੁਰੂ ਪਦਵੀ ਦਿੱਤੀ। ਫੌਜ 'ਚ ਆਪ ਜੀ ਨੇ ਦੇਖਿਆ ਕਿ ਸਿੱਖਾਂ ਦਾ ਸਿੱਖੀ ਚਰਿੱਤਰ ਬਹੁਤ ਗਿਰ ਗਿਆ ਹੈ। ਗੁਰੂ-ਸ਼ਿਸ ਪ੍ਰੰਪਰਾ ਅਲੋਪ ਹੋ ਗਈ ਹੈ। ਸਿੱਖ ਮਾਸ, ਸ਼ਰਾਬ, ਨਸ਼ਿਆਂ ਦਾ ਸੇਵਨ ਕਰਦੇ ਹਨ। ਵੇਸਵਾ ਦਾ ਸੰਗ ਕਰਨ ਤੋਂ ਵੀ ਪਰਹੇਜ਼ ਨਹੀਂ ਕਰਦੇ। ਅੰਮ੍ਰਿਤ ਵੇਲੇ ਸਣਕੇਸੀ ਇਸ਼ਨਾਨ, ਗੁਰਬਾਣੀ ਦਾ ਪਾਠ, ਨਾਮ ਦਾ ਸਿਮਰਨ, ਸਾਤਵਿਕ ਜੀਵਨ ਆਦਿ ਵਿਸਰ ਗਿਆ ਹੈ। ਮੁਦਕੀ ਦੀ ਲੜਾਈ 'ਚ ਸਿੱਖਾਂ ਦੀ ਹਾਰ ਦਾ ਆਪ ਜੀ ਨੂੰ ਆਭਾਸ ਹੋ ਗਿਆ ਸੀ। ਸੋ ਸੰਨ 1845 'ਚ ਨੌਕਰੀ ਤਿਆਗ ਭੈਣੀ ਸਾਹਿਬ ਪਹੁੰਚ ਨਾਮ ਸਿਮਰਨ ਦੀ ਕਠਿਨ ਤਪੱਸਿਆ ਆਰੰਭ ਕਰ ਦਿੱਤੀ।

12 ਅਪ੍ਰੈਲ 1857 ਨੂੰ ਵਿਸਾਖੀ ਵਾਲੇ ਦਿਨ ਆਪ ਜੀ ਨੇ ਭੈਣੀ ਸਾਹਿਬ ਵਿਖੇ ਪੰਜ ਸਿੰਘਾਂ ਨੂੰ ਖੰਡੇ-ਬਾਟੇ ਦਾ ਅੰਮ੍ਰਿਤ ਛਕਾ ਕੇ ਸੰਤ ਖਾਲਸੇ ਦੀ ਸਾਜਨਾ ਕੀਤਾ। ਉਸੇ ਦਿਨ ਪਿਆਰ, ਸ਼ਾਂਤੀ ਤੇ ਅਜ਼ਾਦੀ ਦਾ ਪ੍ਰਤੀਕ ਸਫੈਦ ਝੰਡਾ ਵੀ ਫਹਿਰਾ ਦਿੱਤਾ। ਆਪ ਜੀ ਨੇ ਪਤਿਤ ਹੋਏ ਸਿੱਖਾਂ ਨੂੰ ਉੱਚੇ-ਸੁੱਚੇ ਚਰਿੱਤਰ ਵਾਲੇ ਬਣਾਇਆ । ਸੰਤ ਤੇ ਸੂਰਮੇ ਬਣਾਏ। ਸਮਾਜਕ ਕੁਰੀਤੀਆਂ ਜਿਵੇਂ ਕਿ ਲੜਕੀਆਂ ਦਾ ਮਾਰਨਾ, ਵੇਚਣਾ, ਵੱਟਾ ਕਰਨਾ ਬੰਦ ਕੀਤਾ, ਵਿਧਵਾ ਵਿਆਹ ਦੀ ਖੁੱਲ੍ਹ ਦਿੱਤੀ। 1 ਜੂਨ 1863 ਨੂੰ ਪਿੰਡ ਸਿਆੜ (ਲੁਧਿਆਣਾ) ਵਿਖੇ ਬੀਬੀਆਂ ਨੂੰ ਅੰਮ੍ਰਿਤ ਛਕਾ ਕੇ ਸਿੰਘਾਂ ਦੇ ਬਰਾਬਰ ਦੇ ਹੱਕ ਪ੍ਰਦਾਨ ਕੀਤੇ। ਵਿਆਹਾਂ ਦੇ ਪੁਰਾਣੇ ਰੀਤੀ ਰਿਵਾਜ ਸਮਾਜ ਦਾ ਬੋਝ ਬਣੇ ਹੋਏ ਸਨ। ਆਪ ਜੀ ਨੇ 3 ਜੂਨ 1863 ਨੂੰ ਪਿੰਡ ਖੋਟੇ (ਫਿਰੋਜ਼ਪੁਰ) ਵਿਖੇ ਸਿੱਖਾਂ ਦੀ ਆਪਣੀ ਅਨੰਦ ਮਰਯਾਦਾ ਆਰੰਭ ਕੀਤੀ। ਇਸ ਮੌਕੇ ਹਵਨ ਕਰ, ਬੇਦੀ ਗੱਡ, ਆਦਿ ਸ੍ਰੀ ਗੁਰੂ ਗ੍ਰੰਥ ਜੀ ਤੋਂ ਲਾਵਾਂ ਦਾ ਪਾਠ ਪੜ੍ਹ, ਸਮੂਹਕ ਛੇ ਅੰਤਰਜਾਤੀ ਬਿਨਾਂ ਦਾਜ ਦਹੇਜ ਵਿਆਹ ਕੀਤੇ। ਇਸੇ ਆਧਾਰ 'ਤੇ 'ਅਨੰਦ ਮੈਰਿਜ ਐਕਟ 1909' ਪਾਸ ਹੋਇਆ।



ਗੁਲਾਮੀ ਦੀਆਂ ਜ਼ੰਜੀਰਾਂ ਤੋੜਨ ਲਈ ਆਪ ਜੀ ਨੇ ਅਜ਼ਾਦੀ ਦੀ ਲੜਾਈ ਦਾ ਮੁੱਢ ਬੰਨ੍ਹਿਆ। ਨਾ-ਮਿਲਵਰਤਣ ਅਤੇ ਵਿਦੇਸ਼ੀ ਬਾਈਕਾਟ ਲਹਿਰਾਂ ਚਲਾਈਆਂ। ਅੰਗ੍ਰੇਜ਼ੀ ਸਕੂਲਾਂ, ਕੱਪੜੇ, ਅਦਾਲਤਾਂ, ਨੌਕਰੀ, ਡਾਕ, ਰੇਲ ਗੱਡੀ ਦਾ ਬਾਈਕਾਟ ਕਰਵਾਇਆ। ਗਊ ਰੱਖਿਆ ਖਾਤਰ ਬੁੱਚੜਖਾਨਿਆ ਦਾ ਵਿਰੋਧ ਕੀਤਾ। ਰਾਏਕੋਟ, ਅੰਮ੍ਰਿਤਸਰ, ਮਲੇਰਕੋਟਲਾ ਥਾਵਾਂ 'ਤੇ ਨਾਮਧਾਰੀ ਸਿੰਘਾਂ ਨੇ ਹਮਲੇ ਕਰਕੇ ਬੁੱਚੜਾਂ ਨੂੰ ਮਾਰ ਕੇ ਗਊਆਂ ਨੂੰ ਅਜ਼ਾਦ ਕਰਵਾਇਆ ਅਤੇ ਬੁੱਚੜਖਾਨੇ ਬੰਦ ਕਰਵਾਏ। ਅੰਗਰੇਜ਼ੀ ਹਕੂਮਤ ਆਪ ਜੀ ਤੇ ਨਾਮਧਾਰੀਆਂ ਤੋਂ ਭੈਅ ਭੀਤ ਹੋ ਗਈ। ਆਪਣੀ ਹਕੂਮਤ ਕਾਇਮ ਰੱਖਣ ਖਾਤਰ ਨਾਮਧਾਰੀਆਂ ਨੂੰ ਫਾਂਸੀਆਂ 'ਤੇ ਲਟਕਾਇਆ, ਤੋਪਾਂ ਨਾਲ ਉਡਾਇਆ, ਕਾਲੇ ਪਾਣੀ ਦੀਆਂ ਸਜ਼ਾਵਾਂ ਦਿੱਤੀਆਂ, ਸਮੁੰਦਰਾਂ 'ਚ ਡੋਬਿਆ। ਭੈਣੀ ਸਾਹਿਬ 50 ਸਾਲ ਤੱਕ ਪੁਲਸ ਚੌਕੀ ਤਸ਼ੱਦਦ ਕਰਦੀ ਰਹੀ। 18 ਜਨਵਰੀ 1872 ਨੂੰ ਸਤਿਗੁਰੂ ਰਾਮ ਸਿੰਘ ਜੀ ਨੂੰ ਹਿਰਾਸਤ 'ਚ ਲੈ ਕੇ ਦੇਸ਼ ਨਿਕਾਲਾ ਦੇ ਦਿੱਤਾ। ਅੰਤ ਸਤਿਗੁਰੂ ਜੀ ਦੀ ਚਲਾਈ ਲਹਿਰ ਸਦਕਾ 15 ਅਗਸਤ 1947 ਨੂੰ ਦੇਸ਼ ਆਜ਼ਾਦ ਹੋਇਆ।

ਬਸੰਤ ਪੰਚਮੀ 'ਤੇ ਮਹਾਨ ਕ੍ਰਾਂਤੀਕਾਰੀ ਸਤਿਗੁਰੂ ਅਤੇ ਅਜ਼ਾਦੀ ਦੇ ਮੋਢੀ ਸਤਿਗੁਰੂ ਰਾਮ ਸਿੰਘ ਨੂੰ ਨਮਸਕਾਰ ਹੈ।

**# ਸੰਪਰਕ : 75086-89061**

# ਬਨਸਪਤਿ ਮਉਲੀ ਚੜ੍ਹਿਆ ਬਸੰਤ ॥



ਦਲਜੀਤ ਰਾਏ ਕਾਲੀਆ

ਬਸੰਤ ਪੰਚਮੀ ਦੇ ਦਿਹਾੜੇ ਤੋਂ ਬਸੰਤ ਰੁੱਤ ਦੀ ਸ਼ੁਰੂਆਤ ਹੁੰਦੀ ਹੈ। ਬਸੰਤ ਖੁਸ਼ੀਆਂ-ਖੇੜਿਆਂ ਦੀ, ਰੁੱਤਾਂ ਦੀ ਰਾਣੀ ਰੁੱਤ ਹੈ। ਸ਼੍ਰੋਮਣੀ ਰੁੱਤ ਬਸੰਤ ਬਾਲਾਂ ਤੇ ਬੁੱਢੇ-ਠੇਰਿਆਂ ਨੂੰ ਠੰਢ ਤੋਂ ਨਿਜਾਤ ਦਿਵਾਉਣ ਵਾਲੀ ਰੁੱਤ ਹੈ। ਇਸੇ ਕਰਕੇ ਤਾਂ ਸਦੀਆਂ ਤੋਂ ਕਿਹਾ ਜਾਂਦਾ ਰਿਹਾ ਹੈ ਕਿ ਆਈ ਬਸੰਤ ਪਾਲਾ ਉਡੰਤ, ਪ੍ਰੰਤੂ ਪਿਛਲੇ ਕੁਝ ਦਹਾਕਿਆਂ ਤੋਂ ਸਾਡੇ ਦੁਆਰਾ ਵਾਤਾਵਰਨ ਨਾਲ ਕੀਤੀ ਜਾ ਰਹੀ ਛੇੜਛਾੜ, ਖਿਲਵਾੜ ਕਰਕੇ ਵਾਤਾਵਰਨ ਵਿੱਚ ਵਿਗਾੜ ਆਇਆ ਹੈ, ਵਾਤਾਵਰਨਕ ਤਬਦੀਲੀਆਂ ਕਾਰਨ ਹੁਣ ਰੁੱਤਾਂ ਮੌਸਮ ਵਿੱਚ ਵੀ ਨਿਸਚਿਤਤਾ ਨਹੀਂ ਰਹੀ। ਕਈ ਵਾਰ ਬਸੰਤ ਤੋਂ ਬਾਅਦ ਵੀ ਪਾਲੇ ਕੋਹਰੇ ਦਾ ਜ਼ੋਰ ਰਹਿੰਦਾ ਹੈ

ਬਸੰਤ ਰੁੱਤ ਦੌਰਾਨ ਨਾ ਬਹੁਤੀ ਸਰਦੀ ਅਤੇ ਨਾ ਬਹੁਤੀ ਗਰਮੀ ਹੁੰਦੀ ਹੈ। ਬਸੰਤ ਰੁੱਤ ਦੇ ਆਗਮਨ ਨਾਲ ਸਰਦੀ ਦਾ ਜ਼ੋਰ ਘਟਣਾ ਸ਼ੁਰੂ ਹੋ ਜਾਂਦਾ ਹੈ। ਸਾਰੇ ਪਾਸੇ ਕਾਇਨਾਤ ਵਿੱਚ ਬਹਾਰ ਆ ਜਾਂਦੀ ਹੈ।ਕੁਦਰਤ ਪੂਰਾ ਸ਼ਿੰਗਾਰ ਲਾ ਕੇ ਜੋਬਨਮੱਤੀ ਜਾਪਦੀ ਹੈ। ਜਿੱਥੇ ਇਹ ਇੱਕ ਮੌਸਮੀ ਤਿਉਹਾਰ ਹੈ, ਉੱਥੇ ਇਸ ਨਾਲ ਬਹੁਤ ਸਾਰੀਆਂ ਮਹੱਤਵਪੂਰਨ ਘਟਨਾਵਾਂ ਵੀ ਜੁੜੀਆਂ ਹੋਈਆਂ ਹਨ।

ਪੌਰਾਣਿਕ ਕਥਾ ਅਨੁਸਾਰ ਜਿਸ ਦਿਨ ਮਾਂ ਸਰਸਵਤੀ ਪ੍ਰਗਟ ਹੋਈ, ਉਸ ਦਿਨ ਬਸੰਤ ਪੰਚਮੀ ਦਾ ਦਿਨ ਸੀ। ਇਸ ਦਿਨ ਨੂੰ ਗਿਆਨ ਪੰਚਮੀ, ਸਰਸਵਤੀ ਪੰਚਮੀ ਵੀ ਕਿਹਾ ਜਾਂਦਾ ਹੈ ਅਤੇ ਸਨਾਤਨ ਹਿੰਦੂ ਧਰਮ ਵਿੱਚ ਇਸ ਦਿਨ ਮਾਂ ਸਰਸਵਤੀ ਦੀ ਪੂਜਾ ਲੋਕਾਂ ਵੱਲੋਂ ਪੀਲੇ ਵਸਤਰ ਪਹਿਨ ਕੇ ਪੀਲੇ ਫੁੱਲਾਂ ਅਤੇ ਪੀਲੇ ਖਾਧ ਪਦਾਰਥਾਂ ਨਾਲ ਸ਼ਰਧਾ ਨਾਲ ਕੀਤੀ ਜਾਂਦੀ ਹੈ।

ਭਗਤ ਕਬੀਰ ਜੀ ਬਸੰਤ ਰਾਗ ਵਿੱਚ ਆਪਣੀ ਬਾਣੀ ਰਾਹੀਂ ਬਸੰਤ ਰੁੱਤ ਦਾ ਵਰਨਣ ਕਰਦੇ ਹੋਏ ਫ਼ੁਰਮਾਉਂਦੇ ਹਨ:-

*ਮਉਲੀ ਧਰਤੀ ਮਉਲਿਆ ਆਕਾਸੁ।*
*ਘਟਿ ਘਟਿ ਮਉਲਿਆ ਆਤਮ ਪ੍ਰਗਾਸੁ।*
*ਰਾਜਾ ਰਾਮੁ ਮਉਲਿਆ ਅਨਤ ਭਾਇ।*
*ਜਹ ਦੇਖਉ ਤਹ ਰਹਿਆ ਸਮਾਇ ॥ਰਹਾਉ॥*
*ਦੁਤੀਆ ਮਉਲੇ ਚਾਰਿ ਬੇਦ॥*
*ਸਿੰਮ੍ਰਿਤਿ ਮਉਲੀ ਸਿਉ ਕਤੇਬ॥*
*ਸੰਕਰੁ ਮਉਲਿਓ ਜੋਗ ਧਿਆਨ॥*
*ਕਬੀਰ ਕੋ ਸੁਆਮੀ ਸਭ ਸਮਾਨ॥*

ਸ੍ਰੀ ਗੁਰੂ ਅਮਰਦਾਸ ਜੀ ਨੇ ਬਸੰਤ ਰਾਗ ਵਿੱਚ ਬਸੰਤ ਰੁੱਤ ਦਾ ਵਰਨਣ ਕਰਦੇ ਹੋਏ ਫਰਮਾਇਆ ਹੈ ਕਿ ਸਾਨੂੰ ਸੱਚੇ ਸੁੱਖ ਦੀ ਪ੍ਰਾਪਤੀ ਤਾਂ ਹੀ ਸੰਭਵ ਹੈ, ਜੇ ਸੱਚੇ ਮਨੋ ਸਤਿਗੁਰ ਦੀ ਅਰਾਧਨਾ ਕਰੀਏ:

*ਬਨਸਪਤਿ ਮਉਲੀ ਚੜ੍ਹਿਆ ਬਸੰਤ।।*
*ਇਹੁ ਮਨੁ ਮਉਲਿਆ ਸਤਿਗੁਰੂ ਸੰਗਿ॥੧॥*
*ਤੁਮ੍ਹ ਸਾਚੁ ਧਿਆਵਹੁ ਮੁਗਧ ਮਨਾ।*
*ਤਾਂ ਸੁਖੁ ਪਾਵਹੁ ਮੇਰੇ ਮਨਾ॥੧॥*

ਗੁਰਮਤਿ ਵਿੱਚ ਬਸੰਤ ਰੁੱਤ ਦੇ ਆਨੰਦ ਨੂੰ ਅਧਿਆਤਮਕ ਆਨੰਦ ਨਾਲ ਜੋੜਿਆ ਗਿਆ ਹੈ। ਗੁਰਬਾਣੀ ਵਿੱਚ ਬਸੰਤ ਰੁੱਤ ਦੀ ਪ੍ਰਕਿਰਤਕ ਖ਼ੂਬਸੂਰਤੀ ਦਾ ਸੁੰਦਰ ਵਰਣਨ ਹੈ:-

*ਮਾਹਾ ਰੁਤੀ ਮਹਿ ਸਦ ਬਸੰਤ॥*
*ਜਿਤੁ ਹਰਿਆ ਸਭੁ ਜੀਅ ਜੰਤੁ॥*

ਪੁਰਾਤਨ ਕਾਲ ਤੋਂ ਭਾਰਤ ਨੂੰ ਛੇ ਰੁੱਤਾਂ ਵਾਲਾ ਦੇਸ਼ ਮੰਨਿਆ ਗਿਆ ਹੈ। ਇੱਕ ਪੌਰਾਣਿਕ ਕਥਾ ਅਨੁਸਾਰ ਕਿਹਾ ਜਾਂਦਾ ਹੈ ਕਿ ਬਾਕੀ ਦੀਆਂ ਪੰਜ ਰੁੱਤਾਂ ਨੇ ਬਸੰਤ ਰੁੱਤ ਨੂੰ ਆਪਣਾ ਰਾਜਾ ਮੰਨਿਆ ਅਤੇ ਇਸ ਦਾ ਅਭਿਨੰਦਨ ਕੀਤਾ। ਉਹਨਾਂ ਪੰਜ ਰੁੱਤਾਂ ਨੇ ਆਪਣੇ ਹਿੱਸੇ ਦੇ ਦੋ-ਦੋ ਮਹੀਨਿਆਂ ਵਿੱਚੋਂ ਅੱਠ-ਅੱਠ ਦਿਨ ਬਸੰਤ ਰੁੱਤ ਨੂੰ ਦੇ ਦਿੱਤੇ, ਜਿਸ ਕਰਕੇ ਬਸੰਤ ਰੁੱਤ ਸਭ ਤੋਂ ਵੱਡੀ ਬਣ ਗਈ।

ਬਸੰਤ ਰੁੱਤ ਦਾ ਆਗਮਨ ਭਾਵੇਂ ਦੇਸੀ ਮਹੀਨੇ ਮਾਘ (ਜਨਵਰੀ- ਫਰਵਰੀ) ਦੌਰਾਨ ਸ਼ੁਰੂ ਹੁੰਦਾ ਹੈ,ਪਰ ਇਹ ਰੁੱਤ ਦੇਸੀ ਮਹੀਨਿਆਂ ਫੱਗਣ-ਚੇਤਰ ਦੌਰਾਨ ਆਪਣੇ ਜੋਬਨ ਦੇ ਸਿਖਰ 'ਤੇ ਪਹੁੰਚਦੀ ਹੈ। ਇਹਨਾਂ ਮਹੀਨਿਆਂ ਦੌਰਾਨ ਕਿਸਾਨਾਂ ਦੀਆਂ ਹਾੜੀ ਦੀਆਂ ਫਸਲਾਂ ਜਵਾਨ ਹੋ ਰਹੀਆਂ ਹੁੰਦੀਆਂ ਹਨ। ਅੰਬਾਂ ਦੇ ਬੂਟਿਆਂ ਨੂੰ ਬੂਰ ਪੈ ਰਿਹਾ ਹੁੰਦਾ ਹੈ।ਸਰਸੋਂ ਦੇ ਪੀਲੇ-ਪੀਲੇ ਫੁੱਲਾਂ ਨਾਲ ਭਰੇ ਹੋਏ ਖੇਤ ਇਸ ਤਰ੍ਹਾਂ ਜਾਪਦੇ ਹਨ ਕਿ ਕੁਦਰਤ ਸੋਨੇ ਰੂਪੀ ਗਹਿਣੇ ਪਾ ਕੇ ਧਰਤੀ ਨੂੰ ਭਾਗ ਲਾ ਰਹੀ ਹੈ। ਇਸ ਰੁੱਤ ਵਿੱਚ ਕੁਦਰਤ ਸੱਜ ਵਿਆਹੀ ਦੁਲਹਨ ਦੀ ਤਰ੍ਹਾਂ ਪ੍ਰਤੀਤ ਹੁੰਦੀ ਹੈ। ਭਾਂਤ-ਭਾਂਤ ਦੇ ਖਿੜੇ ਹੋਏ ਫੁੱਲ ਹਵਾ ਨੂੰ ਸੁਗੰਧਿਤ ਕਰਦੇ ਹਨ। ਬਾਗਾਂ ਵਿੱਚ ਭੌਰੇ (ਭੰਵਰੇ) ਗੂੰਜਦੇ ਹਨ। ਬੁਲਬੁਲਾਂ ਅਤੇ ਕੋਇਲਾਂ ਮਿੱਠੇ-ਮਿੱਠੇ ਰਾਗ ਅਲਾਪਦੀਆਂ ਹਨ।ਇਸ ਰੁੱਤ ਦੇ ਖੇੜੇ ਦਾ ਵਰਨਣ ਪੰਜਾਬੀ ਕਵੀ ਲਾਲਾ ਕਿਰਪਾ ਸਾਗਰ ਨੇ ਬਹੁਤ ਹੀ ਬਾਖੂਬੀ ਕੀਤਾ ਹੈ।

*ਜਿੰਨੇ ਫੁੱਲ ਜਹਾਨ ਦੇ, ਥਾਂ-ਥਾਂ ਖਿੜੇ ਨਿਸ਼ੰਗ।*
*ਬਿਰਛਾਂ ਦੇ ਸੰਗ ਲੱਦੀਆਂ, ਵੇਲਾਂ ਰੰਗ-ਬਰੰਗ।*
*ਲਪਟਾਂ ਦਿੰਦਾ ਵਾ ਨੂੰ, ਕਿਤੇ ਚੰਬੇਲੀ ਫੁੱਲ,*
*ਨਰਗਸ ਮਾਰੇ ਅੱਖੀਆਂ, ਬਾਹਰ ਤ੍ਰੇੜੋਂ ਝੁੱਲ।*
*ਵੱਡਾ ਝਾੜ ਗੁਲਾਬ ਦਾ, ਭਰਿਆ ਫੁੱਲਾਂ ਨਾਲ,*
*ਪੋਸਤ ਨੇ ਮੂੰਹ ਅੱਡਿਆ, ਜਾਪੇ ਰੰਗ ਗੁਲਾਲ ।*
*ਨੀਲੇ, ਪੀਲੇ, ਕਿਰਮਚੀ, ਦਿਸਣ ਫੁੱਲ ਹਜ਼ਾਰ,*
*ਕੱਜੀ ਜਿੰਮੀਂ ਬਨ.ਫਸਿਆਂ, ਸਾਵੇ ਫੂਹੜ ਖਿਲਾਰ।*

ਖਿੜੇ ਫੁੱਲ ਹਰੇਕ ਨੂੰ ਚੰਗੇ ਲੱਗਦੇ ਹਨ। ਇਹ ਸਾਨੂੰ ਤਾਜ਼ਗੀ ਪ੍ਰਦਾਨ ਕਰਦੇ ਹਨ। ਇਹ ਮਨੁੱਖ ਨੂੰ ਪ੍ਰੇਰਨਾ ਕਰਦੇ ਹਨ ਕਿ ਤੁਸੀਂ ਵੀ ਸਾਡੇ ਵਾਂਗ ਖਿੜੇ ਰਹੋ।ਹਰ ਭਾਸ਼ਾ ਵਿੱਚ ਸ਼੍ਰੋਮਣੀ ਰੁੱਤ ਬਸੰਤ ਸੰਬੰਧੀ ਅਣਗਿਣਤ ਕਵਿਤਾਵਾਂ ਮਿਲਦੀਆਂ ਹਨ।



ਬਸੰਤ ਪੰਚਮੀ ਦਾ ਸਬੰਧ ਬਹੁਤ ਸਾਰੀਆਂ ਇਤਿਹਾਸਿਕ ਘਟਨਾਵਾਂ ਨਾਲ ਵੀ ਜੁੜਦਾ ਹੈ। ਇਹ ਦਿਹਾੜਾ ਪ੍ਰਭੂ ਅਤੇ ਭਗਤ ਪ੍ਰੇਮ,ਬੀਰਤਾ, ਸੂਰਮਗਤੀ, ਕੁਰਬਾਨੀ,ਧਰਮ ਰੱਖਿਆ ਅਤੇ ਭਾਰਤੀ ਸੰਸਕ੍ਰਿਤੀ ਦੀ ਯਾਦ ਦਿਵਾਉਂਦਾ ਹੈ। ਭਗਵਾਨ ਰਾਮ ਜੀ ਵੱਲੋਂ ਮਾਤਾ ਸ਼ਬਰੀ ਦੇ ਝੂਠੇ ਬੇਰ ਖਾਣ ਬਾਰੇ ਸਾਰੇ ਜਾਣਦੇ ਹਨ। ਜਿਸ ਦਿਨ ਗੁਜਰਾਤ ਦੇ ਡਾਂਗ ਜ਼ਿਲ੍ਹੇ ਵਿੱਚ ਸ਼ਬਰੀ ਮਾਤਾ ਦੇ ਆਸ਼ਰਮ ਵਿੱਚ ਭਗਵਾਨ ਰਾਮ ਜੀ ਪਧਾਰੇ ਸਨ, ਉਸ ਦਿਨ ਬਸੰਤ ਪੰਚਮੀ ਸੀ। ਰਾਜਾ ਭੋਜ ਦਾ ਜਨਮ ਵੀ ਬਸੰਤ ਪੰਚਮੀ ਵਾਲੇ ਦਿਨ ਹੀ ਹੋਇਆ ਸੀ।ਰਾਜਾ ਭੋਜ ਵੱਲੋਂ ਬਸੰਤ ਪੰਚਮੀ ਵਾਲੇ ਦਿਨ ਵਿਸ਼ੇਸ਼ ਉਤਸਵ ਮਨਾਇਆ ਜਾਂਦਾ ਸੀ ਅਤੇ ਉਹ ਇਸ ਦਿਨ ਤੋਂ ਸ਼ੁਰੂ ਕਰਕੇ ਆਪਣੀ ਪਰਜਾ ਨੂੰ ਨਿਰੰਤਰ 40 ਦਿਨ ਮੁਫ਼ਤ ਪ੍ਰੀਤੀ ਭੋਜਨ ਛਕਾਉਂਦੇ ਸਨ।

ਬਹਾਦਰ ਵੀਰ ਹਕੀਕਤ ਰਾਏ ਦੀ ਸ਼ਹਾਦਤ ਦਾ ਸੰਬੰਧ ਇਸੇ ਦਿਨ ਨਾਲ ਹੈ। ਸਿਆਲਕੋਟ ਦੇ ਮਦਰੱਸੇ ਜਿੱਥੇ ਹਕੀਕਤ ਰਾਏ ਪੜ੍ਹਾਈ ਕਰ ਰਿਹਾ ਸੀ ,ਉਸ ਵਿੱਚ ਮੁਸਲਮਾਨ ਵਿਦਿਆਰਥੀਆਂ ਦਾ ਬਹੁਤ ਬੋਲਬਾਲਾ ਸੀ। ਇੱਕ ਦਿਨ ਮਦਰੱਸੇ ਦੇ ਮੁਸਲਮਾਨ ਵਿਦਿਆਰਥੀਆਂ ਨੇ ਹਿੰਦੂ ਧਰਮ ਦੀ ਪੂਜਨੀਕ ਦੇਵੀ ਮਾਂ ਦੁਰਗਾ ਬਾਰੇ ਅਪਸ਼ਬਦ ਕਹੇ। ਵੀਰ ਹਕੀਕਤ ਰਾਏ ਹਿੰਦੂ ਧਰਮ ਦਾ ਅਪਮਾਨ ਸਹਿਣ ਨਾ ਕਰ ਸਕਿਆ। ਉਸ ਨੇ ਮੁਸਲਮਾਨ ਵਿਦਿਆਰਥੀਆਂ ਨੂੰ ਸਮਝਾਇਆ ਕਿ ਹਿੰਦੂ ਧਰਮ ਵਿੱਚ ਮਾਂ ਦੁਰਗਾ ਉਸੇ ਤਰ੍ਹਾਂ ਸਤਿਕਾਰ ਯੋਗ ਹੈ, ਜਿਵੇਂ ਮੁਸਲਿਮ ਧਰਮ ਵਿੱਚ ਹਜ਼ਰਤ ਮੁਹੰਮਦ ਸਾਹਿਬ ਦੀ ਪੁੱਤਰੀ ਬੀਬੀ ਫਾਤਿਮਾ ਹੈ।ਮੁਸਲਮਾਨ ਵਿਦਿਆਰਥੀਆਂ ਨੇ ਹਕੀਕਤ ਰਾਏ ਦੀ ਸ਼ਿਕਾਇਤ ਮੌਲਵੀ ਅਤੇ ਕਾਜ਼ੀ ਪਾਸ ਕਰ ਦਿੱਤੀ ਕਿ ਇਸ ਨੇ ਬੀਬੀ ਫ਼ਾਤਿਮਾ ਦਾ ਨਿਰਾਦਰ ਕੀਤਾ ਹੈ। ਕਾਜ਼ੀ ਨੇ ਹਕੀਕਤ ਰਾਏ ਨੂੰ ਮੌਤ ਦੀ ਸਜ਼ਾ ਸੁਣਾ ਦਿੱਤੀ। ਹਕੀਕਤ ਰਾਇ ਦੇ ਪਿਤਾ ਨੇ ਲਾਹੌਰ ਦੇ ਗਵਰਨਰ ਜ਼ਕਰੀਆ ਖਾਂ ਕੋਲ ਫ਼ਰਿਆਦ ਕੀਤੀ। ਜ਼ਕਰੀਆ ਖਾਨ ਨੇ ਸ਼ਰਤ ਰੱਖ ਦਿੱਤੀ ਕਿ ਜੇ ਹਕੀਕਤ ਰਾਏ ਇਸਲਾਮ ਕਬੂਲ ਕਰ ਲਵੇ ਤਾਂ ਇਸ ਦੀ ਸਜ਼ਾ ਮਨਸੂਖ ਹੋ ਸਕਦੀ ਹੈ। ਵੀਰ ਹਕੀਕਤ ਰਾਏ ਨੂੰ ਡਰਾਇਆ-ਧਮਕਾਇਆ ਗਿਆ, ਪਰ ਉਸ ਨੇ ਮੁਸਲਮਾਨ ਹਕੂਮਤ ਦੀ ਈਨ ਨਾ ਮੰਨੀ। ਵੀਰ ਹਕੀਕਤ ਰਾਏ ਨੂੰ ਮਾਘ ਸੁਦੀ ਪੰਜ ਬਿਕਰਮੀ ਸੰਮਤ 1791 (1841 ਈਸਵੀ) ਦੀ ਬਸੰਤ ਪੰਚਮੀ ਵਾਲੇ ਦਿਨ ਹਿੰਦੂ ਧਰਮ ਦੀ ਰੱਖਿਆ ਅਤੇ ਸ਼ਾਨ ਬਦਲੇ ਸ਼ਹਾਦਤ ਦਾ ਜਾਮ ਪੀ ਲਿਆ। ਵੀਰ ਹਕੀਕਤ ਰਾਏ ਦੀ ਸਮਾਧ ਲਾਹੌਰ ਤੋਂ ਦੋ ਮੀਲ ਚੜ੍ਹਦੇ ਵੱਲ ਹੈ, ਜਿੱਥੇ ਦੇਸ਼ ਵੰਡ ਤੋਂ ਪਹਿਲਾਂ ਬਸੰਤ ਪੰਚਮੀ ਵਾਲੇ ਦਿਨ ਬਹੁਤ ਭਾਰੀ ਮੇਲਾ ਲੱਗਦਾ ਰਿਹਾ ਹੈ।

ਅੰਗਰੇਜ਼ਾਂ-ਸਿੱਖਾਂ ਦੀ ਦੂਸਰੀ ਲੜਾਈ ਦੌਰਾਨ ਖਾਲਸਾ ਰਾਜ ਦੀ ਰਾਖੀ ਲਈ 10 ਫਰਵਰੀ, 1846 ਨੂੰ ਬਸੰਤ ਪੰਚਮੀ ਵਾਲੇ ਦਿਨ ਬਹਾਦਰ ਜਰਨੈਲ ਸ਼ਾਮ ਸਿੰਘ ਅਟਾਰੀ ਨੇ ਸਭਰਾਵਾਂ ਦੇ ਮੈਦਾਨ ਵਿੱਚ ਸ਼ਹੀਦੀ ਪ੍ਰਾਪਤ ਕੀਤੀ। ਨਾਮਧਾਰੀ ਸੰਪਰਦਾਇ ਦੇ ਬਾਨੀ ਸਤਿਗੁਰੂ ਰਾਮ ਸਿੰਘ ਜੀ ਦਾ ਜਨਮ ਵੀ ਭੈਣੀ ਅਰਾਈਆਂ, ਜ਼ਿਲ੍ਹਾ ਲੁਧਿਆਣਾ ਵਿਖੇ 3 ਫ਼ਰਵਰੀ, 1816 ਈਸਵੀ ਨੂੰ ਬਸੰਤ ਪੰਚਮੀ ਵਾਲੇ ਦਿਨ ਸਰਦਾਰ ਜੱਸਾ ਸਿੰਘ ਦੇ ਘਰ ਹੋਇਆ।ਬਾਬਾ ਰਾਮ ਸਿੰਘ ਜੀ ਨਿੱਡਰ ਦੇਸ਼ ਭਗਤ ਸਨ । ਉਹਨਾ ਦੀ ਦੇਖਰੇਖ ਹੇਠ ਨਾਮਧਾਰੀ ਸੰਪਰਦਾਇ ਦਾ ਬਹੁਤ ਵਿਕਾਸ ਹੋਇਆ।ਗੋਰੀ ਸਰਕਾਰ ਬਾਬਾ ਰਾਮ ਸਿੰਘ ਤੋਂ ਥਰ-ਥਰ ਕੰਬਦੀ ਸੀ । ਉਹਨਾ ਮਹਾਤਮਾ ਗਾਂਧੀ ਜੀ ਤੋਂ ਬਹੁਤ ਚਿਰ ਪਹਿਲਾਂ ਅੰਗਰੇਜ਼ੀ ਸਰਕਾਰ ਵਿਰੁੱਧ ਨਾ-ਮਿਲਵਰਤਣ ਦਾ ਮੁੱਢ ਬੰਨ੍ਹਿਆ । 1873 ਵਿੱਚ ਬਸੰਤ ਪੰਚਮੀ ਵਾਲੇ ਦਿਨ ਹੀ ਬਾਬਾ ਜੀ ਨੂੰ ਜਲਾਵਤਨ ਕਰਕੇ ਬਰਮਾ ਵਿਖੇ ਭੇਜਿਆ ਗਿਆ ।

ਮਦਨ ਮੋਹਨ ਮਾਲਵੀਆ ਜੀ ਦਾ ਜਨਮ 25 ਦਸੰਬਰ, 1861 ਈਸਵੀ ਨੂੰ ਪ੍ਰਯਾਗ ਵਿਖੇ ਹੋਇਆ ਸੀ। ਉਹ ਮਹਾਨ ਦੇਸ਼ ਭਗਤ ਸਨ। ਉਹਨਾ ਰਾਜਨੀਤੀ ਦੇ ਖੇਤਰ ਵਿੱਚ ਕਾਫੀ ਨਾਮਣਾ ਖੱਟਿਆ, ਪਰ ਮਦਨ ਮੋਹਨ ਮਾਲਵੀਆ ਜੀ ਦੇ ਜੀਵਨ ਦਾ ਸਭ ਤੋਂ ਅਹਿਮ ਕੰਮ ਬਨਾਰਸ ਹਿੰਦੂ ਯੂਨੀਵਰਸਿਟੀ ਦੀ ਸਥਾਪਨਾ ਸੀ।ਉਸ ਸਮੇਂ ਦੇਸ਼ ਵਿੱਚ ਸਥਾਪਤ ਯੂਨੀਵਰਸਿਟੀਆਂ 'ਤੇ ਪੱਛਮੀ ਸੰਸਕ੍ਰਿਤੀ ਦੀ ਛਾਪ ਸੀ। ਮਾਲਵੀਆ ਜੀ ਚਾਹੁੰਦੇ ਸਨ ਕਿ ਦੇਸ਼ ਵਿੱਚ ਘੱਟੋ-ਘੱਟ ਇੱਕ ਯੂਨੀਵਰਸਿਟੀ ਤਾਂ ਅਜਿਹੀ ਹੋਵੇ, ਜਿਸ ਵਿੱਚ ਭਾਰਤੀ ਸੰਸਕ੍ਰਿਤੀ ਝਲਕਦੀ ਹੋਵੇ। ਮਾਲਵੀਆ ਜੀ ਦੇਸ਼ ਵਿੱਚ ਝੋਲੀ ਅੱਡ ਕੇ ਯੂਨੀਵਰਸਿਟੀ ਦੀ ਸਥਾਪਨਾ ਲਈ ਨਿਕਲ ਤੁਰੇ। ਉਹ ਆਪਣੇ ਮਿਸ਼ਨ ਵਿੱਚ ਕਾਮਯਾਬ ਹੋਏ। ਉਹਨਾ 4 ਫ਼ਰਵਰੀ, 1916 ਨੂੰ ਬਸੰਤ ਪੰਚਮੀ ਵਾਲੇ ਦਿਨ ਭਾਰਤ ਦੇ ਵਾਇਸਰਾਏ ਲਾਰਡ ਹਾਰਡਿੰਗ ਤੋਂ ਬਨਾਰਸ ਹਿੰਦੂ ਯੂਨੀਵਰਸਿਟੀ ਦੀ ਨੀਂਹ ਰਖਵਾਈ । ਬਨਾਰਸ ਹਿੰਦੂ ਯੂਨੀਵਰਸਿਟੀ ਨੂੰ ਦੇਸ਼ ਦੀ ਪਹਿਲੀ ਭਾਰਤੀ ਸੰਸਕ੍ਰਿਤੀ ਵਾਲੀ ਯੂਨੀਵਰਸਟੀ ਹੋਣ ਦਾ ਮਾਣ ਜਾਂਦਾ ਹੈ।ਇਸ ਤਰ੍ਹਾਂ ਬਸੰਤ ਪੰਚਮੀ ਦੇ ਦਿਹਾੜੇ 'ਤੇ ਭਾਰਤੀ ਸੰਸਕ੍ਰਿਤੀ ਦੀ ਰੱਖਿਆ ਅਤੇ ਵਿਕਾਸ ਦਾ ਮੁੱਢ ਬੱਝਿਆ।

ਚਿਸ਼ਤੀ ਵੰਸ਼ ਦੇ ਸੂਫੀ ਫਕੀਰ ਹਜ਼ਰਤ ਨਿਜ਼ਾਮੂਦੀਨ ਔਲੀਆ ਦੇ ਮਕਬਰੇ ਉੱਪਰ ਦਿੱਲੀ ਵਿਖੇ ਬਸੰਤ ਪੰਚਮੀ ਦਾ ਦਿਨ ਬੜੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਇਸ ਦਿਨ ਲੋਕ ਪੀਲੇ ਕੱਪੜੇ ਪਹਿਣ ਕੇ ਅਤੇ ਹੱਥਾਂ ਵਿੱਚ ਪੀਲੇ ਫੁੱਲਾਂ ਦੇ ਗੁਲਦਸਤੇ ਲੈ ਕੇ ਮਕਬਰੇ 'ਤੇ ਸਜਦਾ ਕਰਨ ਲਈ ਪਹੁੰਚਦੇ ਹਨ। ਹਿੰਦੀ ਸਾਹਿਤ ਦੇ ਪ੍ਰਮੁੱਖ ਸਾਹਿਤਕਾਰ ਸੂਰਿਆ ਕਾਂਤ ਤ੍ਰਿਪਾਠੀ ਨਿਰਾਲਾ ਦਾ ਜਨਮ ਵੀ 1899 ਈਸਵੀ ਵਿੱਚ ਬਸੰਤ ਪੰਚਮੀ ਵਾਲੇ ਦਿਨ ਹੀ ਹੋਇਆ ਸੀ।

ਇਸ ਤਰ੍ਹਾਂ ਬਸੰਤ ਪੰਚਮੀ ਦੇ ਦਿਨ ਨਾਲ ਬਹੁਤ ਸਾਰੀਆਂ ਅਹਿਮ ਇਤਿਹਾਸਕ ਘਟਨਾਵਾਂ ਜੁੜੀਆਂ ਹੋਈਆਂ ਹਨ। ਇਸ ਦਿਨ ਲੋਕ ਘਰਾਂ ਵਿੱਚ ਪੀਲੇ ਚੌਲ ਅਤੇ ਕੇਸਰੀ ਖੀਰਾਂ ਬਣਾ ਕੇ ਬੜੇ ਚਾਅ ਨਾਲ ਖਾਂਦੇ ਹਨ।ਪਟਿਆਲੇ ਅਤੇ ਛੇਹਰਟਾ ਸਾਹਿਬ ਦੀ ਬਸੰਤ ਪੰਚਮੀ ਬਹੁਤ ਪ੍ਰਸਿੱਧ ਹੈ।ਇਸ ਤੋਂ ਇਲਾਵਾ ਇਸ ਦਿਨ ਥਾਂ-ਥਾਂ ਮੇਲੇ ਭਰਦੇ ਹਨ ।

ਬਸੰਤ ਦੇ ਤਿਉਹਾਰ ਨਾਲ ਪਤੰਗਬਾਜ਼ੀ ਦਾ ਕੋਈ ਸਿੱਧਾ ਸਬੰਧ ਨਹੀਂ ਹੈ। ਪਤੰਗਬਾਜ਼ੀ ਦਾ ਰਿਵਾਜ ਹਜ਼ਾਰਾਂ ਸਾਲ ਪਹਿਲਾਂ ਚੀਨ ਵਿੱਚ ਸ਼ੁਰੂ ਹੋਇਆ ਸੀ ਅਤੇ ਉੱਥੋਂ ਕੋਰੀਆ ਅਤੇ ਜਪਾਨ ਵਿੱਚ ਪ੍ਰਚਲਤ ਹੋਣ ਪਿੱਛੋਂ ਭਾਰਤ ਵਿੱਚ ਵੀ ਪ੍ਰਚੱਲਤ ਹੋ ਗਿਆ। ਹੁਣ ਦੇਸ਼ ਦੇ ਹੋਰ ਹਿੱਸਿਆਂ ਵਾਂਗ ਪਤੰਗਬਾਜ਼ੀ ਦਾ ਰਿਵਾਜ਼ ਪੰਜਾਬ ਦੇ ਪਿੰਡਾਂ ਤੇ ਸ਼ਹਿਰਾਂ ਵਿੱਚ ਆਮ ਹੈ।ਬਸੰਤ ਪੰਚਮੀ ਵਾਲੇ ਦਿਨ ਸਵੇਰ ਤੋਂ ਹੀ ਨੌਜਵਾਨ ਪਤੰਗਬਾਜ਼ੀ ਸ਼ੁਰੂ ਕਰ ਦਿੰਦੇ ਹਨ। ਸਾਰਾ ਅਸਮਾਨ ਰੰਗ-ਬਿਰੰਗੇ ਪਤੰਗਾਂ ਨਾਲ ਭਰਿਆ ਹੋਇਆ ਦਿਲਕਸ਼ ਨਜ਼ਾਰਾ ਪੇਸ਼ ਕਰਦਾ ਹੈ।

**# ਸੰਪਰਕ : 97812-00168**

23-JAN-PAGE-5.qxd 1/22/2026 10:47 PM Page 1



# 5 ਦੇਸੀ ਪਿਸਟਲ, 18 ਜ਼ਿੰਦਾ ਰੌਂਦ ਸਮੇਤ ਬੰਬੀਹਾ ਗੈਂਗ ਦੇ 3 ਗੁਰਗੇ ਕਾਬੂ



ਮੋਗਾ (ਇਕਬਾਲ ਸਿੰਘ ਖਹਿਰਾ)

ਮਾੜੇ ਅਨਸਰਾਂ ਖਿਲਾਫ ਚਲਾਏ ਗਏ ਆਪ੍ਰੇਸ਼ਨ ਪਰਹਾਰ ਤਹਿਤ ਮੋਗਾ ਪੁਲਸ ਨੂੰ ਉਸ ਸਮੇਂ ਵੱਡੀ ਸਫਲਤਾ ਮਿਲੀ, ਜਦ ਸੀ.ਆਈ.ਏ. ਸਟਾਫ ਮੋਗਾ ਦੀ ਪੁਲਸ ਪਾਰਟੀ ਵੱਲੋਂ ਬੰਬੀਹਾ ਗੈਂਗ ਦੇ 03 ਗੁਰਗਿਆਂ ਨੂੰ ਕਾਬੂ ਕਰਕੇ ਉਨ੍ਹਾਂ ਪਾਸੋਂ 04 ਦੇਸੀ ਪਿਸਟਲ 32 ਬੋਰ ਸਮੇਤ ਮੈਗਜ਼ੀਨ ਸਮੇਤ 15 ਰੌਂਦ ਜ਼ਿੰਦਾ 32 ਬੋਰ ਤੇ ਇੱਕ ਦੇਸੀ ਪਿਸਟਲ 30 ਬੋਰ ਸਮੇਤ ਮੈਗਜ਼ੀਨ ਸਮੇਤ 03 ਰੌਂਦ ਜ਼ਿੰਦਾ 30 ਬੋਰ ਬਰਾਮਦ ਕੀਤੇ।ਇਹ ਕਿ ਮਿਤੀ 22.01.2026 ਨੂੰ ਏ ਐੱਸ ਆਈ ਵਰਿੰਦਰ ਕੁਮਾਰ ਨੰਬਰ 676/ਮੋਗਾ ਸੀ.ਆਈ.ਏ ਸਟਾਫ ਮੋਗਾ ਸਮੇਤ ਪੁਲਸ ਪਾਰਟੀ ਵੱਲੋਂ ਗਸ਼ਤ ਦੌਰਾਨ ਸ਼ੱਕੀ ਬੰਦਿਆਂ ਦੀਆਂ ਤਲਾਸ਼ੀਆਂ ਕੀਤੀਆਂ ਜਾ ਰਹੀਆਂ ਸਨ।ਜਦ ਪੁਲਸ ਪਾਰਟੀ ਗਸ਼ਤ ਦੌਰਾਨ ਬੱਸ ਅੱਡਾ ਕਸਬਾ ਅਜੀਤਵਾਲ ਮੌਜੂਦ ਸੀ ਤਾਂ ਮੁਖਬਰ ਖਾਸ ਨੇ ਹਾਜ਼ਰ ਆ ਕੇ ਏ ਐੱਸ ਆਈ ਵਰਿੰਦਰ ਕੁਮਾਰ ਨੰਬਰ 676/ਮੋਗਾ ਨੂੰ ਇਤਲਾਹ ਦਿੱਤੀ ਕਿ ਗੁਰਵਿੰਦਰ ਸਿੰਘ ਉਰਫ ਗਗਨਾ ਪੁੱਤਰ ਲਾਲ ਸਿੰਘ ਵਾਸੀ ਕੱਕੜੀ ਵਹਿਣੀਵਾਲ, ਜਸਪ੍ਰੀਤ ਸਿੰਘ ਪੁੱਤਰ ਜਗਰੂਪ ਸਿੰਘ ਵਾਸੀ ਨੇੜੇ ਮਹੱਤਾ ਵਾਲਾ ਵਿਹੜਾ ਬਾਬਾ ਜੀਵਨ ਸਿੰਘ ਨਗਰ ਬਾਘਾਪੁਰਾਣਾ ਤੇ ਏਕਜੋਤ ਸਿੰਘ ਪੁੱਤਰ ਨਿਰੰਜਨ ਸਿੰਘ ਵਾਸੀ ਢਿੱਲਵਾਂ ਵਾਲਾ ਥਾਣਾ ਬਾਘਾ ਪੁਰਾਣਾ, ਜਿਨ੍ਹਾਂ ਪਾਸ ਨਜਾਇਜ਼ ਅਸਲੇ ਹਨ, ਜੋ ਕਸਬਾ ਅਜੀਤਵਾਲ ਦੇ ਏਰੀਆ ਵਿੱਚ ਵਿੱਚ ਘੁੰਮ ਰਹੇ ਹਨ ਜੋ ਕਿਸੇ ਵਾਰਦਾਤ ਨੂੰ ਅੰਜਾਮ ਦੇ ਸਕਦੇ ਹਨ, ਜੇਕਰ ਗੁਰਵਿੰਦਰ ਸਿੰਘ ਉਰਫ ਗਗਨਾ, ਜਸਪ੍ਰੀਤ ਸਿੰਘ, ਏਕਜੋਤ ਸਿੰਘ ਉਕਤਾਨ ਨੂੰ ਕਾਬੂ ਕੀਤਾ ਜਾਵੇ ਤਾਂ ਇਨ੍ਹਾਂ ਪਾਸੋਂ ਨਜਾਇਜ਼ ਅਸਲੇ ਬ੍ਰਾਮਦ ਹੋ ਸਕਦੇ ਹਨ।ਜੋ ਇਤਲਾਹ ਠੋਸ ਅਤੇ ਭਰੋਸੇਯੋਗ ਹੋਣ ਕਰਕੇ ਏ ਐੱਸ ਆਈ ਵਰਿੰਦਰ ਕੁਮਾਰ ਨੰਬਰ 676/ਮੋਗਾ ਨੇ ਇਹਨਾਂ ਖਿਲਾਫ ਮੁੱਕਦਮਾ ਨੰਬਰ 12 ਮਿਤੀ 22.01.2026 ਅ/ਧ 25-54-59 ਅਸਲਾ ਐਕਟ ਥਾਣਾ ਅਜੀਤਵਾਲ ਦਰਜ ਰਜਿਸਟਰ ਕਰਵਾਇਆ।ਇਸ ਸਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐੱਸਐੱਸਪੀ ਅਜੇ ਗਾਂਧੀ ਨੇ ਦੱਸਿਆ ਕਿ ਏ ਐੱਸ ਆਈ ਵਰਿੰਦਰ ਕੁਮਾਰ ਨੰਬਰ 676/ਮੋਗਾ ਨੇ ਸਾਥੀ ਕਰਮਚਾਰੀਆਂ ਦੀ ਮੱਦਦ ਨਾਲ ਗੁਰਵਿੰਦਰ ਸਿੰਘ ਉਰਫ ਗਗਨਾ, ਜਸਪ੍ਰੀਤ ਸਿੰਘ ਤੇ ਏਕਜੋਤ ਸਿੰਘ ਉਕਤਾਨ ਨੂੰ ਦਾਣਾ ਮੰਡੀ ਅਜੀਤਵਾਲ ਵਿੱਚੋਂ ਕਾਬੂ ਕੀਤਾ ਤੇ ਤਲਾਸ਼ੀ ਦੌਰਾਨ ਇਨ੍ਹਾਂ ਪਾਸੋਂ 04 ਦੇਸੀ ਪਿਸਟਲ 32 ਬੋਰ ਸਮੇਤ ਮੈਗਜ਼ੀਨ ਤੇ 15 ਰੌਂਦ ਜ਼ਿੰਦਾ 32 ਬੋਰ ਤੇ ਇੱਕ ਦੇਸੀ ਪਿਸਟਲ 30 ਬੋਰ ਸਮੇਤ ਮੈਗਜ਼ੀਨ ਸਮੇਤ 03 ਰੌਂਦ ਜ਼ਿੰਦਾ 30 ਬੋਰ ਬਰਾਮਦ ਕੀਤਾ ਗਿਆ ਹੈ।ਦੋਸ਼ੀਆਂ ਗੁਰਵਿੰਦਰ ਸਿੰਘ ਉਰਫ ਗਗਨਾ, ਜਸਪ੍ਰੀਤ ਸਿੰਘ ਤੇ ਏਕਜੋਤ ਸਿੰਘ ਉਕਤ ਨੂੰ ਅਦਾਲਤ ਵਿੱਚ ਪੇਸ਼ ਕਰਕੇ ਪੁਲਸ ਰਿਮਾਂਡ ਹਾਸਲ ਕੀਤਾ ਜਾਵੇਗਾ ਤੇ ਇਨ੍ਹਾਂ ਪਾਸੋਂ ਬਰਾਮਦਾ ਨਜਾਇਜ਼ ਅਸਲਿਆਂ ਸਬੰਧੀ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾਵੇਗੀ।

# ਬਿਜਲੀ ਦਫਤਰ 'ਚ ਚਿੱਪ ਵਾਲੇ ਮੀਟਰ ਜਮ੍ਹਾਂ ਕਰਵਾਏ



ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)

ਕਿਸਾਨ ਮਜ਼ਦੂਰ ਮੋਰਚੇ ਦੇ ਸੱਦੇ 'ਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਆਜ਼ਾਦ ਬਲਾਕ ਪਾਤੜਾਂ ਦੇ ਪਿੰਡਾਂ ਤੋਂ ਬਿਜਲੀ ਸੋਧ ਬਿੱਲ 2025 ਦੇ ਵਿਰੋਧ ਵਿੱਚ ਚਿੱਪ ਵਾਲੇ ਮੀਟਰ ਪੁੱਟ ਕੇ ਬਿਜਲੀ ਗਰਿੱਡ ਪਾਤੜਾਂ ਜਮ੍ਹਾਂ ਕਰਵਾਏ ਗਏ।ਇਸ ਦੌਰਾਨ ਇਕੱਤਰ ਕਿਸਾਨ ਜਥੇਬੰਦੀ ਦੇ ਵਰਕਰਾਂ ਨੇ ਕੇਂਦਰ ਸਰਕਾਰ ਵੱਲੋਂ ਲਾਗੂ ਕੀਤੇ ਜਾ ਰਹੇ ਬਿਜਲੀ ਸੋਧ ਬਿੱਲ ਦੇ ਵਿਰੋਧ ਵਿੱਚ ਜ਼ੋਰਦਾਰ ਨਾਅਰੇਬਾਜ਼ੀ ਕਰਦਿਆਂ ਸੂਬੇ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਕਰੜੇ ਹੱਥੀਂ ਲਿਆ।ਜਥੇਬੰਦੀ ਦੇ ਬਲਾਕ ਪ੍ਰਧਾਨ ਮਨਦੀਪ ਸਿੰਘ ਭੂਤਗੜ੍ਹ ਨੇ ਦੱਸਿਆ ਕਿ ਬਿਜਲੀ ਸੋਧ ਬਿੱਲ 2025, ਜੋ ਲੋਕ ਮਾਰੂ ਕਾਨੂੰਨ ਹੈ, ਪੰਜਾਬ ਦੀ ਆਵਾਮ ਇਸ ਨੂੰ ਪਹਿਲੇ ਪੜਾਅ 'ਤੇ ਘਰਾਂ 'ਚੋਂ ਚਿੱਪ ਵਾਲੇ ਮੀਟਰ ਪੁੱਟ ਕੇ ਆਪਣਾ ਵਿਰੋਧ ਦਰਜ ਕਰਾ ਰਹੀ ਹੈ।ਇਸ ਦੌਰਾਨ ਸੂਬਾ ਆਗੂ ਮਨਜੀਤ ਸਿੰਘ ਨਿਆਲ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਇਸ ਸਮੇਂ ਤਾਨਾਸ਼ਾਹੀ ਰਵੱਈਆ ਅਖਤਿਆਰ ਕੀਤਾ ਹੋਇਆ।ਇੱਕ ਤਰ੍ਹਾਂ ਨਾਲ ਪੰਜਾਬ ਵਿੱਚ ਅਣਐਲਾਨੀ ਐਮਰਜੈਂਸੀ ਲੱਗੀ ਹੋਈ ਹੈ।ਕਿਸਾਨ ਮਜ਼ਦੂਰ ਮੋਰਚੇ ਦੇ ਆਗੂਆਂ ਨੂੰ ਸਿਰਫ ਇਸ ਕਰਕੇ ਜੇਲ੍ਹਾਂ ਵਿੱਚ ਸੁੱਟਿਆ ਗਿਆ ਕਿ ਮਜੀਠਾ ਰੈਲੀ ਵਿੱਚ ਭਗਵੰਤ ਮਾਨ ਨੂੰ ਸਵਾਲ ਕਰਨੇ ਸਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਹਰ ਫਰੰਟ 'ਤੇ ਫੇਲ੍ਹ ਹੈ।ਨਸ਼ੇ ਦਾ ਕਾਰੋਬਾਰ ਸਿਖਰਾਂ 'ਤੇ ਹੈ।ਵਿਸ਼ਵ ਵਪਾਰ ਸੰਸਥਾ, ਵਿਸ਼ਵ ਬੈਂਕ, ਮੁਦਰਾਕੋਸ਼ ਫੰਡ ਕੌਮਾਂਤਰੀ ਅਦਾਰਿਆਂ ਦੀਆਂ ਇਨ੍ਹਾਂ ਨਿਰਦੇਸ਼ਤ ਕਾਰਪੋਰੇਟ ਹਾਊਸ ਪੱਖੀ ਨੀਤੀਆਂ ਤਹਿਤ ਲਿਆਂਦੇ ਜਾ ਰਹੇ ਕਨੂੰਨਾਂ ਖ਼ਿਲਾਫ਼ ਭਾਰਤ ਦੇ ਲੋਕ ਲੜ ਰਹੇ ਹਨ।ਇਸ ਮੌਕੇ ਜ਼ਿਲ੍ਹਾ ਆਗੂ ਯਾਦਵਿੰਦਰ ਸਿੰਘ ਬੂਰੜ, ਅਮਰਿੰਦਰ ਸਿੰਘ ਘੱਗਾ, ਕੁਲਦੀਪ ਸਿੰਘ ਬਰਾਸ, ਸਤਨਾਮ ਸਿੰਘ ਬਰਾਸ, ਪ੍ਰਿਤਪਾਲ ਸਿੰਘ ਤੰਬੂ ਵਾਲਾ, ਸੁਖਵਿੰਦਰ ਸਿੰਘ ਦਫਤਰੀ ਵਾਲਾ, ਹਰਦਿਆਲ ਸਿੰਘ ਘੱਗਾ, ਗੋਲੀ ਨੰਬਰਦਾਰ, ਲਖਵਿੰਦਰ ਸਿੰਘ ਬਰਾਸ, ਹਰਜੀਤ ਸਿੰਘ ਭੂਤਗੜ ਆਗੂ ਹਾਜ਼ਰ ਸਨ।

# ਕੇਂਦਰ ਦੀਆਂ ਲੋਕ-ਮਾਰੂ ਨੀਤੀਆਂ ਖਿਲਾਫ 26 ਨੂੰ ਟਰੈਕਟਰ ਮਾਰਚ : ਐੱਸ ਕੇ ਐੱਮ



ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)-ਸੰਯੁਕਤ ਕਿਸਾਨ ਮੋਰਚਾ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੀ ਅਹਿਮ ਮੀਟਿੰਗ ਬੀ.ਕੇ.ਯੂ (ਬੋਘ ਮਾਨਸਾ) ਦੇ ਸੀਨੀਅਰ ਆਗੂ ਜਥੇਦਾਰ ਬਲਜਿੰਦਰ ਸਿੰਘ ਗੁਰੂਸਰ ਤੇ ਬੀ.ਕੇ.ਯੂ. ਉਗਰਾਹਾਂ ਦੇ ਸੀਨੀਅਰ ਆਗੂ ਗੁਰਚਰਨ ਸਿੰਘ ਗੰਧੜ ਦੇ ਸਾਂਝੇ ਪ੍ਰਧਾਨਗੀ ਮੰਡਲ ਹੇਠ ਸ਼ਹੀਦ ਭਾਈ ਮਹਾਂ ਸਿੰਘ ਦਿਵਾਨ ਹਾਲ ਵਿੱਚ ਹੋਈ।ਇਸ ਮੌਕੇ ਬੀ.ਕੇ.ਯੂ ਉਗਰਾਹਾਂ ਦੇ ਸੀਨੀਅਰ ਆਗੂ ਰਾਜਾ ਸਿੰਘ ਮਹਾਂਬੱਧਰ, ਬੀ. ਕੇ. ਯੂ ਡਕੌਂਦਾ (ਬਰਜ ਗਿੱਲ) ਦੇ ਜ਼ਿਲ੍ਹਾ ਖਜ਼ਾਨਚੀ ਅਮਨਦੀਪ ਸਿੰਘ ਹਰੀਕੇ ਕਲਾਂ, ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਸਕੱਤਰ ਜਥੇਦਾਰ ਹਰਪ੍ਰੀਤ ਸਿੰਘ ਝਬੇਲਵਾਲੀ, ਕੌਮੀ ਕਿਸਾਨ ਯੂਨੀਅਨ ਦੇ ਸੀਨੀਅਰ ਆਗੂ ਰਜਿੰਦਰ ਸਿੰਘ ਦੂਹੇਵਾਲਾ, ਬੀ ਕੇ ਯੂ ਲੱਖੋਵਾਲ ਦੇ ਜ਼ਿਲ੍ਹਾ ਸਕੱਤਰ ਜੱਥਦਾਰ ਗੁਰਮੀਤ ਸਿੰਘ ਲੰਬੀ ਢਾਬ, ਬੀ ਕੇ ਯੂ ਡਕੌਂਦਾ (ਧਨੇਰ) ਦੇ ਜ਼ਿਲ੍ਹਾ ਪ੍ਰਧਾਨ ਪਰਮਿੰਦਰ ਸਿੰਘ ਉੜਾਂਗ, ਬੀ ਕੇ ਯੂ ਰਾਜੇਵਾਲ ਦੇ ਜ਼ਿਲ੍ਹਾ ਮੀਤ ਪ੍ਰਧਾਨ ਹਰਪ੍ਰੀਤ ਸਿੰਘ ਗੋਨੇਆਣਾ, ਬੀ ਕੇ ਯੂ ਮਾਲਵਾ ਦੇ ਜ਼ਿਲ੍ਹਾ ਪ੍ਰਧਾਨ ਕੁਲਵੀਰ ਸਿੰਘ ਧੂਲਕੋਟ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਦੇ ਸੀਨੀਅਰ ਆਗੂ ਕੰਵਰਜੀਤ ਸਿੰਘ ਕੋਲਿਆਂਵਾਲੀ, ਕੁੱਲ ਹਿੰਦ ਕਿਸਾਨ ਸਭਾ (ਅਜੇ ਭਵਨ) ਦੀ ਜ਼ਿਲ੍ਹਾ ਪ੍ਰਧਾਨ ਚਰਨਜੀਤ ਸਿੰਘ ਵਣਵਾਲਾ, ਕੁੱਲ ਹਿੰਦ ਕਿਸਾਨ ਸਭਾ (ਪੁੰਨਾਂਵਾਲ) ਦੇ ਸੀਨੀਅਰ ਆਗੂ ਰਾਜ ਕੁਮਾਰ ਦੀ ਮੁਕਤਸਰ ਨੇ ਕਿਹਾ ਕਿ ਮੋਦੀ ਸਰਕਾਰ ਵੱਲੋਂ ਕਾਰਪੋਰੇਟ ਘਰਾਣਿਆਂ ਪੱਖੀ ਫੈਸਲੇ ਲੈਂਦਿਆਂ ਬਿਜਲੀ ਸੋਧ ਬਿੱਲ 2025 ਤੇ ਬੀਜ ਬਿੱਲ 2025 ਨੂੰ ਬਜਟ ਸੈਸ਼ਨ ਵਿੱਚ ਲਿਆਉਣ ਦੀ ਬਿਲਕੁਲ ਤਿਆਰੀ ਕਰ ਲਈ ਹੈ। ਉਨ੍ਹਾਂ ਕਿਹਾ ਕਿ ਕਾਨੂੰਨ ਬਣਨ ਨਾਲ ਨਾ ਸਿਰਫ ਕਿਸਾਨੀ ਤਬਾਹ ਹੋਵੇਗੀ, ਬਲਕਿ ਹਰ ਵਰਗ 'ਤੇ ਵੀ ਮਾੜਾ ਅਸਰ ਪਵੇਗਾ।

ਆਗੂਆਂ ਨੇ ਕਿਹਾ ਕਿ ਇਹ ਪੂਰੀ ਤਰ੍ਹਾਂ ਸੱਚ ਹੈ ਕਿ ਜਿਸ ਦਾ ਬੀਜ 'ਤੇ ਕੰਟਰੋਲ ਹੈ, ਉਸ ਦਾ ਅਨਾਜ 'ਤੇ ਵੀ ਕੰਟਰੋਲ ਹੋਵੇਗਾ।ਮੋਦੀ ਸਰਕਾਰ ਵੱਲੋਂ ਬਿਜਲੀ ਸੋਧ ਬਿੱਲ 2025 ਤੇ ਬੀਜ ਬਿੱਲ 2025 ਲਿਆਉਣ ਦਾ ਮਕਸਦ ਕਿਸਾਨਾਂ ਦੀਆਂ ਜ਼ਮੀਨਾਂ ਖੋਹ ਕੇ ਵੱਡੇ ਦੇਸੀ ਵਿਦੇਸ਼ੀ ਸਰਮਾਏਦਾਰ ਘਰਾਣਿਆਂ ਦਾ ਕਬਜ਼ਾ ਕਰਾਉਣਾ ਹੈ।ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਮੀਤ ਪ੍ਰਧਾਨ ਬਲਵਿੰਦਰ ਸਿੰਘ ਥਾਂਦੇਵਾਲਾ ਨੇ ਪ੍ਰੈੱਸ ਨੋਟ ਜਾਰੀ ਕਰਦਿਆਂ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ ਸ੍ਰੀ ਮੁਕਤਸਰ ਸਾਹਿਬ ਵੱਲੋਂ 26 ਜਨਵਰੀ ਨੂੰ ਬਿਜਲੀ ਸੋਧ ਬਿਲ 2025, ਬੀਜ ਬਿਲ 2025 ਤੇ 29 ਕਿਰਤ ਕਾਨੂੰਨ ਤੇ ਮਨਰੇਗਾ ਨੂੰ ਖਤਮ ਕਰਨ ਤੋਂ ਇਲਾਵਾ ਨਿੱਜੀਕਰਨ ਨੀਤੀਆਂ ਖਿਲਾਫ਼ ਬਲਾਕ ਮੁਕਤਸਰ, ਬਲਾਕ ਗਿੱਦੜਬਾਹਾ, ਬਲਾਕ ਮਲੋਟ, ਬਲਾਕ ਲੰਬੀ ਵਿੱਚ ਵੱਡੇ ਪੱਧਰ 'ਤੇ ਟਰੈਕਟਰ ਮਾਰਚ ਕੀਤਾ ਜਾਵੇਗਾ। ਇਸ ਮੌਕੇ ਬਲਦੇਵ ਸਿੰਘ ਹਰੀਕੇ ਕਲਾਂ, ਜਸਵੀਰ ਸਿੰਘ ਗੰਧੜ, ਅਵਤਾਰ ਸਿੰਘ ਵੱਟੂ, ਜਸਵਿੰਦਰ ਸਿੰਘ ਵਣਵਾਲਾ, ਮਹਿਤਾ ਸਿੰਘ ਵਣਵਾਲਾ ਆਦਿ ਆਗੂ ਹਾਜ਼ਰ ਸਨ।

## ਕਾਤਰਾਂ

### ਫ਼ਿਰੋਜ਼ਪੁਰ 'ਚ ਚੋਰੀ ਦੇ ਸਾਮਾਨ ਸਮੇਤ 3 ਚੋਰ ਕਾਬੂ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਫ਼ਿਰੋਜ਼ਪੁਰ ਥਾਣਾ ਸਿਟੀ ਦੀ ਪੁਲਿਸ ਨੇ ਸ਼ਹਿਰ ਵਿਚ ਹੋ ਰਹੀਆਂ ਚੋਰੀ ਦੀਆਂ ਘਟਨਾਵਾਂ ਨੂੰ ਠੱਲ੍ਹ ਪਾਉਂਦਿਆਂ ਤਿੰਨ ਚੋਰਾਂ ਨੂੰ ਗ੍ਰਿਫ਼ਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਪੁਲਿਸ ਨੇ ਇਨ੍ਹਾਂ ਕੋਲੋਂ ਚੋਰੀ ਕੀਤਾ ਹੋਇਆ ਭਾਰੀ ਮਾਤਰਾ ਵਿਚ ਸਾਮਾਨ ਵੀ ਬਰਾਮਦ ਕੀਤਾ ਹੈ ਜਿਸ ਵਿੱਚ ਰਸੋਈ ਗੈਸ ਸਿਲੰਡਰ, ਐੱਲ ਸੀ ਡੀ, ਮੋਟਰਸਾਈਕਲ ਤੇ ਹੋਰ ਘਰੇਲੂ ਸਾਮਾਨ ਸ਼ਮਿਲ ਹੈ। ਐਸ ਐਚ ਓ ਕਸ਼ਮੀਰ ਸਿੰਘ ਨੇ ਦੱਸਿਆ ਕਿ ਕਾਬੂ ਕੀਤੇ ਗਏ ਚੋਰਾਂ ਕੋਲੋਂ ਬਾਰੀਕੀ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ।

### ਇੰਦਰਜੀਤ ਮਾਨ ਮਾਰਕਫੈੱਡ ਦੇ ਚੇਅਰਮੈਨ ਨਿਯੁਕਤ



ਬਠਿੰਡਾ (ਰਾਜੀਵ ਗੋਇਲ)-ਪੰਜਾਬ ਖਾਦੀ ਤੇ ਗ੍ਰਾਮ ਉਦਯੋਗ ਬੋਰਡ ਦੇ ਬਤੌਰ ਚੇਅਰਮੈਨ ਵਜੋਂ ਸੇਵਾਵਾਂ ਨਿਭਾਅ ਰਹੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਇੰਦਰਜੀਤ ਸਿੰਘ ਮਾਨ ਨੂੰ ਪਾਰਟੀ ਵੱਲੋਂ ਮਾਰਕਫੈੱਡ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ।ਮਾਨ ਦੀ ਇਸ ਨਿਯੁਕਤੀ ਨੂੰ ਲੈ ਕੇ ਹਲਕਾ ਰਾਮਪੁਰਾ ਫੂਲ ਵਿੱਚ ਖੁਸ਼ੀ ਦੀ ਲਹਿਰ ਹੈ।ਇਸ ਨਿਯੁਕਤੀ ਤੋਂ ਬਾਅਦ ਮਾਨ ਨੂੰ ਵਧਾਈਆਂ ਦੇਣ ਵਾਲਿਆਂ ਦਾ ਤਾਂਤਾ ਲੱਗਿਆ ਹੋਇਆ ਹੈ।

### ਮੁਲਾਕਾਤ ਕਰਨ ਆਏ ਪੁੱਤਰ ਨੇ ਪਿਤਾ ਨੂੰ ਦਿੱਤੇ ਦੋ ਸਿਮ ਕਾਰਡ, ਮਾਮਲਾ ਦਰਜ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿਚ ਮੁਲਾਕਾਤ ਕਰਨ ਆਇਆ ਇਕ ਲੜਕਾ ਆਪਣੇ ਪਿਤਾ ਨੂੰ ਦੋ ਸਿੰਮ ਕਾਰਡ ਦੇ ਗਿਆ। ਪੁਲਿਸ ਨੇ ਹਵਾਲਾਤੀ ਦੀ ਤਲਾਸ਼ੀ ਦੌਰਾਨ ਉਸ ਕੋਲੋਂ 2 ਸਿਮ ਕਾਰਡ ਬਰਾਮਦ ਕੀਤੇ ਹਨ। ਇਸ ਸਬੰਧ ਵਿਚ ਥਾਣਾ ਸਿਟੀ ਫਿਰੋਜ਼ਪੁਰ ਪੁਲਿਸ ਨੇ ਦੋ ਹਵਾਲਾਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ। ਸਹਾਇਕ ਥਾਣੇਦਾਰ ਸ਼ਰਮਾ ਸਿੰਘ ਨੇ ਦੱਸਿਆ ਕਿ ਹਵਾਲਾਤੀ ਗੁਰਨਾਮ ਸਿੰਘ ਪੁੱਤਰ ਮੇਜਰ ਸਿੰਘ ਦੀ ਮੁਲਾਕਾਤ ਕਰਨ ਆਏ ਉਸ ਦੇ ਲੜਕੇ ਜੁਗਰਾਜ ਸਿੰਘ ਵੱਲੋਂ ਮੁਲਾਕਾਤ ਦੌਰਾਨ ਉਸ ਨੂੰ 2 ਸਿੰਮਾਂ ਫੜਾ ਗਿਆ। ਇਨ੍ਹ ਦੋਨਾਂ ਵਿਰੁੱਧ ਮਾਮਲਾ ਦਰਜ ਕਰ ਲਿਆ ਗਿਆ ਹੈ।

### ਫਿਰੋਜ਼ਪੁਰ 'ਚ ਚੋਰਾਂ ਦੇ ਹੌਸਲੇ ਬੁਲੰਦ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਫਿਰੋਜ਼ਪੁਰ ਵਿਚ ਅਮਨ-ਕਾਨੂੰਨ ਦੀ ਸਥਿਤੀ ਲਗਾਤਾਰ ਡਗਮਗਾ ਰਹੀ ਹੈ। ਫਿਰੋਜ਼ਪੁਰ ਸ਼ਹਿਰ ਦੇ ਰੁਝੇਵੇਂ ਵਾਲੇ ਇਲਾਕੇ ਸਰਕੂਲਰ ਰੋਡ ਤੋਂ ਸਾਹਮਣੇ ਰਾਤ ਵੇਲੇ ਬੇਖੌਫ਼ ਚੋਰਾਂ ਨੇ ਇਕ ਰੈਡੀਮੇਡ ਕੱਪੜਿਆਂ ਦੇ ਸ਼ੋਰੂਮ ਨੂੰ ਆਪਣਾ ਨਿਸ਼ਾਨਾ ਬਣਾਇਆ। ਚੋਰਾਂ ਨੇ ਬੜੀ ਸਫ਼ਾਈ ਨਾਲ ਦੁਕਾਨ ਦੇ ਸ਼ਟਰ ਦੇ ਤਾਲਿਆਂ ਨੂੰ ਤੋੜ ਕੇ ਅੰਦਰ ਦਾਖਲ ਹੋ ਕੇ ਲੱਖਾਂ ਰੁਪਏ ਦੀ ਕੀਮਤ ਦੇ ਬ੍ਰਾਂਡਿਡ ਕੱਪੜੇ ਅਤੇ ਹੋਰ ਕੀਮਤੀ ਸਮਾਨ 'ਤੇ ਹੱਥ ਸਾਫ਼ ਕਰ ਦਿੱਤਾ। ਚੋਰ ਸੀ ਸੀ ਟੀ ਵੀ ਕੈਮਰਿਆਂ ਦਾ ਡੀ ਵੀ ਆਰ ਵੀ ਆਪਣੇ ਨਾਲ ਲੈ ਗਏ, ਜ਼ਿਕਰਯੋਗ ਹੈ ਕਿ ਪਿਛਲੇ 10 ਦਿਨਾਂ ਅੰਦਰ ਫਿਰੋਜ਼ਪੁਰ ਸ਼ਹਿਰ 'ਚ ਚੋਰੀ ਦੀਆਂ ਤਕਰੀਬਨ ਅੱਧਾ ਦਰਜਨ ਵਾਰਦਾਤਾਂ ਹੋ ਚੁੱਕੀਆਂ ਹਨ।

# ਹਰਿਆਣਾ ਸਿੱਖ ਕਤਲੇਆਮ 1984 ਦੇ ਪੀੜਤਾਂ ਨੇ ਸੰਘਰਸ਼ ਦਾ ਬਿਗਲ ਵਜਾਇਆ

## 14 ਫਰਵਰੀ ਨੂੰ ਦਿੱਲੀ 'ਚ ਵੱਡੇ ਅੰਦੋਲਨ ਦਾ ਐਲਾਨ



ਮੋਗਾ (ਇਕਬਾਲ ਸਿੰਘ ਖਹਿਰਾ)

ਹਰਿਆਣਾ ਸਿੱਖ ਕਤਲੇਆਮ 1984 ਦੇ ਪੀੜਤ ਪਰਿਵਾਰਾਂ ਦੀ ਇੱਕ ਅਹਿਮ ਤੇ ਇਤਿਹਾਸਕ ਮੀਟਿੰਗ ਗੁਰਦੁਆਰਾ ਸਿੰਘ ਸਭਾ ਗੁੜਵਾਉ ਵਿਖੇ ਹੋਈ, ਜੋ ਹੋਦ ਚਿੱਲੜ ਸਿੱਖ ਇਨਸਾਫ਼ ਕਮੇਟੀ 1984 ਦੇ ਪ੍ਰਧਾਨ ਭਾਈ ਦਰਸ਼ਨ ਸਿੰਘ ਘੋਲੀਆ ਦੀ ਪ੍ਰਧਾਨਗੀ ਹੇਠ ਕੀਤੀ ਗਈ।ਇਸ ਮੀਟਿੰਗ ਵਿੱਚ ਹਰਿਆਣਾ, ਪੰਜਾਬ, ਦਿੱਲੀ, ਉੱਤਰ ਪ੍ਰਦੇਸ਼ ਤੇ ਹੋਰ ਰਾਜਾਂ ਤੋਂ ਵੱਡੀ ਗਿਣਤੀ ਵਿੱਚ ਪੀੜਤ ਪਰਿਵਾਰਾਂ ਤੇ ਮੌਕੇ ਦੇ ਗਵਾਹਾਂ ਨੇ ਸ਼ਿਰਕਤ ਕੀਤੀ।ਮੀਟਿੰਗ ਦਾ ਮਕਸਦ 1984 ਦੇ ਕਤਲੇਆਮ ਦੇ ਪੀੜਤਾਂ ਨੂੰ ਅਜੇ ਤੱਕ ਨਾ ਮਿਲੇ ਇਨਸਾਫ਼, ਸਰਕਾਰੀ ਸਹਾਇਤਾ ਤੇ ਰੁਜ਼ਗਾਰ ਦੇ ਮਸਲੇ 'ਤੇ ਸਾਂਝੀ ਰਣਨੀਤੀ ਤਿਆਰ ਕਰਨਾ ਸੀ।ਮੀਟਿੰਗ ਦੌਰਾਨ ਮੌਕੇ ਦੇ ਗਵਾਹ ਤੇ ਪੀੜਤ ਰਾਮ ਸਿੰਘ ਪਟਿਆਲਾ, ਗੁਰਪ੍ਰੀਤ ਸਿੰਘ ਸਾਹਨੀ ਗੁੜਵਾਉ, ਗੁਰਜੀਤ ਸਿੰਘ ਪਟੌਦੀ ਤੇ ਗੋਪਾਲ ਸਿੰਘ ਰੇਵਾੜੀ ਨੇ ਦਿਲ ਹਿਲਾ ਦੇਣ ਵਾਲੇ ਬਿਆਨ ਦਿੰਦਿਆਂ ਕਿਹਾ ਕਿ 1984 ਦੀ ਹਨੇਰੀ ਨੇ ਉਨ੍ਹਾਂ ਦੀ ਪੂਰੀ ਜ਼ਿੰਦਗੀ ਉਜਾੜ ਦਿੱਤੀ।ਉਨ੍ਹਾਂ ਦੱਸਿਆ ਕਿ ਅੱਖਾਂ ਸਾਹਮਣੇ ਹੀ ਪਰਿਵਾਰਾਂ ਦਾ ਕਤਲੇਆਮ ਹੋਇਆ, ਮਾਸੂਮ ਬੱਚੇ, ਔਰਤਾਂ ਤੇ ਬਜ਼ੁਰਗ ਭੀੜ ਦੀ ਹਿੰਸਾ ਦਾ ਸ਼ਿਕਾਰ ਬਣੇ, ਘਰ-ਬਾਰ ਲੁੱਟ ਗਏ ਤੇ ਸਭ ਕੁਝ ਮਲੀਆਮੇਟ ਹੋ ਗਿਆ।ਉਨ੍ਹਾਂ ਕਿਹਾ ਕਿ ਉਸ ਦਿਨ ਦੇ ਭਿਆਨਕ ਮੰਜ਼ਰ ਅਜੇ ਵੀ ਅੱਖਾਂ ਸਾਹਮਣੇ ਘੁੰਮਦੇ ਹਨ, ਜਿਸ ਕਾਰਨ ਕਈ ਪੀੜਤ ਅੱਜ ਵੀ ਗਹਿਰੇ ਸਦਮੇ ਵਿੱਚ ਜ਼ਿੰਦਗੀ ਜੀਅ ਰਹੇ ਹਨ। ਇਸ ਮੌਕੇ ਪੀੜਤਾਂ ਨੇ ਦੱਸਿਆ ਕਿ 42 ਸਾਲ ਬੀਤ ਜਾਣ ਬਾਵਜੂਦ ਉਨ੍ਹਾਂ ਨੂੰ ਪੂਰਾ ਇਨਸਾਫ਼ ਨਹੀਂ ਮਿਲਿਆ।ਕੇਂਦਰ ਤੇ ਸੂਬਾ ਸਰਕਾਰਾਂ ਨੇ ਲੰਬੇ ਸਮੇਂ ਤੱਕ ਉਨ੍ਹਾਂ ਨਾਲ ਜਲੀਲ ਵਿਵਹਾਰ ਕੀਤਾ ਹੈ। ਅਦਾਲਤਾਂ ਤੇ ਕਮਿਸ਼ਨਾਂ ਦੇ ਦਰਵਾਜ਼ੇ ਖੜਕਾਉਂਦੇ-ਖੜਕਾਉਂਦੇ ਕਈ ਪੀੜਤਾਂ ਦੀ ਜ਼ਿੰਦਗੀ ਲੰਘ ਗਈ, ਪਰ ਦੋਸ਼ੀਆਂ ਨੂੰ ਸਜ਼ਾ ਨਹੀਂ ਮਿਲੀ।ਉਨ੍ਹਾਂ ਕਿਹਾ ਕਿ ਅੱਜ ਵੀ ਪੀੜਤ ਇਨਸਾਫ਼ ਤੇ ਨਿਆਂ ਲਈ ਦਰ ਦਰ ਦੀਆਂ ਠੋਕਰਾਂ ਖਾ ਰਹੇ ਹਨ, ਜੋ ਇੱਕ ਲੋਕਤੰਤਰਿਕ ਦੇਸ਼ ਲਈ ਸ਼ਰਮਨਾਕ ਗੱਲ ਹੈ।

ਇਸ ਮੌਕੇ ਹੋਦ ਚਿੱਲੜ ਸਿੱਖ ਇਨਸਾਫ਼ ਕਮੇਟੀ 1984 ਦੇ ਪ੍ਰਧਾਨ ਭਾਈ ਦਰਸ਼ਨ ਸਿੰਘ ਘੋਲੀਆ ਨੇ ਹਰਿਆਣਾ ਸਰਕਾਰ ਨੂੰ ਸਖ਼ਤ ਲਹਿਜ਼ੇ ਵਿੱਚ ਚਿਤਾਵਨੀ ਦਿੰਦਿਆਂ ਕਿਹਾ ਕਿ ਮੱਧ ਪ੍ਰਦੇਸ਼, ਦਿੱਲੀ ਤੇ ਯੂਪੀ ਦੀ ਤਰਜ਼ 'ਤੇ ਮੁੜ ਵਿਚਾਰ ਕਰਕੇ ਪੀੜਤਾਂ ਨੂੰ ਉਨ੍ਹਾਂ ਦੀ ਯੋਗਤਾ ਅਨੁਸਾਰ ਸਰਕਾਰੀ ਸਹੂਲਤਾਂ ਵਾਲੀਆਂ ਨੌਕਰੀਆਂ ਦਿੱਤੀਆਂ ਜਾਣ।ਉਨ੍ਹਾਂ ਕਿਹਾ ਕਿ ਜਿਹੜੀਆਂ ਸਰਕਾਰਾਂ ਨੇ ਹੋਰ ਰਾਜਾਂ ਵਿੱਚ ਪੀੜਤਾਂ ਨੂੰ ਸਰਕਾਰੀ ਰੁਜ਼ਗਾਰ ਤੇ ਮਾਣਯੋਗ ਜੀਵਨ ਜਿਊਣ ਦਾ ਮੌਕਾ ਦਿੱਤਾ ਹੈ, ਉਹੀ ਮਾਡਲ ਹਰਿਆਣਾ ਵਿੱਚ ਵੀ ਲਾਗੂ ਕੀਤਾ ਜਾਣਾ ਚਾਹੀਦਾ ਹੈ।ਭਾਈ ਘੋਲੀਆ ਨੇ ਕਿਹਾ ਕਿ 1984 ਦੇ ਸਿੱਖ ਕਤਲੇਆਮ ਦੇ ਪੀੜਤ ਸਿਰਫ਼ ਇਨਸਾਫ਼ ਨਹੀਂ, ਸਗੋਂ ਇੱਜ਼ਤ ਨਾਲ ਜੀਉਣ ਦਾ ਹੱਕ ਮੰਗ ਰਹੇ ਹਨ।ਉਨ੍ਹਾਂ ਨੇ ਦੱਸਿਆ ਕਿ ਮੀਟਿੰਗ ਦੌਰਾਨ ਤਿੱਖੇ ਸੰਘਰਸ਼ ਦੀ ਪੂਰੀ ਰੂਪ ਰੇਖਾ ਤਿਆਰ ਕਰ ਲਈ ਗਈ ਹੈ।ਸਰਕਾਰ ਨੂੰ ਕੁਝ ਸਮਾਂ ਦਿੰਦਿਆਂ ਹੋਇਆ 14 ਫਰਵਰੀ ਨੂੰ ਦਿੱਲੀ ਵਿਖੇ ਅਗਲੇਰੀ ਮੀਟਿੰਗ ਦੌਰਾਨ ਵੱਡੇ ਸੰਘਰਸ਼ ਦੀਆਂ ਤਰੀਕਾਂ ਦਾ ਐਲਾਨ ਕੀਤਾ ਜਾਵੇਗਾ ।ਉਨ੍ਹਾਂ ਚੇਤਾਵਨੀ ਦਿੰਦਿਆਂ ਕਿਹਾ ਕਿ ਜੇ ਸਰਕਾਰ ਨੇ ਹੁਣ ਵੀ ਪੀੜਤਾਂ ਦੀਆਂ ਮੰਗਾਂ 'ਤੇ ਗੰਭੀਰਤਾ ਨਾਲ ਵਿਚਾਰ ਨਾ ਕੀਤਾ ਤਾਂ ਪੀੜਤ ਪਰਿਵਾਰ ਸੜਕਾਂ 'ਤੇ ਉਤਰ ਕੇ ਆਪਣੀ ਆਵਾਜ਼ ਬੁਲੰਦ ਕਰਨ ਲਈ ਮਜਬੂਰ ਹੋਣਗੇ।

# ਭਖਵੇਂ ਮੁੱਦਿਆਂ ਬਾਰੇ ਚਰਚਾ ਦੇ ਰੂਪ 'ਚ ਮਨਾਈ ਸ਼ਹੀਦ ਲਾਭ ਸਿੰਘ ਦੀ 45ਵੀਂ ਬਰਸੀ

## ਬਰਸੀ ਸਮਾਗਮ ਦੌਰਾਨ ਕਈ ਅਹਿਮ ਮਤੇ ਪਾਸ



ਮਾਨਸਾ (ਆਤਮਾ ਸਿੰਘ ਪਮਾਰ)-ਜਨਤਾ ਤੇ ਇਨਕਲਾਬੀ ਲਹਿਰ ਅਪਣੇ ਸ਼ਹੀਦਾਂ ਨੂੰ ਹਮੇਸ਼ਾ ਯਾਦ ਰੱਖਦੀ ਹੈ, ਇਸ ਦਾ ਪ੍ਰਮਾਣ ਹੈ ਸੂਬੇ 'ਚ ਵਧਾਏ ਗਏ ਬੱਸ ਕਿਰਾਏ ਖ਼ਿਲਾਫ਼ ਅੰਦੋਲਨ ਦੌਰਾਨ 21 ਜਨਵਰੀ 1981 ਨੂੰ ਪਿੰਡ ਰੱਲਾ ਵਿਖੇ ਪੁਲਸ ਫਾਇਰਿੰਗ ਨਾਲ ਸ਼ਹੀਦ ਹੋਏ ਕਾਮਰੇਡ ਲਾਭ ਸਿੰਘ ਦੀ ਸਥਾਨਕ ਪੈਨਸ਼ਨਰਜ਼ ਭਵਨ ਵਿਖੇ ਉਤਸ਼ਾਹ ਪੂਰਵਕ ਮਨਾਈ ਗਈ ਪੰਤਾਲੀਵੀਂ ਬਰਸੀ ਤੋਂ ਸਪੱਸ਼ਟ ਹੋ ਜਾਂਦਾ ਹੈ।ਇਸ ਮੌਕੇ ਯਾਦਗਾਰ ਕਮੇਟੀ ਵੱਲੋਂ ਸ਼ਹੀਦ ਲਾਭ ਸਿੰਘ ਦੀ ਜੀਵਨ ਸਾਥਣ ਅੰਗਰੇਜ਼ ਕੌਰ ਨੂੰ ਸਨਮਾਨਤ ਵੀ ਕੀਤਾ ਗਿਆ।

ਸ਼ਹੀਦ ਲਾਭ ਸਿੰਘ ਯਾਦਗਾਰ ਕਮੇਟੀ ਮਾਨਸਾ ਵੱਲੋਂ ਕਾਮਰੇਡ ਲਾਭ ਸਿੰਘ ਦੇ ਸ਼ਹਾਦਤ ਦਿਵਸ ਨੂੰ ਇੱਕ ਕਨਵੈਨਸ਼ਨ ਦੇ ਰੂਪ 'ਚ ਮਨਾਇਆ ਗਿਆ।ਕਨਵੈਨਸ਼ਨ ਦੌਰਾਨ ਵਿਸ਼ਾ ਮਾਹਿਰਾਂ ਤੇ ਪ੍ਰਮੁੱਖ ਆਗੂਆਂ ਵੱਲੋਂ ਹਾਜ਼ਰੀਨ ਨੂੰ ਪੰਜ ਵਿਸ਼ਿਆਂ ਬਾਰੇ ਵਿਸਥਾਰਤ ਜਾਣਕਾਰੀ ਪ੍ਰਦਾਨ ਕੀਤੀ ਗਈ।ਮਹਿਮਾਨ ਬੁਲਾਰੇ ਇੰਜੀ. ਦਰਸ਼ਨ ਸਿੰਘ ਭੁੱਲਰ ਰਿਟਾ. ਡਿਪਟੀ ਚੀਫ਼ ਇੰਜੀਨੀਅਰ ਪੀਐਸਪੀਸੀਐਲ ਨੇ ਬਿਜਲੀ ਸੋਧ ਬਿੱਲ ਬਾਰੇ, ਸੁਖਦਰਸ਼ਨ ਸਿੰਘ ਨੱਤ ਨੇ ਮਨਰੇਗਾ ਦੀ ਜਗ੍ਹਾ ਲਿਆਂਦੇ ਨਵੇਂ ਕਾਨੂੰਨ ਵਿਕਸਤ ਭਾਰਤ-ਗ੍ਰਾਮੀਣ ਰੁਜ਼ਗਾਰ ਤੇ ਆਜੀਵਿਕਾ ਮਿਸ਼ਨ ਬਾਰੇ, ਸੁਖਦੇਵ ਸਿੰਘ ਭੁਪਾਲ ਨੇ ਅਰਾਵਲੀ ਪਰਬਤ ਮਾਲਾ ਤੇ ਵਾਤਾਵਰਨ ਦੇ ਵਿਨਾਸ਼ ਬਾਰੇ, ਡਾ. ਦਰਸ਼ਨ ਪਾਲ ਨੇ ਨਵੇਂ ਬੀਜ ਐਕਟ ਤੇ ਮੁਖਤਿਆਰ ਸਿੰਘ ਪੂਹਲਾ ਵੱਲੋਂ ਨਵੀਂ ਸਿੱਖਿਆ ਨੀਤੀ 2020 ਬਾਰੇ ਵਿਸਥਾਰ ਰੂਪ 'ਚ ਚਾਨਣਾ ਪਾਇਆ ਗਿਆ।

ਇੰਜੀ: ਦਰਸ਼ਨ ਸਿੰਘ ਭੁੱਲਰ ਨੇ ਕਿਹਾ ਕਿ ਬਿਜਲੀ ਖੇਤਰ ਦਾ ਨਿੱਜੀਕਰਨ ਦਰਅਸਲ ਸੰਸਾਰ ਬੈਂਕ ਦਾ ਅਜੰਡਾ ਹੈ, ਜਦੋਂ ਕਿ ਇਹ ਪਹਿਲਾਂ ਹੀ 13 ਦੇਸ਼ਾਂ ਵਿੱਚ ਬੁਰੀ ਤਰ੍ਹਾਂ ਅਸਫਲ ਹੋ ਚੁੱਕਾ ਹੈ।ਸਰਕਾਰ ਪੰਜ ਸਾਲਾਂ ਵਿੱਚ ਕਰਾਸ ਸਬਸਿਡੀ ਪੂਰੀ ਤਰ੍ਹਾਂ ਖ਼ਤਮ ਕਰ ਦੇਵੇਗੀ, ਸਿੱਟੇ ਵਜੋਂ ਘਰੇਲੂ ਬਿਜਲੀ ਦਾ ਰੇਟ ਵੀ ਕਮਰਸ਼ੀਅਲ ਬਿਜਲੀ ਦੇ ਬਰਾਬਰ ਹੋਣ ਕਰਕੇ ਬਿਜਲੀ ਮਹਿੰਗੀ ਹੋ ਜਾਵੇਗੀ।ਉਨ੍ਹਾਂ ਦੱਸਿਆ ਕਿ ਮੋਦੀ ਸਰਕਾਰ ਵੱਲੋਂ ਕੋਲਾ ਸਪਲਾਈ ਵਿੱਚ ਪਾਏ ਵੱਡੇ ਵਿਚੋਲਿਆਂ ਕਰਕੇ ਇੰਡੋਨੇਸ਼ੀਆ ਤੋਂ ਸਾਡੇ ਤੱਕ ਪਹੁੰਚਦੇ ਕੋਲੇ ਦੀ ਕੀਮਤ ਵਿੱਚ ਤਿੰਨ ਗੁਣਾ ਵਾਧਾ ਹੋ ਰਿਹਾ ਹੈ।ਉਨ੍ਹਾਂ ਇਹ ਹੈਰਾਨੀਜਨਕ ਤੱਥ ਵੀ ਸਾਂਝਾ ਕੀਤਾ ਕਿ ਦੂਜੇ ਸੂਬਿਆਂ ਤੋਂ ਲਈ ਜਾਣ ਵਾਲੀ ਸੋਲਰ ਬਿਜਲੀ 2.77 ਪੈਸੇ ਪ੍ਰਤੀ ਯੂਨਿਟ ਮਿਲ਼ਦੀ ਹੈ, ਜਦੋਂ ਕਿ ਖੁਦ ਪੰਜਾਬ ਦੇ ਅੰਦਰੋਂ ਇਹ ਪ੍ਰਤੀ ਯੂਨਿਟ 5.29 ਪੈਸੇ ਖਰੀਦੀ ਜਾ ਰਹੀ ਹੈ।ਇਹ ਚਮਤਕਾਰ ਸਰਕਾਰਾਂ ਵੱਲੋਂ ਕਮਿਸ਼ਨ ਖਾ ਕੇ ਕੀਤੇ ਗ਼ਲਤ ਸੌਦਿਆਂ ਦਾ ਹੀ ਨਤੀਜਾ ਹੈ।ਉੱਘੇ ਕਿਸਾਨ ਆਗੂ ਰੁਲਦੂ ਸਿੰਘ ਮਾਨਸਾ ਨੇ ਸਮੂਹ ਲੋਕਾਂ ਨੂੰ ਪਿੰਡ ਰੱਲੇ ਦੀ ਲੜਕੀ ਐਡਵੋਕੇਟ ਦਿਲਜੋਤ ਸ਼ਰਮਾ ਦੀ ਭੇਤਭਰੀ ਮੌਤ ਬਾਰੇ ਲੁਧਿਆਣਾ ਪੁਲਸ ਵੱਲੋਂ ਕੇਸ ਦਰਜ ਕਰਕੇ ਦੋਸ਼ੀਆਂ ਨੂੰ ਗ੍ਰਿਫਤਾਰ ਨਾ ਕਰਨ ਦੇ ਰੋਸ ਵਜੋਂ ਲੁਧਿਆਣਾ ਵਿਖੇ 2 ਫਰਵਰੀ ਰੋਸ ਧਰਨੇ 'ਤੇ ਪਹੁੰਚਣ ਦੀ ਅਪੀਲ ਕੀਤੀ।ਕਮੇਟੀ ਮੈਂਬਰ ਸੁਰਿੰਦਰ ਪਾਲ ਸ਼ਰਮਾ ਵੱਲੋਂ ਇਸ ਸਮੇਂ ਪੰਜ ਮਤੇ ਪੇਸ਼ ਕਰਕੇ ਪ੍ਰਵਾਨਗੀ ਲਈ ਗਈ। ਇਸੇ ਸਮੇਂ ਮੰਚ ਸੰਚਾਲਨ ਦੀ ਜ਼ਿੰਮੇਵਾਰੀ ਜਗਰਾਜ ਸਿੰਘ ਰੱਲਾ ਨੇ ਬਾਖੂਬੀ ਨਿਭਾਈ ਗਈ।ਇਨਕਲਾਬੀ ਗਾਇਕਾਂ ਅਜਮੇਰ ਅਕਲੀਆ ਤੇ ਜਗਦੇਵ ਭੁਪਾਲ ਨੇ ਜੋਸ਼ੀਲੇ ਗੀਤ ਸੁਣਾ ਕੇ ਮਾਹੌਲ ਨੂੰ ਗਰਮਾਈ ਰੱਖਿਆ।ਬਰਸੀ ਸਮਾਗਮ ਦੌਰਾਨ ਯਾਦਗਾਰ ਕਮੇਟੀ ਦੇ ਕਨਵੀਨਰ ਹਰਗਿਆਨ ਢਿੱਲੋਂ, ਮਨਿੰਦਰ ਸਿੰਘ, ਕਾਮਰੇਡ ਰਾਜਵਿੰਦਰ ਸਿੰਘ ਰਾਣਾ, ਨਛੱਤਰ ਸਿੰਘ ਖੀਵਾ, ਆਈਡੀਪੀ ਆਗੂ ਕਰਨੈਲ ਸਿੰਘ ਜਖੇਪਲ, ਤਾਰਾ ਚੰਦ ਬਰੇਟਾ, ਭਜਨ ਸਿੰਘ ਘੁੰਮਣ, ਬੀਕੇਯੂ ਡਕੌਂਦਾ ਦੇ ਆਗੂ ਮੱਖਣ ਸਿੰਘ ਭੈਣੀਬਾਘਾ, ਮਨਜੀਤ ਮਾਨ, ਕੌਰ ਸਿੰਘ, ਆਇਸਾ ਆਗੂ ਸੁਖਜੀਤ ਰਾਮਾਨੰਦੀ, ਮਜ਼ਦੂਰ ਮੁਕਤੀ ਮੋਰਚਾ ਦੇ ਬਲਵਿੰਦਰ ਘਰਾਂਗਣਾਂ, ਅਜੈਬ ਸਿੰਘ, ਸੁਖਦੇਵ ਪਾਂਧੀ, ਗੁਰਲਾਭ ਸਿੰਘ, ਡੀਟੀਐੱਫ ਦੇ ਪ੍ਰਧਾਨ ਅਮੋਲਕ ਡੇਲੂਆਣਾ ਸਮੇਤ ਸੈਂਕੜੇ ਆਗੂ ਤੇ ਵਰਕਰ ਹਾਜ਼ਰ ਸਨ।

# ਬੇਅਦਬੀ ਦੀ ਘਟਨਾ ਦੇ ਮੁੱਖ ਦੋਸ਼ੀ ਨਾ ਫੜੇ ਜਾਣ ਵਿਰੁੱਧ ਲੋਕਾਂ ਵੱਲੋਂ ਰੋਸ ਧਰਨਾ



ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)-ਇਤਿਹਾਸਕ ਪਿੰਡ ਠੀਕਰੀਵਾਲਾ (ਬਰਨਾਲਾ) ਵਿਖੇ ਗੁਟਕਾ ਸਾਹਿਬ ਦੀ ਬੇਅਦਬੀ ਦੀ ਦੁਖਦਾਈ ਘਟਨਾ ਵਾਪਰਨ ਦਾ ਮਾਮਲਾ ਸਾਹਮਣੇ ਆਇਆ ਹੈ।ਜਾਣਕਾਰੀ ਅਨੁਸਾਰ ਬੀਤੀ 19 ਜਨਵਰੀ ਦੀ ਰਾਤ ਨੂੰ ਵਾਪਰੀ ਇਸ ਮੰਦਭਾਗੀ ਘਟਨਾ ਦੇ ਮੁੱਖ ਦੋਸ਼ੀਆਂ ਨੂੰ ਅਜੇ ਤੱਕ ਨਾ ਫੜੇ ਜਾਣ ਵਿਰੁੱਧ ਅੱਜ ਪਿੰਡ ਵਾਸੀਆਂ ਨੇ ਗੁਰਦੁਆਰਾ ਸਾਹਿਬ ਕਮੇਟੀ ਦੀ ਅਗਵਾਈ ਹੇਠ ਪਿੰਡ ਠੀਕਰੀਵਾਲਾ ਵਿਖੇ ਰੋਸ ਧਰਨਾ ਦੇ ਕੇ ਇਨਸਾਫ ਦੀ ਮੰਗ ਕੀਤੀ ਹੈ।ਇਸ ਮੌਕੇ ਬੋਲਦਿਆਂ ਗੁਰਦੁਆਰਾ ਸਾਹਿਬ ਕਮੇਟੀ ਦੇ ਪ੍ਰਧਾਨ ਜਗਸੀਰ ਸਿੰਘ ਔਲਖ, ਸਰਪੰਚ ਕਿਰਨਜੀਤ ਸਿੰਘ, ਮੈਨੇਜਰ ਸੁਰਜੀਤ ਸਿੰਘ ਠੀਕਰੀਵਾਲ, ਗੁਰਪ੍ਰੀਤ ਸਿੰਘ ਠੀਕਰੀਵਾਲ, ਪੰਚ ਮਨਪ੍ਰੀਤ ਸਿੰਘ ਨੇ ਕਿਹਾ ਕਿ ਅਮਰ ਸ਼ਹੀਦ ਸ੍ਰ: ਸੇਵਾ ਸਿੰਘ ਠੀਕਰੀਵਾਲ ਦੇ ਸ਼ਹੀਦੀ ਸਮਾਗਮ ਦੇ ਦੂਸਰੇ ਦਿਨ 19 ਜਨਵਰੀ ਦੀ ਰਾਤ ਨੂੰ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਗੁਟਕਾ ਸਾਹਿਬ ਦੇ ਅੰਗ ਪਾੜ ਕੇ ਸ਼ਹੀਦੀ ਸਭਾ ਵਾਲੀ ਥਾਂ ਦੀਵਾਨ ਹਾਲ ਤੇ ਪਿੰਡ ਦੀਆਂ ਦੀਆਂ ਗਲੀਆਂ 'ਚ ਸੁੱਟੇ ਗਏ।ਇਹ ਸਾਰੀ ਘਟਨਾ ਪਿੰਡ 'ਚ ਲਗਾਏ ਗਏ ਸੀ ਸੀ ਟੀ ਵੀ ਕੈਮਰਿਆਂ 'ਚ ਰਿਕਾਰਡ ਹੋ ਗਈ।ਪਤਾ ਲੱਗਦਿਆਂ ਹੀ ਪਿੰਡ ਵਾਸੀਆਂ ਵੱਲੋਂ ਤੁਰੰਤ ਕਾਰਵਾਈ ਦੀ ਮੰਗ ਨੂੰ ਲੈ ਕੇ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਖੰਘਾਲੇ ਜਾਣ 'ਤੇ ਦੋ ਦੋਸ਼ੀ ਫੜ ਕੇ ਪੁਲਸ ਹਵਾਲੇ ਕੀਤੇ ਗਏ, ਪਰ ਇਸ ਘਟਨਾ ਦਾ ਮੁੱਖ ਦੋਸ਼ੀ ਪੁਲਸ ਵੱਲੋਂ ਅਜੇ ਤੱਕ ਵੀ ਗ੍ਰਿਫ਼ਤਾਰ ਨਾ ਕੀਤੇ ਜਾਣ ਦੇ ਰੋਸ ਵਿੱਚ ਅੱਜ ਪਿੰਡ ਵਾਸੀ ਰੋਸ ਪ੍ਰਦਰਸ਼ਨ ਕਰਨ ਲਈ ਮਜਬੂਰ ਹੋਏ ਹਨ।ਆਗੂਆਂ ਨੇ ਪੁਲਸ ਪ੍ਰਸ਼ਾਸਨ ਉੱਪਰ ਅਣਗਹਿਲੀ ਵਰਤਣ ਦਾ ਦੋਸ਼ ਲਗਾਉਂਦਿਆ ਸਪੱਸ਼ਟ ਕੀਤਾ ਕਿ ਪਿੰਡ ਵਾਸੀ ਇਨਸਾਫ ਮਿਲਣ ਤੱਕ ਚੈਨ ਨਾਲ ਨਹੀਂ ਬੈਠਣਗੇ।ਇਸ ਮੌਕੇ ਮੈਂਬਰ ਸ਼੍ਰੋਮਣੀ ਕਮੇਟੀ ਸੰਤ ਬਲਵੀਰ ਸਿੰਘ ਘੁੰਨਸ, ਜਥੇਦਾਰ ਬਲਦੇਵ ਸਿੰਘ ਚੂੰਘਾਂ, ਜਥੇਦਾਰ ਨਾਥ ਸਿੰਘ ਹਮੀਦੀ ਨੇ ਇਸ ਘਟਨਾ ਉੱਪਰ ਦੁੱਖ ਪ੍ਰਗਟ ਕਰਦਿਆਂ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਦੀ ਮੰਗ ਉਠਾਈ।ਉਨ੍ਹਾਂ ਆਪਣੇ ਵੱਲੋਂ ਹਰ ਸੰਭਵ ਸਹਿਯੋਗ ਦੇਣ ਦਾ ਭਰੋਸਾ ਦੁਆਇਆ।ਧਰਨਾਕਾਰੀਆਂ ਨੂੰ ਸ਼ਾਂਤ ਕਰਨ ਲਈ ਪਹੁੰਚੇ ਡੀ ਐੱਸ ਪੀ ਬਲਜੀਤ ਸਿੰਘ ਢਿੱਲੋਂ, ਡੀ ਐੱਸ ਪੀ ਸਤਬੀਰ ਸਿੰਘ ਬੈਂਸ ਨੇ ਇਸ ਮਾਮਲੇ ਸਬੰਧੀ ਪੰਜ ਮੈਂਬਰੀ ਜਾਂਚ ਕਮੇਟੀ ਦਾ ਗਠਨ ਕਰਨ ਤੇ ਫੜੇ ਗਏ ਦੋਸ਼ੀਆਂ ਵਿਰੁੱਧ ਕੇਸ ਦਰਜ ਕਰਨ ਤੇ ਰਹਿੰਦੇ ਦੋਸ਼ੀਆਂ ਨੂੰ ਛੇਤੀ ਗ੍ਰਿਫ਼ਤਾਰ ਕਰਨ ਦਾ ਵਿਸ਼ਵਾਸ ਦੁਆਇਆ।ਇਸ ਉਪਰੰਤ ਧਰਨਾਕਾਰੀਆਂ ਨੇ ਧਰਨਾ ਸਮਾਪਤ ਕਰ ਦੇਣ ਦਾ ਫੈਸਲਾ ਕੀਤਾ।ਇਸ ਮੌਕੇ ਗੁਰਦਿਆਲ ਸਿੰਘ ਮਾਨ, ਜਥੇ: ਲਾਭ ਸਿੰਘ ਠੀਕਰੀਵਾਲ, ਭਾਕਿਯੂ ਕਾਦੀਆਂ ਦੇ ਸੂਬਾ ਆਗੂ ਗੁਰਨਾਮ ਸਿੰਘ ਠੀਕਰੀਵਾਲ, ਸੁਖਮਨੀ ਸੇਵਾ ਸੁਸਾਇਟੀ ਦੇ ਸੇਵਾਦਾਰ, ਪਿੰਡ ਵਾਸੀ ਵੱਡੀ ਗਿਣਤੀ 'ਚ ਹਾਜ਼ਰ ਸਨ।

# ਭਾਰਤੀਯ ਅੰਬੇਡਕਰ ਮਿਸ਼ਨ ਨੇ ਕੀਤੀ ਦੂਸਰੀ ਸੂਚੀ ਜਾਰੀ

## ਦੇਸ਼ ਦੇ 22 ਸੂਬਾ ਪ੍ਰਧਾਨਾਂ ਸਣੇ ਚੰਡੀਗੜ੍ਹ ਦਾ ਪ੍ਰਧਾਨ ਵੀ ਕੀਤਾ ਨਿਯੁਕਤ

ਸੰਗਰੂਰ (ਪ੍ਰਵੀਨ ਸਿੰਘ)-ਦੇਸ਼ ਦੀ ਪ੍ਰਸਿੱਧ ਤੇ ਸਰਗਰਮ ਸਮਾਜਿਕ ਜਥੇਬੰਦੀ ਭਾਰਤੀਯ ਅੰਬੇਡਕਰ ਮਿਸ਼ਨ ਭਾਰਤ ਦੇ ਕੌਮੀ ਪ੍ਰਧਾਨ ਸ੍ਰੀ ਦਰਸ਼ਨ ਸਿੰਘ ਕਾਂਗੜ ਵੱਲੋਂ ਮੈਡਮ ਪੂਨਮ ਕਾਂਗੜਾ ਮੁੱਖ ਸਰਪ੍ਰਸਤ ਦੀ ਅਨੁਮਤੀ ਨਾਲ ਸਾਲ 2026 ਲਈ ਦੇਸ਼ ਦੇ ਵੱਖ ਵੱਖ ਪ੍ਰਦੇਸਾਂ ਦੇ ਸੂਬਾ ਪ੍ਰਧਾਨਾਂ ਸਣੇ ਚੰਡੀਗੜ੍ਹ ਦਾ ਨਿਯੁਕਤ ਕੀਤਾ ਗਿਆ, ਜਿਨ੍ਹਾਂ 'ਚ ਮੁਕੇਸ਼ ਰਤਨਾਕਰ (ਪੰਜਾਬ), ਰਾਮ ਨਿਵਾਸ ਸੇਤੂ, ਸਫੀਦੋਂ (ਹਰਿਆਣਾ), ਡਾ. ਸੁਰਿੰਦਰਾ ਕੁਮਾਰੀ ਬਿਲਾਸਪੁਰ (ਹਿਮਾਚਲ ਪ੍ਰਦੇਸ਼), ਅਨੰਦ ਸੁਦਰਸ਼ਨ ਅਲਾਹਾਬਾਦ (ਉੱਤਰ ਪ੍ਰਦੇਸ਼), ਭੁਟਾਰੀ ਅਰੁਣ ਕੁਮਾਰ (ਆਂਧਰਾ ਪ੍ਰਦੇਸ਼), ਦੀਪਕ ਬਿਲੜਵਾਨ (ਮੱਧ ਪ੍ਰਦੇਸ਼), ਵਗੇਲਾ ਮਹੇਸ਼ (ਗੁਜਰਾਤ), ਜੋਅਕੋਰਨ ਵਾਲਮੀਕਿ (ਅਸਾਮ), ਐਡਵੋਕੇਟ ਇਰਸ਼ਾਦ ਹਸਨ (ਜੰਮੂ ਕਸ਼ਮੀਰ), ਐਡਵੋਕੇਟ ਵਿਵੇਕ ਕੁਮਾਰ (ਝਾਰਖੰਡ), ਸਗੀਸਾਇਲ ਅਨਤਿੰਨ (ਕਰਨਾਟਕਾ), ਅਭੀਸ਼ੇਕ ਕੁਮਾਰ ਬਗਲਕੋਟ (ਮਹਾਰਾਸ਼ਟਰ), ਸਤੀਸ਼ ਬਿਡਲਾ ਹੇਦਰਾਬਾਦ, ਸਤੀਸ਼ ਰੰਜਨ ਦੇਹਰਾਦੂਨ (ਉੱਤਰਾਖੰਡ), ਸੰਜੇ ਕੁਮਾਰ ਚੱਕਰਵਰਤੀ ਪਟਨਾ (ਬਿਹਾਰ), ਵਿਨੋਦ ਬਾਈਕਾ (ਛਤੀਸਗੜ੍ਹ), ਇੰਦਰ ਸਿੰਘ ਖ਼ਾਨ ਮਾਰਕੀਟ (ਦਿੱਲੀ ਪ੍ਰਦੇਸ਼), ਵਿਸ਼ਵ ਰਤਨ (ਉਡੀਸਾ), ਮੁਨਾਰਾ ਰਾਮ (ਤਰੀਪੁਰ), ਹਿੰਮਤ ਰਤਨਦੇਵ (ਮਨੀਪੁਰ), ਰਜਨੀਦੇਵ ਕਾਲੀ (ਕੇਰਲਾ), ਦੇਵੇਂਦਰ ਰਾਠੌਰ ਜੈਪੁਰ (ਰਾਜਸਥਾਨ) ਤੇ ਗੁਰਚਰਨ ਸਿੰਘ ਨੂੰ ਚੰਡੀਗੜ੍ਹ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ।ਦਰਸ਼ਨ ਸਿੰਘ ਕਾਂਗੜ ਨੇ ਕਿਹਾ ਕਿ ਸਮਾਜ ਸੇਵਾ ਦਾ ਜਜ਼ਬਾ ਰੱਖਣ ਵਾਲੇ ਸਾਥੀਆਂ ਨੂੰ ਮਿਸ਼ਨ ਵਿੱਚ ਸ਼ਾਮਲ ਹੋਣ ਲਈ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ।

# ਕੇਂਦਰੀ ਪੰਜਾਬੀ ਲੇਖਕ ਸਭਾ ਦਾ ਜਨਰਲ ਅਜਲਾਸ 26 ਅਪ੍ਰੈਲ ਨੂੰ : ਹਰਚੰਦਪੁਰੀ

## 21 ਫਰਵਰੀ ਨੂੰ ਮਾਂ-ਬੋਲੀ ਦਿਵਸ ਢੋਲ ਵਜਾ ਕੇ ਤੇ ਮੰਗ-ਪੱਤਰ ਦੇ ਕੇ ਮਨਾਉਣ ਦਾ ਫ਼ੈਸਲਾ



ਸੰਗਰੂਰ (ਪ੍ਰਵੀਨ ਸਿੰਘ)-ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਰਜਿ: ਦੀ ਨਿਮੰਤ੍ਰਿਤ ਕਾਜਕਾਰਨੀ ਦੀ ਮੀਟਿੰਗ ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:) ਦੇ ਲੇਖਕ ਭਵਨ ਸੰਗਰੂਰ ਵਿਖੇ ਸਭਾ ਦੇ ਪ੍ਰਧਾਨ ਪਵਨ ਹਰਚੰਦਪੁਰੀ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ 'ਚ ਉਨ੍ਹਾਂ ਨਾਲ ਪ੍ਰਧਾਨਗੀ ਮੰਡਲ ਵਿੱਚ ਡਾ. ਜੋਗਿੰਦਰ ਸਿੰਘ ਨਿਰਾਲਾ, ਡਾ. ਭਗਵੰਤ ਸਿੰਘ, ਅਤਰਜੀਤ ਕਹਾਣੀਕਾਰ ਬਠਿੰਡਾ ਤੇ ਕਰਮ ਸਿੰਘ ਜ਼ਖ਼ਮੀ ਸ਼ਾਮਲ ਸਨ।ਜਨਰਲ ਸਕੱਤਰ ਸੰਧੂ ਵਰਿਆਣਵੀ ਨੇ ਸਟੇਜ ਦੀ ਕਾਰਵਾਈ ਸ਼ੁਰੂ ਕਰਦਿਆਂ ਮੀਟਿੰਗ ਦੇ ਏਜੰਡਿਆਂ ਦੀ ਜਾਣਕਾਰੀ ਦਿੰਦਿਆਂ ਆਪਣੇ ਵਿਚਾਰ ਪੇਸ਼ ਕੀਤੇ ਤੇ ਸਾਰਿਆਂ ਨੂੰ ਜੀ ਆਇਆਂ ਨੂੰ ਕਿਹਾ।

ਮੀਟਿੰਗ ਵਿੱਚ ਸੂਬੇ ਭਰ ਵਿੱਚੋਂ ਪਹੁੰਚੇ ਅੱਧਾ ਸੈਂਕੜਾ ਲੇਖਕਾਂ ਵਿੱਚੋਂ ਦੋ ਦਰਜਨ ਲੇਖਕਾਂ ਨੇ ਭਖਵੀਂ ਬਹਿਸ ਵਿੱਚ ਹਿੱਸਾ ਲਿਆ।ਪ੍ਰਧਾਨ ਪਵਨ ਹਰਚੰਦਪੁਰੀ ਨੇ ਏਜੰਡਿਆਂ ਉੱਤੇ ਉੱਠੇ ਸਵਾਲਾਂ ਬਾਰੇ ਜਵਾਬ ਦਿੱਤੇ ਤੇ ਹੋਏ ਫ਼ੈਸਲਿਆਂ ਬਾਬਤ ਜਾਣਕਾਰੀ ਦਿੱਤੀ, ਜਿਨ੍ਹਾਂ ਵਿੱਚ ਕੇਂਦਰੀ ਸਭਾ ਦੀ ਚੋਣ 26 ਅਪ੍ਰੈਲ ਨੂੰ ਕਰਨ ਸਬੰਧੀ, ਅਕੈਡਮੀ ਚੋਣਾਂ ਸਬੰਧੀ ਫ਼ੈਸਲੇ ਕਰਨ ਲਈ ਪੰਜ ਮੈਂਬਰੀ ਕਮੇਟੀ ਬਣਾਉਣ ਸਬੰਧੀ, 21 ਫਰਵਰੀ ਨੂੰ ਮਾਂ-ਬੋਲੀ ਦਿਵਸ ਢੋਲ ਦੇ ਡੱਗੇ 'ਤੇ ਧੂਮ-ਧਾਮ ਨਾਲ ਮਨਾਉਣ ਅਤੇ ਪ੍ਰਸ਼ਾਸਨਕ ਅਧਿਕਾਰੀਆਂ ਤੇ ਐੱਮ. ਐੱਲ. ਏ. ਨੂੰ ਮੰਗ-ਪੱਤਰ ਦੇਣ, ਰਹਿੰਦੀਆਂ ਸਭਾਵਾਂ ਦੀ ਮੈਂਬਰਸ਼ਿੱਪ 18 ਫਰਵਰੀ ਤੱਕ ਖੋਲ੍ਹਣ, ਸਭਾਵਾਂ ਵੱਲੋਂ ਘੱਟੋ-ਘੱਟ ਸਹਾਇਤਾ ਫੰਡ ਇੱਕੀ ਸੌ ਕਰਨ, ਕਰਮ ਸਿੰਘ ਜ਼ਖ਼ਮੀ ਤੇ ਅਤਰਜੀਤ ਕਹਾਣੀਕਾਰ ਬਠਿੰਡਾ ਨੂੰ ਕਾਰਜਕਾਰਨੀ ਮੈਂਬਰ ਨਾਮਜ਼ਦ ਕਰਨ, ਕੇਂਦਰੀ ਸਭਾ ਨਾਲ ਜੁੜੀਆਂ ਨਾਟਕ, ਕਵੀਸ਼ਰੀ, ਢਾਡੀ ਤੇ ਲੋਕ-ਸੰਗੀਤ ਮੰਡਲੀਆਂ ਦਾ ਸਨਮਾਨ ਕਰਨ, ਗੁਰਜਿੰਦਰ ਸਿੰਘ ਰਸੀਆ ਤੇ ਜੋਗਾ ਸਿੰਘ ਧਨੌਲਾ ਦਾ ਸਭਾ ਦੀਆਂ ਖ਼ਬਰਾਂ ਨੈੱਟ 'ਤੇ ਪਾਉਣ ਤੇ ਲੋਕ-ਗਾਇਕ ਸੁਰਿੰਦਰ ਸਾਗਰ ਦਾ ਸਨਮਾਨ ਕਰਨਾ ਵੀ ਸ਼ਾਮਲ ਹਨ।ਪ੍ਰਧਾਨਗੀ ਮੰਡਲ ਵੱਲੋਂ ਮੁਖਤਿਆਰ ਸਿੰਘ ਬੰਗੜ ਦੀ ਪੁਸਤਕ 'ਏਸ਼ੀਆ ਦੀ ਧੀ', ਸਪਤਰਿਸ਼ੀ ਪਬਲੀਕੇਸ਼ਨ ਵੱਲੋਂ ਤਿਆਰ ਕੀਤਾ ਜਗਦੀਸ਼ ਰਾਣਾ ਦਾ 'ਕੈਲੰਡਰ 2026' ਤੇ 'ਲੋਕ-ਪੱਖੀ ਸਿੱਖਿਆ ਨੀਤੀ' ਲੋਕ ਅਰਪਣ ਕੀਤੀਆਂ ਗਈਆਂ।ਹਰਚੰਦਪੁਰੀ ਨੇ ਮਾਲਵਾ ਲਿਖਾਰੀ ਸਭਾ ਦਾ ਮੀਟਿੰਗ ਕਰਵਾਉਣ ਤੇ ਵਧੀਆ ਪ੍ਰਬੰਧ ਕਰਨ ਲਈ ਧੰਨਵਾਦ ਕੀਤਾ।ਡਾ. ਜੋਗਿੰਦਰ ਸਿੰਘ ਨਿਰਾਲਾ ਨੇ ਅੰਤ ਵਿੱਚ ਜ਼ਿਆਦਾ ਠੰਢ ਹੋਣ ਦੇ ਬਾਵਜੂਦ ਮੀਟਿੰਗ ਵਿੱਚ ਪਹੁੰਚਣ ਲਈ ਤੇ ਸਾਰਥਿਕ ਬਹਿਸ ਲਈ ਸਾਰਿਆਂ ਦਾ ਧੰਨਵਾਦ ਕੀਤਾ।ਸਟੇਜ ਦੀ ਕਾਰਵਾਈ ਸੁਖਦੇਵ ਸਿੰਘ ਔਲਖ ਤੇ ਕਰਮ ਸਿੰਘ ਜ਼ਖ਼ਮੀ ਦੀ ਮਦਦ ਨਾਲ ਸੰਧੂ ਵਰਿਆਣਵੀ ਨੇ ਬਾਖ਼ੂਬੀ ਨਿਭਾਈ।

# ਸਮਾਰਟ ਪ੍ਰੀਪੇਡ ਚਿੱਪ ਵਾਲੇ ਮੀਟਰ ਕਰਾਏ ਅਧਿਕਾਰੀਆਂ ਨੂੰ ਜਮ੍ਹਾਂ



ਮੱਖੂ (ਰਛਪਾਲ ਸਿੰਘ ਸੰਧੂ)

ਕਿਸਾਨ ਮਜ਼ਦੂਰ ਮੋਰਚਾ ਦੇ ਸੱਦੇ ਤਹਿਤ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ੋਨ ਮਖੂ ਦੀਆਂ ਇਕਾਈਆਂ ਵੱਲੋਂ ਜ਼ੋਨ ਪ੍ਰਧਾਨ ਵੀਰ ਸਿੰਘ ਨਿਜ਼ਾਮਦੀਨ ਵਾਲਾ ਦੀ ਅਗਵਾਈ ਹੇਠ ਕਿਸਾਨਾਂ ਮਜ਼ਦੂਰਾਂ ਨੇ ਇਕੱਠੇ ਹੋ ਕੇ ਲੱਗੇ ਹੋਏ ਚਿੱਪ ਵਾਲੇ ਸਮਾਰਟ ਪ੍ਰੀਪੇਡ ਮੀਟਰ ਨੂੰ ਲਾਹ ਕੇ ਬਿਜਲੀ ਘਰ ਵਿਖੇ ਅਧਿਕਾਰੀਆਂ ਨੂੰ ਜਮ੍ਹਾਂ ਕਰਵਾਏ ਗਏ। ਜ਼ੋਨ ਸਕੱਤਰ ਬਲਜਿੰਦਰ ਸਿੰਘ ਤਲਵੰਡੀ ਨਿਪਾਲਾਂ ਨੇ ਕਿਹਾ ਕਿ ਇਹ ਸਮਾਰਟ ਮੀਟਰ ਬਿਜਲੀ ਬੋਰਡ 'ਤੇ ਇੱਕ ਵੱਡਾ ਹਮਲਾ ਹੈ। ਮੋਦੀ ਸਰਕਾਰ ਬਿਜਲੀ ਨੂੰ ਪੂਰੀ ਤਰ੍ਹਾਂ ਕਾਰਪੋਰੇਟ ਘਰਾਣਿਆਂ ਦੇ ਹੱਥਾਂ ਵਿੱਚ ਦੇਣ ਤੱਤਪਰ ਹੈ।ਪੰਜਾਬ ਦੀ ਭਗਵੰਤ ਮਾਨ ਸਰਕਾਰ ਅੱਗ ਵਿੱਚ ਘਿਉ ਪਾਉਣ ਦਾ ਕੰਮ ਕਰ ਰਹੀ ਹੈ। ਬਿਜਲੀ ਐਕਟ-2025 ਨੂੰ ਵਿਧਾਨ ਸਭਾ ਵਿੱਚ ਰੱਦ ਕਰਨ ਦੀ ਬਜਾਏ ਦੜ ਵੱਟ ਕੇ ਬੈਠੀ ਹੋਈ ਹੈ, ਇਸ ਨਾਲ ਪੰਜਾਬ ਦੀ ਹਜ਼ਾਰਾਂ ਏਕੜ ਜ਼ਮੀਨ ਜਿਸ ਤੇ ਬਿਜਲੀ ਘਰ ਬਣੇ ਹਨ, ਉਹ ਵੀ ਕਾਰਪੋਰੇਟਾਂ ਕੋਲ ਕੌਡੀਆਂ ਦੇ ਭਾਅ ਵਿੱਚ ਚੱਲੀ ਜਾਵੇਗੀ ਤੇ ਬਿਜਲੀ ਆਮ ਲੋਕਾਂ ਦੀ ਪਹੁੰਚ ਤੋਂ ਬਹੁਤ ਦੂਰ ਚੱਲੀ ਜਾਵੇਗੀ ਤੇ ਦਫ਼ਤਰਾਂ ਵਿਚ ਕੋਈ ਵੀ ਸੁਣਵਾਈ ਨਹੀਂ ਹੋਵੇਗੀ। ਕਿਸਾਨ ਆਗੂਆਂ ਨੇ ਅਪੀਲ ਕਰਦਿਆਂ ਕਿਹਾ ਕਿ ਸਾਰੇ ਹੀ ਵਰਗ ਦੇ ਲੋਕਾਂ ਨੂੰ ਇਸ ਬਿਜਲੀ ਦੇ ਨਿੱਜੀਕਰਨ ਦੇ ਖ਼ਿਲਾਫ਼ ਸੰਘਰਸ਼ ਦੇ ਮੈਦਾਨਾਂ ਵਿੱਚ ਨਿੱਤਰਨ ਤੇ ਸਮਾਰਟ ਮੀਟਰਾਂ ਦੇ ਲਗਾਤਾਰ ਵਿਰੋਧ ਦਾ ਹੋਕਾ ਦੇਣਾ ਚਾਹੀਦਾ ਹੈ।

# ਪੀ ਆਰ ਟੀ ਸੀ ਪੈਨਸ਼ਨਰਜ਼ ਐਸੋਸੀਏਸ਼ਨ ਵੱਲੋਂ ਰੋਸ ਮਾਰਚ

## ਮੰਗਾਂ ਨੂੰ ਲੈ ਕੇ ਬਜ਼ੁਰਗਾਂ ਨੇ ਬੱਤੀਆਂ ਵਾਲੇ ਚੌਕ 'ਚ ਲਾਇਆ ਜਾਮ

ਪਟਿਆਲਾ (ਰਾਜਿੰਦਰ ਥਿੰਦ)

ਇੱਥੇ ਪੁਰਾਣੇ ਬੱਸ ਸਟੈਂਡ ਵਿਖੇ ਪੀ.ਆਰ.ਟੀ.ਸੀ. ਦੇ ਪੈਨਸ਼ਨਰਾਂ ਨੇ ਪੀ.ਆਰ.ਟੀ.ਸੀ. ਐਸੋਸੀਏਸ਼ਨ ਦੀ ਕੇਂਦਰੀ ਬਾਡੀ ਦੇ ਚੇਅਰਮੈਨ ਮੁਕੰਦ ਸਿੰਘ ਤੇ ਸੂਬਾ ਪ੍ਰਧਾਨ ਭਗਵੰਤ ਸਿੰਘ ਕੰਗਣਵਾਲ ਦੀ ਅਗਵਾਈ ਵਿੱਚ ਮਾਸਿਕ ਮੀਟਿੰਗ ਕੀਤੀ ਜੋ ਕਿ ਇੱਕ ਵਿਸ਼ਾਲ ਰੋਸ ਧਰਨੇ ਵਿੱਚ ਤਬਦੀਲ ਹੋ ਗਈ।ਭਾਰੀ ਗਿਣਤੀ ਵਿੱਚ ਵੱਖ-ਵੱਖ ਡਿੱਪੂਆਂ ਤੋਂ ਆਏ ਬੁਲਾਰਿਆਂ ਨੇ ਪੈਨਸ਼ਨ ਨਾ ਪਾਉਣ ਤੇ ਬਕਾਇਆਂ ਦੀ ਅਦਾਇਗੀ ਨਾ ਕੀਤੇ ਜਾਣ 'ਤੇ ਮੈਨੇਜਮੈਂਟ ਤੇ ਪੰਜਾਬ ਸਰਕਾਰ ਦਾ ਦੱਬ ਕੇ ਪਿੱਟ ਸਿਆਪਾ ਕੀਤਾ।ਰੋਹ ਵਿੱਚ ਆਏ ਬਜ਼ੁਰਗ ਪੈਨਸ਼ਨਰਾਂ ਨੇ ਬੱਤੀਆਂ ਵਾਲੇ ਚੌਕ ਵਿੱਚ ਕੁੱਝ ਸਮੇਂ ਲਈ ਜਾਮ ਲਾਇਆ ਤੇ ਰੋਸ ਮਾਰਚ ਕੱਢਦਿਆਂ ਆਸਮਾਨ ਗੁੰਜਾਊ ਨਾਅਰਿਆਂ ਨਾਲ ਪੀ ਆਰ ਟੀ ਸੀ ਦੀ ਮੈਨੇਜਮੈਂਟ ਤੇ ਸਰਕਾਰ ਦਾ ਪਿੱਟ ਸਿਆਪਾ ਕੀਤਾ।

ਇਸ ਵਿਸ਼ਾਲ ਰੋਸ ਧਰਨੇ ਨੂੰ ਸੰਬੋਧਨ ਕਰਦਿਆਂ ਸੂਬਾ ਪ੍ਰਧਾਨ ਭਗਵੰਤ ਸਿੰਘ ਕੰਗਣਵਾਲ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਅਨੇਕਾਂ ਕੁਰਬਾਨੀਆਂ ਕਰਕੇ ਅਸੀਂ ਅਦਾਰੇ ਵਿੱਚ ਪੈਨਸ਼ਨ ਲਾਗੂ ਕਰਵਾਈ ਤਾਂ ਜੋ ਇਹ ਬੁਢਾਪੇ ਦਾ ਸਹਾਰਾ ਬਣ ਸਕੇ, ਪ੍ਰੰਤੂ ਸਰਕਾਰ ਤੇ ਮੈਨੇਜਮੈਂਟ ਦੀ ਸਾਡੀ ਪੈਨਸ਼ਨ ਤੇ ਬਕਾਇਆਂ ਪ੍ਰਤੀ ਨਾ-ਪੱਖੀ ਨੀਤੀ ਸਾਨੂੰ ਬੁਢਾਪੇ ਵਿੱਚ ਸੜਕਾਂ 'ਤੇ ਉਤਰਨ ਲਈ ਮਜਬੂਰ ਕਰ ਰਹੀ ਹੈ। ਪੈਨਸ਼ਨ ਲੈਣ ਲਈ ਹਰ ਮਹੀਨੇ ਸੜਕਾਂ 'ਤੇ ਉਤਰਨਾ ਪੈਂਦਾ ਹੈ।ਦਸੰਬਰ 2024 ਤੋਂ ਬਾਅਦ ਮੈਡੀਕਲ ਬਿੱਲਾਂ ਦੀ ਅਦਾਇਗੀ ਨਹੀਂ ਹੋਈ।2016 ਪੇ-ਕਮਿਸ਼ਨ ਦੇ ਬਕਾਏ ਨਹੀਂ ਦਿੱਤੇ ਜਾ ਰਹੇ।ਮਹਿੰਗਾਈ ਭੱਤੇ ਦੇ ਬਕਾਏ ਤੇ ਨਵੇਂ ਰਿਟਾਇਰੀਆਂ ਦੀਆਂ ਅਦਾਇਗੀਆਂ ਨਹੀਂ ਹੋ ਰਹੀਆਂ।ਉਨ੍ਹਾਂ ਕਿਹਾ ਕਿ ਸਰਕਾਰ ਤੇ ਮੈਨੇਜਮੈਂਟ ਨੇ ਜੇਕਰ ਸਾਡੇ ਹੱਕਾਂ 'ਤੇ ਡਾਕਾ ਜਾਰੀ ਰੱਖਿਆ ਤਾਂ ਸਾਨੂੰ ਇਸ ਤੋਂ ਵੀ ਸਖਤ ਕਦਮ ਚੁੱਕਣ ਲਈ ਮਜਬੂਰ ਹੋਣਾ ਪਵੇਗਾ।ਸਕੱਤਰ ਜਨਰਲ ਹਰੀ ਸਿੰਘ ਚਮਕ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਮੈਨੇਜਮੈਂਟ ਤੇ ਸਰਕਾਰ ਸਮੇਂ ਸਿਰ ਪੈਨਸ਼ਨ ਨਾ ਦੇ ਕੇ ਤੇ ਸਾਡੇ ਬਕਾਇਆਂ ਪ੍ਰਤੀ ਅੱਖਾਂ ਮੀਟ ਕੇ ਸਾਡੇ ਨਾਲ ਮਤਰੇਈ ਮਾਂ ਵਾਲਾ ਸਲੂਕ ਕਰ ਰਹੀ ਹੈ।ਉਨ੍ਹਾਂ ਅਦਾਰੇ ਅੰਦਰ ਕਿਲੋਮੀਟਰ ਸਕੀਮ ਅਧੀਨ ਪਾਈਆਂ ਜਾ ਰਹੀਆਂ ਬੱਸਾਂ ਦਾ ਵਿਰੋਧ ਕਰਦਿਆਂ ਕਿਹਾ ਕਿ ਇਹ ਸਕੀਮ ਅਦਾਰੇ ਨੂੰ ਨਿੱਜੀਕਰਨ ਵਲ ਲੈ ਜਾਣ ਦੀ ਨੀਤੀ ਹੈ।ਉਨ੍ਹਾਂ ਕਿਹਾ ਕਿ ਭਾਰੀ ਤਨਖਾਹ ਲੈਣ ਵਾਲੀਆਂ ਔਰਤਾਂ ਦੀ ਮੁਫ਼ਤ ਸਫ਼ਰ ਸਹੂਲਤ ਬੰਦ ਹੋਣੀ ਚਾਹੀਦੀ ਹੈ ਜਾਂ ਸਰਕਾਰ ਇਸ ਦੀ ਪੂਰਤੀ ਕਰੇ।ਉਨ੍ਹਾਂ ਨੇ ਠੇਕੇ ਦੇ ਆਧਾਰ ਉੱਤੇ ਕੰਮ ਕਰਦੇ ਕਰਮਚਾਰੀਆਂ ਦੀਆਂ ਮੰਗਾਂ ਦਾ ਸਮਰਥਨ ਕਰਦਿਆਂ ਉਨ੍ਹਾਂ ਕਿਹਾ ਕਿ ਨੂੰ ਪੱਕਾ ਕੀਤਾ ਜਾਵੇ, ਉਨ੍ਹਾਂ ਵਿਰੁੱਧ ਬਣਾਏ ਕੇਸ ਵਾਪਸ ਲਏ ਜਾਣ ਤੇ ਜੇਲ੍ਹ ਭੇਜੇ ਕਰਮਚਾਰੀਆਂ ਨੂੰ ਰਿਹਾਅ ਕੀਤਾ ਜਾਵੇ।ਉਨ੍ਹਾਂ ਕਿਹਾ ਕਿ ਪੀ.ਆਰ.ਟੀ.ਸੀ. ਲਾ-ਵਾਰਿਸ ਹੈ, ਕਿਉਂਕਿ ਇੱਥੋਂ ਦੇ ਐੱਮ. ਡੀ. ਸਾਹਿਬ ਦੀ ਬਦਲੀ ਹੋ ਚੁੱਕੀ ਹੈ, ਪਰ ਉਸ ਦੀ ਜਗ੍ਹਾ ਕੋਈ ਐੱਮ. ਡੀ. ਨਹੀਂ ਲਾਇਆ ਗਿਆ।ਉਨ੍ਹਾਂ ਕਿਹਾ ਕਿ ਇੱਥੇ ਪੱਕਾ ਐੱਮ. ਡੀ. ਲਾਇਆ ਜਾਵੇ।



ਚੇਅਰਮੈਨ ਮੁਕੰਦ ਸਿੰਘ ਨੇ ਆਪਣੇ ਧੰਨਵਾਦੀ ਭਾਸ਼ਣ ਵਿੱਚ ਮੁਲਾਜ਼ਮਾਂ ਪ੍ਰਤੀ ਸਰਕਾਰ ਤੇ ਮੈਨੇਜਮੈਂਟ ਦੀ ਬਦਨੀਤੀ ਦੀ ਨਿਖੇਧੀ ਕਰਦਿਆਂ ਕਿਹਾ ਕਿ ਅਸੀਂ ਕੋਈ ਭੀਖ ਨਹੀਂ ਮੰਗਦੇ ਸਾਰੀ ਉਮਰ ਅਦਾਰੇ ਨੂੰ ਅਰਪਣ ਕਰਕੇ ਹੁਣ ਬੁਢਾਪੇ ਦਾ ਸਹਾਰਾ ਖੋਹਿਆ ਜਾ ਰਿਹਾ ਹੈ।ਉਨ੍ਹਾਂ ਜ਼ੋਰਦਾਰ ਸ਼ਬਦਾਂ ਵਿੱਚ ਕਿਹਾ ਕਿ ਸਰਕਾਰ ਸਾਨੂੰ ਸਖਤ ਕਦਮ ਚੁੱਕਣ ਲਈ ਮਜਬੂਰ ਕਰ ਰਹੀ ਹੈ।ਚੇਅਰਮੈਨ ਮੁਕੰਦ ਸਿੰਘ ਨੇ ਸਖਤ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਅਜੇ ਵੀ ਮੈਨੇਜਮੈਂਟ ਤੇ ਸਰਕਾਰ ਦੀਆਂ ਅੱਖਾਂ ਨਾ ਖੁੱਲ੍ਹੀਆਂ ਤਾਂ ਅਗਲਾ ਐਕਸ਼ਨ ਇਸ ਤੋਂ ਵੀ ਸਖਤ ਹੋਵੇਗਾ।ਇਸ ਮੀਟਿੰਗ ਵਿੱਚ ਔਰਤਾਂ ਨੇ ਵੀ ਭਾਗ ਲਿਆ।

# ਪੰਜਾਬ 'ਚ ਮੀਡੀਆ ਵੈੱਲਫੇਅਰ ਬੋਰਡ ਦਾ ਗਠਨ ਕੀਤਾ ਜਾਵੇ : ਸਿੰਧਵਾਨੀ, ਚੌਧਰੀ



ਧੂਰੀ (ਮੋਹਿਤ ਗਰਗ)-ਲੋਕਤੰਤਰ ਦੇ ਚੌਥੇ ਸਤੰਭ ਵਜੋਂ ਜਾਣੇ ਜਾਂਦੇ ਮੀਡੀਆ ਜਗਤ ਦੀ ਮੌਜੂਦਾ ਸਥਿਤੀ ਤੇ ਪੱਤਰਕਾਰਾਂ ਨੂੰ ਦਰਪੇਸ਼ ਚੁਣੌਤੀਆਂ ਨੂੰ ਮੁੱਖ ਰੱਖਦਿਆਂ, ਪ੍ਰੈੱਸ ਫੈਡਰੇਸ਼ਨ ਆਫ ਇੰਡੀਆ ਨੇ ਪੰਜਾਬ ਸਰਕਾਰ ਤੋਂ ਇੱਕ ਵਿਸ਼ੇਸ਼ 'ਮੀਡੀਆ ਵੈੱਲਫੇਅਰ ਬੋਰਡ' ਬਣਾਉਣ ਦੀ ਮੰਗ ਕੀਤੀ ਹੈ।ਫੈਡਰੇਸ਼ਨ ਦੇ ਕੌਮੀ ਚੇਅਰਮੈਨ ਵਿਵੇਕ ਸਿੰਧਵਾਨੀ ਤੇ ਪ੍ਰਧਾਨ ਐਡਵੋਕੇਟ ਰਾਜੇਸ਼ਵਰ ਚੌਧਰੀ ਨੇ ਮੁੱਖ ਮੰਤਰੀ ਪੰਜਾਬ ਨੂੰ ਇੱਕ ਮੰਗ ਪੱਤਰ ਭੇਜ ਕੇ ਸੂਬੇ ਦੇ ਪੱਤਰਕਾਰਾਂ ਦੀ ਸਮਾਜਿਕ ਤੇ ਆਰਥਿਕ ਹਾਲਤ ਸੁਧਾਰਨ ਲਈ ਠੋਸ ਕਦਮ ਚੁੱਕਣ ਦੀ ਅਪੀਲ ਕੀਤੀ ਹੈ।

ਮੁੱਖ ਮੰਤਰੀ ਨੂੰ ਭੇਜੇ ਗਏ ਪ੍ਰਸਤਾਵ ਵਿੱਚ ਐਡਵੋਕੇਟ ਚੌਧਰੀ ਨੇ ਬੜੇ ਵਿਸਥਾਰ ਨਾਲ ਦੱਸਿਆ ਕਿ ਪੰਜਾਬ ਦੇ ਪੱਤਰਕਾਰ, ਫੋਟੋ ਜਰਨਲਿਸਟ ਤੇ ਫੀਲਡ ਰਿਪੋਰਟਰ ਅਕਸਰ ਆਪਣੀ ਜਾਨ ਜ਼ੋਖ਼ਮ ਵਿੱਚ ਪਾ ਕੇ ਕੰਮ ਕਰਦੇ ਹਨ।ਚਾਹੇ ਉਹ ਕੁਦਰਤੀ ਆਫ਼ਤਾਂ ਹੋਣ, ਸਿਆਸੀ ਰੈਲੀਆਂ ਜਾਂ ਅਪਰਾਧਿਕ ਖ਼ਬਰਾਂ ਦੀ ਕਵਰੇਜ, ਪੱਤਰਕਾਰ ਹਮੇਸ਼ਾ ਮੋਹਰੀ ਰਹਿ ਕੇ ਡਿਊਟੀ ਨਿਭਾਉਂਦੇ ਹਨ, ਪਰ ਅਫ਼ਸੋਸ ਦੀ ਗੱਲ ਹੈ ਕਿ ਉਨ੍ਹਾਂ ਦੀ ਆਪਣੀ ਸੁਰੱਖਿਆ ਤੇ ਭਵਿੱਖ ਵੱਲ ਸਰਕਾਰਾਂ ਵੱਲੋਂ ਲੰਮੇ ਸਮੇਂ ਤੋਂ ਅਣਦੇਖੀ ਕੀਤੀ ਜਾ ਰਹੀ ਹੈ।ਫੈਡਰੇਸ਼ਨ ਨੇ ਆਪਣੇ ਪ੍ਰਸਤਾਵ ਵਿੱਚ ਕੁਝ ਅਹਿਮ ਨੁਕਤਿਆਂ 'ਤੇ ਜ਼ੋਰ ਦਿੱਤਾ ਹੈ, ਜੋ ਪੱਤਰਕਾਰਾਂ ਦੇ ਜੀਵਨ ਵਿੱਚ ਵੱਡੀ ਤਬਦੀਲੀ ਲਿਆ ਸਕਦੇ ਹਨ।ਪੱਤਰ ਰਾਹੀਂ ਮੰਗ ਕੀਤੀ ਗਈ ਕਿ ਬਜ਼ੁਰਗ ਫੀਲਡ ਪੱਤਰਕਾਰਾਂ ਲਈ, ਜਿਨ੍ਹਾਂ ਨੇ ਆਪਣੀ ਸਾਰੀ ਉਮਰ ਲੋਕ ਸੇਵਾ ਤੇ ਸੱਚ ਲਿਖਣ ਵਿੱਚ ਗੁਜ਼ਾਰ ਦਿੱਤੀ, ਇੱਕ ਸਨਮਾਨਜਨਕ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇ।ਇਸ ਤੋਂ ਇਲਾਵਾ, ਫੀਲਡ ਵਿੱਚ ਕੰਮ ਕਰਦੇ ਪੱਤਰਕਾਰਾਂ ਲਈ ਨਿਸ਼ਚਿਤ ਮਾਣਭੱਤਾ ਯਕੀਨੀ ਬਣਾਇਆ ਜਾਵੇ।ਉਨ੍ਹਾਂ ਕਿਹਾ ਕਿ ਅਕਸਰ ਪੱਤਰਕਾਰਾਂ ਨੂੰ ਆਪਣੀ ਨਿਰਪੱਖ ਰਿਪੋਰਟਿੰਗ ਕਾਰਨ ਪੇਸ਼ੇਵਰ ਧਮਕੀਆਂ ਤੇ ਝੂਠੇ ਕਾਨੂੰਨੀ ਕੇਸਾਂ ਦਾ ਸਾਹਮਣਾ ਕਰਨਾ ਪੈਂਦਾ ਹੈ।ਬੋਰਡ ਰਾਹੀਂ ਉਨ੍ਹਾਂ ਨੂੰ ਮੁਫ਼ਤ ਕਾਨੂੰਨੀ ਸਹਾਇਤਾ ਪ੍ਰਦਾਨ ਕਰਨ ਦੀ ਮੰਗ ਕੀਤੀ ਗਈ ਹੈ ਅਤੇ ਫੀਲਡ ਵਿੱਚ ਕੰਮ ਕਰਦਿਆਂ ਕਿਸੇ ਹਾਦਸੇ ਦੀ ਸੂਰਤ ਵਿੱਚ ਪੱਤਰਕਾਰ ਤੇ ਉਸ ਦੇ ਪਰਿਵਾਰ ਲਈ ਪੁਖ਼ਤਾ ਬੀਮਾ ਯੋਜਨਾ ਤੇ ਸਿਹਤ ਸਹੂਲਤਾਂ ਦੀ ਵਿਵਸਥਾ ਹੋਣੀ ਚਾਹੀਦੀ ਹੈ।ਸਿੰਧਵਾਨੀ ਤੇ ਚੌਧਰੀ ਨੇ ਚਿੰਤਾ ਪ੍ਰਗਟਾਈ ਕਿ ਜਦਕਿ ਕਈ ਹੋਰ ਰਾਜਾਂ ਵਿੱਚ ਪੱਤਰਕਾਰਾਂ ਦੀ ਭਲਾਈ ਲਈ ਸੰਸਥਾਗਤ ਢਾਂਚੇ ਬਣਾਏ ਗਏ ਹਨ, ਪੰਜਾਬ ਇਸ ਪੱਖੋਂ ਪਿੱਛੜ ਰਿਹਾ ਹੈ।ਉਨ੍ਹਾਂ ਉਮੀਦ ਜਤਾਈ ਕਿ ਮੁੱਖ ਮੰਤਰੀ ਇਸ ਗੰਭੀਰ ਮਸਲੇ ਵੱਲ ਤੁਰੰਤ ਧਿਆਨ ਦੇਣਗੇ ਤਾਂ ਜੋ ਮੀਡੀਆ ਕਰਮੀਆਂ ਨੂੰ ਬਣਦਾ ਮਾਣ-ਸਤਿਕਾਰ ਤੇ ਸੁਰੱਖਿਆ ਮਿਲ ਸਕੇ।

# ਖੇਤ ਮਜ਼ਦੂਰ ਆਗੂਆਂ ਵੱਲੋਂ ਮਨਰੇਗਾ ਕਾਨੂੰਨ ਖਤਮ ਕਰਨ ਵਿਰੁੱਧ ਪਿੰਡਾਂ 'ਚ ਮੀਟਿੰਗਾਂ

## 7 ਫਰਵਰੀ ਦੇ ਧਰਨੇ 'ਚ ਵਿੱਤਾ ਪਹੁੰਚਣ ਦਾ ਸੱਦਾ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਪੰਜਾਬ ਖੇਤ ਮਜ਼ਦੂਰ ਸਭਾ ਨੇ ਇੱਥੋਂ ਥੋੜ੍ਹੀ ਦੂਰ ਪਿੰਡ ਗਹਿਲੇਵਾਲਾ ਅਤੇ ਕੌਰੇਆਣਾ ਦੀਆਂ ਸੱਥਾਂ ਵਿੱਚ ਮਜ਼ਦੂਰਾਂ ਦੇ ਇਕੱਠ ਕਰਕੇ ਮੋਦੀ ਸਰਕਾਰ ਵੱਲੋਂ ਮਗਨਰੇਗਾ ਕਾਨੂੰਨ ਖਤਮ ਕੀਤੇ ਜਾਣ ਵਿਰੁੱਧ ਡੀ ਸੀ ਦਫ਼ਤਰ ਬਠਿੰਡਾ ਅੱਗੇ 7 ਫਰਵਰੀ ਦੇ ਧਰਨੇ ਵਿੱਚ ਪਹੁੰਚਣ ਦਾ ਸੱਦਾ ਦਿੱਤਾ।ਇਹਨਾਂ ਸੱਥ ਮੀਟਿੰਗਾਂ 'ਚ ਸੀਨੀਅਰ ਕਮਿਊਨਿਸਟ ਆਗੂ ਜਗਜੀਤ ਸਿੰਘ ਜੋਗਾ, ਖੇਤ ਮਜ਼ਦੂਰ ਸਭਾ ਦੇ ਜ਼ਿਲ੍ਹਾ ਪ੍ਰਧਾਨ ਪਰਮਜੀਤ ਸਿੰਘ ਸੇਖਪੁਰਾ, ਜ਼ਿਲ੍ਹਾ ਮਜ਼ਦੂਰ ਆਗੂ ਆਤਮਾ ਸਿੰਘ ਗਹਿਲੇਵਾਲ ਤੇ ਸੂਰਜ ਸਿੰਘ ਕੌਰੇਆਣਾ ਨੇ ਸੰਬੋਧਨ ਕੀਤਾ।ਆਗੂਆਂ ਨੇ ਦੋਸ਼ ਲਾਇਆ ਕਿ ਮੋਦੀ ਸਰਕਾਰ ਨੇ ਨਰੇਗਾ ਕਾਨੂੰਨ ਨੂੰ ਖਤਮ ਕਰਕੇ ਕਰੋੜਾਂ ਪੇਂਡੂ ਮਜ਼ਦੂਰਾਂ ਦੇ ਰੁਜ਼ਗਾਰ ਦਾ ਗਲਾ ਘੁੱਟ ਦਿੱਤਾ ਹੈ।ਇਹਨਾਂ ਪੇਂਡੂ ਇਕੱਠਾਂ ਵਿਚ ਪੰਜਾਬ ਸਰਕਾਰ ਵੱਲੋਂ 1500 ਤੋਂ ਵਧਾ ਕੇ ਪੈਨਸ਼ਨ 2500 ਰੁਪਏ ਕਰਨ ਅਤੇ ਹਰ ਔਰਤ ਨੂੰ 1000 ਰੁਪਏ ਪ੍ਰਤੀ ਮਹੀਨਾ ਸਹਾਇਤਾ ਦੇਣ ਦੇ ਕੀਤੇ ਵਾਅਦਿਆਂ ਤੋਂ ਮੁੱਕਰ ਜਾਣ ਦੀ ਨਿਖੇਧੀ ਕੀਤੀ ਗਈ।ਸੱਥਾਂ ਵਿੱਚ ਹੋਈਆਂ ਇਹਨਾਂ ਮਜ਼ਦੂਰ ਸਭਾਵਾਂ ਵਿੱਚ ਪਿੰਡਾਂ ਦੇ ਗਰੀਬਾਂ ਨੂੰ ਕਣਕ ਵੰਡਣ ਵਿੱਚ ਕੀਤੀਆਂ ਜਾ ਰਹੀਆਂ ਬੇਨਿਯਮੀਆਂ ਅਤੇ ਪੱਕੇ ਮਕਾਨ ਬਣਾਉਣ ਲਈ ਆਈ ਰਾਸ਼ੀ ਲੋੜਵੰਦਾਂ ਦੀ ਬਜਾਏ ਖਾਂਦੇ ਪੀਂਦੇ ਬਾਰਸੂਖ ਵਿਅਕਤੀਆਂ ਨੂੰ ਦੇਣ ਉੱਤੇ ਵੀ ਗਹਿਰਾ ਰੋਸ ਪ੍ਰਗਟ ਕੀਤਾ ਗਿਆ।

# ਬਰੈਡ, ਪਕੌੜਿਆਂ ਦਾ ਲਾਇਆ ਲੰਗਰ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਮਾਘ ਮਹੀਨੇ ਦੀ ਆਮਦ ਨੂੰ ਲੈ ਕੇ ਸ਼ਹਿਰ ਨਿਵਾਸੀਆਂ ਦੇ ਸਹਿਯੋਗ ਨਾਲ ਨਿਹਾਲ ਸਿੰਘ ਵਾਲਾ ਰੋਡ 'ਤੇ ਬਰੈਡ ਪਕੌੜੇ ਦਾ ਵਿਸ਼ਾਲ ਲੰਗਰ ਲਗਾਇਆ ਗਿਆ।ਲੰਗਰ ਦੌਰਾਨ ਸੈਂਕੜਿਆਂ ਦੀ ਗਿਣਤੀ ਵਿੱਚ ਰਾਹਗੀਰਾਂ, ਸ਼ਰਧਾਲੂਆਂ ਤੇ ਸ਼ਹਿਰ ਵਾਸੀਆਂ ਨੇ ਲੰਗਰ ਛਕਿਆ।ਲੰਗਰ ਦੀ ਸੇਵਾ ਪੂਰੇ ਉਤਸ਼ਾਹ ਅਤੇ ਸੇਵਾ ਭਾਵ ਨਾਲ ਨਿਭਾਈ ਗਈ, ਜਿਸ ਨਾਲ ਇਲਾਕੇ 'ਚ ਧਾਰਮਿਕ ਤੇ ਸਮਾਜਿਕ ਸਾਂਝ ਦਾ ਸੁਹਾਵਣਾ ਦ੍ਰਿਸ਼ ਨਜ਼ਰ ਆਇਆ।ਲੰਗਰ ਦੀ ਸੇਵਾ ਕਰਦਿਆਂ ਸੁਸ਼ੀਲ ਮਿੱਤਲ, ਰਾਕੇਸ਼ ਜਿੰਦਲ ਤੋਤਾ, ਪਵਨ ਗੁਪਤਾ, ਰਮਨ ਗੁਪਤਾ, ਰਜਿੰਦਰ ਗੋਇਲ, ਦਵਿੰਦਰ ਬੱਲੂ, ਅਮਿਤ ਜਿੰਦਲ, ਰਜਿੰਦਰ ਕੁਮਾਰ ਵਰਮਾ, ਸੋਨੂ ਜੂਸ ਬਾਰ ਅਤੇ ਹੇਮ ਰਾਜ ਲੋਹੇ ਵਾਲੇ ਨੇ ਦੱਸਿਆ ਕਿ ਮਾਘ ਮਹੀਨਾ ਵਿਸ਼ੇਸ਼ ਮਹੱਤਵ ਰੱਖਦਾ ਹੈ। ਉਨ੍ਹਾਂ ਆਖਿਆ ਕਿ ਹਰ ਸਾਲ ਸ਼ਹਿਰ ਵਾਸੀਆਂ ਦੇ ਸਹਿਯੋਗ ਨਾਲ ਮਾਘ ਮਹੀਨੇ 'ਚ ਲੰਗਰ ਲਗਾਉਣ ਦੀ ਪ੍ਰੰਪਰਾ ਨਿਭਾਈ ਜਾਂਦੀ ਹੈ, ਤਾਂ ਜੁ ਸੇਵਾ, ਸਾਂਝ ਅਤੇ ਭਾਈਚਾਰੇ ਦੀ ਭਾਵਨਾ ਨੂੰ ਮਜ਼ਬੂਤ ਕੀਤਾ ਜਾ ਸਕੇ।ਲੰਗਰ ਦੌਰਾਨ ਸਫ਼ਾਈ, ਵਿਵਸਥਾ ਤੇ ਸੇਵਾ ਦਾ ਵਿਸ਼ੇਸ਼ ਧਿਆਨ ਰੱਖਿਆ ਗਿਆ।

# ਰੈਡੀਮੇਡ ਗਾਰਮੈਂਟ ਵਪਾਰੀ ਜੀ ਐੱਸ ਟੀ ਨੰਬਰ ਅਪਲਾਈ ਕਰਨ : ਨਰੇਸ਼ ਸਿੰਗਲਾ



**ਪਟਿਆਲਾ (ਰਾਜਿੰਦਰ ਥਿੰਦ)**-ਰੈਡੀਮੇਡ ਗਾਰਮੈਂਟ ਐਸੋਸੀਏਸ਼ਨ ਦੇ ਚੇਅਰਮੈਨ ਨਰੇਸ਼ ਸਿੰਗਲਾ ਵੱਲੋਂ ਗਾਰਮੈਂਟ ਵਪਾਰੀਆਂ ਨਾਲ ਇੱਕ ਅਹਿਮ ਮੀਟਿੰਗ ਕੀਤੀ ਗਈ, ਜਿਸ ਵਿੱਚ ਪਟਿਆਲਾ ਜ਼ਿਲ੍ਹੇ ਤੇ ਆਸ-ਪਾਸ ਦੇ 150 ਦੇ ਕਰੀਬ ਗਾਰਮੈਂਟ ਵਪਾਰੀਆਂ ਨੇ ਭਾਗ ਲਿਆ।ਇਸ ਮੌਕੇ ਉਨ੍ਹਾਂ ਨੇ ਪੰਜਾਬ ਸਰਕਾਰ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਵਪਾਰੀਆਂ ਨੂੰ ਕਿਹਾ ਕਿ ਜੀ.ਐੱਸ.ਟੀ. ਦੇ ਨੰਬਰ ਵੱਧ ਤੋਂ ਵੱਧ ਅਪਲਾਈ ਕਰਕੇ ਆਪਣੇ ਸਟਾਕ ਤੇ ਸੇਲ ਨੂੰ ਮੇਨਟੇਨ ਕੀਤਾ ਜਾਵੇ, ਜਿਸ ਨਾਲ ਉਨ੍ਹਾਂ ਦੇ ਵਪਾਰ ਵਿੱਚ ਪਾਰਦਰਸ਼ਤਾ ਬਣੀ ਰਹੇ।ਇਸ ਮੌਕੇ ਉਨ੍ਹਾਂ ਵਪਾਰੀਆਂ ਨੂੰ ਸੋਸ਼ਲ ਮੀਡੀਆ ਰਾਹੀਂ ਹੋ ਰਹੀ ਖਰੀਦਾਰੀ ਤੇ ਇਸ ਦੇ ਦੁਰ-ਉਪਯੋਗ ਤੋਂ ਸੁਚੇਤ ਰਹਿਣ ਦੀ ਸਲਾਹ ਦਿੱਤੀ।ਇਸ ਮੌਕੇ ਉਨ੍ਹਾਂ ਗਾਰਮੈਂਟ ਵਪਾਰੀਆਂ ਨੂੰ ਅਪੀਲ ਕੀਤੀ ਕਿ ਕਿਸੇ ਵੀ ਸਟਾਫ ਮੈਂਬਰ ਨੂੰ ਨੌਕਰੀ 'ਤੇ ਰੱਖਣ ਤੋਂ ਪਹਿਲਾਂ ਉਸ ਦੀ ਚੰਗੀ ਤਰ੍ਹਾਂ ਜਾਂਚ ਪੜਤਾਲ ਕਰ ਲਈ ਜਾਵੇ ਤਾਂ ਜੋ ਭਵਿੱਖ ਵਿੱਚ ਕਿਸੇ ਵੀ ਅਨਹੋਣੀ ਤੋਂ ਬਚਿਆ ਜਾ ਸਕੇ।ਇਸ ਮੌਕੇ ਰਵਿੰਦਰ ਸਿੰਘ ਬਨੀ, ਕਾਕਾ ਜੀ, ਭੋਲਾ ਜੀ, ਮਿੱਤਲ ਜੀ, ਰਜਿੰਦਰ ਜੀ, ਗਿਸ਼ੂ ਓਬਰਾਏ, ਭੋਲੂ, ਰਜੀਵ ਖੰਨਾ, ਭਰਤ, ਕਮਲ ਤੇ ਸੋਨੂ ਤੋਂ ਇਲਾਵਾ ਹੋਰ ਵੀ ਰੈਡੀਮੇਡ ਗਾਰਮੈਂਟ ਵਪਾਰੀ ਮੌਕੇ 'ਤੇ ਹਾਜ਼ਰ ਸਨ।

# ਕਾਲਜ ਲਿੰਕ ਰੋਡ ਵਾਸੀਆਂ ਵੱਲੋਂ ਸਮੱਸਿਆਵਾਂ ਨੂੰ ਲੈ ਕੇ ਭੁੱਖ ਹੜਤਾਲ ਤੇ ਧਰਨੇ ਦਾ ਐਲਾਨ



**ਮਾਨਸਾ (ਆਤਮਾ ਸਿੰਘ ਪਮਾਰ)**-ਕਾਲਜ਼ ਲਿੰਕ ਰੋਡ ਪ੍ਰੀਤ ਨਗਰ ਮਾਨਸਾ ਵਾਸੀਆਂ ਵੱਲੋਂ ਨਗਰ ਕੌਂਸਲ ਮਾਨਸਾ ਖ਼ਿਲਾਫ਼ ਲੜੀ ਵਾਰ ਭੁੱਖ ਹੜਤਾਲ ਤੇ ਧਰਨੇ ਦਾ ਐਲਾਨ ਕਰ ਦਿੱਤਾ ਹੈ।ਸੰਘਰਸ਼ ਕਮੇਟੀ ਦੇ ਪ੍ਰਧਾਨ ਜਸਵੰਤ ਸਿੰਘ ਮਾਨਸਾ ਤੇ ਜਨਰਲ ਸਕੱਤਰ ਦਲਵਿੰਦਰ ਨੇ ਗੱਲਬਾਤ ਦੌਰਾਨ ਦੱਸਿਆ ਕਿ ਲੰਘੀ ਦਸ ਨਵੰਬਰ ਨੂੰ ਸਥਾਨਕ ਵਿਧਾਇਕ ਵਿਜੇ ਸਿੰਗਲਾ ਤੇ ਨਗਰ ਕੌਂਸਲ ਦੇ ਪ੍ਰਧਾਨ ਸੁਨੀਲ ਕੁਮਾਰ ਟੀਨੂੰ ਵੱਲੋਂ ਇਸ ਸੜਕ ਦਾ ਨੀਂਹ ਪੱਥਰ ਰੱਖਿਆ ਗਿਆ ਸੀ, ਪ੍ਰੰਤੂ ਅਫਸੋਸ ਇੰਨਾ ਸਮਾਂ ਬੀਤਣ ਦੇ ਬਾਵਜੂਦ ਇਸ ਪਾਸੇ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ।ਇਸ ਤੋਂ ਇਲਾਵਾ ਸਾਰੀਆਂ ਗਲੀਆਂ ਦੇ ਸਾਹਮਣੇ ਡੂੰਘੇ ਟੋਏ ਪੁੱਟ ਦਿੱਤੇ ਗਏ ਹਨ, ਜਿਸ ਕਰਕੇ ਹਰ ਸਮੇਂ ਹਾਦਸਾ ਹੋਣ ਦਾ ਖਤਰਾ ਬਣਿਆ ਰਹਿੰਦਾ ਹੈ।ਸਕੂਲੀ ਵਿਦਿਆਰਥੀਆਂ ਤੇ ਬਜ਼ੁਰਗਾਂ ਨੂੰ ਇਨ੍ਹਾਂ ਟੋਇਆਂ ਨੂੰ ਲੰਘਣ ਸਮੇਂ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਇਸ ਤੋਂ ਇਲਾਵਾ ਸਟਰੀਟ ਲਾਈਟਾਂ, ਵਾਟਰ ਸਪਲਾਈ ਤੇ ਸੀਵਰੇਜ ਸਿਸਟਮ ਆਦਿ ਦੀ ਸਮੱਸਿਆ ਵੀ ਜਿਉਂ ਦੀ ਤਿਉਂ ਲਟਕ ਰਹੀ ਹੈ।ਮੁਹੱਲਾ ਨਿਵਾਸੀਆਂ ਵੱਲੋਂ ਨਗਰ ਕੌਂਸਲ ਦੇ ਪ੍ਰਧਾਨ, ਸਥਾਨਕ ਵਿਧਾਇਕ ਤੇ ਸੀਵਰੇਜ ਦੇ ਅਧਿਕਾਰੀਆਂ ਖਿਲਾਫ ਜੰਮ ਕੇ ਨਾਅਰੇਬਾਜ਼ੀ ਵੀ ਕੀਤੀ ਤੇ ਮੰਗਾਂ ਪੂਰੀਆਂ ਨਾ ਹੋਣ ਤੱਕ ਸੰਘਰਸ਼ ਜਾਰੀ ਰੱਖਣ ਦਾ ਵੀ ਐਲਾਨ ਕੀਤਾ। ਇਸ ਸਮੇਂ ਵੱਡੀ ਗਿਣਤੀ ਮੁਹੱਲਾ ਨਿਵਾਸੀ ਮਰਦ ਔਰਤਾਂ ਵੀ ਹਾਜ਼ਰ ਸਨ।ਇਸ ਸੱਤਪਾਲ ਸਿੰਘ, ਨਰਿੰਦਰ ਸਿੰਘ ਮੋਹਲ, ਮੇਵਾ ਸਿੰਘ, ਡਾ. ਸੁਰਿੰਦਰ ਸਿੰਘ, ਸੇਵਾ ਸਿੰਘ, ਮੋਹਨ ਸਿੰਘ, ਕੁਲਵੰਤ ਕੌਰ, ਰਾਣੀ ਕੌਰ, ਜਗਸੀਰ ਸਿੰਘ, ਜਸਪਾਲ ਸਿੰਘ ਜੱਸੀ ਆਦਿ ਹਾਜ਼ਰ ਸਨ।

# 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਜਾਗਰੂਕਤਾ ਰੈਲੀ



**ਲੌਂਗੋਵਾਲ (ਪ੍ਰਦੀਪ ਸੱਪਲ)**-ਪੰਜਾਬ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਚਲਾਈ ਮੁਹਿੰਮ ਤਹਿਤ ਗ੍ਰਾਮ ਪੰਚਾਇਤ ਪਿੰਡੀ ਕੇਹਰ ਸਿੰਘ ਵਾਲੀ (ਲੌਂਗੋਵਾਲ) ਤੇ ਪਿੰਡ ਵਾਸੀਆ ਦੇ ਸਹਿਯੋਗ ਨਾਲ ਨਸ਼ਿਆਂ ਵਿਰੁੱਧ ਰੈਲੀ ਕੱਢੀ ਗਈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਬਲਵੀਰ ਸਿੰਘ ਸਰਪੰਚ ਨੇ ਦੱਸਿਆ ਕਿ ਅੱਜ ਦਾ ਨੌਜਵਾਨ ਨਸ਼ਿਆਂ ਵਿੱਚ ਗਲਤਾਨ ਹੁੰਦਾ ਜਾ ਰਿਹਾ ਹੈ ਤੇ ਪੰਜਾਬ ਸਰਕਾਰ ਵੱਲੋਂ ਜਵਾਨੀ ਨੂੰ ਨਸ਼ਿਆਂ ਵਿੱਚੋਂ ਕੱਢਣ ਲਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦਾ ਐਲਾਨ ਕੀਤਾ ਹੋਇਆ ਹੈ। ਇਸ ਮਹਿੰਮ ਤਹਿਤ ਪਿੰਡੀ ਕੇਹਰ ਸਿੰਘ ਵਾਲੀ (ਲੌਂਗੋਵਾਲ) ਵਿਖੇ ਗਰਾਮ ਪੰਚਾਇਤ ਤੇ ਪਿੰਡ ਵਾਸੀਆਂ ਵੱਲੋਂ ਨਸ਼ੇ ਦੇ ਖਾਤਮੇ ਲਈ ਰੈਲੀ ਕੱਢੀ ਗਈ ਹੈ।ਇਸ ਮੌਕੇ ਹਰਦੀਪ ਸਿੰਘ ਮੈਂਬਰ, ਜਗਸੀਰ ਸਿੰਘ ਮੈਂਬਰ, ਮੱਖਣ ਸਿੰਘ ਮੈਂਬਰ, ਬੱਬੀ ਸਿੰਘ ਵੀਪੀਸੀ, ਕੁਲਵੀਰ ਸਿੰਘ ਵੀਪੀਸੀ, ਸੁਖਵਿੰਦਰ ਸਿੰਘ ਵੀਪੀਸੀ ਸਮੇਤ ਪਿੰਡ ਵਾਸੀ ਹਾਜ਼ਰ ਸਨ।

# ਮੈਡੀਕਲ ਦੁਕਾਨਦਾਰਾਂ ਦੀ ਅਹਿਮ ਮੀਟਿੰਗ



**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਬਲਾਕ ਨਿਹਾਲ ਸਿੰਘ ਵਾਲਾ ਦੇ ਮੈਡੀਕਲ ਦੁਕਾਨਦਾਰਾਂ ਦੀ ਅਹਿਮ ਮੀਟਿੰਗ ਨਿਹਾਲ ਸਿੰਘ ਵਾਲਾ ਵਿਖੇ ਕੀਤੀ ਗਈ, ਜਿਸ ਵਿੱਚ ਕਈ ਅਹਿਮ ਮਸਲੇ ਵਿਚਾਰੇ ਗਏ। ਮੀਟਿੰਗ ਤੋਂ ਬਾਅਦ ਉਨ੍ਹਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜੋ ਵੀ ਵਿਅਕਤੀ ਮੈਡੀਕਲ ਵਾਲਾ ਨਸ਼ਾ ਵੇਚਦਾ ਫੜਿਆ ਗਿਆ ਤਾਂ ਜਥੇਬੰਦੀ ਵੱਲੋਂ ਉਸ ਨਸ਼ਾ ਵੇਚਣ ਵਾਲੇ ਵਿਅਕਤੀ ਦਾ ਕਿਸੇ ਤਰ੍ਹਾਂ ਦਾ ਸਹਿਯੋਗ ਨਹੀਂ ਦਿੱਤਾ ਜਾਵੇਗਾ।

# ਲੋੜਵੰਦ ਲੜਕੀਆਂ ਦੇ ਸਮੂਹਿਕ ਵਿਆਹ 8 ਨੂੰ

**ਧੂਰੀ (ਮਹਿੰਦਰ ਗਰਗ, ਮਨੋਜ ਗਰਗ, ਬਿੰਨੀ ਗਰਗ)**-ਸਮਾਜ ਸੇਵਾ ਦੇ ਖੇਤਰ ਵਿੱਚ ਮੋਹਰੀ ਰਹਿਣ ਵਾਲੀ ਸੰਸਥਾ ਸ਼ਿਵ ਭੋਲਾ ਨਿਸ਼ਕਾਮ ਸੇਵਾ ਸੰਮਤੀ (ਰਜਿ.) ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਮਾਨਵਤਾ ਦੀ ਸੇਵਾ ਹਿੱਤ ਵਿਸ਼ੇਸ਼ ਕਾਰਜ ਉਲੀਕਿਆ ਗਿਆ ਹੈ।ਸੰਸਥਾ ਦੇ ਪ੍ਰਧਾਨ ਰਮੇਸ਼ ਗਗਰ ਭੋਲਾ ਨੇ ਦੱਸਿਆ ਕਿ ਆਗਾਮੀ 8 ਫ਼ਰਵਰੀ ਨੂੰ ਲੋੜਵੰਦ ਪਰਵਾਰਾਂ ਦੀਆਂ ਲੜਕੀਆਂ ਦੇ ਸਮੂਹਿਕ ਵਿਆਹ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਾਲੇਰਕੋਟਲਾ ਰੋਡ 'ਤੇ ਸਥਿਤ ਮੰਗਲਾ ਆਸ਼ਰਮ ਵਿਖੇ ਕਰਾਏ ਜਾਣਗੇ।ਪ੍ਰਧਾਨ ਰਮੇਸ਼ ਗਗਰ ਨੇ ਦੱਸਿਆ ਕਿ ਸੰਸਥਾ ਲੰਮੇ ਸਮੇਂ ਤੋਂ ਅਜਿਹੇ ਪਰਵਾਰਾਂ ਦੀ ਮਦਦ ਕਰਦੀ ਆ ਰਹੀ ਹੈ, ਜੋ ਆਰਥਿਕ ਤੰਗੀ ਕਾਰਨ ਆਪਣੀਆਂ ਧੀਆਂ ਦੇ ਵਿਆਹ ਕਰਨ ਤੋਂ ਅਸਮਰੱਥ ਹੁੰਦੇ ਹਨ।ਉਨ੍ਹਾਂ ਕਿਹਾ ਕਿ ਸੰਸਥਾ ਦਾ ਮੁੱਖ ਉਦੇਸ਼ ਸਮਾਜ 'ਚ ਸਦਭਾਵਨਾ ਪੈਦਾ ਕਰਨਾ ਅਤੇ ਗਰੀਬ ਵਰਗ ਦੀ ਬਾਂਹ ਫੜਨਾ ਹੈ।ਉਨ੍ਹਾਂ ਦੱਸਿਆ ਕਿ ਵਿਆਹ ਮੌਕੇ ਸੰਸਥਾ ਵੱਲੋਂ ਹਰੇਕ ਨਵ-ਵਿਆਹੇ ਜੋੜੇ ਨੂੰ ਉਨ੍ਹਾਂ ਦੀ ਨਵੀਂ ਗ੍ਰਹਿਸਤੀ ਦੀ ਸ਼ੁਰੂਆਤ ਲਈ ਲੋੜੀਂਦਾ ਘਰੇਲੂ ਸਾਮਾਨ ਵੀ ਭੇਟ ਕੀਤਾ ਜਾਵੇਗਾ।ਇਸ ਵਿੱਚ ਫਰਨੀਚਰ, ਬਰਤਨ ਤੇ ਹੋਰ ਜ਼ਰੂਰੀ ਸਾਜ਼-ਸਮਾਨ ਸ਼ਾਮਲ ਹੋਵੇਗਾ ਤਾਂ ਜੁ ਕਿਸੇ ਵੀ ਲੜਕੀ ਦੇ ਮਾਪਿਆਂ 'ਤੇ ਆਰਥਿਕ ਬੋਝ ਨਾ ਪਵੇ।ਸੰਸਥਾ ਦੇ ਮੈਂਬਰਾਂ ਵੱਲੋਂ ਇਹ ਸਾਰਾ ਸਾਮਾਨ ਬੜੀ ਗੁਣਵੱਤਾ ਵਾਲਾ ਤੇ ਲੋੜ ਮੁਤਾਬਕ ਤਿਆਰ ਕਰਾਇਆ ਜਾ ਰਿਹਾ ਹੈ।

# ਐੱਚ ਐੱਮ ਈ ਐੱਲ ਰਿਫ਼ਾਇਨਰੀ 'ਚ ਤਿੰਨ ਦਿਨਾ ਏਕੀਕ੍ਰਿਤ ਸੁਰੱਖਿਆ ਪ੍ਰਸ਼ਿਕਸ਼ਣ ਪ੍ਰੋਗਰਾਮ

## ਆਰ ਟੀ ਓ ਵੱਲੋਂ ਟੈਂਕਰ ਟਰੱਕ ਚਾਲਕ ਦਲ ਨੂੰ ਸਾਰੇ ਸੁਰੱਖਿਆ ਪ੍ਰੋਟੋਕਾਲਾਂ ਦੀ ਸਖ਼ਤੀ ਨਾਲ ਪਾਲਣਾ ਕਰਨ ਦੀ ਅਪੀਲ



**ਤਲਵੰਡੀ ਸਾਬੋ (ਜਗਦੀਪ ਗਿੱਲ)** ਪੈਟਰੋਲੀਅਮ ਉਤਪਾਦਾਂ ਦੀ ਸੁਰੱਖਿਅਤ ਆਵਾਜਾਈ ਨੂੰ ਹੋਰ ਮਜ਼ਬੂਤ ਕਰਨ ਤੇ ਐੱਚ ਐੱਮ ਈ ਐੱਲ ਪਲੱਸ ਵਿਜ਼ਨ ਦੇ ਅਨੁਕੂਲ, ਐੱਚ ਪੀ ਸੀ ਐੱਲ-ਮਿੱਤਲ ਐਨਰਜੀ ਲਿਮਿਟਡ (ਐੱਚ ਐੱਮ ਈ ਐੱਲ) ਵੱਲੋਂ ਸੜਕ ਸੁਰੱਖਿਆ ਹਫ਼ਤੇ ਦੇ ਮੌਕੇ 'ਤੇ 20 ਤੋਂ 22 ਜਨਵਰੀ 2026 ਤੱਕ ਟੈਂਕਰ ਟਰੱਕ (ਟੀਟੀ) ਚਾਲਕ ਦਲ ਲਈ ਤਿੰਨ ਦਿਨਾਂ ਦਾ ਏਕੀਕ੍ਰਿਤ ਸੁਰੱਖਿਆ ਪ੍ਰਸ਼ਿਕਸ਼ਣ ਕਾਰਜਕ੍ਰਮ ਐੱਚ ਐੱਮ ਈ ਐੱਲ ਗੁਰੂ ਗੋਬਿੰਦ ਸਿੰਘ ਰਿਫ਼ਾਇਨਰੀ ਵਿਖੇ ਕੀਤਾ ਗਿਆ। ਕਾਰਜਕ੍ਰਮ ਦੀ ਸ਼ੁਰੂਆਤ ਕਾਰਜਕਾਰੀ ਦੀਪ ਪ੍ਰਜਵਲਨ ਨਾਲ ਕੀਤੀ ਗਈ।ਇਸ ਮੌਕੇ ਪੁਨੀਤ ਸ਼ਰਮਾ (ਆਰਟੀਓ, ਬਠਿੰਡਾ), ਪੰਕਜ ਬੰਸਲ (ਐੱਸਡੀਐੱਮ, ਤਲਵੰਡੀ ਸਾਬੋ), ਹੈਕਟਰ ਸਾਲਾਜ਼ਾਰ (ਉੱਪ ਪ੍ਰਧਾਨ-ਸੁਰੱਖਿਆ, ਐੱਚਐੱਮਈਐੱਲ), ਵਿਸ਼ਵਾਸ ਗੌਰ (ਹੈੱਡ-ਮਾਰਕੀਟਿੰਗ), ਗੁਲਸ਼ਨ ਗੋਬਰ (ਡੀਜੀਐੱਮ-ਮਾਰਕੀਟਿੰਗ) ਤੇ ਪ੍ਰਸਿੱਧ ਸੜਕ ਸੁਰੱਖਿਆ ਮਾਹਰ ਕਰਨਲ ਆਰ ਕੇ ਸ਼ਰਮਾ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਰਹੇ।

ਆਪਣੇ ਸੰਬੋਧਨ ਵਿੱਚ ਆਰਟੀਓ ਬਠਿੰਡਾ ਪੁਨੀਤ ਸ਼ਰਮਾ ਨੇ ਦੇਸ਼ ਵਿੱਚ ਵਧ ਰਹੀਆਂ ਸੜਕ ਹਾਦਸਿਆਂ ਦੀਆਂ ਘਟਨਾਵਾਂ ਦੇ ਮੱਦੇਨਜ਼ਰ ਐਸੇ ਸੰਗਠਿਤ ਪ੍ਰਸ਼ਿਕਸ਼ਣ ਕਾਰਜਕ੍ਰਮਾਂ ਦੀ ਲੋੜ 'ਤੇ ਜ਼ੋਰ ਦਿੱਤਾ।ਉਨ੍ਹਾਂ ਟੈਂਕਰ ਟਰੱਕ ਚਾਲਕ ਦਲ ਨੂੰ ਸਾਰੇ ਸੁਰੱਖਿਆ ਪ੍ਰੋਟੋਕਾਲਾਂ ਦੀ ਸਖ਼ਤੀ ਨਾਲ ਪਾਲਣਾ ਕਰਨ ਦੀ ਅਪੀਲ ਕਰਦਿਆਂ ਪੈਟਰੋਲੀਅਮ ਵਰਗੇ ਖ਼ਤਰਨਾਕ ਉਤਪਾਦਾਂ ਦੀ ਸੁਰੱਖਿਅਤ ਆਵਾਜਾਈ ਵਿੱਚ ਉਨ੍ਹਾਂ ਦੀ ਅਹਿਮ ਜ਼ਿੰਮੇਵਾਰੀ ਉਜਾਗਰ ਕੀਤੀ।ਸ੍ਰੀ ਹੈਕਟਰ ਸਾਲਾਜ਼ਾਰ ਫਲੋਰੇਸ ਉਪ ਪ੍ਰਧਾਨ ਸੁਰੱਖਿਆ ਐੱਚ ਐੱਮ ਈ ਐੱਲ ਨੇ ਇਸ ਪਹਿਲ ਦੀ ਸਰਾਹਨਾ ਕਰਦਿਆਂ ਕਿਹਾ ਕਿ ਸਰਗਰਮ ਸੁਰੱਖਿਆ ਕਦਮ ਹਾਦਸਿਆਂ ਦੀ ਰੋਕਥਾਮ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਭਾਗੀਦਾਰਾਂ ਨੂੰ ਪ੍ਰਸ਼ਿਕਸ਼ਣ ਵਿੱਚ ਸਰਗਰਮ ਹਿੱਸਾ ਲੈਣ ਲਈ ਪ੍ਰੇਰਿਤ ਕਰਦਿਆਂ ਘਟਨਾ ਤੇ ਚੋਟ ਮੁਕਤ ਕਾਰਜਸਥਲ ਪ੍ਰਤੀ ਐੱਚ ਐੱਮ ਈ ਐੱਲ ਦੀ ਵਚਨਬੱਧਤਾ ਨੂੰ ਦੁਹਰਾਇਆ।

# ਕਾਂਗਰਸੀ ਆਗੂ ਲੱਕੀ ਜਲਾਲ ਨੂੰ ਸਦਮਾ, ਪਿਤਾ ਦਾ ਦੇਹਾਂਤ

## ਕਾਂਗੜ ਸਮੇਤ ਸਮੂਹ ਕਾਂਗਰਸੀਆਂ ਵੱਲੋਂ ਦੁੱਖ ਪ੍ਰਗਟ



**ਬਠਿੰਡਾ (ਰਾਜੀਵ ਗੋਇਲ)**-ਜ਼ਿਲ੍ਹੇ ਦੇ ਕਸਬਾ ਜਲਾਲ ਨਾਲ ਸਬੰਧਤ ਕਾਂਗਰਸ ਦੇ ਸੋਸ਼ਲ ਮੀਡੀਆ ਐਕਟੀਵਿਸਟ ਨੌਜਵਾਨ ਆਗੂ ਲੱਕੀ ਜਲਾਲ ਨੂੰ ਉਸ ਸਮੇਂ ਗਹਿਰਾ ਸਦਮਾ ਪੁੱਜਾ, ਜਦੋਂ ਉਨ੍ਹਾਂ ਦੇ ਪਿਤਾ ਛੋਟਾ ਸਿੰਘ ਅਚਾਨਕ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗੁਰੂ ਚਰਨਾਂ ਵਿੱਚ ਜਾ ਬਿਰਾਜੇ।ਇਸ ਦੁੱਖ ਦੀ ਘੜੀ ਵਿੱਚ ਸਮੂਹ ਪਰਿਵਾਰ ਨਾਲ ਸਾਬਕਾ ਕੈਬਨਿਟ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ, ਜੋਜੀ ਕਾਂਗੜ, ਬੂਟਾ ਸਿੰਘ ਸਿੱਧੂ ਪ੍ਰਧਾਨ ਨਗਰ ਪੰਚਾਇਤ ਭਗਤਾ, ਪਰਮਿੰਦਰ ਸਿੰਘ ਸਾਂ. ਸਰਪੰਚ ਗੁਰਤੇਜ ਸਿੰਘ, ਜਸਮੀਤ ਬਰਾੜ, ਜਗਦੇਵ ਸਿੰਘ, ਸੁੰਦਰ ਲਾਲ ਕਾਂਗੜ, ਨਵਦੀਪ ਨੂਪਾ, ਜਗਤਾਰ ਸਿੰਘ ਤਾਰੀ, ਇਕਬਾਲ ਸਿੰਘ ਢਿਪਾਲੀ, ਗੁਰਦੀਪ ਭੁੱਲਰ, ਕਰਮਜੀਤ ਸਿੰਘ ਖਾਲਸਾ, ਲਖਵੀਰ ਸਿੰਘ ਸਿੱਧੂ ਸਮੇਤ ਹਲਕਾ ਰਾਮਪੁਰਾ ਫੂਲ ਦੇ ਸਮੂਹ ਕਾਂਗਰਸੀਆਂ ਵੱਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ। ਸਵ. ਛੋਟਾ ਸਿੰਘ ਦੀ ਅੰਤਿਮ ਅਰਦਾਸ 25 ਜਨਵਰੀ ਨੂੰ ਗੁਰਦੁਆਰਾ ਤੀਰਥਸਰ ਸਾਹਿਬ, ਜਲਾਲ (ਬਠਿੰਡਾ) ਵਿਖੇ ਦੁਪਹਿਰ 12.30 ਵਜੇ ਹੋਵੇਗੀ।

# ਮਗਨਰੇਗਾ ਬਚਾਓ ਸੰਗਰਾਮ ਦੇ ਤਹਿਤ ਪਾਲੀਵਾਲਾ 'ਚ ਮੀਟਿੰਗ



**ਜਲਾਲਾਬਾਦ (ਜੀਤ ਕੁਮਾਰ)**

ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਮਗਨਰੇਗਾ ਸਕੀਮ 'ਚ ਲਿਆਂਦੇ ਗਏ ਨਵੇਂ ਨਿਯਮਾਂ ਦੇ ਵਿਰੋਧ 'ਚ ਕਾਂਗਰਸ ਪਾਰਟੀ ਵੱਲੋਂ 'ਮਗਨਰੇਗਾ ਬਚਾਓ ਸੰਗਰਾਮ' ਦੀ ਚੱਲ ਰਹੀ ਲੜੀ ਤਹਿਤ ਪੰਜਾਬ ਪ੍ਰਦੇਸ਼ ਕਾਂਗਰਸ ਪਾਰਟੀ ਦੇ ਓਬੀਸੀ ਵਿਭਾਗ ਦੇ ਚੇਅਰਮੈਨ ਰਾਜ ਬਖ਼ਸ਼ ਕੰਬੋਜ ਵੱਲੋਂ ਪਿੰਡ ਪਾਲੀ ਵਾਲਾ ਵਿਖੇ ਮਗਨਰੇਗਾ ਮਜ਼ਦੂਰਾਂ ਨਾਲ ਮੀਟਿੰਗ ਕੀਤੀ ਗਈ। ਇਸ ਮੀਟਿੰਗ ਦੇ ਦੌਰਾਨ ਇਕੱਠਾਂ ਹੋਏ ਮਗਨਰੇਗਾ ਮਜ਼ਦੂਰਾਂ ਨੂੰ ਸੰਬੋਧਤ ਕਰਦਿਆਂ ਕਾਂਗਰਸ ਪਾਰਟੀ ਦੇ ਨੇਤਾ ਰਾਜ ਬਖ਼ਸ਼ ਕੰਬੋਜ ਨੇ ਕਿਹਾ ਕਿ ਦੇਸ਼ ਦੀ ਸੱਤਾ 'ਤੇ ਕਾਬਜ਼ ਮੋਦੀ ਸਰਕਾਰ ਕਿਸ ਤਰ੍ਹਾਂ ਮਗਨਰੇਗਾ ਕਾਨੂੰਨ ਵਿੱਚ ਤਬਦੀਲੀ ਕਰਕੇ ਮਜ਼ਦੂਰਾਂ ਦੇ ਹੱਕਾਂ 'ਤੇ ਡਾਕਾ ਮਾਰਿਆ ਹੈ।

ਮਜ਼ਦੂਰਾਂ ਦੀ ਮਜ਼ਦੂਰੀ ਨੂੰ ਖ਼ਤਮ ਕਰਨ ਦਾ ਰਹੀ ਹੈ। ਇਸ ਸਬੰਧ ਵਿੱਚ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਅਗੁਵਾਈ ਮਾਨ ਸਰਕਾਰ ਵੀ ਮੋਦੀ ਸਰਕਾਰ ਦੇ ਨਾਲ ਮਿਲੀ ਹੋਈ ਹੈ, ਜਿਸ ਕਰਕੇ ਮੋਦੀ ਸਰਕਾਰ ਦੇ ਖਿਲਾਫ ਬੋਲਣ ਤੋਂ ਕੰਨੀ ਕਤਰਾ ਰਹੀ ਹੈ। ਇਸ ਮੀਟਿੰਗ ਨੂੰ ਜ਼ਿਲ੍ਹਾ ਪ੍ਰੀਸ਼ਦ ਦੀ ਚੋਣ ਲੜ ਚੁੱਕੇ ਰਘਬੀਰ ਸਿੰਘ ਜੈਮਲਵਾਲਾ ਤੇ ਕਾਂਗਰਸ ਜਲਾਲਾਬਾਦ ਦੇ ਬਲਾਕ ਦਿਹਾਤੀ ਦੇ ਪ੍ਰਧਾਨ ਛਿੰਦਰ ਸਿੰਘ ਮਹਾਲਮ ਨੇ ਵੀ ਸੰਬੋਧਨ ਕੀਤਾ। ਇਸ ਸਮੇਂ ਸੁੱਖਾ ਮੈਂਬਰ ਪਾਲੀ ਵਾਲਾ, ਜੰਗੀਰ ਸਿੰਘ ਸਾਬਕਾ ਸਰਪੰਚ, ਸੁਖਦੇਵ ਸਿੰਘ ਮੈਂਬਰ, ਮੁਖਤਿਆਰ ਸਿੰਘ, ਸਤਨਾਮ ਸਿੰਘ, ਸੇਵਾ ਦਲ ਸ਼ਹਿਰੀ ਦੇ ਚੇਅਰਮੈਨ ਜਗਦੀਸ਼ ਚੰਦਰ ਅਰੋੜਾ, ਸੇਵਾ ਦਲ ਦਿਹਾਤੀ ਦੇ ਚੇਅਰਮੈਨ ਮੰਗਤ ਰਾਮ ਚੁੱਗ, ਸੁਮਿਤ ਛਾਬੜਾ, ਰਾਮਪਾਲ, ਜੱਗਾ ਥਿੰਦ ਅਤੇ ਰਾਣਾ ਜੈਮਲ ਵਾਲਾ ਆਦਿ ਮੌਜੂਦ ਸਨ।

# ਗੁਰੂ ਗੋਬਿੰਦ ਸਿੰਘ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿਖੇ ਸਾਲਾਨਾ ਸਮਾਗਮ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਗੁਰੂ ਗੋਬਿੰਦ ਸਿੰਘ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਕੁਰੜ ਵਿਖੇ ਸਾਲਾਨਾ ਇਨਾਮ ਵੰਡ ਸਮਾਰੋਹ ਪ੍ਰਿੰਸੀਪਲ ਮੈਡਮ ਰੁਪਿੰਦਰ ਕੌਰ ਚੀਮਾ ਦੀ ਅਗਵਾਈ ਹੇਠ ਕਰਵਾਇਆ ਗਿਆ।ਇਸ ਮੌਕੇ ਮੁੱਖ ਮਹਿਮਾਨ ਵਜੋਂ ਸੁਨੀਤਇੰਦਰ ਸਿੰਘ ਜ਼ਿਲ੍ਹਾ ਸਿੱਖਿਆ ਅਫ਼ਸਰ (ਸ) ਬਰਨਾਲਾ ਨੇ ਸ਼ਿਰਕਤ ਕੀਤੀ।ਉਨ੍ਹਾਂ ਦੇ ਨਾਲ ਪਿੰਸੀਪਲ ਪਰਮਜੀਤ ਕੌਰ ਸੀਨੀਅਰ ਸੈਕੰਡਰੀ ਸਕੂਲ ਮੀਨੀਆ, ਸ. ਪ੍ਰਿਤਪਾਲ ਸਿੰਘ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।ਵਾਈਸ ਪ੍ਰਿੰਸੀਪਲ ਪ੍ਰਦੀਪ ਸਿੰਘ ਨੇ ਆਏ ਮਹਿਮਾਨਾਂ ਨੂੰ ਆਇਆਂ ਆਖਦਿਆਂ ਸਮਾਗਮ 'ਚ ਸ਼ਿਰਕਤ ਕਰਨ ਲਈ ਧੰਨਵਾਦ ਕੀਤਾ।ਪ੍ਰੋਗਰਾਮ ਦੀ ਸ਼ੁਰੂਆਤ ਵਿਦਿਆਰਥੀਆਂ ਦੁਆਰਾ ਸ਼ਬਦ ਗਾਇਨ ਨਾਲ ਕੀਤੀ ਗਈ।ਇਸ ਦੌਰਾਨ ਬੱਚਿਆਂ ਵੱਲੋਂ ਪੇਸ਼ ਕੀਤਾ ਡਾਂਸ, ਨਾਟਕ ਮਿੱਟੀ ਦੇ ਰਿਸ਼ਤੇ, ਸੋਸ਼ਲ ਮੀਡੀਆ ਥੀਮ ਵਾਲਾ ਸਕਿਟ, ਲੋਕ ਗੀਤ, ਸਿੱਠਣੀਆਂ, ਗਿੱਧਾ ਅਤੇ ਭੰਗੜਾ ਆਦਿ ਦੀ ਪੇਸ਼ਕਾਰੀ ਨੇ ਦਰਸ਼ਕਾਂ ਉਪਰ ਅਮਿੱਟ ਛਾਪ ਛੱਡੀ। ਮੁੱਖ ਮਹਿਮਾਨ ਸ. ਸੁਨੀਤਇੰਦਰ ਸਿੰਘ ਨੇ ਵਿਦਿਆਰਥੀਆਂ ਨੂੰ ਮਨ ਲਾ ਕੇ ਪੜ੍ਹਨ, ਨੈਤਿਕ ਮੁੱਲਾਂ ਨੂੰ ਜੀਵਨ ਵਿੱਚ ਅਪਣਾਉਣ ਅਤੇ ਸਮਾਜ ਦੇ ਸਿਆਣੇ ਨਾਗਰਿਕ ਬਣਨ ਲਈ ਪ੍ਰੇਰਿਤ ਕੀਤਾ।ਪ੍ਰਿੰਸੀਪਲ ਰੁਪਿੰਦਰ ਕੌਰ ਚੀਮਾ ਨੇ ਸਕੂਲ ਦੀ ਸਾਲਾਨਾ ਪ੍ਰਗਤੀ ਰਿਪੋਰਟ ਪੇਸ਼ ਕਰਦੇ ਹੋਏ ਸਾਲ ਭਰ ਦੀਆਂ ਪ੍ਰਾਪਤੀਆਂ ਬਾਰੇ ਜਾਣੂ ਕਰਵਾਇਆ। ਅਕਾਦਮਿਕ ਖੇਤਰ 'ਚ ਪਹਿਲੀਆਂ ਤਿੰਨ ਪੁਜੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਸ. ਸੁਨੀਤਇੰਦਰ ਸਿੰਘ, ਐਮ.ਡੀ. ਸੁਖਵਿੰਦਰ ਕੌਰ ਧਾਲੀਵਾਲ, ਸੁਖਜੀਤ ਸਿੰਘ ਧਾਲੀਵਾਲ, ਪ੍ਰਿੰਸੀਪਲ ਮੈਡਮ ਰੁਪਿੰਦਰ ਕੌਰ ਚੀਮਾ, ਵਾਈਸ ਪ੍ਰਿੰਸੀਪਲ ਪ੍ਰਦੀਪ ਸਿੰਘ, ਅਕਾਦਮਿਕ ਇੰਚਾਰਜ ਕੁਲਦੀਪ ਸਿੰਘ ਮੰਡ ਦੀ ਅਗਵਾਈ ਹੇਠ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।ਸੀਨੀਅਰ ਵਿੰਗ ਦੇ ਬੱਚਿਆਂ ਨੇ ਭਾਰਤ ਦੇ ਵੱਖ-ਵੱਖ ਸੱਭਿਆਚਾਰਾਂ ਨੂੰ ਬਹੁਤ ਹੀ ਸੁੰਦਰ ਢੰਗ ਨਾਲ ਪੇਸ਼ ਕੀਤਾ।ਸਮਾਗਮ ਦੀ ਮੇਜ਼ਬਾਨੀ ਮੈਡਮ ਅਮਨਦੀਪ ਕੌਰ ਤੇ ਮੈਡਮ ਬਿੰਦਰ ਕੌਰ ਵੱਲੋਂ ਸੁਚੱਜੇ ਢੰਗ ਨਾਲ ਕੀਤੀ ਗਈ।ਇਸ ਮੌਕੇ ਚੇਅਰਮੈਨ ਸੁਖਵਿੰਦਰ ਦਾਸ ਕੁਰੜ, ਸਰਪੰਚ ਕੁਲਦੀਪ ਸਿੰਘ ਧਾਲੀਵਾਲ, ਗੁਰਜੰਟ ਸਿੰਘ ਬਦੇਸ਼ਾ ਆਦਿ ਆਗੂਆਂ ਤੋਂ ਇਲਾਵਾ ਸਮੂਹ ਵਿਦਿਆਰਥੀ ਹਾਜ਼ਰ ਸਨ।

# ਕਿਸਾਨ ਆਗੂ ਗਗਨਦੀਪ ਸਹਿਜੜਾ ਨੂੰ ਸਦਮਾ, ਪਿਤਾ ਦਾ ਦਿਹਾਂਤ



**ਮਹਿਲ ਕਲਾਂ (ਬਲਵਿੰਦਰ ਸਿੰਘ ਵਜੀਦਕੇ)**-ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦੇ ਜ਼ਿਲ੍ਹਾ ਆਗੂ ਗਗਨਦੀਪ ਸਿੰਘ ਸਹਿਜੜਾ ਦੇ ਸਤਿਕਾਰਯੋਗ ਪਿਤਾ ਸ੍ਰ: ਮਹਿੰਦਰ ਸਿੰਘ ਬਾਜਵਾ ਸਦੀਵੀ ਵਿਛੋੜਾ ਦੇ ਗਏ ਹਨ।

ਇਸ ਦੁੱਖ ਦੀ ਘੜੀ ਵਿੱਚ ਭਾਕਿਯੂ ਕਾਦੀਆਂ ਦੇ ਸੂਬਾ ਪ੍ਰਧਾਨ ਹਰਮੀਤ ਸਿੰਘ ਕਾਦੀਆਂ, ਜ਼ਿਲ੍ਹਾ ਪ੍ਰਧਾਨ ਜਗਸੀਰ ਸਿੰਘ ਛੀਨੀਵਾਲ, ਗੁਰਨਾਮ ਸਿੰਘ ਠੀਕਰੀਵਾਲ, ਬਲਾਕ ਪ੍ਰਧਾਨ ਪਰਮਜੀਤ ਸਿੰਘ ਢੀਂਡਸਾ, ਗੁਰਧਿਆਨ ਸਿੰਘ ਬਾਜਵਾ, ਜਸਵਿੰਦਰ ਸਿੰਘ ਛੀਨੀਵਾਲ, ਮਲਕੀਤ ਸਿੰਘ ਮੀਤਾ, ਰਣਜੀਤ ਸਿੰਘ ਕਲਾਲਾ, ਡਾ: ਸੁਖਦੀਪ ਸਿੰਘ ਗਿੱਲ ਤੋਂ ਇਲਾਵਾ ਇਲਾਕੇ ਦੀਆਂ ਸਮੂਹ ਇਕਾਈਆਂ ਦੇ ਆਗੂਆਂ ਨੇ ਪੀੜਤ ਬਾਜਵਾ ਪਰਵਾਰ ਨਾਲ ਦੁੱਖ ਸਾਂਝਾ ਕੀਤਾ ਹੈ।

# ਸਿਹਤ ਬੀਮਾ ਯੋਜਨਾ ਤਹਿਤ ਕਾਰਡ ਬਣਾਉਣਾ ਸਮੱਸਿਆ ਬਣੀ



**ਸਨੌਰ (ਰਾਜਿੰਦਰ ਸਿੰਘ ਥਿੰਦ)**-ਪੰਜਾਬ ਵਿੱਚ ਮਾਨ ਸਰਕਾਰ ਵੱਲੋਂ ਚਲਾਈ ਜਾ ਰਹੀ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਨੂੰ ਪਿੰਡ-ਪਿੰਡ ਅਤੇ ਸ਼ਹਿਰ-ਸ਼ਹਿਰ ਤੱਕ ਪਹੁੰਚਾਉਣ ਲਈ ਸਰਕਾਰ ਨੇ ਸੀ ਐਸ ਸੀ ਸੈਂਟਰਾਂ ਰਾਹੀਂ ਕਾਰਡ ਬਣਾਉਣ ਦੇ ਹੁਕਮ ਜਾਰੀ ਕੀਤੇ ਸਨ।ਇਸ ਯੋਜਨਾ ਦਾ ਮਕਸਦ ਆਮ ਲੋਕਾਂ ਨੂੰ ਸਿਹਤ ਸਹੂਲਤਾਂ ਨਾਲ ਜੋੜਨਾ ਦੱਸਿਆ ਗਿਆ, ਪਰ ਜਮੀਨੀ ਪੱਧਰ 'ਤੇ ਇਹ ਯੋਜਨਾ ਹੁਣ ਸੀ ਐਸ ਸੀ ਸੈਂਟਰਾਂ 'ਤੇ ਕੰਮ ਕਰ ਰਹੇ ਕਾਮਿਆਂ ਲਈ ਵੱਡੀ ਸਮੱਸਿਆ ਬਣ ਕੇ ਸਾਹਮਣੇ ਆ ਰਹੀ ਹੈ। ਮਿਲੀ ਜਾਣਕਾਰੀ ਅਨੁਸਾਰ ਇਕ ਸਿਹਤ ਬੀਮਾ ਕਾਰਡ ਬਣਾਉਣ ਵਿੱਚ ਤਕਰੀਬਨ 20 ਤੋਂ 30 ਮਿੰਟ ਦਾ ਸਮਾਂ ਲੱਗਦਾ ਹੈ, ਜਿਸ ਵਿੱਚ ਦਸਤਾਵੇਜ਼ਾਂ ਦੀ ਜਾਂਚ, ਆਨਲਾਈਨ ਐਂਟਰੀ, ਬਾਇਓਮੈਟਰਿਕ ਪ੍ਰਕਿਰਿਆ, ਸਰਵਰ ਦੀ ਸੁਸਤੀ ਅਤੇ ਤਕਨੀਕੀ ਰੁਕਾਵਟਾਂ ਸ਼ਾਮਲ ਹਨ।ਇੰਨੀ ਲੰਬੀ ਅਤੇ ਔਖੀ ਪ੍ਰਕਿਰਿਆ ਦੇ ਬਾਵਜੂਦ ਵਾਲੰਟੀਅਰਾਂ ਨੂੰ ਪ੍ਰਤੀ ਕਾਰਡ ਦੇ ਸਿਰਫ਼ 4 ਰੁਪਏ ਦੇਣ ਦਾ ਫੈਸਲਾ ਕੀਤਾ ਗਿਆ ਹੈ, ਜਿਸ ਨੂੰ ਵੀ ਐਲ ਈ ਵਰਗ ਧੱਕੇਸ਼ਾਹੀ ਕਰਾਰ ਦੇ ਰਿਹਾ ਹੈ।ਇਸ ਸਬੰਧੀ ਰੋਸ਼ਨ ਜਿੰਦਲ, ਜਿਲ੍ਹਾ ਪ੍ਰਧਾਨ (ਵੀ ਐੱਲ ਈ ਐਸੋਸੀਏਸ਼ਨ ਪਟਿਆਲਾ) ਨੇ ਇਸ ਫੈਸਲੇ ਦੀ ਤਿੱਖੀ ਨਿੰਦਾ ਕਰਦਿਆਂ ਕਿਹਾ ਕਿ 4 ਰੁਪਏ ਪ੍ਰਤੀ ਕਾਰਡ ਦੇਣਾ ਮਜ਼ਦੂਰੀ ਨਹੀਂ, ਸਗੋਂ ਮਜ਼ਾਕ ਹੈ।ਉਨ੍ਹਾਂ ਕਿਹਾ ਕਿ ਸੀ ਐਸ ਸੀ ਸੈਂਟਰਾਂ ਨੂੰ ਦੁਕਾਨ ਦਾ ਕਿਰਾਇਆ, ਇੰਟਰਨੈੱਟ, ਬਿਜਲੀ, ਮਸ਼ੀਨਾਂ ਦੀ ਦੇਖਭਾਲ ਅਤੇ ਹੋਰ ਰੋਜ਼ਾਨਾ ਖਰਚੇ ਆਪਣੇ ਪਾਸੋਂ ਭੁਗਤਣੇ ਪੈਂਦੇ ਹਨ। ਉਨ੍ਹਾਂ ਨੇ ਮੰਗ ਕੀਤੀ ਕਿ ਇਸ ਗੰਭੀਰ ਸਮੱਸਿਆ ਦਾ ਹੱਲ ਕੀਤਾ ਜਾਵੇ, ਨਹੀਂ ਤਾਂ ਹੜਤਾਲ ਕੀਤੀ ਜਾਵੇਗੀ।ਇਸ ਮੌਕੇ ਅਕਾਸ਼ਦੀਪ ਸਿੰਘ, ਗੁਰਤੇਜ ਸਿੰਘ ਸੁਨਿਆਰਹੇੜੀ, ਧਰਮ ਸਿੰਘ ਰੋਨੀ, ਵਰਿੰਦਰ ਸਿੰਘ, ਮਨਦੀਪ ਸਿੰਘ, ਸੁਖਦੀਪ ਸਿੰਘ ਨਾਭਾ ਆਦਿ ਹਾਜ਼ਰ ਸਨ।

ਇਸ ਮਾਮਲੇ ਨਾਲ ਜੁੜੀ ਇਕ ਹੋਰ ਗੰਭੀਰ ਘਟਨਾ ਵੀ ਸਾਹਮਣੇ ਆਈ ਹੈ।ਇਕ ਵੀ ਐਲ ਈ ਧਰਮਪਾਲ ਸਿੰਘ ਨੇ ਟੈਸਟਿੰਗ ਦੇ ਤੌਰ 'ਤੇ ਆਪਣੇ ਪਿਤਾ ਦਾ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਅਧੀਨ ਕਾਰਡ ਬਣਾਇਆ ਸੀ, ਪਰ ਇਸ ਤੋਂ ਬਾਅਦ ਉਸ ਨੂੰ ਸਿਵਲ ਸਰਜਨ ਦਫ਼ਤਰ ਵੱਲੋਂ ਨੋਟਿਸ ਭੇਜਿਆ ਗਿਆ।ਨੋਟਿਸ ਵਿੱਚ ਬਿਨਾਂ ਅਪਾਇੰਟਮੈਂਟ ਸਲਿੱਪ ਕਾਰਡ ਬਣਾਉਣ ਬਾਰੇ ਸਪੱਸ਼ਟੀਕਰਨ ਮੰਗਿਆ ਗਿਆ। ਧਰਮਪਾਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਚੇਤਾਵਨੀ ਦਿੱਤੀ ਗਈ ਹੈ ਕਿ ਅਗੇ ਤੋਂ ਬਿਨਾਂ ਅਪਾਇੰਟਮੈਂਟ ਸਲਿੱਪ ਕਿਸੇ ਦਾ ਵੀ ਕਾਰਡ ਬਣਾਇਆ ਗਿਆ ਤਾਂ ਕਾਰਵਾਈ ਕੀਤੀ ਜਾਵੇਗੀ।

# ਗਊਸ਼ਾਲਾ ਕਮੇਟੀ ਵੱਲੋਂ 8 ਨੂੰ ਕਰਾਈ ਜਾਵੇਗੀ ਪਾਰਥਿਵ ਪੂਜਾ




**ਨਾਭਾ (ਵਰਿੰਦਰ ਵਰਮਾ)**-ਨਾਭਾ ਗਊਸ਼ਾਲਾ ਦੀ ਪਵਿੱਤਰ ਧਰਤੀ 'ਤੇ ਮਹਾਂਸ਼ਿਵਰਾਤਰੀ ਦੇ ਪਾਵਨ ਤਿਉਹਾਰ ਨੂੰ ਸਮਰਪਤ ਭਗਵਾਨ ਸ਼ਿਵ ਸ਼ੰਕਰ ਜੀ ਦੀ ਪਾਰਥਿਵ ਪੂਜਾ ਦਾ ਆਯੋਜਨ ਕੀਤਾ ਜਾ ਰਿਹਾ ਹੈ।ਨਾਭਾ ਗਊਸ਼ਾਲਾ ਕਮੇਟੀ ਪ੍ਰਧਾਨ ਅਮਨ ਗੁਪਤਾ ਨੇ ਦੱਸਿਆ ਕਿ ਮਹਾ ਸ਼ਿਵਰਾਤਰੀ ਦੇ ਪਾਵਨ ਤਿਉਹਾਰ ਨੂੰ ਸਮਰਪਤ ਪਾਰਥਿਕ ਪੂਜਾ ਗਊਸ਼ਾਲਾ ਦੁੱਲਦੀ ਗੇਟ ਵਿਖੇ ਕਰਾਈ ਜਾ ਰਹੀ ਹੈ।ਇਹ ਪੂਜਾ 8 ਫਰਵਰੀ ਨੂੰ ਸਮਾਂ-ਸਵੇਰੇ 8 ਵਜੇ ਕਰਾਈ ਜਾਵੇਗੀ। ਉਨ੍ਹਾਂ ਸ਼ਰਧਾਲੂਆਂ ਨੂੰ ਬੇਨਤੀ ਕੀਤੀ ਕਿ ਪੂਜਾ ਵਿੱਚ ਵਧ-ਚੜ੍ਹ ਕੇ ਭਾਗ ਲੈਣ ਤੇ ਭਗਵਾਨ ਭੋਲੇ ਬਾਬਾ ਦਾ ਆਸ਼ੀਰਵਾਦ ਪ੍ਰਾਪਤ ਕਰਨ।

# ਭਲਕੇ ਬਿਜਲੀ ਬੰਦ ਰਹੇਗੀ

**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-66ਕੇਵੀ ਸ/ਸ ਗਰਿੱਡ ਪੱਤੋਂ ਹੀਰਾ ਸਿੰਘ ਤੋਂ ਚਲਦੇ 11ਕੇਵੀ ਰਾਧਾਕਿਸ਼ਨ ਆਰਬਨ ਤੇ 11 ਕੇਵੀ ਦਾਣਾ ਮੰਡੀ ਅਰਬਨ ਫੀਡਰ ਦੀ ਸਪਲਾਈ 24 ਜਨਵਰੀ ਨੂੰ ਜ਼ਰੂਰੀ ਮੇਨਟੀਨੈਂਸ ਲਈ ਸਵੇਰੇ 10.00 ਵਜੇ ਤੋਂ ਸ਼ਾਮ 5.00 ਵਜੇ ਤੱਕ ਬੰਦ ਰਹੇਗੀ। ਪ੍ਰੈੱਸ ਨੂੰ ਇਸ ਦੀ ਜਾਣਕਾਰੀ ਐੱਸ ਡੀ ਓ ਕਿਰਪਾਲ ਸਿੰਘ ਪੱਤੋਂ ਹੀਰਾ ਸਿੰਘ ਤੇ ਇੰਜ. ਰਾਜੇਸ਼ ਕੁਮਾਰ ਜੇਈ ਪੱਤੋਂ ਹੀਰਾ ਸਿੰਘ ਵੱਲੋਂ ਦਿੱਤੀ ਗਈ।

# ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਨੂੰ ਹਰ ਘਰ ਤੱਕ ਪੁਚਾਇਆ ਜਾਵੇਗਾ : ਦੇਵ ਮਾਨ



**ਨਾਭਾ (ਵਰਿੰਦਰ ਵਰਮਾ)**-ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਵੱਲੋਂ ਆਮ ਆਦਮੀ ਪਾਰਟੀ ਦੇ ਆਗੂਆਂ ਤੇ ਵਰਕਰਾਂ ਨਾਲ ਮੀਟਿੰਗ ਕੀਤੀ ਗਈ।ਮੀਟਿੰਗ ਦੌਰਾਨ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਮੁੱਖ ਮੰਤਰੀ 10 ਲੱਖ ਰੁਪਏ ਸਿਹਤ ਬੀਮਾ ਯੋਜਨਾ ਸਬੰਧੀ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ।ਮੀਟਿੰਗ ਨੂੰ ਸੰਬੋਧਨ ਕਰਦਿਆਂ ਵਿਧਾਇਕ ਦੇਵ ਮਾਨ ਨੇ ਕਿਹਾ ਕਿ ਇਹ ਯੋਜਨਾ ਪੰਜਾਬ ਸਰਕਾਰ ਦੀ ਇੱਕ ਇਤਿਹਾਸਕ ਤੇ ਲੋਕਹਿੱਤ ਵਿੱਚ ਵੱਡੀ ਪਹਿਲ ਹੈ, ਜੋਂ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋ ਹਰ ਪਰਵਾਰ ਲਈ 10 ਲੱਖ ਦਾ ਮੁਫ਼ਤ ਸਿਹਤ ਬੀਮੇ ਦੀ ਸ਼ੁਰੂਆਤ ਕੀਤੀ ਗਈ ਹੈ, ਜਿਸ ਦਾ ਲਾਈਵ ਵੀਡਿਓ ਲੋਕਾਂ ਨੂੰ ਦਿਖਾਇਆ ਗਿਆ ਹੈ।ਦੇਵ ਮਾਨ ਨੇ ਦੱਸਿਆ ਕਿ ਜਿਸ ਦਾ ਮੁੱਖ ਮੰਤਵ ਹਰ ਪਰਵਾਰ ਨੂੰ ਬਿਨਾਂ ਕਿਸੇ ਭੇਦਭਾਵ ਦੇ ਉੱਚ ਦਰਜੇ ਦੀ ਸਿਹਤ ਸਹੂਲਤ ਮੁਹੱਈਆ ਕਰਾਉਣਾ ਹੈ।ਉਨ੍ਹਾਂ ਕਿਹਾ ਕਿ ਇਹ ਯੋਜਨਾ ਹਲਕੇ ਦੇ ਹਰ ਘਰ ਤੱਕ ਪਹੁੰਚਣੀ ਚਾਹੀਦੀ ਹੈ, ਤਾਂ ਜੁ ਲੋੜਵੰਦ ਇਸ ਤੋਂ ਵਾਂਝਾ ਨਾ ਰਹੇ। ਵਿਧਾਇਕ ਦੇਵ ਮਾਨ ਨੇ ਸਾਰੇ ਬਲਾਕ ਪ੍ਰਧਾਨਾਂ, ਵਰਕਰਾਂ ਤੇ ਆਗੂਆਂ ਨੂੰ ਅਪੀਲ ਕੀਤੀ ਕਿ ਉਹ ਜ਼ਮੀਨੀ ਪੱਧਰ 'ਤੇ ਲੋਕਾਂ ਨੂੰ ਜਾਗਰੂਕ ਕਰਕੇ ਵੱਧ ਤੋਂ ਵੱਧ ਪਰਵਾਰਾਂ ਨੂੰ ਇਸ ਸਿਹਤ ਬੀਮਾ ਯੋਜਨਾ ਨਾਲ ਜੋੜਨ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਸਿਰਫ਼ ਵਾਅਦੇ ਨਹੀਂ ਕਰਦੀ, ਸਗੋਂ ਲੋਕਾਂ ਦੀ ਭਲਾਈ ਲਈ ਠੋਸ ਕਦਮ ਚੁੱਕ ਰਹੀ ਹੈ। ਮੀਟਿੰਗ ਦੌਰਾਨ ਹਲਕੇ ਨਾਲ ਸਬੰਧਤ ਵਿਕਾਸ ਕਾਰਜਾਂ, ਲੋਕਾਂ ਦੀਆਂ ਮੁੱਖ ਸਮੱਸਿਆਵਾਂ ਅਤੇ ਪਾਰਟੀ ਸੰਰਚਨਾ ਨੂੰ ਹੋਰ ਮਜ਼ਬੂਤ ਕਰਨ ਸਬੰਧੀ ਵੀ ਵਿਸਥਾਰ ਨਾਲ ਚਰਚਾ ਕੀਤੀ ਗਈ। ਇਸ ਮੌਕੇ ਇਹ ਵੀ ਵਿਚਾਰ ਕੀਤਾ ਗਿਆ ਕਿ ਕਿਵੇਂ ਸਰਕਾਰ ਦੀਆਂ ਲੋਕ-ਹਿਤੈਸ਼ੀ ਨੀਤੀਆਂ ਅਤੇ ਪਾਰਟੀ ਦੀ ਸੋਚ ਨੂੰ ਹਰ ਵਰਗ ਤੱਕ ਪ੍ਰਭਾਵਸ਼ਾਲੀ ਢੰਗ ਨਾਲ ਪੁਚਾਇਆ ਜਾ ਸਕੇ।ਵਿਧਾਇਕ ਦੇਵ ਮਾਨ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸਿਹਤ, ਸਿੱਖਿਆ ਤੇ ਬੁਨਿਆਦੀ ਢਾਂਚੇ ਦੇ ਖੇਤਰ ਵਿੱਚ ਇਤਿਹਾਸਕ ਕੰਮ ਕਰ ਰਹੀ ਹੈ।ਉਨ੍ਹਾਂ ਭਰੋਸਾ ਦਿਵਾਇਆ ਕਿ ਹਲਕਾ ਨਾਭਾ ਵਿੱਚ ਵਿਕਾਸ ਕਾਰਜਾਂ ਨੂੰ ਤੇਜ਼ੀ ਨਾਲ ਅੱਗੇ ਵਧਾਇਆ ਜਾਵੇਗਾ ਤੇ ਲੋਕਾਂ ਦੀ ਹਰ ਜਾਇਜ਼ ਮੰਗ ਨੂੰ ਪ੍ਰਾਥਮਿਕਤਾ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ।

# ਸਰਹੱਦੀ ਖੇਤਰ ਦੇ ਅਧਿਆਪਕਾਂ ਲਈ ਇਨਕਰੀਮੈਂਟ ਫ਼ੈਸਲਾ ਲਾਹੇਵੰਦ ਨਹੀਂ : ਗੌਰਮਿੰਟ ਟੀਚਰਜ਼ ਯੂਨੀਅਨ



**ਜਲਾਲਾਬਾਦ (ਜੀਤ ਕੁਮਾਰ)**

ਪੰਜਾਬ ਸਰਕਾਰ ਵੱਲੋਂ ਸਰਹੱਦੀ ਖੇਤਰ 'ਚ ਕੰਮ ਕਰ ਰਹੇ ਅਧਿਆਪਕਾਂ ਤੇ ਸਿੱਖਿਆ ਵਿਭਾਗ ਦੇ ਮੁਲਾਜ਼ਮਾਂ ਨੂੰ ਇੱਕ ਵਾਧੂ ਇਨਕਰੀਮੈਂਟ ਦੇਣ ਦੇ ਫ਼ੈਸਲੇ ਨੂੰ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ (ਵਿਗਿਆਨਕ) ਨੇ ਸਿਰੇ ਤੋਂ ਰੱਦ ਕਰਦਿਆਂ ਇਸਨੂੰ ਗੈਰ-ਲਾਹੇਵੰਦ ਕਰਾਰ ਦਿੱਤਾ ਹੈ। ਯੂਨੀਅਨ ਦੇ ਜਨਰਲ ਸਕੱਤਰ ਸੁਰਿੰਦਰ ਕੰਬੋਜ ਨੇ ਵਰਚੁਅਲ ਮੀਟਿੰਗ ਤੋਂ ਬਾਅਦ ਦੱਸਿਆ ਕਿ ਸਰਹੱਦੀ ਖੇਤਰ ਵਿੱਚ ਕੰਮ ਕਰ ਰਹੇ ਮੁਲਾਜ਼ਮਾਂ ਦਾ ਪਹਿਲਾਂ ਹੀ ਸਰਹੱਦੀ ਖੇਤਰ ਰਿਹਾਇਸ਼ ਭੱਤਾ ਬੰਦ ਕੀਤਾ ਜਾ ਚੁੱਕਾ ਹੈ। ਹੁਣ ਸਰਕਾਰ ਵੱਲੋਂ ਇਕ ਇਨਕਰੀਮੈਂਟ ਦੇਣ ਦਾ ਜੋ ਫ਼ੈਸਲਾ ਲਿਆ ਗਿਆ ਹੈ, ਉਹ ਨਿਯਮਾਂ ਮੁਤਾਬਕ ਅਧਿਆਪਕਾਂ ਲਈ ਨੁਕਸਾਨਦਾਇਕ ਹੈ ਕਿਉਂਕਿ ਜੇਕਰ ਕੋਈ ਮੁਲਾਜ਼ਮ ਮਜਬੂਰੀਵੱਸ ਸਰਹੱਦੀ ਖੇਤਰ ਤੋਂ ਬਦਲੀ ਕਰਾ ਕੇ ਪੰਜਾਬ ਦੇ ਕਿਸੇ ਹੋਰ ਜ਼ਿਲ੍ਹੇ ਵਿੱਚ ਨਿਯੁਕਤ ਹੁੰਦਾ ਹੈ ਤਾਂ ਉਸ ਨੂੰ ਪ੍ਰਾਪਤ ਕੀਤੀ ਇਨਕਰੀਮੈਂਟ ਵਿਆਜ ਸਮੇਤ ਵਾਪਸ ਕਰਨੀ ਪੈਂਦੀ ਹੈ।

ਉਨ੍ਹਾਂ ਕਿਹਾ ਕਿ ਸਰਹੱਦੀ ਖੇਤਰਾਂ ਦੇ ਸਕੂਲ ਚਾਹੇ ਉਹ ਸਤਲੁਜ ਦਰਿਆ ਤੋਂ ਪਾਰ ਹੋਣ ਜਾਂ ਅੰਤਰਰਾਸ਼ਟਰੀ ਸਰਹੱਦ ਨਾਲ ਲੱਗਦੇ ਪਿੰਡਾਂ 'ਚ ਉੱਥੇ ਅਧਿਆਪਕਾਂ ਦੀ ਪਹੁੰਚ ਬਹੁਤ ਮੁਸ਼ਕਲ ਹੁੰਦੀ ਹੈ। ਜੰਗੀ ਹਾਲਾਤ ਜਾਂ ਕਿਸੇ ਵੀ ਕਿਸਮ ਦੀ ਐਮਰਜੈਂਸੀ ਦੌਰਾਨ ਮੁਲਾਜ਼ਮਾਂ ਨੂੰ ਸਖ਼ਤ ਪਾਬੰਦੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਸ ਕਾਰਨ ਉਨ੍ਹਾਂ ਦੀ ਡਿਊਟੀ ਹੋਰ ਵੀ ਜੋਖਿਮ ਭਰੀ ਬਣ ਜਾਂਦੀ ਹੈ।

ਮੇਜਰ ਸਿੰਘ, ਰੇਸ਼ਮ ਸਿੰਘ, ਗੁਰਨਾਮ ਚੰਦ, ਬਲਜਿੰਦਰ ਕੁਮਾਰ, ਅਸ਼ੋਕ ਕੁਮਾਰ, ਕਪਿਲ ਕਪੂਰ, ਜੋਗਿੰਦਰ ਪਾਲ, ਰਜਨੀਸ਼ ਕੁਮਾਰ, ਜਸਵਿੰਦਰ ਸਿੰਘ, ਮਦਨ ਲਾਲ, ਰਾਜ ਕੁਮਾਰ, ਰਣਜੀਤ ਸਿੰਘ ਅਤੇ ਹਰੀਸ਼ ਚੰਦਰ ਸਮੇਤ ਹੋਰ ਆਗੂਆਂ ਨੇ ਜ਼ੋਰ ਦੇ ਕੇ ਕਿਹਾ ਕਿ ਜੇ ਸਰਕਾਰ ਸੱਚਮੁੱਚ ਸਰਹੱਦੀ ਖੇਤਰ ਦੇ ਮੁਲਾਜ਼ਮਾਂ ਨੂੰ ਰਾਹਤ ਦੇਣਾ ਚਾਹੁੰਦੀ ਹੈ ਤਾਂ ਸਰਹੱਦੀ ਖੇਤਰ ਭੱਤਾ ਮੁੜ ਬਹਾਲ ਕੀਤਾ ਜਾਵੇ। ਆਗੂਆਂ ਨੇ ਸਪੱਸ਼ਟ ਕੀਤਾ ਕਿ ਜਿੰਨਾ ਸਮਾਂ ਮੁਲਾਜ਼ਮ ਜਾਂ ਅਧਿਆਪਕ ਸਰਹੱਦੀ ਖੇਤਰ ਵਿੱਚ ਸੇਵਾ ਨਿਭਾਉਂਦੇ ਹਨ, ਉਨ੍ਹਾਂ ਨੂੰ ਸਰਹੱਦੀ ਖੇਤਰ ਭੱਤਾ ਮਿਲਣਾ ਹੀ ਚਾਹੀਦਾ ਹੈ ਤੇ ਬਦਲੀ ਹੋਣ 'ਤੇ ਪਹਿਲਾਂ ਮਿਲੇ ਭੱਤਿਆਂ ਦੀ ਵਸੂਲੀ ਕਰਨਾ ਕਿਸੇ ਵੀ ਹਾਲਤ ਵਿੱਚ ਜਾਇਜ਼ ਨਹੀਂ। ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਵਿਗਿਆਨਕ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਇਸ ਫ਼ੈਸਲੇ 'ਤੇ ਮੁੜ ਵਿਚਾਰ ਕਰਕੇ ਸਰਹੱਦੀ ਖੇਤਰ ਵਿੱਚ ਕੰਮ ਕਰ ਰਹੇ ਖ਼ਾਸ ਕਰਕੇ ਸਿੱਖਿਆ ਵਿਭਾਗ ਦੇ ਅਧਿਆਪਕਾਂ ਤੇ ਮੁਲਾਜ਼ਮਾਂ ਨੂੰ ਉਨ੍ਹਾਂ ਦਾ ਬਣਦਾ ਹੱਕ ਦਿੱਤਾ ਜਾਵੇ।

# ਗੁਰਬਾਣੀ ਮੁਕਾਬਲੇ 'ਚ ਦੂਜਾ ਇਨਾਮ ਹਾਸਲ ਕੀਤਾ

**ਦੇਵੀਗੜ੍ਹ (ਰਾਜਿੰਦਰ ਸਿੰਘ ਥਿੰਦ)**-ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਕੂਲ ਗੁਥਮੜਾ ਦੀ ਵਿਦਿਆਰਥਣ ਸੀਰਤ ਕੌਰ ਨੇ ਸਰਬ ਕਲਿਆਣ ਟਰੱਸਟ ਵੱਲੋਂ ਕਰਾਏ ਗਏ ਗੁਰਬਾਣੀ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਗੁਰਬਾਣੀ ਕੰਠ ਮੁਕਾਬਲੇ (ਜੂਨੀਅਰ ਵਰਗ) ਵਿੱਚ ਦੂਜਾ ਸਥਾਨ ਪ੍ਰਾਪਤ ਕਰਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ।ਇਸ ਉਪਲਬਧੀ 'ਤੇ ਸਕੂਲ ਦੇ ਡਾਇਰੈਕਟਰ ਭੁਪਿੰਦਰ ਸਿੰਘ, ਪ੍ਰੈਜ਼ੀਡੈਂਟ ਸ਼੍ਰੀਮਤੀ ਰਵਿੰਦਰ ਕੌਰ, ਪ੍ਰਿੰਸੀਪਲ ਸ਼੍ਰੀਮਤੀ ਮਮਤਾ ਮੱਕੜ ਤੇ ਅਕਾਦਮਿਕ ਡਾਇਰੈਕਟਰ ਸ਼੍ਰੀਮਤੀ ਤੇਜਿੰਦਰ ਕੌਰ ਵਾਲੀਆ ਨੇ ਵਿਦਿਆਰਥਣ ਨੂੰ ਦਿਲੋਂ ਵਧਾਈ ਦਿੱਤੀ ਤੇ ਭਵਿੱਖ 'ਚ ਹੋਣ ਵਾਲੇ ਮੁਕਾਬਲਿਆਂ ਲਈ ਸ਼ੁਭਕਾਮਨਾਵਾਂ ਦਿੱਤੀਆਂ।


**OFFICE OF THE RECOVERY OFFICER - I/II
DEBTS RECOVERY TRIBUNAL
CHANDIGARH (DRT 3)
GROUND FLOOR, SCO 33-34-35,
SECTOR 17-A, CHANDIGARH-160017**

ਡਿਮਾਂਡ ਨੋਟਿਸ
(ਪ੍ਰਕਾਸ਼ਨਾ ਰਾਹੀਂ)
ਕਰਜ਼ਾ ਅਤੇ ਦੀਵਾਲੀਆਪਨ ਐਕਟ 1993 ਅਤੇ ਆਮਦਨ ਕਰ ਐਕਟ 1961 ਦੀ ਦੂਜੀ ਅਨੁਸੂਚੀ ਦੇ ਰੂਲ 2 ਦੇ ਸੈਕਸ਼ਨ 25 ਤੋਂ 28 ਤਹਿਤ ਨੋਟਿਸ
ਆਰ ਸੀ/1874/2024 17.12.2025
ਐਕਸਿਸ ਬੈਂਕ ਲਿਮਟਿਡ
ਬਨਾਮ
ਹਰਚੰਦ ਸਿੰਘ ਅਤੇ ਹੋਰ

ਸੇਵਾ 'ਚ
(ਸੀ ਡੀ 1) ਸ੍ਰੀ ਹਰਚੰਦ ਸਿੰਘ ਪੁੱਤਰ ਸ੍ਰੀ ਬਲਬੀਰ ਸਿੰਘ ਪਿੰਡ ਜਗਤਪੁਰਾ, ਤਹਿਸੀਲ ਪੱਟੀ, ਜ਼ਿਲ੍ਹਾ ਤਰਨ ਤਾਰਨ-143419
(ਸੀ ਡੀ 2) ਸ਼੍ਰੀਮਤੀ ਸੁਖਵੰਤ ਕੌਰ ਪਤਨੀ ਸ੍ਰੀ ਹਰਚੰਦ ਸਿੰਘ ਪਿੰਡ ਜਗਤਪੁਰਾ, ਤਹਿਸੀਲ ਪੱਟੀ, ਜ਼ਿਲ੍ਹਾ ਤਰਨ ਤਾਰਨ-143419

ਨੋਟੀਫਾਈ ਕੀਤਾ ਜਾਂਦਾ ਹੈ ਕਿ ਪ੍ਰੀਜ਼ਾਈਡਿੰਗ ਅਫਸਰ, ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀ ਆਰ ਟੀ 3) ਵੱਲੋਂ ਓ ਏ/917/2024 'ਚ ਰਕਮ ਰੁਪਏ 33,26,080.23 (ਤੇਤੀ ਲੱਖ ਛੱਬੀ ਹਜ਼ਾਰ ਅੱਸੀ ਰੁਪਏ ਅਤੇ ਤੇਈ ਪੈਸੇ ਕੇਵਲ) ਸਮੇਤ ਪੈਂਡੈਂਟ ਲਾਈਟ ਅਤੇ ਭਵਿੱਖੀ ਵਿਆਜ 8 % ਦੀ ਦਰ 'ਤੇ ਸਧਾਰਨ ਵਿਆਜ ਸਾਲਾਨਾ 10/07/2024 ਤੋਂ ਵਸੂਲੀ ਤੱਕ ਅਤੇ ਲਾਗਤਾਂ ਰੁਪਏ 36,000/- (ਛੱਤੀ ਹਜ਼ਾਰ ਰੁਪਏ ਕੇਵਲ) ਦੇ ਪਾਸ ਕੀਤੇ ਹੁਕਮਾਂ ਦੀ ਪਾਲਣਾ 'ਚ ਜਾਰੀ ਕੀਤੇ ਗਏ ਵਸੂਲੀ ਸਰਟੀਫਿਕੇਟ ਅਨੁਸਾਰ ਤੁਹਾਡੇ ਵਿਰੁੱਧ (ਸਾਂਝੇ ਅਤੇ ਵੱਖਰੇ-ਵੱਖਰੇ ਤੌਰ 'ਤੇ/ਪੂਰਨ/ਸੀਮਤ) ਬਕਾਇਆ ਹਨ।

2. ਤੁਹਾਨੂੰ, ਇਸ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 15 ਦਿਨਾਂ ਦੇ ਅੰਦਰ ਉਪਰੋਕਤ ਰਕਮ ਅਦਾ ਕਰਨ ਦੇ ਆਦੇਸ਼ ਦਿੱਤੇ ਜਾਂਦੇ ਹਨ, ਅਸਫਲ ਰਹਿਣ 'ਤੇ ਬੈਂਕਾਂ ਅਤੇ ਵਿੱਤੀ ਸੰਸਥਾਵਾਂ ਵੱਲੋਂ ਬਕਾਇਆ ਕਰਜ਼ਾ ਵਸੂਲੀ ਐਕਟ, 1993 ਅਤੇ ਉਸ ਤਹਿਤ ਨਿਯਮਾਂ ਅਨੁਸਾਰ ਵਸੂਲੀ ਕੀਤੀ ਜਾਵੇਗੀ।

3. ਜਦੋਂ ਕਿ ਟ੍ਰਿਬਿਊਨਲ ਨੂੰ ਯਕੀਨ ਦਿਵਾਇਆ ਜਾ ਚੁੱਕਾ ਹੈ ਕਿ ਤੁਹਾਡੀ ਤਾਮੀਲ ਆਮ ਤਰੀਕੇ ਨਾਲ ਹੋਣੀ ਸੰਭਵ ਨਹੀਂ, ਇਸ ਲਈ ਟ੍ਰਿਬਿਊਨਲ ਸਨਮੁੱਖ 02.04.2026 ਨੂੰ ਸਵੇਰੇ 10.30 ਵਜੇ ਪੇਸ਼ ਹੋਣ ਲਈ ਤੁਹਾਨੂੰ ਪ੍ਰਕਾਸ਼ਨਾ ਰਾਹੀਂ ਇਹ ਨੋਟਿਸ ਦਿੱਤਾ ਜਾਂਦਾ ਹੈ।

4. ਤੁਹਾਨੂੰ, ਆਪਣੇ ਐਸੇਟਸ ਦੇ ਵੇਰਵੇ ਹਲਫੀਆ ਬਿਆਨ 'ਤੇ ਅਗਲੀ ਸੁਣਵਾਈ ਵਾਲੀ ਤਰੀਕ ਜਾਂ ਉਸ ਤੋਂ ਪਹਿਲਾਂ ਐਲਾਨ ਕਰਨ ਦੇ ਹੁਕਮ ਦਿੱਤੇ ਜਾਂਦੇ ਹਨ।

5. ਉਪਰੋਕਤ ਰਕਮ ਤੋਂ ਇਲਾਵਾ ਤੁਸੀਂ ਭੁਗਤਾਨ ਕਰਨ ਲਈ ਵੀ ਜਵਾਬਦੇਹ ਹੋ :
(ਏ) ਅਜਿਹਾ ਵਿਆਜ ਜੋ ਕਿ ਸਰਟੀਫਿਕੇਟ/ਕਾਰਵਾਈ ਚਲਾਉਣ ਦੇ ਇਸ ਨੋਟਿਸ ਤੋਂ ਤੁਰੰਤ ਬਾਅਦ ਸ਼ੁਰੂ ਹੋਣ ਦੀ ਮਿਆਦ ਲਈ ਭੁਗਤਾਨਯੋਗ ਹੋਵੇਗਾ।
(ਬੀ) ਬਕਾਇਆ ਰਕਮ ਦੀ ਵਸੂਲੀ ਲਈ ਇਸ ਨੋਟਿਸ ਅਤੇ ਵਾਰੰਟਾਂ ਦੀ ਤਾਮੀਲ ਅਤੇ ਹੋਰ ਅਮਲ ਅਤੇ ਸਾਰੀਆਂ ਹੋਰ ਕਾਰਵਾਈਆਂ ਸੰਬੰਧੀ ਸਾਰੀਆਂ ਲਾਗਤਾਂ, ਚਾਰਜਿਜ਼ ਅਤੇ ਖਰਚੇ।

ਮੇਰੇ ਦਸਤਖ਼ਤਾਂ ਅਤੇ ਟ੍ਰਿਬਿਊਨਲ ਦੀ ਮੋਹਰ ਨਾਲ ਮਿਤੀ 17-12-2025 ਨੂੰ ਜਾਰੀ ਕੀਤਾ ਗਿਆ।
ਵਸੂਲੀ ਅਫਸਰ
ਕਰਜ਼ਾ ਵਸੂਲੀ ਟ੍ਰਿਬਿਊਨਲ
ਚੰਡੀਗੜ੍ਹ (ਡੀ ਆਰ ਟੀ 3)



**OFFICE OF THE RECOVERY OFFICER - I/II
DEBTS RECOVERY TRIBUNAL
CHANDIGARH (DRT 3)
GROUND FLOOR, SCO 33-34-35,
SECTOR 17-A, CHANDIGARH-160017**

ਡਿਮਾਂਡ ਨੋਟਿਸ
(ਦਸਤੀ/ਪ੍ਰਕਾਸ਼ਨਾ ਰਾਹੀਂ)
ਕਰਜ਼ਾ ਅਤੇ ਦੀਵਾਲੀਆਪਨ ਐਕਟ 1993 ਅਤੇ ਆਮਦਨ ਕਰ ਐਕਟ 1961 ਦੀ ਦੂਜੀ ਅਨੁਸੂਚੀ ਦੇ ਰੂਲ 2 ਦੇ ਸੈਕਸ਼ਨ 25 ਤੋਂ 28 ਤਹਿਤ ਨੋਟਿਸ
ਆਰ ਸੀ/986/2024 20.12.2025
ਐਕਸਿਸ ਬੈਂਕ ਲਿਮਟਿਡ
ਬਨਾਮ
ਸ੍ਰੀ ਚਮਕੌਰ ਸਿੰਘ ਅਤੇ ਹੋਰ

ਸੇਵਾ 'ਚ
(ਸੀ ਡੀ 1) ਸ੍ਰੀ ਚਮਕੌਰ ਸਿੰਘ ਪੁੱਤਰ ਸ੍ਰੀ ਬਿੱਕਰ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਬਾਘਾ ਪੁਰਾਣਾ, ਤਹਿਸੀਲ ਬਾਘਾ ਪੁਰਾਣਾ, ਜ਼ਿਲ੍ਹਾ ਮੋਗਾ-142038 (ਕਰਜ਼ਦਾਰ)
(ਸੀ ਡੀ 2) ਸ੍ਰੀ ਸੁਖਵਿੰਦਰ ਸਿੰਘ ਪੁੱਤਰ ਸ੍ਰੀ ਰਣਜੀਤ ਸਿੰਘ ਵਾਸੀ ਸ਼ਨੀ ਮੰਦਰ ਵਾਲੀ ਗਲੀ, ਪਿੰਡ ਤੇ ਡਾਕਖਾਨਾ ਬਾਘਾ ਪੁਰਾਣਾ, ਜ਼ਿਲ੍ਹਾ ਮੋਗਾ-142038 (ਗਰੰਟਰ)

ਨੋਟੀਫਾਈ ਕੀਤਾ ਜਾਂਦਾ ਹੈ ਕਿ ਪ੍ਰੀਜ਼ਾਈਡਿੰਗ ਅਫਸਰ, ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀ ਆਰ ਟੀ 3) ਵੱਲੋਂ ਓ ਏ/884/2020 'ਚ ਰਕਮ ਰੁਪਏ 33,14,414.12 (ਤੇਤੀ ਲੱਖ ਚੌਦਾਂ ਹਜ਼ਾਰ ਚਾਰ ਸੌ ਚੌਦਾਂ ਰੁਪਏ ਅਤੇ ਬਾਰਾਂ ਪੈਸੇ ਕੇਵਲ) ਸਮੇਤ ਪੈਂਡੈਂਟ ਲਾਈਟ ਅਤੇ ਭਵਿੱਖੀ ਵਿਆਜ 8 % ਦੀ ਦਰ 'ਤੇ ਸਧਾਰਨ ਵਿਆਜ ਸਾਲਾਨਾ 04/07/2020 ਤੋਂ ਵਸੂਲੀ ਤੱਕ ਅਤੇ ਲਾਗਤਾਂ ਰੁਪਏ 36,000/- (ਛੱਤੀ ਹਜ਼ਾਰ ਰੁਪਏ ਕੇਵਲ) ਦੇ ਪਾਸ ਕੀਤੇ ਹੁਕਮਾਂ ਦੀ ਪਾਲਣਾ 'ਚ ਜਾਰੀ ਕੀਤੇ ਗਏ ਵਸੂਲੀ ਸਰਟੀਫਿਕੇਟ ਅਨੁਸਾਰ ਤੁਹਾਡੇ ਵਿਰੁੱਧ (ਸਾਂਝੇ ਅਤੇ ਵੱਖਰੇ-ਵੱਖਰੇ ਤੌਰ 'ਤੇ/ਪੂਰਨ/ਸੀਮਤ) ਬਕਾਇਆ ਹਨ।

2. ਤੁਹਾਨੂੰ, ਇਸ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 15 ਦਿਨਾਂ ਦੇ ਅੰਦਰ ਉਪਰੋਕਤ ਰਕਮ ਅਦਾ ਕਰਨ ਦੇ ਆਦੇਸ਼ ਦਿੱਤੇ ਜਾਂਦੇ ਹਨ, ਅਸਫਲ ਰਹਿਣ 'ਤੇ ਬੈਂਕਾਂ ਅਤੇ ਵਿੱਤੀ ਸੰਸਥਾਵਾਂ ਵੱਲੋਂ ਬਕਾਇਆ ਕਰਜ਼ਾ ਵਸੂਲੀ ਐਕਟ, 1993 ਅਤੇ ਉਸ ਤਹਿਤ ਨਿਯਮਾਂ ਅਨੁਸਾਰ ਵਸੂਲੀ ਕੀਤੀ ਜਾਵੇਗੀ।

3. ਜਦੋਂ ਕਿ ਟ੍ਰਿਬਿਊਨਲ ਨੂੰ ਯਕੀਨ ਦਿਵਾਇਆ ਜਾ ਚੁੱਕਾ ਹੈ ਕਿ ਤੁਹਾਡੀ ਤਾਮੀਲ ਆਮ ਤਰੀਕੇ ਨਾਲ ਹੋਣੀ ਸੰਭਵ ਨਹੀਂ, ਇਸ ਲਈ ਟ੍ਰਿਬਿਊਨਲ ਸਨਮੁੱਖ 18.03.2026 ਨੂੰ ਸਵੇਰੇ 10.30 ਵਜੇ ਪੇਸ਼ ਹੋਣ ਲਈ ਤੁਹਾਨੂੰ ਪ੍ਰਕਾਸ਼ਨਾ ਰਾਹੀਂ ਇਹ ਨੋਟਿਸ ਦਿੱਤਾ ਜਾਂਦਾ ਹੈ।

4. ਤੁਹਾਨੂੰ, ਆਪਣੇ ਐਸੇਟਸ ਦੇ ਵੇਰਵੇ ਹਲਫੀਆ ਬਿਆਨ 'ਤੇ ਅਗਲੀ ਸੁਣਵਾਈ ਵਾਲੀ ਤਰੀਕ ਜਾਂ ਉਸ ਤੋਂ ਪਹਿਲਾਂ ਐਲਾਨ ਕਰਨ ਦੇ ਹੁਕਮ ਦਿੱਤੇ ਜਾਂਦੇ ਹਨ।

5. ਉਪਰੋਕਤ ਰਕਮ ਤੋਂ ਇਲਾਵਾ ਤੁਸੀਂ ਭੁਗਤਾਨ ਕਰਨ ਲਈ ਵੀ ਜਵਾਬਦੇਹ ਹੋ :
(ਏ) ਅਜਿਹਾ ਵਿਆਜ ਜੋ ਕਿ ਸਰਟੀਫਿਕੇਟ/ਕਾਰਵਾਈ ਚਲਾਉਣ ਦੇ ਇਸ ਨੋਟਿਸ ਤੋਂ ਤੁਰੰਤ ਬਾਅਦ ਸ਼ੁਰੂ ਹੋਣ ਦੀ ਮਿਆਦ ਲਈ ਭੁਗਤਾਨਯੋਗ ਹੋਵੇਗਾ।
(ਬੀ) ਬਕਾਇਆ ਰਕਮ ਦੀ ਵਸੂਲੀ ਲਈ ਇਸ ਨੋਟਿਸ ਅਤੇ ਵਾਰੰਟਾਂ ਦੀ ਤਾਮੀਲ ਅਤੇ ਹੋਰ ਅਮਲ ਅਤੇ ਸਾਰੀਆਂ ਹੋਰ ਕਾਰਵਾਈਆਂ ਸੰਬੰਧੀ ਸਾਰੀਆਂ ਲਾਗਤਾਂ, ਚਾਰਜਿਜ਼ ਅਤੇ ਖਰਚੇ।

ਮੇਰੇ ਦਸਤਖ਼ਤਾਂ ਅਤੇ ਟ੍ਰਿਬਿਊਨਲ ਦੀ ਮੋਹਰ ਨਾਲ ਮਿਤੀ 20-12-2025 ਨੂੰ ਜਾਰੀ ਕੀਤਾ ਗਿਆ।
ਵਸੂਲੀ ਅਫਸਰ
ਕਰਜ਼ਾ ਵਸੂਲੀ ਟ੍ਰਿਬਿਊਨਲ
ਚੰਡੀਗੜ੍ਹ (ਡੀ ਆਰ ਟੀ 3)



**OFFICE OF THE RECOVERY OFFICER - I/II
DEBTS RECOVERY TRIBUNAL
CHANDIGARH (DRT 3)
GROUND FLOOR, SCO 33-34-35,
SECTOR 17-A, CHANDIGARH-160017**

ਡਿਮਾਂਡ ਨੋਟਿਸ
(ਪ੍ਰਕਾਸ਼ਨਾ ਰਾਹੀਂ)
ਕਰਜ਼ਾ ਅਤੇ ਦੀਵਾਲੀਆਪਨ ਐਕਟ 1993 ਅਤੇ ਆਮਦਨ ਕਰ ਐਕਟ 1961 ਦੀ ਦੂਜੀ ਅਨੁਸੂਚੀ ਦੇ ਰੂਲ 2 ਦੇ ਸੈਕਸ਼ਨ 25 ਤੋਂ 28 ਤਹਿਤ ਨੋਟਿਸ
ਆਰ ਸੀ/1444/2019 04.12.2025
ਐਕਸਿਸ ਬੈਂਕ
ਬਨਾਮ
ਮਹਿੰਦਰ ਸਿੰਘ

ਸੇਵਾ 'ਚ
(ਸੀ ਡੀ 1) ਸ੍ਰੀ ਮਹਿੰਦਰ ਸਿੰਘ ਪੁੱਤਰ ਸ੍ਰੀ ਗੁਰਦੀਪ ਸਿੰਘ ਵਾਸੀ ਕਾਲੀ ਰਾਏ ਹਾਊਸ, ਕੈਨਾਲ ਕਾਲੋਨੀ ਪਿਛਲੇ ਪਾਸੇ, ਰੋਪੜ, ਜ਼ਿਲ੍ਹਾ ਰੂਪਨਗਰ, ਪੰਜਾਬ।
(ਸੀ ਡੀ 2) ਗੁਰਸ਼ਰਨ ਕੌਰ ਬਾਹੀਆ ਪਤਨੀ ਸ੍ਰੀ ਹਰਦੀਪ ਸਿੰਘ ਬਾਹੀਆ ਵਾਸੀ ਬਾਹੀਆ ਫਾਰਮ, ਨੂਹੋਂ, ਡਾਕਖਾਨਾ ਗਨੌਲੀ, ਤਹਿਸੀਲ ਰੂਪਨਗਰ, ਜ਼ਿਲ੍ਹਾ ਰੂਪਨਗਰ, ਪੰਜਾਬ।

ਨੋਟੀਫਾਈ ਕੀਤਾ ਜਾਂਦਾ ਹੈ ਕਿ ਪ੍ਰੀਜ਼ਾਈਡਿੰਗ ਅਫਸਰ, ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀ ਆਰ ਟੀ 3) ਵੱਲੋਂ ਓ ਏ/2104/2018 'ਚ ਰਕਮ ਰੁਪਏ 44,52,098.09 (ਚੌਤਾਲੀ ਲੱਖ ਬਵੰਜਾ ਹਜ਼ਾਰ ਅਠਾਨਵੇਂ ਰੁਪਏ ਅਤੇ ਨੌਂ ਪੈਸੇ ਕੇਵਲ) ਸਮੇਤ ਪੈਂਡੈਂਟ ਲਾਈਟ ਅਤੇ ਭਵਿੱਖੀ ਵਿਆਜ 13.90 % ਦੀ ਦਰ 'ਤੇ ਸਧਾਰਨ ਵਿਆਜ ਸਾਲਾਨਾ 17/08/2018 ਤੋਂ ਵਸੂਲੀ ਤੱਕ ਅਤੇ ਲਾਗਤਾਂ ਰੁਪਏ 72,150/- (ਬਹੱਤਰ ਹਜ਼ਾਰ ਇਕ ਸੌ ਪੰਜਾਹ ਰੁਪਏ ਕੇਵਲ) ਦੇ ਪਾਸ ਕੀਤੇ ਹੁਕਮਾਂ ਦੀ ਪਾਲਣਾ 'ਚ ਜਾਰੀ ਕੀਤੇ ਗਏ ਵਸੂਲੀ ਸਰਟੀਫਿਕੇਟ ਅਨੁਸਾਰ ਤੁਹਾਡੇ ਵਿਰੁੱਧ (ਸਾਂਝੇ ਅਤੇ ਵੱਖਰੇ-ਵੱਖਰੇ ਤੌਰ 'ਤੇ/ਪੂਰਨ/ਸੀਮਤ) ਬਕਾਇਆ ਹਨ।

2. ਤੁਹਾਨੂੰ, ਇਸ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 15 ਦਿਨਾਂ ਦੇ ਅੰਦਰ ਉਪਰੋਕਤ ਰਕਮ ਅਦਾ ਕਰਨ ਦੇ ਆਦੇਸ਼ ਦਿੱਤੇ ਜਾਂਦੇ ਹਨ, ਅਸਫਲ ਰਹਿਣ 'ਤੇ ਬੈਂਕਾਂ ਅਤੇ ਵਿੱਤੀ ਸੰਸਥਾਵਾਂ ਵੱਲੋਂ ਬਕਾਇਆ ਕਰਜ਼ਾ ਵਸੂਲੀ ਐਕਟ, 1993 ਅਤੇ ਉਸ ਤਹਿਤ ਨਿਯਮਾਂ ਅਨੁਸਾਰ ਵਸੂਲੀ ਕੀਤੀ ਜਾਵੇਗੀ।

3. ਜਦੋਂ ਕਿ ਟ੍ਰਿਬਿਊਨਲ ਨੂੰ ਯਕੀਨ ਦਿਵਾਇਆ ਜਾ ਚੁੱਕਾ ਹੈ ਕਿ ਤੁਹਾਡੀ ਤਾਮੀਲ ਆਮ ਤਰੀਕੇ ਨਾਲ ਹੋਣੀ ਸੰਭਵ ਨਹੀਂ, ਇਸ ਲਈ ਟ੍ਰਿਬਿਊਨਲ ਸਨਮੁੱਖ 24.03.2026 ਨੂੰ ਸਵੇਰੇ 10.30 ਵਜੇ ਪੇਸ਼ ਹੋਣ ਲਈ ਤੁਹਾਨੂੰ ਪ੍ਰਕਾਸ਼ਨਾ ਰਾਹੀਂ ਇਹ ਨੋਟਿਸ ਦਿੱਤਾ ਜਾਂਦਾ ਹੈ।

4. ਤੁਹਾਨੂੰ, ਆਪਣੇ ਐਸੇਟਸ ਦੇ ਵੇਰਵੇ ਹਲਫੀਆ ਬਿਆਨ 'ਤੇ ਅਗਲੀ ਸੁਣਵਾਈ ਵਾਲੀ ਤਰੀਕ ਜਾਂ ਉਸ ਤੋਂ ਪਹਿਲਾਂ ਐਲਾਨ ਕਰਨ ਦੇ ਹੁਕਮ ਦਿੱਤੇ ਜਾਂਦੇ ਹਨ।

5. ਉਪਰੋਕਤ ਰਕਮ ਤੋਂ ਇਲਾਵਾ ਤੁਸੀਂ ਭੁਗਤਾਨ ਕਰਨ ਲਈ ਵੀ ਜਵਾਬਦੇਹ ਹੋ :
(ਏ) ਅਜਿਹਾ ਵਿਆਜ ਜੋ ਕਿ ਸਰਟੀਫਿਕੇਟ/ਕਾਰਵਾਈ ਚਲਾਉਣ ਦੇ ਇਸ ਨੋਟਿਸ ਤੋਂ ਤੁਰੰਤ ਬਾਅਦ ਸ਼ੁਰੂ ਹੋਣ ਦੀ ਮਿਆਦ ਲਈ ਭੁਗਤਾਨਯੋਗ ਹੋਵੇਗਾ।
(ਬੀ) ਬਕਾਇਆ ਰਕਮ ਦੀ ਵਸੂਲੀ ਲਈ ਇਸ ਨੋਟਿਸ ਅਤੇ ਵਾਰੰਟਾਂ ਦੀ ਤਾਮੀਲ ਅਤੇ ਹੋਰ ਅਮਲ ਅਤੇ ਸਾਰੀਆਂ ਹੋਰ ਕਾਰਵਾਈਆਂ ਸੰਬੰਧੀ ਸਾਰੀਆਂ ਲਾਗਤਾਂ, ਚਾਰਜਿਜ਼ ਅਤੇ ਖਰਚੇ।

ਮੇਰੇ ਦਸਤਖ਼ਤਾਂ ਅਤੇ ਟ੍ਰਿਬਿਊਨਲ ਦੀ ਮੋਹਰ ਨਾਲ ਮਿਤੀ 04-12-2025 ਨੂੰ ਜਾਰੀ ਕੀਤਾ ਗਿਆ।
ਵਸੂਲੀ ਅਫਸਰ
ਕਰਜ਼ਾ ਵਸੂਲੀ ਟ੍ਰਿਬਿਊਨਲ
ਚੰਡੀਗੜ੍ਹ (ਡੀ ਆਰ ਟੀ 3)



**Capital Small Finance Bank Ltd.**
MIDAS Corporate Park, 3rd Floor, 37, G.T. Road, Jalandhar-144001, Punjab, India

**ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ ਐਕਟ, 2002 ਦੇ ਸੈਕਸ਼ਨ 13 (2) ਅਧੀਨ ਨੋਟਿਸ**

ਹੇਠਾਂ ਦਰਸਾਏ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ, 2002 ਦੇ ਸੈਕਸ਼ਨ 13 (2) ਅਧੀਨ ਮਿਤੀ 12.01.2026 ਨੂੰ ਨੋਟਿਸ ਭੇਜਿਆ ਗਿਆ ਸੀ, ਜੋ ਡਾਕ ਵਿਭਾਗ ਵੱਲੋਂ ਵਾਪਸ ਕਰ ਦਿੱਤਾ ਗਿਆ ਸੀ ਅਤੇ ਅਧਿਕਾਰਤ ਅਫਸਰ ਨੂੰ ਯਕੀਨ ਹੋ ਗਿਆ ਹੈ ਕਿ ਕਰਜ਼ਦਾਰ/ਗਰੰਟਰ ਨੋਟਿਸ ਦੀ ਤਾਮੀਲ ਤੋਂ ਕੰਨੀ ਕਤਰਾ ਰਹੇ ਹਨ। ਇਸ ਲਈ ਉਨ੍ਹਾਂ ਨੂੰ ਇਸ ਜਨਤਕ ਨੋਟਿਸ ਰਾਹੀਂ ਉਹੀ ਜਾਣਕਾਰੀ ਦਿੱਤੀ ਜਾ ਰਹੀ ਹੈ।

1. (ਓ ਡੀ ਲਿਮਟ 'ਚ ਕਰਜ਼ਦਾਰ) : ਮੈਸਰਜ਼ ਜੀ ਕੇ ਕਾਸਮੈਟਿਕਸ, ਕਾਕੀ ਪਿੰਡ ਵਿਖੇ ਸਥਿਤ, ਅਰੋੜਾ ਕੰਪਲੈਕਸ, ਰਾਮਾ ਮੰਡੀ, ਜਲੰਧਰ ਰਾਹੀਂ ਇਸ ਦੇ ਮਾਲਕ ਸ੍ਰੀ ਮਨਜੀਵਨ ਪੁੱਤਰ ਸ੍ਰੀ ਚੰਨਣ ਰਾਮ।
2. (ਮੈਸਰਜ਼ ਜੀ ਕੇ ਕਾਸਮੈਟਿਕਸ 'ਚ ਮਾਲਕ ਅਤੇ ਐੱਲ ਏ ਪੀ 'ਚ ਕਰਜ਼ਦਾਰ) : ਸ੍ਰੀ ਮਨਜੀਵਨ ਪੁੱਤਰ ਸ੍ਰੀ ਚੰਨਣ ਰਾਮ ਵਾਸੀ ਮਕਾਨ ਨੰ. 20, ਕਬੀਰ ਐਵੇਨਿਊ ਡਾਕ. ਲੱਧੇਵਾਲੀ, ਜਲੰਧਰ-144007
ਨਾਲ ਹੀ : ਮਕਾਨ ਨੰ. ਆਰ ਜ਼ੈੱਡ-ਜੀ-24 ਏ, ਗਲੀ ਨੰ. 1, ਵੈਸਟ ਸਾਗਰਪੁਰ, ਸਾਊਥ ਦਿੱਲੀ ਵੈਸਟ, ਦਿੱਲੀ-110046
3. 1. (ਓ ਡੀ ਲਿਮਟ 'ਚ ਗਰੰਟਰ ਅਤੇ ਐੱਲ ਏ ਪੀ 'ਚ ਕਰਜ਼ਦਾਰ) : ਸ਼੍ਰੀਮਤੀ ਹਰਜਿੰਦਰ ਕੌਰ ਪਤਨੀ ਸ੍ਰੀ ਮਨਜੀਵਨ ਵਾਸੀ ਮਕਾਨ ਨੰ. ਆਰ ਜ਼ੈੱਡ-ਜੀ-24 ਏ, ਗਲੀ ਨੰ. 1, ਵੈਸਟ ਸਾਗਰਪੁਰ ਸਾਊਥ ਦਿੱਲੀ ਵੈਸਟ, ਦਿੱਲੀ-110046
4. (ਐੱਲ ਏ ਪੀ 'ਚ ਗਰੰਟਰ) : ਸੁਰਿੰਦਰ ਸਿੰਘ ਪੁੱਤਰ ਜੋਗਿੰਦਰ ਸਿੰਘ, ਵਾਸੀ ਮਕਾਨ ਨੰ. 6808/6813, ਨਿਊ ਸੈਸ਼ਨ ਕੋਰਟ, ਬਸ਼ਿਸ਼ਟੀ ਦਰਵਾਜ਼ਾ, ਜਲੰਧਰ-144001

| ਮਨਜ਼ੂਰ ਸਹੂਲਤ ਦੀ ਕਿਸਮ/ਕਰਜ਼ਾ ਨੰਬਰ | ਰਕਮ ਮਨਜ਼ੂਰ | ਡਿਮਾਂਡ ਨੋਟਿਸ ਦੀ ਮਿਤੀ ਨੂੰ ਕੁੱਲ ਬਕਾਇਆ ਰਕਮ (01.01.2026 ਤੋਂ ਬਿਨਾਂ ਵਿਆਜ) |
|---|---|---|
| OD/153400000010 | Rs. 22,00,000/- | Rs. 20,78,541.47 |
| LAP/153602000042 | Rs. 10,00,000/- | Rs. 8,55,232.11 |

ਪ੍ਰਾਇਮਰੀ ਸਕਿਉਰਿਟੀ : ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ : ਵਿਕਰੀ ਬੈਨਾਮਾ ਦਸਤਾਵੇਜ਼ ਨੰ. 3536 ਮਿਤੀ 25.08.2014 ਅਨੁਸਾਰ ਸ੍ਰੀ ਮਨਜੀਵਨ ਪੁੱਤਰ ਸ੍ਰੀ ਚੰਨਣ ਰਾਮ ਦੀ ਮਲਕੀਅਤ ਜਾਇਦਾਦ ਰਕਬਾ 5 ਮਰਲੇ 200 ਵਰਗ ਫੁੱਟ (1 ਮਰਲਾ=272 ਵਰਗ ਫੁੱਟ) ਮਕਾਨ ਨੰ. 20 ਵਿਖੇ ਸਥਿਤ, ਪਿੰਡ ਲੱਧੇਵਾਲੀ, ਤਹਿਸੀਲ ਤੇ ਜ਼ਿਲ੍ਹਾ ਜਲੰਧਰ ਨਾਲ ਸੰਬੰਧਤ ਸਭ ਕੁਝ।

ਸਕਿਉਰਟਾਈਜ਼ੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ ਐਕਟ 2002 ਦੇ ਸੈਕਸ਼ਨ 13 ਤਹਿਤ ਬੈਂਕ ਇਸ ਜਨਤਕ ਨੋਟਿਸ ਰਾਹੀਂ ਤੁਹਾਨੂੰ ਬੈਂਕ ਦੇ ਵਹੀ ਖਾਤਿਆਂ 'ਚ ਤੁਹਾਡੇ ਵਿਰੁੱਧ ਸਾਰੀਆਂ ਬਕਾਇਆ ਰਕਮਾਂ ਇਸ ਦੀ ਬਰਾਂਚ ਮਿਲਾਪ ਚੌਕ ਜਲੰਧਰ 'ਚ, ਸਮੇਤ ਇਸ ਉਪਰ ਭਵਿੱਖੀ ਵਿਆਜ, ਸਮੇਂ-ਸਮੇਂ 'ਤੇ ਬੈਂਕ ਵੱਲੋਂ ਕੀਤੇ ਗਏ ਹੋਰ ਖਰਚਿਆਂ ਅਤੇ ਲਾਗਤਾਂ ਨਾਲ ਸਾਰੀਆਂ ਮੁਕੰਮਲ ਦੇਣਦਾਰੀਆਂ, ਇਸ ਨੋਟਿਸ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਜਮ੍ਹਾਂ ਕਰਵਾਉਣ ਦਾ ਸੱਦਾ ਦਿੰਦਾ ਹੈ, ਅਸਫਲ ਰਹਿਣ 'ਤੇ ਤੁਹਾਡੇ ਜੋਖਮ ਅਤੇ ਲਾਗਤਾਂ 'ਤੇ ਬੈਂਕ ਐਕਟ (ਸੁਪਰਾ) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਏ ਸਾਰੇ ਜਾਂ ਕਿਸੇ ਇੱਕ ਢੰਗ ਨਾਲ ਸਕਿਉਰਡ ਕਰਜ਼ਾ ਵਸੂਲਣ ਲਈ ਕਾਰਵਾਈ ਕਰੇਗਾ: -
(ਏ) ਸਕਿਉਰਡ ਐੱਸਟਸ ਦੀ ਵਸੂਲੀ ਲਈ ਵਿਕਰੀ
(ਬੀ) ਸਕਿਉਰਡ ਐੱਸਟਸ ਦੇ ਪ੍ਰਬੰਧ ਨੂੰ ਆਪਣੇ ਹੱਥਾਂ ਵਿੱਚ ਲੈਣ ਸਮੇਤ ਸਕਿਉਰਡ ਐੱਸਟਸ ਦਾ ਕਬਜ਼ਾ ਲੈ ਕੇ ਤਬਦੀਲ ਕਰਨ ਦਾ ਅਧਿਕਾਰ ਸਮੇਤ ਸਕਿਉਰਡ ਐੱਸਟਸ ਦੀ ਵਸੂਲੀ ਲਈ ਵਿਕਰੀ ਰਾਹੀਂ ਤਬਦੀਲ ਕਰਨ ਦਾ ਅਧਿਕਾਰ
(ਸੀ) ਸਕਿਉਰਡ ਐੱਸਟਸ ਦੇ ਪ੍ਰਬੰਧ ਲਈ ਕਿਸੇ ਵਿਅਕਤੀ ਦੀ ਨਿਯੁਕਤੀ
(ਡੀ) ਕਿਸੇ ਸਮੇਂ ਵੀ ਲਿਖਤੀ ਨੋਟਿਸ ਰਾਹੀਂ, ਕਿਸੇ ਵਿਅਕਤੀ ਜਿਸ ਨੇ ਤੁਹਾਡੇ ਕੋਲੋਂ ਕੋਈ ਵੀ ਸਕਿਉਰਡ ਐੱਸਟਸ ਪ੍ਰਾਪਤ ਕੀਤਾ ਹੋਵੇ, ਬੈਂਕ ਨੂੰ ਅਦਾਇਗੀ ਲਈ ਸੱਦਣਾ।
ਅੱਗੇ ਕਿਰਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਜੇਕਰ ਕਰਜ਼ਦਾਰ/ਗਰੰਟਰ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਸਾਰੀਆਂ ਮੁਕੰਮਲ ਦੇਣਦਾਰੀਆਂ ਅਦਾ ਕਰਨ 'ਚ ਅਸਫਲ ਰਹਿੰਦੇ ਹਨ ਅਤੇ ਬੈਂਕ (ਸੁਪਰਾ) ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ 4 ਅਧੀਨ ਕੋਈ ਕਾਰਵਾਈ ਕਰਦਾ ਹੈ ਤਾਂ ਕਰਜ਼ਦਾਰ/ਗਰੰਟਰਾਂ ਨੂੰ ਬੈਂਕ ਵੱਲੋਂ ਸਹਿਣ ਕੀਤੀਆਂ ਜਾਣ ਵਾਲੀਆਂ ਸਾਰੀਆਂ ਲਾਗਤਾਂ, ਚਾਰਜਿਜ਼, ਖਰਚੇ ਅਦਾ ਕਰਨੇ ਪੈਣਗੇ। ਜੇਕਰ ਸਕਿਉਰਡ ਐੱਸਟਸ ਦੀ ਵਿਕਰੀ ਦੀ ਕਾਰਵਾਈ ਨਾਲ ਬੈਂਕ ਦੇ ਸਾਰੇ ਬਕਾਏ ਮੁਕੰਮਲ ਤੌਰ 'ਤੇ ਵਸੂਲ ਨਹੀਂ ਹੁੰਦੇ ਤਾਂ ਬੈਂਕ ਬਕਾਇਆ ਰਕਮ ਤੁਹਾਡੇ ਅਤੇ ਗਰੰਟਰਾਂ ਅਤੇ ਹੋਰ ਜ਼ਿੰਮੇਵਾਰ ਵਿਅਕਤੀਆਂ ਕੋਲੋਂ ਨਿੱਜੀ ਤੌਰ 'ਤੇ ਵਸੂਲੀ ਕਰਨ ਲਈ ਕਾਰਵਾਈ ਕਰੇਗਾ। ਇਹ ਨੋਟਿਸ ਬੈਂਕ ਨੂੰ ਪ੍ਰਾਪਤ ਅਧਿਕਾਰਾਂ, ਉਪਲਬਧ ਹੱਲ ਅਤੇ ਕਾਨੂੰਨੀ ਰੀਕਰਸ ਅਨੁਸਾਰ ਬਿਨਾਂ ਕਿਸੇ ਪੱਖਪਾਤ ਦੇ ਹੈ।

ਮਿਤੀ : 22.01.2026 ਸਥਾਨ : ਜਲੰਧਰ (ਅਧਿਕਾਰਤ ਅਫਸਰ)

23- January - Page - 7.qxd 1/22/2026 9:28 PM Page 1



# 26 ਜਨਵਰੀ ਦੇ ਮੱਦੇਨਜ਼ਰ ਲੋਕਾਂ ਦੀ ਸੁਰੱਖਿਆ ਲਈ ਰਾਤ ਸਮੇਂ ਵਧਾਈ ਸਪੈਸ਼ਲ ਚੈਕਿੰਗ



ਸ੍ਰੀ ਮੁਕਤਸਰ ਸਾਹਿਬ, (ਸ਼ਿਵਦਰਸ਼ਨ/ਪ੍ਰਵਾ) 26 ਜਨਵਰੀ ਦੇ ਮੱਦੇਨਜ਼ਰ ਲੋਕਾਂ ਵਿੱਚ ਸੁਰੱਖਿਆ ਦੀ ਭਾਵਨਾ ਨੂੰ ਬਰਕਰਾਰ ਰੱਖਣ ਤੇ ਅਮਨ-ਕਾਨੂੰਨ ਦੀ ਸਥਿਤੀ ਨੂੰ ਮਜ਼ਬੂਤ ਬਣਾਉਣ ਲਈ, ਅਭਿਮੰਨਿਊ ਰਾਣਾ ਆਈ.ਪੀ.ਐੱਸ, ਸੀਨੀਅਰ ਕਪਤਾਨ ਪੁਲਸ ਦੀ ਨਿਗਰਾਨੀ ਹੇਠ ਜ਼ਿਲ੍ਹੇ ਭਰ ਵਿੱਚ ਨਾਈਟ ਡੋਮੀਨੇਸ਼ਨ ਮੁਹਿੰਮ ਤਹਿਤ ਸਪੈਸ਼ਲ ਚੈਕਿੰਗ ਕੀਤੀ ਗਈ। ਇਸ ਦੌਰਾਨ ਰਾਤ ਭਰ ਪੁਲਿਸ ਟੀਮਾਂ ਵੱਲੋਂ ਜ਼ਿਲ੍ਹੇ ਦੇ ਸੰਵੇਦਨਸ਼ੀਲ ਤੇ ਭੀੜ ਵਾਲੇ ਇਲਾਕਿਆਂ ਵਿੱਚ ਵਿਸਥਾਰਪੂਰਵਕ ਚੈਕਿੰਗ ਮੁਹਿੰਮ ਚਲਾਈ ਗਈ। ਚੈਕਿੰਗ ਦੌਰਾਨ ਜ਼ਿਲ੍ਹਾ ਅੰਦਰ ਵੱਖ-ਵੱਖ ਥਾਵਾਂ 'ਤੇ ਨਾਕਿਆਂ ਤੋਂ ਇਲਾਵਾ ਰੇਲਵੇ ਸਟੇਸ਼ਨ, ਬੱਸ ਅੱਡੇ, ਮੁੱਖ ਚੌਂਕ, ਗਲੀਆਂ-ਮੁਹੱਲਿਆਂ, ਨੋ-ਮੂਵਮੈਂਟ ਇਲਾਕਿਆਂ, ਲਾਵਾਰਿਸ ਵਾਹਨਾਂ, ਨਾਈਟ ਸ਼ਿਫਟ 'ਚ ਕੰਮ ਕਰ ਰਹੇ ਕਰਮਚਾਰੀਆਂ ਤੇ ਸੁਰੱਖਿਆ ਗਾਰਡਾਂ ਦੀ ਵੀ ਜਾਂਚ ਕੀਤੀ ਗਈ। ਪੀ.ਸੀ.ਆਰ ਮੋਟਰਸਾਈਕਲ ਟੀਮਾਂ ਵੱਲੋਂ ਲਗਾਤਾਰ ਗਸ਼ਤ ਕਰਕੇ ਰੇਲਵੇ ਸਟੇਸ਼ਨ ਦੇ ਆਸ-ਪਾਸ ਦੇ ਇਲਾਕਿਆਂ ਵਿੱਚ ਪੁਲਿਸ ਦੀ ਮੌਜੂਦਗੀ ਯਕੀਨੀ ਬਣਾਈ ਗਈ। ਇਹ ਨਾਈਟ ਡੋਮੀਨੇਸ਼ਨ ਚੈਕਿੰਗ ਚਾਰੇ ਸਬ-ਡਿਵੀਜ਼ਨਾਂ ਵਿੱਚ ਲਗਾਤਾਰ ਰਾਤ ਸਮੇਂ ਚਲਾਈ ਜਾ ਰਹੀ ਹੈ, ਜਿਸ ਦੀ ਨਿਗਰਾਨੀ ਸ੍ਰੀ ਬਬਨ ਸਿੰਘ ਡੀ.ਐੱਸ.ਪੀ, ਹਰਜੀਤ ਸਿੰਘ ਡੀ.ਐੱਸ.ਪੀ, ਨਵੀਨਪਾਲ ਸਿੰਘ ਡੀ.ਐੱਸ.ਪੀ (ਮਲੋਟ), ਸ੍ਰੀ ਅਰੁਣ ਮੁੰਡਨ, ਡੀ.ਐੱਸ.ਪੀ (ਗਿੱਦੜਬਾਹਾ) ਅਤੇ ਹਰਬੰਸ ਸਿੰਘ ਡੀ.ਐੱਸ.ਪੀ (ਲੰਬੀ) ਵੱਲੋਂ ਆਪਣੀ-ਆਪਣੀ ਫੋਰਸ ਦੇ ਨਾਲ ਕੀਤੀ ਜਾ ਰਹੀ ਹੈ। ਰੇਲਵੇ ਸਟੇਸ਼ਨ 'ਤੇ ਚੈਕਿੰਗ ਦੌਰਾਨ ਯਾਤਰੀਆਂ ਦੇ ਬੈਗਾਂ ਦੀ ਸਕੈਨਿੰਗ, ਸ਼ੱਕੀ ਵਿਅਕਤੀਆਂ ਦੀ ਜਾਂਚ ਅਤੇ ਰਿਕਾਰਡ ਚੈੱਕ ਕੀਤੇ ਗਏ। ਜੀ.ਆਰ.ਪੀ ਪੁਲਸ ਟੀਮ ਨਾਲ ਮਿਲ ਕੇ ਆਉਣ-ਜਾਣ ਵਾਲੇ ਵਿਅਕਤੀਆਂ ਦੀ ਪਛਾਣ ਪੁਸ਼ਟੀ ਕੀਤੀ ਗਈ। ਇਸ ਤਰ੍ਹਾਂ ਬੱਸ ਸਟੈਂਡ 'ਤੇ ਵੀ ਰਾਤ ਸਮੇਂ ਸਪੈਸ਼ਲ ਚੈਕਿੰਗ ਕੀਤੀ ਗਈ। ਬੱਸ ਅੱਡੇ ਦੇ ਆਲੇ-ਦੁਆਲੇ ਲੰਬੇ ਸਮੇਂ ਤੋਂ ਲਾਵਾਰਿਸ ਹਾਲਤ ਵਿੱਚ ਖੜੇ ਸ਼ੱਕੀ ਵਾਹਨਾਂ ਨੂੰ ਵਾਹਨ ਐਪ ਦੀ ਮਦਦ ਨਾਲ ਵੈਰੀਫਾਈ ਕਰਕੇ ਪੁਲਿਸ ਰਿਕਾਰਡ ਦੀ ਜਾਂਚ ਕੀਤੀ ਗਈ। ਸ਼ਹਿਰ ਦੇ ਵੱਖ-ਵੱਖ ਇਲਾਕਿਆਂ 'ਚ ਨਾਕੇ ਲਾ ਕੇ ਮੁੱਖ ਚੌਂਕ, ਬਜ਼ਾਰਾਂ, ਕਾਲੋਨੀਆਂ ਤੇ ਰਿਹਾਇਸ਼ੀ ਇਲਾਕਿਆਂ ਵਿੱਚ ਹਰ ਵਾਹਨ ਅਤੇ ਵਿਅਕਤੀਆਂ ਦੀ ਜਾਂਚ ਕੀਤੀ ਗਈ। ਪੀ.ਸੀ.ਆਰ. ਮੋਟਰਸਾਈਕਲ ਟੀਮਾਂ ਵੱਲੋਂ ਲਗਾਤਾਰ ਗਸ਼ਤ ਕਰਕੇ ਅਸਮਾਜਿਕ ਤੱਤਾਂ 'ਤੇ ਕੜੀ ਨਜ਼ਰ ਰੱਖੀ ਗਈ। ਨਾਈਟ ਡਿਊਟੀ 'ਤੇ ਤਾਇਨਾਤ ਅਧਿਕਾਰੀਆਂ ਨੂੰ ਹਦਾਇਤਾਂ ਦਿੱਤੀਆਂ। ਹੋਰ ਜਨਤਕ ਥਾਵਾਂ ਦੇ ਸੁਰੱਖਿਆ ਗਾਰਡਾਂ ਨਾਲ ਡੀ.ਐਸ.ਪੀ. ਨੇ ਵਿਸਥਾਰ ਨਾਲ ਗੱਲਬਾਤ ਕੀਤੀ ਅਤੇ ਡਿਊਟੀ ਸੰਬੰਧੀ ਹਦਾਇਤਾਂ ਦਿੱਤੀਆਂ। ਜਿੱਥੇ ਵੀ ਕੋਈ ਵਾਹਨ ਜਾਂ ਵਿਅਕਤੀ ਸ਼ੱਕੀ ਲੱਗਾ, ਉੱਥੇ ਵਾਹਨ ਦੇ ਕਾਗਜ਼ਾਤ, ਡਰਾਇਵਿੰਗ ਲਾਇਸੈਂਸ, ਨੰਬਰ ਪਲੇਟ ਤੇ ਐਕਸੈਸਰੀਜ਼ ਦੀ ਜਾਂਚ ਕੀਤੀ ਗਈ।

# ਐੱਸ ਕੇ ਐੱਮ ਵੱਲੋਂ ਟਰੈਕਟਰ ਮਾਰਚ ਕੀਤਾ ਜਾਵੇਗਾ



ਲੁਧਿਆਣਾ (ਐਮ ਐਸ ਭਾਟੀਆ) ਐਸਕੇਐਮ ਜ਼ਿਲ੍ਹਾ ਲੁਧਿਆਣਾ ਤੇ ਟ੍ਰੇਡ ਯੂਨੀਅਨਾਂ ਦੀ ਸਾਂਝੀ ਮੀਟਿੰਗ ਸ਼ਹੀਦ ਕਰਨੈਲ ਸਿੰਘ ਈਸੜੂ ਭਵਨ ਵਿਖੇ ਹੋਈ, ਜਿਸ ਵਿੱਚ ਫੈਸਲਾ ਕੀਤਾ ਗਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਐਸਕੇਐਮ ਜ਼ਿਲ੍ਹਾ ਲੁਧਿਆਣਾ ਵਿੱਚ ਤਹਿਸੀਲ ਤੇ ਬਲਾਕ ਪੱਧਰੀ ਟਰੈਕਟਰ ਮਾਰਚ ਕਰੇਗੀ। ਟਰੇਡ ਯੂਨੀਅਨਾਂ ਨੇ ਵੀ ਇਸ ਦੇ ਸਮਰਥਨ ਵਿੱਚ ਅਤੇ 12 ਫਰਵਰੀ ਦੀ ਦੇਸ਼ ਵਿਆਪੀ ਆਮ ਹੜਤਾਲ ਦੀ ਤਿਆਰੀ ਹਿਤ ਕਨਵੈਨਸ਼ਨਾਂ ਕਰਨ ਦਾ ਫੈਸਲਾ ਕੀਤਾ ਅਤੇ ਐਸਕੇਐਮ ਵੱਲੋਂ ਕੀਤੀਆਂ ਜਾ ਰਹੀਆਂ ਰੈਲੀਆਂ ਵਿੱਚ ਸ਼ਮੂਲੀਅਤ ਦਾ ਫੈਸਲਾ ਕੀਤਾ। ਮੀਟਿੰਗ ਵਿੱਚ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ, ਭਾਰਤੀ ਕਿਸਾਨ ਯੂਨੀਅਨ ਰਾਜੇਵਾਲ, ਭਾਰਤੀ ਕਿਸਾਨ ਯੂਨੀਅਨ ਡਕੌਂਦਾ ਧਨੇਰ, ਜਮਹੂਰੀ ਕਿਸਾਨ ਸਭਾ, ਇੰਟਕ, ਏਟਕ, ਸੀਟੂ, ਸੀਟੀਯੂ ਪੰਜਾਬ, ਐਕਟੂ, ਮੈਡਰ ਐਂਡ ਸਟੀਲ ਵਰਕਰਜ਼ ਯੂਨੀਅਨ, ਪਨਬਸ ਕੰਟਰੈਕਟ ਵਰਕਰ ਯੂਨੀਅਨ ਦੇ ਆਗੂ ਸਾਥੀਆਂ ਨੇ ਹਿੱਸਾ ਲਿਆ। ਮੀਟਿੰਗ ਵਿੱਚ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ, ਜਿਨ੍ਹਾਂ ਵਿੱਚ ਮਨਰੇਗਾ ਕਾਨੂੰਨ ਨੂੰ ਖਤਮ ਕਰਨਾ, ਚਾਰ ਲੇਬਰ ਕੋਡ ਲਿਆਉਣੇ, ਬਿਜਲੀ ਸੋਧ ਬਿਲ, ਬੀਜ ਬਿੱਲ ਦੇ ਵਿਰੋਧ ਵਿੱਚ ਅਤੇ ਹੋਰ ਲੋਕ ਪੱਖੀ ਮੰਗਾਂ ਨੂੰ ਲੈ ਕੇ 12 ਫਰਵਰੀ ਦੀ ਦੇਸ਼ ਵਿਆਪੀ ਹੜਤਾਲ ਨੂੰ ਕਾਮਯਾਬ ਕਰਨ ਦੇ ਲਈ ਲਗਾਤਾਰ ਤਿਆਰੀਆਂ ਜਾਰੀ ਰੱਖਣ ਦਾ ਫੈਸਲਾ ਵੀ ਕੀਤਾ ਗਿਆ। ਮੀਟਿੰਗ ਦੀ ਪ੍ਰਧਾਨਗੀ ਸੁਦਾਗਰ ਸਿੰਘ ਘੁਡਾਣੀ ਨੇ ਕੀਤੀ ਤੇ ਸਟੇਜ ਦਾ ਸੰਚਾਲਨ ਹਰਨੇਕ ਸਿੰਘ ਗੁੱਜਰਵਾਲ ਨੇ ਕੀਤਾ।

# ਤਰਕਸ਼ੀਲ ਸੁਸਾਇਟੀ ਪੰਜਾਬ ਜ਼ੋਨ ਬਠਿੰਡਾ ਨੇ ਕੀਤੀ ਛਿਮਾਹੀ ਇਕੱਤਰਤਾ



ਤਲਵੰਡੀ ਸਾਬੋ (ਜਗਦੀਪ ਗਿੱਲ) ਜ਼ਿਲ੍ਹਾ ਬਠਿੰਡਾ ਦੀਆਂ 9 ਤਰਕਸ਼ੀਲ ਇਕਾਈਆਂ ਨੇ ਜ਼ਿਲ੍ਹਾ ਪੈਨਸ਼ਨ ਭਵਨ ਵਿਖੇ ਆਪਣੀ ਭਰਵੀਂ ਇਕੱਤਰਤਾ ਕੀਤੀ, ਜਿਸ ਵਿੱਚ ਵੱਖ-ਵੱਖ ਆਗੂ ਤੇ ਵੱਡੀ ਗਿਣਤੀ ਤਰਕਸ਼ੀਲ ਮੈਂਬਰ ਸ਼ਾਮਿਲ ਹੋਏ ਅਤੇ ਆਪਣੀਆਂ ਆਪਣੀਆਂ ਇਕਾਈਆਂ ਦੀਆਂ ਪ੍ਰੋਗਰਾਮ ਸਰਗਰਮੀਆਂ, ਮੈਗਜ਼ੀਨ ਦੀ ਵੰਡ ਗਿਣਤੀ ਤੇ ਆਪਣੇ ਆਪਣੇ ਇਲਾਕੇ ਵਿੱਚ ਕੀਤੇ ਜਾ ਰਹੇ ਪ੍ਰਚਾਰ, ਪ੍ਰਸਾਰ ਬਾਰੇ ਲੜੀਵਾਰ ਵਿਚਾਰ ਰੱਖੇ। ਇਕਾਈ ਰਾਮਪੁਰਾ ਦੇ ਆਗੂ ਗਗਨ ਦੀਪ, ਭੁੱਚੋ ਮੰਡੀ ਇਕਾਈ ਦੇ ਕਰਮਜੀਤ, ਬਰਗਾੜੀ ਤੋਂ ਹਰਜਿੰਦਰ ਸਿੰਘ ਰੋਮਾਣਾ, ਡੱਬਵਾਲੀ ਮੰਡੀ ਤੋਂ ਰਣਧੀਰ ਸਿੰਘ ਧੀਰਾ ਲੰਬੀ, ਭੰਗੂ/ਬੜਾ ਗੁੜਾ (ਹਰਿਆਣਾ)ਤੋਂ ਹਰਦੇਵ ਸਿੰਘ ਕਾਲਿਆਂ ਵਾਲੀ, ਤਲਵੰਡੀ ਸਾਬੋ ਦੇ ਆਗੂ ਮਹਿੰਮਾ ਸਿੰਘ ਧਿੰਗੜ, ਜਗਦੀਪ ਗਿੱਲ, ਫਰੀਦਕੋਟ ਇਕਾਈ ਦੇ ਸਿਮਰਜੀਤ ਸਿੰਘ, ਮੌੜ ਮੰਡੀ ਇਕਾਈ ਤੋਂ ਬਲਰਾਜ ਸਿੰਘ ਤੇ ਬਠਿੰਡਾ ਇਕਾਈ ਵੱਲੋਂ ਮਾਸਟਰ ਗਿਆਨ ਸਿੰਘ ਹੁਰਾਂ ਨੇ ਆਪਣੀਆਂ ਆਪਣੀਆਂ ਇਕਾਈਆਂ ਦੀਆਂ ਬੀਤੇ ਛੇ ਮਹੀਨਿਆਂ ਦੀ ਸਰਗਰਮੀਆਂ ਜਿੰਨਾਂ ਵਿੱਚ ਤਰਕਸ਼ੀਲ ਪ੍ਰੋਗਰਾਮ, ਮੈਜਿਕ, ਲੈਕਚਰ, ਸੱਤਵੀਂ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਸੈਂਕੜੇ ਸਕੂਲਾਂ ਵਿੱਚ ਸਫ਼ਲਤਾ ਪੂਰਬਕ ਕਰਾ ਕੇ ਅੱਵਲ ਆਉਣ ਵਾਲੇ ਵਿਦਿਆਰਥੀਆਂ ਨੂੰ ਢੁੱਕਵੇਂ ਇਨਾਮ ਤੇ ਸਰਟੀਫਿਕੇਟ/ਸਨਮਾਨ ਪੱਤਰ ਵੰਡਣੇ ਤੇ ਹਰ ਅੰਕ ਤਰਕਸ਼ੀਲ ਮੈਗਜ਼ੀਨ ਵੰਡਣਾ ਅਤੇ ਮਾਨਸਿਕ ਸਿਹਤ ਚੇਤਨਾ ਕੇਂਦਰਾਂ ਉਤੇ ਮਾਨਸਿਕ ਰੋਗੀਆਂ ਦੀ ਕੌਂਸਲਿੰਗ ਅਤੇ ਸਮਝਾ ਕੇ ਰਾਹੀਂ ਠੀਕ ਕਰਨ ਵਿੱਚ ਸਹਾਇਤਾ ਪ੍ਰਦਾਨ ਕਰਨ ਤੋਂ ਇਲਾਵਾ ਇਲਾਕਾ ਜਥੇਬੰਦੀਆਂ ਅਤੇ ਹੋਰ ਜਨਤਕ ਜਮਹੂਰੀ ਜਥੇਬੰਦੀਆਂ ਦੇ ਲੋਕ ਹਿੱਤਾਂ ਲਈ ਕੀਤੇ ਜਾਂਦੇ ਪ੍ਰਦਰਸ਼ਨਾਂ ਵਿੱਚ ਹਾਜ਼ਰੀ/ਸ਼ਮੂਲੀਅਤ ਮੁੱਖ ਸਰਗਰਮੀਆਂ ਵਜੋਂ ਬਿਆਨ ਕੀਤੀਆਂ ਗਈਆਂ। ਤਰਕਸ਼ੀਲ ਸੰਸਥਾ ਦੇ ਕੰਮ ਨੂੰ ਸਹੀ ਤੇ ਸੁਚਾਰੂ ਢੰਗ ਨਾਲ ਚਲਾਉਣ ਲਈ ਸੁਝਾਅ ਆਗੂਆਂ ਨੇ ਪ੍ਰਧਾਨਗੀ ਮੰਡਲ ਨੂੰ ਦਰਜ ਕਰਾਏ। ਇਕੱਤਰਤਾ ਦੇ ਦੂਜੇ ਸੈਸ਼ਨ ਵਿੱਚ ਸਮਾਜ ਵਿੱਚ ਮਾਨਸਿਕ ਸਿਹਤ ਚੇਤਨਾ ਪੈਦਾ ਕਰਨ ਤੇ ਮਾਨਸਿਕ ਰੋਗ ਪੈਦਾ ਹੋਣ ਤੋਂ ਪਹਿਲਾਂ ਦੀਆਂ ਸਥਿਤੀਆਂ ਤੇ ਇਨ੍ਹਾਂ ਦੇ ਪਰਵਾਰਕ, ਸਮਾਜਿਕ, ਆਰਥਿਕ ਤੇ ਰਾਜਨੀਤਕ ਢਾਂਚਾਗਤ ਕਾਰਨਾਂ ਦੀ ਪੜਚੋਲ ਕਰਦਿਆਂ ਸੀਨੀਅਰ ਆਗੂ ਭੂਰਾ ਸਿੰਘ ਮਹਿਮਾ ਸਰਜਾ ਤੇ ਪ੍ਰੋਗਰਾਮ ਵਿੱਚ ਉਚੇਚੇ ਤੌਰ 'ਤੇ ਇਸ ਵਿਸ਼ੇ ਤੇ ਬੋਲਣ ਲਈ ਬੁਲਾਰੇ ਵਜੋਂ ਪਹੁੰਚੇ ਜੁਝਾਰ ਲੌਂਗੋਵਾਲ ਮੁਖੀ, ਮਾਨਸਿਕ ਸਿਹਤ ਵਿਭਾਗ ਮੁਖੀ, ਟੀ ਐਸ ਪੀ ਨੇ ਬਦਲਦੇ ਹਾਲਤਾਂ ਨਵੀ ਟੈਕਨਾਲੋਜੀ ਦੀ ਆਮਦ ਕਾਰਨ ਪੈਦਾ ਹੁੰਦੇ ਮਾਨਸਿਕ ਵਿਕਾਰਾਂ ਦੇ ਕਾਰਨ ਤੇ ਉਪਾਅ ਬਾਰੇ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਮਾਨਸਿਕ ਸਿਹਤ ਚੇਤਨਾ ਲਈ ਕੰਮ ਕਰਦੇ ਆਗੂਆਂ ਦੇ ਬਣਦੇ ਰੋਲ ਬਾਰੇ ਵਿਚਾਰ ਸਾਂਝੇ ਕੀਤੇ।

# ਸੰਯੁਕਤ ਕਿਸਾਨ ਮੋਰਚਾ ਵੱਲੋਂ ਟਰੈਕਟਰ ਮਾਰਚ 26 ਨੂੰ



ਤਰਨ ਤਾਰਨ (ਨ ਜ ਸ)-ਸੰਯੁਕਤ ਕਿਸਾਨ ਮੋਰਚਾ ਜ਼ਿਲ੍ਹਾ ਤਰਨ ਤਾਰਨ ਦੀ ਅਹਿਮ ਮੀਟਿੰਗ ਮਹਿਣ ਸਿੰਘ ਸਭੀਰਾ ਜ਼ਿਲ੍ਹਾ ਆਗੂ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੀ ਪ੍ਰਧਾਨਗੀ ਹੇਠ ਸ਼ਹਾਦਕ ਗਾਂਧੀ ਪਾਰਕ ਵਿਖੇ ਕੀਤੀ ਗਈ। ਮੀਟਿੰਗ ਵਿੱਚ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ,ਜਮਹੂਰੀ ਕਿਸਾਨ ਸਭਾ, ਕਿਰਤੀ ਕਿਸਾਨ ਯੂਨੀਅਨ, ਕੁੱਲ ਹਿੰਦ ਕਿਸਾਨ ਸਭਾ 1936, ਕੁੱਲ ਹਿੰਦ ਕਿਸਾਨ ਯੂਨੀਅਨ, ਕਿਸਾਨ ਸੰਘਰਸ਼ ਕਮੇਟੀ ਪੰਜਾਬ ਪੰਨੂ, ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਏਕਤਾ ਪੰਜਾਬ, ਭਾਰਤੀ ਕਿਸਾਨ ਯੂਨੀਅਨ ਕਾਦੀਆਂ, ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਪੰਜਾਬ ਟਾਂਡਾ ਆਦਿ ਕਿਸਾਨ ਜਥੇਬੰਦੀਆਂ ਨੇ ਹਿੱਸਾ ਲਿਆ। ਇਸ ਸਮੇਂ ਬੋਲਦਿਆਂ ਦਲਜੀਤ ਸਿੰਘ ਦਿਆਲਪੁਰ ,ਨਛੱਤਰ ਸਿੰਘ ਮੁਗਲ ਚੱਕ, ਤਰਸੇਮ ਸਿੰਘ ਲੁਹਾਰ, ਗੁਰਪ੍ਰੀਤ ਸਿੰਘ ਗੰਡੀਵਿੰਡ, ਸੁਖਦੇਵ ਸਿੰਘ ਦੁੱਬਲੀ, ਭੁਪਿੰਦਰ ਸਿੰਘ ਪੰਡੋਰੀ ਤਖਤ ਮੱਲ ਆਦਿ ਨੇ ਕਿਹਾ ਕਿ ਸਰਕਾਰ ਕਿਸਾਨਾਂ ਦੇ ਹਿੱਤਾਂ ਨੂੰ ਭੁੱਲ ਗਈ ਹੈ ਅਤੇ ਜਿਹੜੇ ਵਾਅਦੇ ਕਰਕੇ ਮੋਦੀ ਸਰਕਾਰ ਸੱਤਾ ਵਿੱਚ ਆਈ ਸੀ ਉਹਨਾਂ ਸਾਰੇ ਵਾਅਦਿਆਂ ਨੂੰ ਭੁਲਾ ਦਿੱਤਾ ਗਿਆ। ਮੀਟਿੰਗ ਨੂੰ ਹੋਰਨਾਂ ਤੋਂ ਇਲਾਵਾ ਮਨਜੀਤ ਸਿੰਘ ਬੱਗੂ, ਡਾਕਟਰ ਪਰਮਜੀਤ ਸਿੰਘ ਕੋਟ ਮੁਹੰਮਦ ਖਾਂ, ਗੁਰਚਰਨ ਸਿੰਘ ਸਰਹਾਲੀ, ਜੱਸਾ ਸਿੰਘ ਕੰਦੀਗਲ, ਦਵਿੰਦਰ ਕੁਮਾਰ ਸੋਹਲ, ਜਤਿੰਦਰ ਪਾਲ ਸਿੰਘ ਦਵਿੰਦਰ ਪਾਲ ਸਿੰਘ ਕਾਦੀਆਂ ,ਹਰਦੀਪ ਸਿੰਘ, ਹਰਵਿੰਦਰ ਸਿੰਘ ਵਲੀਪੁਰ, ਗੁਰਦਿਆਲ ਸਿੰਘ, ਚਰਨ ਸਿੰਘ ਅਤੇ ਪ੍ਰਗਟ ਸਿੰਘ ਸੇਰੋਂ ਨੇ ਵੀ ਹਿੱਸਾ ਲਿਆ।

# ਆਇਲ ਸੀਡ ਤਹਿਤ ਦੋ ਰੋਜ਼ਾ ਸਿਖਲਾਈ ਕੈਂਪ ਲਾਇਆ

ਜਲਾਲਾਬਾਦ, (ਜੀਤ ਕੁਮਾਰ) ਡਾਇਰੈਕਟਰ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਪੰਜਾਬ ਅਤੇ ਮੁੱਖ ਖੇਤੀਬਾੜੀ ਅਫਸਰ ਸ਼੍ਰੀਮਤੀ ਹਰਪ੍ਰੀਤ ਪਾਲ ਕੌਰ ਦੇ ਦਿਸ਼ਾ-ਨਿਰਦੇਸ਼ ਹੇਠ ਅਤੇ ਬਲਾਕ ਖੇਤੀਬਾੜੀ ਅਫਸਰ ਸ਼੍ਰੀਮਤੀ ਰਾਧਾ ਰਾਣੀ ਦੀ ਯੋਗ ਅਗਵਾਈ ਹੇਠ ਪਿੰਡ ਜੋਧਾ ਭੈਣੀ (ਫੱਤੂਵਾਲਾ) ਵਿਖੇ ਨੈਸ਼ਨਲ ਮਿਸ਼ਨ ਆਨ ਐਡੀਬਲ ਆਇਲ-ਆਇਲ ਸੀਡ ਤਹਿਤ ਦੀ ਸਰ੍ਹੋਂ ਦੀ ਫ਼ਸਲ ਨੂੰ ਪ੍ਰੋਤਸਾਹਿਤ ਕਰਨ ਲਈ ਪਰਵਸ਼ ਕੁਮਾਰ ਏ.ਡੀ.ਓ ਅਤੇ ਅੰਸ਼ੁਲ ਬੰਸਲ ਏ.ਟੀ.ਐਮ ਵੱਲੋਂ ਦੋ ਰੋਜ਼ਾ ਕਿਸਾਨ ਸਿਖਲਾਈ ਕੈਂਪ ਲਾਇਆ ਗਿਆ। ਟ੍ਰੇਨਿੰਗ ਕੈਂਪ ਵਿੱਚ ਪਰਵਸ਼ ਕੁਮਾਰ ਵੱਲੋਂ ਕਿਸਾਨਾਂ ਨੂੰ ਤੇਲ ਬੀਜ ਦੀ ਫਸਲਾਂ ਸਬੰਧੀ ਸੁਚੱਜੀ ਕਾਸ਼ਤ ਲਈ ਪ੍ਰੇਰਿਤ ਕੀਤਾ ਗਿਆ ਤੇ ਫ਼ਸਲਾਂ ਵਿੱਚ ਆਉਣ ਵਾਲੀਆਂ ਬਿਮਾਰੀਆਂ ਦੀ ਰੋਕਥਾਮ ਸਬੰਧੀ ਜਾਣਕਾਰੀ ਦਿੱਤੀ ਕਿ ਗਈ ਤੇ ਅੰਸ਼ੁਲ ਬਾਂਸਲ ਵੱਲੋਂ ਸਰ੍ਹੋਂ ਦੀ ਫ਼ਸਲ ਵਿੱਚ ਵਰਤੀ ਜਾਣ ਵਾਲੀਆਂ ਖਾਦਾ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ।



# ਕਲਾਸੀਫਾਈਡ ਇਸ਼ਤਿਹਾਰ

## Change of Name

I, Balvinder Singh S/O Sh. Ujjagar Singh Vill: Basti Bag PO. Naushera Pattan Teh. Mukerian Distt. Hoshiarpur PB, India have changed my name Balvinder Singh To Singh Balvinder.

I Mandip Kaur S/o Gursahib Singh R/o Dakoha (Gurdaspur). I have changed my name Mandeep Kaur to Mandip Kaur. concerned note.

I, Gurmej Singh S/o Gurpal Singh R/o VPO Chogawan Sadhpur, Distt. Amritsar, Punjab have changed my name from Gurmej Singh to Singh is my Surname and Gurmej is my given name.

I, Davinder Singh S/o Ranjit Singh R/o Village Taharpur, PO Bhattike, Tehsil Baba Bakala, Distt. Amritsar, Punjab have changed my name from Davinder Singh to Singh is my Surname and Davinder is my given name.

I, Prashant S/o Sh. Ravi Dutt Bali, R/o H. No 164/1, Near Bijli Office, Sarabha Nagar, Jalandhar, Punjab have changed my name from Prashant to Prashant Bali. All Concerned may note.

I Gagandeep Singh S/o Pal Singh R/o H No. 44/2, Shiv Mandir Gali, New Harbans Nagar, Jalandhar -1, PO. Basti Guzan, Distt. Jalandhar, Punjab have changed my name from Gagandeep Singh to Gagandeep Singh as Given name and Rathore as Surname. Please note.

I, Ajay Kumar S/o Gurmej Ram R/o Village Bhattian, Tehsil Phillaur, District Jalandhar Rural, Punjab-144410, India inform that my given name is Ajay and surname is Kumar. All concerned note.

I Bir singh S/o Jaswant Singh R/o Village Berianwala, PO Tarsika, Teh Baba Bakala, Amritsar have changed my name from Bir singh to Jasbir singh.

I, Dilbag Singh S/o Sawinder Singh R/o Village Rokhe PO Uggar Aulakh Tehsil Ajnala District Amritsar have declare that Dilbag is my Given name and Singh is my Surname.

I Komal W/o Sandeep Resident of H No. 640, Ganda Singh wala, PO Khanna, Majitha Road, Amritsar. I have changed my name from Komal to Santosh. All concerned please note.

I Charanpreet Singh S/O Jagtar Singh R/O H.No 2779/10 Adampur Railway Road Distt. Jalandhar, Punjab. Inform that my given name is Charanpreet Singh and surname is Bharj.

I, Sonu Singh s/o Pratap Singh r/o M.No.9, Ram Rajpura, Rakadi, Ward No. 4, Sodala, Jaipur, Distt. Jaipur, Rajasthan-302006 have changed my name to Chandan Singh.

I, Ajay Kumar s/o Som Nath r/o 105, Garden Enclave, 66 Feet Road, Opp. Jalandhar Height 1, Backside Marine Palza Resort, Jalandhar-II, Jalandhar have changed my name to Ajay Chatrath.

I, Gurjeet Kaur w/o Sarban Lal r/o Vill. Jagpal Pur, Distt. Kapurthala have changed my name to Given name as Gurjeet & Surname as Kaur.

I, Daswant Kaur w/o Roop lal r/o Dharampura Abadi, Po. Khambra, Distt.Jalandhar-144026, Punjab have changed my name to Jaswinder Kaur, After Marriage.

I, Satpal S/o Ram Lubhaya R/o Village Diwali, Po. Jamsher Khas, Distt. Jalandhar, Punjab have changed my name from Satpal to Satpal Chander. All Please Note.

I, Pavandeep D/o Joginder Pal R/o V.PO.Samipur , Distt.Jalandhar, Punjab have changed my name from Pavandeep to Pavandeep Kaur(Kaur as Surname). All please note.

I, Naveen Kumar S/o Vijay Kumar R/o House Number B-23, 618, Ravidass Nagar, Hoshiarpur, Punjab-146001 have changed my name from Naveen Kumar to Given Name as Naveen & Surname as Kumar. Concerned Note.

I Nirmla Rani w/o Late Sh Ram Parkash Mehta R/o H.No. 15, Back Side of Simran Prop. Dealer, Kamal Vihar, Jalandhar, I hereby declare that my name is recorded as Nirmala Kumari in the Post Office records, whereas my correct name is Nirmla Rani as per Aadhar and PAN Card. Henceforth, all transactions and official work should be carried out in the name of Nirmla Rani in future.

## Change of Name

I, Harwinder Singh S/o Atma Singh R/o Village Jattpur, PO. Chagran, Tehsil & District Hoshiarpur, Punjab have changed my name from Harwinder Singh to Given Name as Harwinder & Surname as Singh. Concerned Note.

I, Himanshu S/O Ashwani Kumar, R/o Hno 3 Wno 3 Mohalla Khullar, VTC: Dasuya, PO: Dausya, Sub Dist: Dasuya, Dist: Hoshiarpur, Punjab-144205, have changed my name and shall hereafter be Known as Himanshu Verma.

I, Taranjit Kaur, D/O Sukhchain Singh R/o Teh-Dasuya, Vill-Khun Khun Sharki, VTC: Garhdiwala, PO: Mand Pandher, Dist: Hoshiarpur, Punjab- 144207. have changed my name and shall hereafter be Known as Tarnjit Kaur.

I, Palwinder S/o Surinder Pal R/o H.No. 236, Mohalla Kot Ram Dass, PO. Chogitti, Jalandhar, Punjab-144009 have changed my name from Palwinder to Palwinder Kumar, in which given name Palwinder and Surname as Kumar. All concerned please note.

I, Gursahib Singh S/o Manjit Singh R/o Adda Jaintipur, Tehsil & District Amritsar, Punjab have changed my name from Gursahib Singh to Given Name as Gursahib & Surname as Singh. All concerned please note.

I, Pooja W/o Nishant Bhandari R/o H.No. 38, Guru Diwan Nagar, Garha, Jalandhar, District Jalandhar, Punjab have changed my name from Pooja to Pooja Bhandari. All concerned please note.

I, Naveen Kumar S/o Roshan Lal R/o House No. 18, Sukhpal Enclave, PO. Dakoha, Distt. Jalandhar, Punjab have changed my name from Naveen Kumar to Navin Kumar. All concerned please note.

I, Indera Rani W/o Gurbakhsh Singh R/o House Number 1, Kala Singhian Road Basti Sheikh, Distt. Jalandhar, Punjab-144002 have changed my name and shall hereafter be known as Inderjit Kaur.

I, Angpal Singh S/o Balbir Singh, R/o H.No. 408/6, Shaheed Babu Labh Singh Nagar, PO. Nagra, Jalandhar, Punjab-144013 have changed my name from Angpal Singh to Angpal as given name and Singh as surname. All concerned please note.

## ਬੇਦਖਲੀ ਨੋਟਿਸ

ਮੈਂ, ਜਰਨੈਲ ਸਿੰਘ ਪੁੱਤਰ ਬਲਦੇਵ ਸਿੰਘ, ਵਾਸੀ ਚੋਗਾਵਾਂ, ਤਹਿਸੀਲ ਲੋਪੋਕੇ, ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅਭੀਜੀਤ ਸਿੰਘ ਉਰਫ ਬਬਲਾ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਤੇ ਮੇਰੇ ਪਰਵਾਰ ਦਾ ਇਸ ਨਾਲ ਕੋਈ ਤਲਕ-ਵਾਸਤਾ ਨਹੀਂ।

ਮੈਂ, ਪਰਮਜੀਤ ਕੌਰ ਪਤਨੀ ਪ੍ਰਤਾਪ ਸਿੰਘ, ਵਾਸੀ ਮਕਾਨ ਨੰ: ਐੱਲ-6/2711, ਗਲੀ ਮੁਰੱਬੇ ਵਾਲੀ, ਕ੍ਰਿਸ਼ਨਾ ਨਗਰ, ਤਰਨ ਤਾਰਨ ਰੋਡ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਬਲਜੀਤ ਸਿੰਘ, ਉਸ ਦੀ ਪਤਨੀ ਹਰਪ੍ਰੀਤ ਕੌਰ ਅਤੇ ਇਨ੍ਹਾਂ ਦੇ ਬੱਚੇ ਮਨਮੀਤ ਸਿੰਘ ਅਤੇ ਇਸਜੀਤ ਸਿੰਘ, ਜੋ ਮੇਰੇ ਕਹਿਣੇ ਤੋਂ ਬਾਹਰ ਹਨ, ਮੈਨੂੰ ਤੰਗ-ਪ੍ਰੇਸ਼ਾਨ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰਾ ਤੇ ਮੇਰੇ ਪਰਵਾਰ ਦਾ ਇਨ੍ਹਾਂ ਨਾਲ ਕੋਈ ਸੰਬੰਧ/ਤਲਕ-ਵਾਸਤਾ ਨਹੀਂ ਹੈ।

ਅਸੀਂ, ਹਰਜਿੰਦਰ ਸਿੰਘ ਪੁੱਤਰ ਅਮਰੀਕ ਸਿੰਘ ਅਤੇ ਜਸਵੀਰ ਕੌਰ ਪਤਨੀ ਹਰਜਿੰਦਰ ਸਿੰਘ, ਵਾਸੀ ਮਕਾਨ ਨੰਬਰ 434, ਗਲੀ ਨੰ: 5, ਘਣੂਪੁਰ ਕਾਲੇ ਪਿੰਡ, ਫਤਿਹ ਫਾਰਮ ਕਾਲੋਨੀ 66, ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡਾ ਛੋਟਾ ਲੜਕਾ ਸ਼ਮਸ਼ੇਰ ਸਿੰਘ (ਸ਼ਾਦੀਸ਼ੁਦਾ) ਸਾਡੇ ਕਹਿਣੇ ਤੋਂ ਬਾਹਰ ਹੈ। ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਅਤੇ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਾਡਾ ਇਸ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਅਸੀਂ ਅਸ਼ਵਨੀ ਕੁਮਾਰ ਪੁੱਤਰ ਪੁਸ਼ਵਨਤ ਕੁਮਾਰ ਅਤੇ ਮੋਨਿਕਾ ਪਤਨੀ ਅਸ਼ਵਨੀ ਕੁਮਾਰ, ਵਾਸੀ ਮਕਾਨ ਨੰ 28 ਐਲ -7-26/25, ਗਲੀ ਮੁਰਬਿਨ ਵਾਲੀ,ਤਰਨ ਤਾਰਨ ਰੋਡ,ਕ੍ਰਿਸ਼ਨਾ ਨਗਰ, ਜ਼ਿਲ੍ਹਾ ਅੰਮ੍ਰਿਤਸਰ ਇਹ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਸ਼ੁਭਮ ਕੁਮਾਰ ਜੋ ਕਿ ਸਾਡੇ ਕਹਿਣੇ ਤੋਂ ਬਾਹਰ ਹੈ ਅਤੇ ਅਪਣੀ ਮਨ ਮਰਜੀ ਕਰਦਾ ਹੈ ਜਿਸ ਨੂੰ ਅਸੀਂ ਆਪਣੀ ਚੱਲ ਅਚੱਲ ਜ਼ਮੀਨ ਜ਼ਾਇਦਾਦ ਤੋ ਬੇਦਖਲ ਕਰਦੇ ਹਾਂ। ਇਸ ਦੇ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਇਸ ਦੇ ਨਾਲ ਸਾਡਾ ਅਤੇ ਸਾਡੇ ਪਰਿਵਾਰ ਦਾ ਕੋਈ ਵੀ ਤਲਕ ਵਾਸਤਾ ਨਹੀ ਹੋਵੇਗਾ। ਸੰਬੰਧਤ ਕਿਰਪਾ ਕਰਕੇ ਨੋਟ ਕਰਨ।

## ਬੇਦਖਲੀ ਨੋਟਿਸ

ਅਸੀਂ ਚੰਦਰ ਮੋਹਣ ਸੋਨੀ ਪੁੱਤਰ ਚੰਦੂ ਲਾਲ ਵਾ ਗੀਤਾ ਸੋਨੀ ਪਤਨੀ ਚੰਦਰ ਮੋਹਣ ਸੋਨੀ ਵਾਸੀਆਨ ਨਿਊ ਖਲਵਾੜਾ ਗੇਟ ਬਾਬਾ ਗਧੀਆ ਫਗਵਾੜਾ ਜਿਲਾਂ ਕਪੂਰਥਲਾ ਦੇ ਹਲਫੀਆ ਬਿਆਨ ਕਰਦੇ ਹਾਂ ਸਾਡਾ ਲੜਕਾ ਦੀਪਕ ਸੋਨੀ ਨੂੰਹ ਸੋਨੀਆ ਸੋਨੀ ਆਪਣੀ ਮਨਮਰਜੀ ਕਰਦੇ ਗਾਲੀ-ਗਲੋਚ ਤੇ ਲੜਾਈ-ਝਗੜਾ ਕਰਦੇ ਹਨ। ਸਾਡੇ ਕਹਿਣੇ ਵਿੱਚ ਨਹੀਂ ਹਨ। ਅਸੀਂ ਇਹਨਾਂ ਨੂੰ ਅਪਣੀ ਚੱਲ-ਅੱਚਲ ਜਾਇਦਾਦ ਵਿੱਚੋਂ ਬੇਦਖਲ ਕਰ ਦਿੱਤਾ ਹੈ ਇਹਨਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ।

ਮੈਂ, ਸੁਰਤੀ ਸਿੰਘ ਪੁੱਤਰ ਮਹਿੰਦਰ ਸਿੰਘ, ਵਾਸੀ ਪਿੰਡ ਜਮਸ਼ੇਰ, ਤਹਿ. ਸ਼ਾਹਕੋਟ, ਜ਼ਿਲ੍ਹਾ ਜਲੰਧਰ ਦਾ ਰਹਿਣ ਵਾਲਾ ਹਾਂ। ਮੇਰਾ ਲੜਕਾ ਲਵਪ੍ਰੀਤ ਸਿੰਘ, ਜੋ ਕਿ ਸਾਡੇ ਕਹਿਣੇਕਾਰ ਤੋਂ ਬਾਹਰ ਹੈ। ਅਸੀਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਹੀ ਜ਼ਿੰਮੇਵਾਰ ਹੋਵੇਗਾ।

ਮੈਂ, ਉਪਿੰਦਰ ਕੇਵਟ ਪੁੱਤਰ ਸ੍ਰੀ ਅਰਜੁਨ ਕੇਵਟ ਵਾਸੀ ਮਕਾਨ ਨੰਬਰ 30, ਗਲੀ ਨੰ: 5, ਨਿਊ ਸ਼ੀਤਲ ਨਗਰ, ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਮੁੰਡਾ ਮਨੋਜ ਕੇਵਟ ਅਤੇ ਉਸ ਦੀ ਪਤਨੀ ਸੋਨੀ ਨੂੰ ਮੈਂ ਕਹਿਣੇ ਤੋਂ ਬਾਹਰ ਹੋਣ ਕਰਕੇ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਾਡਾ ਇਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ।

ਮੈਂ ਸੁਰਿੰਦਰ ਸਿੰਘ ਪੁੱਤਰ ਦਲਬੀਰ ਸਿੰਘ, ਪਿੰਡ ਵਡਾਲਾ ਕਲਾਂ, ਤਹਿਸੀਲ ਬਾਬਾ ਬਕਾਲਾ (ਅੰਮ੍ਰਿਤਸਰ), ਆਪਣੇ ਲੜਕੇ ਹਰਕਰਨ ਸਿੰਘ ਨੂੰ ਕਹਿਣੇ ਤੋਂ ਬਾਹਰੀ ਹੋਣ ਕਾਰਣ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ । ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਬਲਦੇਵ ਸਿੰਘ ਪੁੱਤਰ ਮਨਕੀਤ ਸਿੰਘ, ਵਾਸੀ ਭੇਟ, ਡਾਕਖਾਨਾ ਅਹਿਮਦਪੁਰ, ਕਪੂਰਥਲਾ, ਪੰਜਾਬ, ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਪਰਮਬੀਰ ਸਿੰਘ, ਜੋ ਕਿ ਮੇਰੇ ਕਹਿਣੇਕਾਰ ਵਿੱਚ ਨਹੀਂ ਹੈ। ਜਿਸ ਕਰਕੇ ਮੈਂ ਆਪਣੇ ਲੜਕੇ ਪਰਮਬੀਰ ਸਿੰਘ, ਨੂੰ ਆਪਣੀ ਤਮਾਮ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਕਿਸੇ ਨਾਲ ਵੀ ਕਿਸਮ ਦਾ ਲੈਣ-ਦੇਣ ਕਰਨ ਵਾਲਾ ਵਿਅਕਤੀ ਖੁਦ ਜ਼ਿੰਮੇਵਾਰ ਹੋਵੇਗਾ। ਮੈਂ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਾਰੇ ਸਬੰਧਤ ਨੋਟ ਕਰਨ।

ਮੈਂ, ਰਾਕੇਸ਼ ਕੁਮਾਰ ਪੁੱਤਰ ਲੇਟ ਰਘਬੀਰ ਦਾਸ, ਵਾਸੀ ਮਕਾਨ ਨੰ: 927, ਗਲੀ ਨੰ: 2, ਨਿਊ ਬਟਾਲਾ ਰੋਡ, ਅੰਮ੍ਰਿਤਸਰ, ਪੰਜਾਬ-143001 ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਸੋਨਮ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦੀ ਹਾਂ। ਉਸ ਨੇ ਆਪਣੀ ਮਰਜ਼ੀ ਨਾਲ ਵਿਆਹ ਕਰਵਾ ਲਿਆ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਦੇ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਅਤੇ ਉਸ ਦੇ ਚੰਗੇ-ਮਾੜੇ ਕੰਮਾਂ ਦੇ ਮੈਂ ਤੇ ਮੇਰਾ ਪਰਵਾਰ ਜ਼ਿੰਮੇਵਾਰ ਨਹੀਂ ਹੋਵੇਗਾ। ਉਹ ਖੁਦ ਜ਼ਿੰਮੇਵਾਰ ਹੋਵੇਗੀ। ਮੇਰਾ ਅਤੇ ਮੇਰੇ ਪਰਵਾਰ ਦਾ ਉਸ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਅਸੀਂ, ਸੁਰਿੰਦਰ ਸਿੰਘ ਪੁੱਤਰ ਇੰਦਰ ਸਿੰਘ ਅਤੇ ਦਰਸ਼ਨਾ ਰਾਣੀ ਪਤਨੀ ਸੁਰਿੰਦਰ ਸਿੰਘ ਵਾਸੀਅਨ ਮਕਾਨ ਨੰਬਰ BX 1403/74 , ਵਿਵੇਕ ਨਗਰ, ਜਲੰਧਰ ਇਹ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਬੂਟਾ ਸਿੰਘ, ਉਸਦੀ ਪਤਨੀ ਸਿਮਰਨ ਕੌਰ ਅਤੇ ਉਹਨਾਂ ਦੀ ਕੁੜੀਆਂ ਕੁਲਵਿੰਦਰ ਕੌਰ ਅਤੇ ਇੰਦਰਜੀਤ ਕੌਰ ਸਾਡੇ ਕਹਿਣੇ ਤੋਂ ਬਾਹਰ ਹਨ । ਇਸ ਲਈ ਅਸੀਂ ਇਹਨਾ ਨੂੰ ਆਪਣੀ ਚੱਲ - ਅੱਚਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਹਨਾ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ । ਸੰਬੰਧਿਤ ਨੋਟ ਕਰਨ।

ਮੈਂ, ਇਕਬਾਲ ਸਿੰਘ ਪੁੱਤਰ ਤਰਲੋਕ ਸਿੰਘ ਵਾਸੀ ਮਕਾਨ ਨੰ. 867/ਏ, ਮੁਹੱਲਾ ਬਾਬਾ ਬੁੱਢਾ ਜੀ ਨਗਰ, ਬਸਤੀ ਮਿੱਠੂ, ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਇੰਦਰਜੀਤ ਸਿੰਘ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਸਿਮਰਜੀਤ ਕੌਰ ਪਤਨੀ ਚਰਨਜੀਤ ਸਿੰਘ ਵਾਸੀ 1-ਬੀ, ਬਲਦੇਵ ਨਗਰ, ਬਸਤੀ ਦਾਨਿਸ਼ਮੰਦਾ, ਜਲੰਧਰ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਹਰਮਨ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਦੇ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

## ਆਮ ਸੂਚਨਾ

ਮੈਂ ਪਿਆਰੀ (Piari) ਪਤਨੀ ਗੁਰਮੀਤ ਰਾਮ, ਵਾਸੀ ਸਮੁੰਦਰਾ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ, ਇਹ ਘੋਸ਼ਣਾ ਕਰਦੀ ਹਾਂ ਕਿ ਮੇਰੀ ਵਾਰਡ ਨੰਬਰ 11, ਗੜ੍ਹਸ਼ੰਕਰ ਸਥਿਤ ਜਾਇਦਾਦ ਦੇ ਅਸਲ ਲਿੰਕ ਡੀਡ (Link Deed) (ਵਸੀਕਾ ਨੰਬਰ 1948, ਬਹੀ ਨੰਬਰ 1, ਮਿਤੀ 24-09-2007) ਗੁੰਮ ਹੋ ਗਏ ਹਨ।ਪੰਜਾਬ ਗ੍ਰਾਮੀਣ ਬੈਂਕ, ਰਾਮਪੁਰ ਬਿਲੜੋਂ, ਉਪਰੋਕਤ ਜਾਇਦਾਦ ਦੇ ਸਬੰਧ ਵਿੱਚ EM (Equitable Mortgage) ਬਣਾਉਣ ਦਾ ਇਰਾਦਾ ਰੱਖਦਾ ਹੈ। ਜੇਕਰ ਕਿਸੇ ਵੀ ਵਿਅਕਤੀ ਨੂੰ ਇਸ ਜਾਇਦਾਦ ਵਿੱਚ ਕੋਈ ਹਿੱਤ ਜਾਂ ਟਾਈਟਲ (ਹੱਕ) ਹੋਣ ਦਾ ਦਾਅਵਾ ਹੋਵੇ ਜਾਂ ਕੋਈ ਇਤਰਾਜ਼ ਹੋਵੇ, ਤਾਂ ਉਹ ਇਸ ਨੋਟਿਸ ਦੇ ਸੱਤ ਦਿਨਾਂ ਦੇ ਅੰਦਰ ਬੈਂਕ ਕੋਲ ਆਪਣੀ ਪ੍ਰਤੀਨਿਧਤਾ (ਬੇਨਤੀ) ਕਰ ਸਕਦਾ ਹੈ।

ਮੈਂ, ਉਜਾਗਰ ਸਿੰਘ ਪੁੱਤਰ ਟਹਿਲ ਸਿੰਘ ਵਾਸੀ 8-ਬੀ, ਸਰਕੂਲਰ ਰੋਡ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਸੇਲ ਡੀਡ ਪ੍ਰਾਪਰਟੀ ਨਰਿੰਦਰ ਕੌਰ ਪਤਨੀ ਉਜਾਗਰ ਸਿੰਘ ਅਤੇ ਉਜਾਗਰ ਸਿੰਘ ਪੁੱਤਰ ਟਹਿਲ ਸਿੰਘ ਦੇ ਪੱਖ ਵਿਚ ਖਸਰਾ ਨੰ: 1934/892 ਮਿਨ, ਖਾਤਾ ਨੰ: 192/342, ਵਸੀਕਾ ਨੰ: 13057 ਤਸਦੀਕ ਮਿਤੀ 20.01.1989 ਜੋ ਵਾਕਿਆ ਰਕਬਾ ਤੁੰਗਬਾਲਾ, ਅਰਬਨ ਸਰਕੂਲਰ ਰੋਡ ਅੰਮ੍ਰਿਤਸਰ ਵਿਖੇ ਸਥਿਤ ਹੈ, ਜੋ 16.01.2026 ਨੂੰ ਕਿਧਰੇ ਗੁੰਮ ਹੋ ਗਈ ਹੈ। ਇਸ ਦੀ ਡੀ ਡੀ ਆਰ ਪੁਲਸ ਸਟੇਸ਼ਨ ਰਣਜੀਤ ਐਵੀਨਿਊ ਅੰਮ੍ਰਿਤਸਰ ਵਿਖੇ 19.01.2026 ਨੂੰ ਦਰਜ ਕਰਵਾ ਦਿੱਤੀ ਹੈ। ਜਿਸ ਦਾ ਜੀ. ਡੀ. ਨੰ: 040 ਹੈ। ਅਗਰ ਕਿਸੇ ਨੂੰ ਮਿਲੇ ਤਾਂ ਸਾਨੂੰ ਸੰਪਰਕ ਕਰੇ। ਮੋਬਾਇਲ ਨੰ: 77103-77118.

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## ਆਮ ਸੂਚਨਾ

ਮੈਂ, ਅਰਬੀਨ ਕੁਮਾਰ ਪੁੱਤਰ ਧਰਮ ਦੇਵ, ਨਿਵਾਸੀ ਘਰ ਨੰਬਰ 102, ਗੋਲਡਨ ਸਿਟੀ, ਅਲੀਪੁਰ, ਜਲੰਧਰ, ਪੰਜਾਬ ਇਹ ਘੋਸ਼ਣਾ ਕਰਦਾ ਹਾਂ ਕਿ ਮੇਰੇ ਪਿਛਲੇ ਦਸਤਾਵੇਜ਼ਾਂ, ਸਿੱਖਿਆ ਸਰਟੀਫਿਕੇਟਾਂ, ਪਹਿਚਾਣ ਪੱਤਰਾਂ ਆਦਿ ਵਿਚ ਮੇਰੇ ਪਿਤਾ ਦਾ ਨਾਂਅ ਗਲਤ ਤੌਰ 'ਤੇ "ਧਰਮਦੇਵ" ਲਿਖਿਆ ਗਿਆ ਹੈ, ਜਦ ਕਿ ਮੇਰੇ ਪਿਤਾ ਦਾ ਸਹੀ ਨਾਂਅ "ਧਰਮਦੇਵ ਸਾਹ" ਹੈ। ਇਹ ਸੰਬੰਧੀ ਸਭ ਦਸਤਾਵੇਜ਼ਾਂ ਵਿਚ ਸਹੀ ਸੋਧ ਕੀਤੀ ਜਾਵੇ। (ਬੀ)

ਮੈਂ, ਪਰਮੋਦ ਕੁਮਾਰ S/o Dharmadev Sah ਵਾਸੀ ਅਲੀਪੁਰ, ਜਲੰਧਰ ਇਹ ਘੋਸ਼ਣਾ ਕਰਦਾ ਹਾਂ ਕਿ ਕਲਰਕੀ ਗਲਤੀ ਕਾਰਨ ਮੇਰੇ ਪਿਤਾ ਦਾ ਨਾਂਅ ਰਿਕਾਰਡ ਵਿਚ ਗਲਤ ਤੌਰ 'ਤੇ ਧਰਮ ਦੇਵ ਦਰਜ ਹੋ ਗਿਆ ਸੀ, ਜਦ ਕਿ ਉਨ੍ਹਾਂ ਦਾ ਸਹੀ ਨਾਂਅ ਧਰਮਦੇਵ ਸਾਹ ਹੈ। ਇਸੇ ਤਰ੍ਹਾਂ ਕਲਰਕੀ ਗਲਤੀ ਕਾਰਨ ਮੇਰੀ ਮਾਤਾ ਦਾ ਨਾਂਅ ਰਿਕਾਰਡ ਵਿਚ ਗਲਤ ਤੌਰ 'ਤੇ ਸੁਸ਼ੀਲਾ ਦਰਜ ਹੋ ਗਿਆ ਸੀ, ਜਦ ਕਿ ਉਨ੍ਹਾਂ ਦਾ ਸਹੀ ਨਾਂਅ ਸੁਸ਼ੀਲਾ ਦੇਵੀ ਹੈ। ਇਹ ਨੋਟਿਸ ਸਾਰੇ ਸੰਬੰਧਤ ਵਿਭਾਗਾਂ ਅਤੇ ਵਿਅਕਤੀਆਂ ਦੀ ਜਾਣਕਾਰੀ ਅਤੇ ਰਿਕਾਰਡ ਦੀ ਸੁਧਾਈ ਲਈ ਜਾਰੀ ਕੀਤਾ ਜਾਂਦਾ ਹੈ। (ਬੀ)

ਕੁਲਦੀਪ ਸਿੰਘ ਪੁੱਤਰ ਦਿਲਬਾਗ ਸਿੰਘ ਦੇ ਨਾਮੋਂਜ਼ ਵਿੱਚ ਚੱਲ ਰਿਹਾ ਟਿਊਬਵੈੱਲ ਕੁਨੈਕਸਨ AP56/1342A ਸੁਖਦੀਪ ਸਿੰਘ ਪੁੱਤਰ ਕੁਲਦੀਪ ਸਿੰਘ ਆਪਣੇ ਨਾਮ ਕਰਵਾ ਰਿਹਾ ਹੈ । ਇਤਰਾਜਕਰਤਾ 15 ਦਿਨ ਦੇ ਅੰਦਰ ਆਪਣਾ ਇਤਰਾਜ ਉਪ ਮੰਡਲ ਅਫਸਰ ਜੌੜਾ ਛੱਤਰਾਂ ਨੂੰ ਪੇਸ ਕਰ ਸਕਦਾ ਹੈ ।

ਟਿਊਬਵੈਲ ਕੁਨੈਕਸ਼ਨ ਖਾਤਾ ਨੰਬਰ AP33-0760 L ਸ੍ਰੀ ਮੁਖਤਾਰ ਸਿੰਘ ਪੁੱਤਰ ਸ੍ਰੀ ਬਾਰਾ ਸਿੰਘ ਵਾਸੀ ਸ਼ਕਰੀ ਦੇ ਨਾਮ ਤੇ ਚੱਲਦਾ ਹੈ। ਇਸ ਕੁਨੈਕਸਨ ਦੀ ਨਾਮ ਬਦਲੀ ਕਰਨ ਵਾਸਤੇ ਸ੍ਰੀ ਸਰਬਜੀਤ ਸਿੰਘ ਪੁੱਤਰ ਰਸਾਲ ਸਿੰਘ ਵਾਸੀ ਸ਼ਕਰੀ ਨੇ ਉਪ ਮੰਡਲ ਸਰਹਾਲੀ ਨੂੰ ਬਿਨੈ ਪੱਤਰ ਦਿੱਤਾ ਹੈ। ਜੇਕਰ ਕਿਸੇ ਨੂੰ ਇਤਰਾਜ਼ ਹੋਵੇ ਤਾ ਉਹ 15 ਦਿਨਾਂ ਦੇ ਅੰਦਰ-ਅੰਦਰ ਉਪ-ਮੰਡਲ ਸਰਹਾਲੀ ਨੂੰ ਲਿਖਤੀ ਤੌਰ ਤੇ ਸ਼ਿਕਾਇਤ ਕਰੋ, ਨਹੀ ਤਾ ਇਹ ਕੁਨੈਕਸ਼ਨ ਦੀ ਨਾਮ ਬਦਲੀ ਕਰ ਦਿੱਤੀ ਜਾਵੇਗੀ। ਬਾਅਦ ਵਿਚ ਕੋਈ ਇਤਰਾਜ ਸਵੀਕਾਰ ਨਹੀ ਕੀਤਾ ਜਾਵੇਗਾ ਅਤੇ ਮਹਿਕਮੇ ਦੀ ਕੋਈ ਵੀ ਜੁੰਮੇਵਾਰੀ ਨਹੀ ਹੋਵੇਗੀ।ਉਪ ਮੰਡਲ ਅਫਸਰ, ਪੀ.ਐਸ.ਪੀ.ਸੀ.ਐਲ, ਉਪ ਮੰਡਲ ਸਰਹਾਲੀ।

ਖਾਤਾ ਨੰਬਰ ਐੱਮ ਆਰ ਏ ਪੀ/09, ਜੋ ਕਿ ਪਿੰਡ ਮੰਡੇਰ ਵਿਖੇ ਭੋਲਾ ਸਿੰਘ ਪੁੱਤਰ ਨਛੱਤਰ ਸਿੰਘ, ਵਾਸੀ ਮੰਡੇਰ ਦੇ ਨਾਂਅ 'ਤੇ ਚੱਲਦਾ ਹੈ। ਇਸ ਕੁਨੈਕਸ਼ਨ ਨੂੰ ਬਲਜਿੰਦਰ ਸਿੰਘ ਪੁੱਤਰ ਭੋਲਾ ਸਿੰਘ, ਵਾਸੀ ਮੰਡੇਰ ਆਪਣੇ ਨਾਂਅ ਕਰਵਾਉਣਾ ਚਾਹੁੰਦਾ ਹੈ। ਇਸ ਸੰਬੰਧੀ ਜੇਕਰ ਕਿਸੇ ਵਿਅਕਤੀ ਨੂੰ ਇਤਰਾਜ਼ ਹੋਵੇ ਤਾਂ ਉਹ 15 ਦਿਨਾਂ ਦੇ ਅੰਦਰ-ਅੰਦਰ ਪੀ ਐੱਸ ਪੀ ਸੀ ਐੱਲ ਦਫ਼ਤਰ ਬਰੇਟਾ ਵਿਖੇ ਸੰਪਰਕ ਕਰ ਸਕਦਾ ਹੈ।

ਹਰਬੰਸ ਸਿੰਘ ਪੁੱਤਰ ਸ੍ਰੀ ਕਰਨੈਲ ਸਿੰਘ, ਪਿੰਡ ਮਰੜੀ ਕਲਾਂ ਦੇ ਨਾਂਅ ਉੱਪਰ T/W Connection ਜਿਸ ਦਾ ਖਾਤਾ ਨੰਬਰ 3003422995, 7½ HP ਚੱਲਦਾ ਹੈ। ਹਰਬੰਸ ਸਿੰਘ ਦੀ ਮੌਤ ਹੋ ਚੁੱਕੀ ਹੈ। ਇਹ T/W Connection ਇਨ੍ਹਾਂ ਦੇ ਬੇਟਿਆਂ ਸੂਬਾ ਸਿੰਘ, ਅਜਮੇਰ ਸਿੰਘ, ਕੰਵਲਜੀਤ ਸਿੰਘ ਪਿੰਡ ਮਰੜੀ ਕਲਾਂ ਦੇ ਨਾਂਅ ਉੱਪਰ ਤਬਦੀਲ ਕੀਤਾ ਜਾਵੇ। ਜੇਕਰ ਕਿਸੇ ਵਿਅਕਤੀ ਨੂੰ ਕੋਈ ਵੀ ਇਤਰਾਜ਼ ਹੈ ਤਾਂ ਉਹ ਉਪ ਮੰਡਲ ਦਫ਼ਤਰ ਮਜੀਠਾ-2 ਵਿਖੇ ਸੰਪਰਕ ਕਰ ਸਕਦਾ ਹੈ।

ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮੋਟਰ ਕੁਨੈਕਸ਼ਨ ਖਾਤਾ ਨੰ.-1-1417, ਜੋ ਕਿ ਸ੍ਰੀ ਲਛਮਨ ਸਿੰਘ ਪੁੱਤਰ ਸ੍ਰੀ ਮਸਤੂ ਸਿੰਘ ਪਿੰਡ ਕਕਰਾਲੀ, ਤਹਿ. ਮੋਰਿੰਡਾ, ਜ਼ਿਲ੍ਹਾ ਰੂਪਨਗਰ ਵਿਖੇ 10 ਬੀ.ਐੱਚ.ਪੀ ਦਾ ਚੱਲ ਰਿਹਾ ਹੈ। ਹੁਣ ਸ੍ਰੀ ਗੁਰਬੰਤ ਸਿੰਘ ਪੁੱਤਰ ਸ੍ਰੀ ਸੁਰਜਨ ਸਿੰਘ ਵਾਸੀ ਪਿੰਡ ਮਕਾਨ ਨੰਬਰ 783 ਸੈਕਟਰ 91 ਐੱਸ. ਏ. ਐਸ. ਨਗਰ ਮੋਹਾਲੀ ਵੱਲੋਂ ਦਰਖਾਸਤ ਦਿੱਤੀ ਗਈ ਹੈ ਕਿ ਉਪਰੋਕਤ ਕੁਨੈਕਸ਼ਨ ਮੇਰੇ ਨਾਂਅ 'ਤੇ ਤਬਦੀਲ ਕੀਤਾ ਜਾਵੇ। ਜੇ ਕਿਸੇ ਵੀ ਵਿਅਕਤੀ ਨੂੰ ਕੋਈ ਵੀ ਇਤਰਾਜ਼ ਹੋਵੇ ਤਾਂ ਉਹ 15 ਦਿਨਾਂ ਦੇ ਅੰਦਰ-ਅੰਦਰ ਨਿਮਨਹਸਤਾਖਰ ਦੇ ਦਫਤਰ ਪੇਸ਼ ਹੋ ਕੇ ਇਤਰਾਜ ਕਰ ਸਕਦਾ ਹੈ।ਬਾਅਦ 'ਚ ਕੋਈ ਵੀ ਇਤਰਾਜ਼ ਨਹੀਂ ਸੁਣਿਆ ਜਾਵੇਗਾ ਅਤੇ ਮੋਟਰ ਕੁਨੈਕਸ਼ਨ ਸ੍ਰੀ ਗੁਰਬੰਤ ਸਿੰਘ ਪੁੱਤਰ ਸ੍ਰੀ ਸੁਰਜਨ ਸਿੰਘ, ਵਾਸੀ ਪਿੰਡ ਮਕਾਨ ਨੰਬਰ 783 ਸੈਕਟਰ 91 ਐੱਸ. ਏ. ਐੱਸ. ਨਗਰ ਮੋਹਾਲੀ ਦੇ ਨਾਂਅ ਤਬਦੀਲ ਕਰ ਦਿੱਤਾ ਜਾਵੇਗਾ।ਸਹਾਇਕ ਕਾਰਜਕਾਰੀ ਇੰਜੀਨੀਅਰ ਪੀ. ਐੱਸ.ਪੀ.ਸੀ.ਐੱਲ, ਉਪ ਮੰਡਲ, ਕੁਰਾਲੀ।

ਇਕ ਟਿਊਬਵੈਲ ਕੁਨੈਕਸ਼ਨ ਜੋ ਹਰਬੰਸ ਸਿੰਘ ਪੁੱਤਰ ਆਤਮਾ ਸਿੰਘ ਵਾਸੀ ਗਹਿਰੀ ਮੰਡੀ ਦਾ ਪਿੰਡ ਜਠੋਲ ਵਿਚ ਅਧੀਨ ਅਟਾਰੀ ਉਪ ਮੰਡਲ ਵਿਚ ਚੱਲ ਰਿਹਾ ਹੈ। ਇਸ ਦਾ ਨਾਮ ਤਬਦੀਲੀ ਸੰਬੰਧੀ ਬਿਨੈਪੱਤਰ ਪ੍ਰਾਪਤ ਹੋਇਆ ਹੈ, ਇਸ ਕੁਨੈਕਸ਼ਨ ਜਿਸ ਦਾ ਖਾਤਾ ਨੰਬਰ ਏ 31 ਏ ਪੀ 260682 ਐੱਮ ਸਮਰਥਾ 7.5 ਐੱਚ ਪੀ (ਪੁਰਾਣਾ ਖਾਤਾ ਨੰਬਰ ਐੱਲ-682) ਨਾਮ ਤਬਦੀਲੀ ਉਪਰੰਤ ਨਵਜੋਤ ਸਿੰਘ ਪੁੱਤਰ ਦਲਬੀਰ ਸਿੰਘ ਦੇ ਨਾਮ ਤੇ ਹੋਣਾ ਹੈ । ਇਸ ਸੰਬੰਧੀ ਕਿਸੇ ਨੂੰ ਕੋਈ ਇਤਰਾਜ ਹੋਵੇ ਤਾ ਉਹ ਲਿਖਤੀ ਰੂਪ ਵਿਚ 7 ਦਿਨਾਂ ਦੇ ਅੰਦਰ ਅੰਦਰ ਨਿਮਨਹਸਤਾਖਰੀ ਨੂੰ ਦਿੱਤਾ ਜਾ ਸਕਦਾ ਹੈ । ਬਾਅਦ ਵਿਚ ਇਤਰਾਜ ਮੰਨਣਯੋਗ ਨਹੀਂ ਹੋਵੇਗਾ ਅਤੇ ਨਾਮ ਤਬਦੀਲੀ ਕਰ ਦਿੱਤੀ ਜਾਵੇਗੀ। ਐਸ.ਡੀ. ਓ. ਪੀ. ਐੱਸ.ਪੀ.ਸੀ. ਐੱਲ. ਅਟਾਰੀ।

## ਨਾਂਅ ਦੀ ਬਦਲੀ

ਮੈਂ, ਸਪਨਾ ਪਤਨੀ ਅਸ਼ੋਕ ਕੁਮਾਰ ਵਾਸੀ ਨੂਰਮਹਿਲ ਮੁਹੱਲਾ ਖਟੀਕਾ ਜਿਲ੍ਹਾ ਜਲੰਧਰ ਨੇ ਆਪਣਾ ਨਾਂਅ ਸਪਨਾ ਤੋਂ ਬਦਲ ਕੇ ਸਪਨਾ ਰਾਣੀ ਰੱਖ ਲਿਆ ਹੈ।

ਮੈਂ, ਵਿਕਰਮ ਕੁਮਾਰ ਪੁੱਤਰ ਅਮਰ ਨਾਥ ਵਾਸੀ ਨੰਗਲ ਸਲੇਮਪੁਰ, ਜ਼ਿਲ੍ਹਾ ਜਲੰਧਰ, ਪੰਜਾਬ ਨੇ ਆਪਣੀ ਲੜਕੀ ਤਮੰਨਾ ਦਾ ਨਾਂਅ ਤਮੰਨਾ ਤੋਂ ਬਦਲ ਕੇ ਤਮੰਨਾ ਰਾਣੀ ਰੱਖ ਲਿਆ ਹੈ।

ਮੈਂ, ਰਮੇਸ਼ ਬਾਲਾ ਪੁੱਤਰੀ ਪ੍ਰੇਮ ਨਾਥ ਪਾਂਧੀ ਪਤਨੀ ਬਲਵਿੰਦਰ ਕੁਮਾਰ ਵਾਸੀ 129, ਗੋਲਡਨ ਕਲੋਨੀ, ਫੇਜ਼-2, ਬੜਿੰਗ, ਜਲੰਧਰ ਨੇ ਆਪਣਾ ਨਾਮ ਬਦਲ ਕੇ ਰਮੇਸ਼ ਬਾਲਾ ਉਰਫ ਕੁਸਮ ਕਪੂਰ ਰੱਖ ਲਿਆ ਹੈ। ਦੋਵੇਂ ਨਾਮ ਇੱਕੋ ਵਿਅਕਤੀ ਦੇ ਹਨ।

## PUBLIC NOTICE

I, Rajandeep Kaur D/o Sr. Nirmal Singh R/o Village Madhepur, PO. Dorangla, Gurdaspur,Pin-143526, Punjab, India declare that my given name as Rajandeep and my surname as Kaur.

I, Jaswant Singh S/o Kashmir Singh resident of Village Saidpur, PO. Bhattike, Tehsil Baba Bakala, District Amritsar, PIN-143116, Punjab, declare that in my Passport No. Y7901161 date of issue 09/08/2023 and date of expiry 08/08/2033 my wife's name in spouse column is written as Bhinder Pal Kaur, but his correct name is Bhupinder Kaur as mentioned in her Aadhar Card, ID's and our other family documents.

## COURT NOTICE

(U/o 5 Rule 20 CPC)
In The Court of Gurkirat Singh
Civil Judge (Junior Division), Amritsar
CNR No. PBAS02-000126-2025
Next Date:- 19-02-2026

Rakesh Kumar S/o Seetla Prasad, R/o 26, Essma Estate, Ram Tirath Road, Amritsar

Vs.

Jawala Parshad S/o Seetla Parshad Resident of House No. 2204/9, Gali Jaswant Katra Dullo, Amritsar, Punjab ...etc.

CS DECL P INJ

Publication Issued To:

Gurbachan Singh S/o Gopal Singh R/o H. No. 382, Gali Granthian, Partap Bazar, Amritsar at Present R/O H.No. 408, Basant Avenue, Amritsar

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 19-02-2026 at 10:00 a.m.

For details logon to https://highcourtchd.gov.in/?trs=district_notice&district=Amritsar

Civil Judge (Junior Division)
Amritsar

Dated, this day of 21-01-2026

---

In The High Court of
Punjab and Haryana at Chandigarh
Judicial Department
No. 398 Civil-II/SB-2 Dated:19.01.26
CM-13383-C-2025 IN RSA
No.1367-2018
Next Date of hearing: 12.03.2026

Jaswinder Singh and ORS. ...Appellant

Versus

Sham Lal Verma and ORS. ...Respondent

Petiton/Appeal U/s 151 C.P.C. and other relevant provision of CPC

To

5. Davinder Singh son of Sudarshan Singh r/o Mohalla Surnian, Tehsil Nurmahal, District Jalanadhar.
7. Vidya Parkash represented by Gandharv Sain r/o Basti Gujran, Jalandhar.
8. Sudarshan Singh son of Desa Singh r/o Mohalla Surnian, Tehsil Nurmahal, District Jalandhar.

Whereas, it is proved to the satisfaction of this Court that the above named respondents cannot be served in the ordinary manner, notice is hereby issued against him to appear in this Court on 12.03.2026 at 10:00 a.m. Sharp personally or through summons authorized by law to act for him or an Advocate of this Court to defend the above noted case, failing which it will be heard and decided exparte.

Yours faithfully,
Superintendent (RSA)
For Registrar Judicial
Punjab and Haryana High Court
Chandigarh

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸਹਾਇਕ ਕੁਲੈਕਟਰ ਦਰਜਾ ਪਹਿਲਾ ਬਟਾਲਾ

ਕੇਸ ਨੰ: 8 ਮਿਤੀ ਰਜੂਆ 21.03.2024
ਤਾਰੀਖ ਪੇਸ਼ੀ 11.02.2026
ਕਿਸਮ: ਇੰਤਕਾਲ ਅਧੀਨ ਧਾਰਾ 40(1) ਤਹਿਤ
ਪਿੰਡ : ਵੈਰੋਨੰਗਲ ਹੱਦਬਸਤ ਨੰਬਰ 118 ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ।

ਇੰਤਕਾਲ ਨੰਬਰ 2095 ਜ਼ੇਰ ਧਾਰਾ 40(1) ਤਹਿਤ ਪਿੰਡ ਵੈਰੋਨੰਗਲ ਹੱਦਬਸਤ ਨੰਬਰ 118 ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਬਾਹੱਕ ਯੁਵਰਾਜ ਸਿੰਘ ਪੁੱਤਰ ਦਿਆ ਸਿੰਘ ਪੁੱਤਰ ਅਵਤਾਰ ਸਿੰਘ ਇਸ ਅਦਾਲਤ ਵਿੱਚ ਵਿਚਾਰ ਅਧੀਨ ਹੈ। ਇਹ ਇੰਤਕਾਲ ਵਿੱਚ ਕੁਰਸੀਨਾਮੇ ਮੁਤਾਬਿਕ ਪਰਨੀਤ ਕੌਰ ਪੁੱਤਰੀ ਅਵਤਾਰ ਸਿੰਘ ਪੁੱਤਰ ਦਲੀਪ ਸਿੰਘ ਵਾਸੀ ਪਿੰਡ ਵੈਰੋ ਨੰਗਲ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਹਾਜ਼ਰ ਅਦਾਲਤ ਨਹੀਂ ਆਈ ਅਤੇ ਨਾ ਹੀ ਪਿੰਡ ਵਿੱਚ ਰਿਹਾਇਸ਼ ਰੱਖਦੀ ਹੈ।ਇਸ ਲਈ ਇਸ ਨੋਟਿਸ ਰਾਹੀ ਉਕਤ ਅਤੇ ਆਮ ਪਬਲਿਕ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਨੂੰ ਉਕਤ ਇੰਤਕਾਲ ਪ੍ਰਵਾਨ ਹੋਣ ਵਿੱਚ ਕੋਈ ਇਤਰਾਜ਼ ਹੋਵੇ ਤਾਂ ਉਹ ਪੇਸ਼ੀ ਮਿਤੀ 11.02.2026 ਨੂੰ ਇਸ ਅਦਾਲਤ ਵਿੱਚ ਅਸਾਲਤਨ ਜਾਂ ਵਕਾਲਤਨ ਹਾਜ਼ਰ ਹੋ ਕੇ ਇਤਰਾਜ਼ ਪੇਸ਼ ਕਰ ਸਕਦਾ ਹੈ।ਜੇਕਰ ਮਿੱਥੀ ਮਿਤੀ ਨੂੰ ਕੋਈ ਇਤਰਾਜ਼ ਪੇਸ਼ ਨਹੀਂ ਹੁੰਦਾ ਤਾਂ ਇਹ ਇੰਤਕਾਲ ਦੀ ਰੂਲਾਂ ਅਨੁਸਾਰ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਅੱਜ ਮਿਤੀ 21.1.2026 ਨੂੰ ਮੇਰੇ ਹਸਤਾਖਰ ਅਤੇ ਅਦਾਲਤੀ ਮੋਹਰ ਨਾਲ ਜਾਰੀ ਹੋਇਆ।

ਸਹੀ/-ਸਹਾਇਕ ਕੁਲੈਕਟਰ ਦਰਜਾ ਪਹਿਲਾ, ਬਟਾਲਾ

## NOTICE TO APPEAR/ATTEND PROCEEDINGS OF DLM&SFC-LDH

THROUGH THIS PUBLICATION THIS IS FOR CONSTRUCTIVE NOTICE FOR RESPONDANT **M/S GAZI TRADING CO., STUATED AT B-10-452, TELIAN WALI GALI, IQBAL GANJ CHOWK, LUDHIANA, PUNJAB-141008.** TO APPEAR IN PERSON OR THROUGH AUTHORIZED REPRESENTATIVE BEFORE THE DISTRICT LEVEL MICRO & SMALL FACILITATION COUNCIL, LUDHIANA, DISTRICT INDUSTRIAL CENTRE, LUDHIANA ON **02/02/2026** REGARDING CLAIM REFERENCE PETITION SUBMITTED BY CLAIMANT **M/S S.A TEXTILES SITUATED AT 2564/3, 1st FLOOR, MOHINDRA COLONY, MOTI NAGAR, LUDHIANA, PUNJAB.** ACT 2006 BEARING REF. NUMBER **MSEFC/DIC- PB/12/M/LUD/02792.** IF RESPONDENT STILL FALLS OR OMITS TO APPEAR AS ABOVE THEN ARBITRATION PROCEEDINGS SHALL BE CONDUCTED AS PER SECTION 23 & 25, OF ARBITRATION & CONCILIATION ACT AND AWARD SHALL ALSO BE PASSED ON THE BASIS OF EVIDENCE BEFORE IT.

Member Secretary cum General Manager **District Industries Centre,** Industrial Estate, Ludhiana, Ph. No. 0161-2540995, Email Id:-dicludhiana5@gmail.com

## NOTICE TO APPEAR/ATTEND PROCEEDINGS OF DLM&SFC-LDH

THROUGH THIS PUBLICATION THIS IS FOR CONSTRUCTIVE NOTICE FOR RESPONDENT **M/S TCI SAFIDON** SITUATED AT C-147, FOCAL POINT, PHASE-V, LUDHIANA- 141010. TO APPEAR IN PERSON OR THROUGH AUTHORIZED REPRESENTATIVE BEFORE THE DISTRICT LEVEL MICRO & SMALL FACILITATION COUNCIL, LUDHIANA, DISTRICT INDUSTRIAL CENTRE, LUDHIANA ON **02/02/2026** REGARDING CLAIM REFEENCE PETITION SUBMITTED BY CLAIMANT **M/S SHREE KRISHNA PACKERS** SITUATED AT B-XXIX, 536-21D/5A, CAMPA COLA COMPANY, NEAR GURUDWARA DHANDARI KALAN, LUDHIANA, PUNJAB. ACT 2006 BEARING REF. NUMBER **MSEFC/DIC- MSEFC/DIC/05/24/3085.** IF RESPONDENT STILL FALLS OR OMITS TO APPEAR AS ABOVE THEN ARBITRATION PROCEEDINGS SHALL BE CONDUCTED AS PER SECTION 23 & 25, OF ARBITRATION & CONCILIATION ACT AND AWARD SHALL ALSO BE PASSED ON THE BASIS OF EVIDENCE BEFORE IT.

Member Secretary cum General Manager **District Industries Centre,** Industrial Estate, Ludhiana, Ph. No. 0161-2540995, Email Id:-dicludhiana5@gmail.com

## ਮੁੱਖ ਅਧਿਆਪਕ ਪੀ. ਐੱਮ ਸ਼੍ਰੀ ਸਰਕਾਰੀ ਹਾਈ ਸਕੂਲ ਰਾਮਗੜ੍ਹ ਜਵੰਦੇ, ਜ਼ਿਲ੍ਹਾ ਸੰਗਰੂਰ

Ph. No. 98148-38700, Email: GHS.ramgarhjawanda.sgr@gmail.com
ਪੱਤਰ ਨੰਬਰ : SCERT/RAA/e-994483/2026/16767 ਮਿਤੀ:- ਸ. ਅ. ਸ ਨਗਰ 20-01-2026

### ਵਿਸ਼ਾ- ਸ਼ੌਰਟ ਟੈਂਡਰ ਨੋਟਿਸ

ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ ਵੱਲੋਂ ਪੀ.ਐਮ. ਸ਼੍ਰੀ ਸਰਕਾਰੀ ਹਾਈ ਸਕੂਲ ਰਾਮਗੜ੍ਹ ਜਵੰਦੇ ਦੇ 50 ਵਿਦਿਆਰਥੀਆਂ ਅਤੇ 2 ਅਧਿਆਪਕਾਂ ਦਾ ਐਕਸਪੋਜਰ ਟੂਰ ਜੈਪੁਰ ਵਿਖੇ ਲਿਜਾਣ ਦੀ ਪ੍ਰਵਾਨਗੀ ਮਿਲੀ ਹੈ। ਇਸ ਵਿੱਚ ਸਕੂਲ ਤੋਂ ਲੈ ਕੇ ਜੈਪੁਰ ਲਿਜਾਣ, ਉੱਥੇ ਵੱਖ-ਵੱਖ ਥਾਵਾਂ 'ਤੇ ਘੁੰਮਾਉਣ, ਦਿਖਾਉਣ, ਪੰਜ ਦਿਨ ਦਾ ਖਾਣ-ਪੀਣ, ਰਹਿਣ-ਸਹਿਣ, ਉੱਥੇ ਲੱਗਣ ਵਾਲੀਆਂ ਟੂਰਿਸਟ ਥਾਵਾਂ ਦੀਆਂ ਟਿਕਟਾਂ ਦਾ ਖਰਚਾ, ਅਤੇ ਵਾਪਸੀ ਸਕੂਲ, ਤੱਕ ਛੱਡਣ ਦਾ ਪੂਰਨ ਤੌਰ 'ਤੇ ਖਰਚਾ (GST ਸਮੇਤ) ਸ਼ਾਮਿਲ ਹੈ। ਦਿਲਚਸਪੀ ਰੱਖਦੀਆਂ ਵਪਾਰਕ ਸੰਸਥਾਵਾਂ ਨੂੰ ਮਿਤੀ 24-01-26 ਨੂੰ ਸਕੂਲ ਵਿੱਚ ਸਵੇਰੇ 10:00 ਵਜੇ ਪਹੁੰਚਣ ਦਾ ਸੱਦਾ ਦਿੱਤਾ ਜਾਂਦਾ ਹੈ।

ਸਹੀ/- ਮੁੱਖ ਅਧਿਆਪਕ ਪੀ. ਐੱਮ. ਸ਼੍ਰੀ ਸਰਕਾਰੀ ਹਾਈ ਸਕੂਲ ਰਾਮਗੜ੍ਹ ਜਵੰਦੇ (ਸੰਗਰੂਰ)

## ਪੀ ਐੱਮ ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਭਵਾਨੀਗੜ੍ਹ (ਕੁੜੀਆਂ) ਜ਼ਿਲ੍ਹਾ ਸੰਗਰੂਰ

Ph. No. 94175-01953, Email: gsss.bhawanigarhgirls.sgr@gmail.com
ਪੱਤਰ ਨੰਬਰ : SCERT/RAA/e-994483/2026/16767 ਮਿਤੀ:- ਸ. ਅ. ਸ ਨਗਰ 20-01-2026

### ਵਿਸ਼ਾ- ਸ਼ੌਰਟ ਟੈਂਡਰ ਨੋਟਿਸ

ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ ਵੱਲੋਂ ਪੀ.ਐਮ. ਸ਼੍ਰੀ ਸ.ਸ.ਸ.ਸ.ਭਵਾਨੀਗੜ੍ਹ (ਕੁੜੀਆਂ ) ਦੇ 50 ਵਿਦਿਆਰਥੀਆਂ ਅਤੇ 2 ਅਧਿਆਪਕਾਂ ਦਾ ਐਕਸਪੋਜਰ ਟੂਰ ਜੈਪੁਰ ਵਿਖੇ ਲਿਜਾਣ ਦੀ ਪ੍ਰਵਾਨਗੀ ਮਿਲੀ ਹੈ। ਇਸ ਵਿੱਚ ਸਕੂਲ ਤੋਂ ਲੈ ਕੇ ਜੈਪੁਰ ਲਿਜਾਣ, ਉੱਥੇ ਵੱਖ-ਵੱਖ ਥਾਵਾਂ 'ਤੇ ਘੁੰਮਾਉਣ, ਦਿਖਾਉਣ, ਪੰਜ ਦਿਨ ਦਾ ਖਾਣ-ਪੀਣ, ਰਹਿਣ-ਸਹਿਣ, ਉੱਥੇ ਲੱਗਣ ਵਾਲੀਆਂ ਟੂਰਿਸਟ ਥਾਵਾਂ ਦੀਆਂ ਟਿਕਟਾਂ ਦਾ ਖਰਚਾ, ਅਤੇ ਵਾਪਸੀ ਸਕੂਲ, ਤੱਕ ਛੱਡਣ ਦਾ ਪੂਰਨ ਤੌਰ 'ਤੇ ਖਰਚਾ (GST ਸਮੇਤ) ਸ਼ਾਮਿਲ ਹੈ। ਦਿਲਚਸਪੀ ਰੱਖਦੀਆਂ ਵਪਾਰਕ ਸੰਸਥਾਵਾਂ ਨੂੰ ਮਿਤੀ 24-01-26 ਨੂੰ ਸਕੂਲ ਵਿੱਚ ਸਵੇਰੇ 10:00 ਵਜੇ ਪਹੁੰਚਣ ਦਾ ਸੱਦਾ ਦਿੱਤਾ ਜਾਂਦਾ ਹੈ।

ਸਹੀ/- ਪ੍ਰਿੰਸੀਪਲ ,ਪੀ.ਐਮ ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭਵਾਨੀਗੜ੍ਹ (ਕੁੜੀਆਂ) (ਸੰਗਰੂਰ)

## ਪੀ ਐੱਮ ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਭਵਾਨੀਗੜ੍ਹ (ਮੁੰਡੇ) ਜ਼ਿਲ੍ਹਾ ਸੰਗਰੂਰ

Ph. No. 82880-91953, Email: gsss.bhawanigarhboys.sgr@gmail.com
ਪੱਤਰ ਨੰਬਰ : SCERT/RAA/e-994483/2026/16767 ਮਿਤੀ:- ਸ. ਅ. ਸ ਨਗਰ 20-01-2026

### ਵਿਸ਼ਾ- ਸ਼ੌਰਟ ਟੈਂਡਰ ਨੋਟਿਸ

ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ ਵੱਲੋਂ ਪੀ.ਐਮ. ਸ਼੍ਰੀ ਸ.ਸ.ਸ.ਸ.ਭਵਾਨੀਗੜ੍ਹ (ਮੁੰਡੇ ) ਦੇ 50 ਵਿਦਿਆਰਥੀਆਂ ਅਤੇ 2 ਅਧਿਆਪਕਾਂ ਦਾ ਐਕਸਪੋਜਰ ਟੂਰ ਜੈਪੁਰ ਵਿਖੇ ਲਿਜਾਣ ਦੀ ਪ੍ਰਵਾਨਗੀ ਮਿਲੀ ਹੈ। ਇਸ ਵਿੱਚ ਸਕੂਲ ਤੋਂ ਲੈ ਕੇ ਜੈਪੁਰ ਲਿਜਾਣ, ਉੱਥੇ ਵੱਖ-ਵੱਖ ਥਾਵਾਂ 'ਤੇ ਘੁੰਮਾਉਣ, ਦਿਖਾਉਣ, ਪੰਜ ਦਿਨ ਦਾ ਖਾਣ-ਪੀਣ, ਰਹਿਣ-ਸਹਿਣ, ਉੱਥੇ ਲੱਗਣ ਵਾਲੀਆਂ ਟੂਰਿਸਟ ਥਾਵਾਂ ਦੀਆਂ ਟਿਕਟਾਂ ਦਾ ਖਰਚਾ, ਅਤੇ ਵਾਪਸੀ ਸਕੂਲ, ਤੱਕ ਛੱਡਣ ਦਾ ਪੂਰਨ ਤੌਰ 'ਤੇ ਖਰਚਾ (GST ਸਮੇਤ) ਸ਼ਾਮਿਲ ਹੈ। ਦਿਲਚਸਪੀ ਰੱਖਦੀਆਂ ਵਪਾਰਕ ਸੰਸਥਾਵਾਂ ਨੂੰ ਮਿਤੀ 24-01-26 ਨੂੰ ਸਕੂਲ ਵਿੱਚ ਸਵੇਰੇ 10:00 ਵਜੇ ਪਹੁੰਚਣ ਦਾ ਸੱਦਾ ਦਿੱਤਾ ਜਾਂਦਾ ਹੈ।

ਸਹੀ/- ਪ੍ਰਿੰਸੀਪਲ ,ਪੀ ਐੱਮ ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭਵਾਨੀਗੜ੍ਹ (ਮੁੰਡੇ) (ਸੰਗਰੂਰ)

## ਪੀ ਐੱਮ ਸ਼੍ਰੀ ਸਰਕਾਰੀ ਹਾਈ ਸਕੂਲ, ਬਰੜਵਾਲ ਜ਼ਿਲ੍ਹਾ ਸੰਗਰੂਰ

Ph. No. 98770-11283 , Email: ghs.bardwal.ghs@ gmail.com
ਪੱਤਰ ਨੰਬਰ : SCERT/RAA/e-994483/2026/16767 ਮਿਤੀ:- ਸ. ਅ. ਸ ਨਗਰ 20-01-2026

### ਵਿਸ਼ਾ- ਸ਼ੌਰਟ ਟੈਂਡਰ ਨੋਟਿਸ

ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ ਵੱਲੋਂ ਪੀ.ਐੱਮ. ਸ਼੍ਰੀ ਸ.ਹ.ਸ. ਬਰੜਵਾਲ ਦੇ 50 ਵਿਦਿਆਰਥੀਆਂ ਅਤੇ 2 ਅਧਿਆਪਕਾਂ ਦਾ ਐਕਸਪੋਜਰ ਟੂਰ ਜੈਪੁਰ ਵਿਖੇ ਲਿਜਾਣ ਦੀ ਪ੍ਰਵਾਨਗੀ ਮਿਲੀ ਹੈ। ਇਸ ਵਿੱਚ ਸਕੂਲ ਤੋਂ ਲੈ ਕੇ ਜੈਪੁਰ ਲਿਜਾਣ, ਉੱਥੇ ਵੱਖ-ਵੱਖ ਥਾਵਾਂ 'ਤੇ ਘੁੰਮਾਉਣ, ਦਿਖਾਉਣ, ਪੰਜ ਦਿਨ ਦਾ ਖਾਣ-ਪੀਣ, ਰਹਿਣ-ਸਹਿਣ, ਉੱਥੇ ਲੱਗਣ ਵਾਲੀਆਂ ਟੂਰਿਸਟ ਥਾਵਾਂ ਦੀਆਂ ਟਿਕਟਾਂ ਦਾ ਖਰਚਾ, ਅਤੇ ਵਾਪਸੀ ਸਕੂਲ, ਤੱਕ ਛੱਡਣ ਦਾ ਪੂਰਨ ਤੌਰ 'ਤੇ ਖਰਚਾ (GST ਸਮੇਤ) ਸ਼ਾਮਿਲ ਹੈ। ਦਿਲਚਸਪੀ ਰੱਖਦੀਆਂ ਵਪਾਰਕ ਸੰਸਥਾਵਾਂ ਨੂੰ ਮਿਤੀ 24-01-26 ਨੂੰ ਸਕੂਲ ਵਿੱਚ ਸਵੇਰੇ 10:00 ਵਜੇ ਪਹੁੰਚਣ ਦਾ ਸੱਦਾ ਦਿੱਤਾ ਜਾਂਦਾ ਹੈ।

ਸਹੀ/- ਹੈੱਡਮਾਸਟਰ ,ਪੀ ਐੱਮ ਸ਼੍ਰੀ ਸਰਕਾਰੀ ਹਾਈ ਸਕੂਲ ਬਰੜਵਾਲ (ਸੰਗਰੂਰ)

## AXIS BANK LTD.

Axis Bank Ltd., Retail Asset Centre, 2nd Floor, Property # 7-E, Municipal 3903/1142/16, Malhar Road, Sarabha Nagar, Ludhiana -141001

REGISTERED OFFICE: "Trishul" – 3rd Floor Opp. Samartheswar Temple, Near Law Garden, Ellisbridge, Ahmedabad – 380006.

### ਅੰਤਿਕਾ IV [ ਰੂਲ-8(1)] ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)

ਜਦੋਂ ਕਿ ਨਿਮਨਹਸਤਾਖਰੀ ਨੇ ਐਕਸਿਸ ਬੈਂਕ ਲਿਮਟਿਡ ਦੇ ਅਧਿਕਾਰਤ ਅਫਸਰ ਵਜੋਂ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐਕਟ 2002 ਅਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ 12 ਜੁਲਾਈ 2025 ਨੂੰ ਡਿਮਾਂਡ ਨੋਟਿਸ ਜਾਰੀ ਕਰਦਿਆਂ ਜਤਿੰਦਰ ਪਲਾਸਟਿਕ ਇੰਡਸ ਰਾਹੀਂ ਇਸ ਦੇ ਮਾਲਕ ਸ੍ਰੀ ਜਤਿੰਦਰ ਚਾਵਲਾ ਨੂੰ ਨੋਟਿਸ 'ਚ ਦਰਸਾਈ ਬਕਾਇਆ ਰਕਮ ਰੁਪਏ 2,20,44,995.99/- (ਦੋ ਕਰੋੜ ਵੀਹ ਲੱਖ ਚੁਤਾਲੀ ਹਜ਼ਾਰ ਨੌਂ ਸੌ ਪਚੰਨਵੇ ਰੁਪਏ ਅਤੇ ਨੜਿੰਨਵੇ ਪੈਸੇ ਕੇਵਲ) (ਇਸ ਰਕਮ 'ਚ 04 ਜੁਲਾਈ 2025 ਤੱਕ ਲਾਗੂ ਵਿਆਜ ਸ਼ਾਮਲ ਅਤੇ ਹੋਰ ਅਣਲਾਗੂ ਵਿਆਜ ਅਤੇ ਲਾਗਤਾਂ) ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਦਾ ਸੱਦਾ ਦਿੱਤਾ ਸੀ।

ਕਰਜ਼ਦਾਰ/ਸਹਿ-ਕਰਜ਼ਦਾਰ/ਰਹਿਣਕਾਰ/ਗਰੰਟਰ ਰਕਮ ਵਾਪਸ ਮੋੜਨ 'ਚ ਅਸਫਲ ਰਿਹਾ ਹੈ। ਕਰਜ਼ਦਾਰ/ਸਹਿ-ਕਰਜ਼ਦਾਰ/ਰਹਿਣਕਾਰ/ਗਰੰਟਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਗਿਆ ਹੈ ਕਿ ਨਿਮਨਹਸਤਾਖਰੀ ਨੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13(4) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ 21 ਜਨਵਰੀ 2026 ਨੂੰ ਕਬਜ਼ਾ ਹਾਸਲ ਕਰ ਲਿਆ ਹੈ।

ਕਰਜ਼ਦਾਰ/ਸਹਿ-ਕਰਜ਼ਦਾਰ/ਰਹਿਣਕਾਰ/ਗਰੰਟਰ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਜਾਇਦਾਦ ਸੰਬੰਧੀ ਸੌਦੇਬਾਜ਼ੀ ਨਾ ਕਰਨ ਲਈ ਸੁਚੇਤ ਕੀਤਾ ਜਾਂਦਾ ਹੈ ਅਤੇ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਐਕਸਿਸ ਬੈਂਕ ਲਿਮਟਿਡ, ਰਕਮ ਬਕਾਇਆ ਰੁਪਏ 2,20,44,995.99/- (ਦੋ ਕਰੋੜ ਵੀਹ ਲੱਖ ਚੁਤਾਲੀ ਹਜ਼ਾਰ ਨੌਂ ਸੌ ਪਚੰਨਵੇ ਰੁਪਏ ਅਤੇ ਨੜਿੰਨਵੇ ਪੈਸੇ ਕੇਵਲ) (ਇਸ ਰਕਮ 'ਚ 04 ਜੁਲਾਈ 2025 ਤੱਕ ਲਾਗੂ ਵਿਆਜ ਅਤੇ ਅਦਾਇਗੀ ਦੀ ਮਿਤੀ ਤੱਕ ਠੇਕਾ ਦਰ 'ਤੇ ਵਿਆਜ, ਹੋਰ ਵਿਆਜ ਅਤੇ ਖਰਚੇ ਸ਼ਾਮਲ) ਦੀ ਵਸੂਲੀ ਹੇਠ ਹੋਵੇਗੀ।

ਉਪਲੱਬਧ ਸਮੇਂ 'ਚ ਸਕਿਉਰਡ ਐਸੇਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ/ਸਹਿ-ਕਰਜ਼ਦਾਰ/ ਰਹਿਣਕਾਰ/ ਗਰੰਟਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਅਚੱਲ ਜਾਇਦਾਦ ਦਾ ਵੇਰਵਾ :- ਜਾਇਦਾਦ ਨੰ. 1 : ਜਾਇਦਾਦ ਰਕਬਾ 201 ਵਰਗ ਗਜ਼, ਮਕਾਨ ਨੰ. ਬੀ-23-2581/7ਏ, ਪਲਾਟ ਨੰ. 10 ਮਿੰਨ, ਕੁੱਲ ਰਕਬਾ 804 ਵਰਗ ਗਜ਼ ਪਿੰਡ ਸ਼ੇਰਪੁਰ ਖੁਰਦ ਅਬਾਦੀ ਇੰਡਸਟਰੀਅਲ ਏਰੀਆ-ਏ ਵਿਖੇ ਸਥਿਤ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ, ਪੰਜਾਬ ਨਾਲ ਸੰਬੰਧਤ ਸਭ ਕੁੱਝ। ਹੱਦਾਂ : ਇਸ ਤਰ੍ਹਾਂ ਹਨ :- ਪੂਰਬ : ਸੜਕ 100' ਚੌੜੀ 53'-0" ਤੱਕ, ਪੱਛਮ : ਆਰ ਕੇ ਮਸ਼ੀਨ 53'-0" ਤੱਕ, ਉੱਤਰ : ਪਲਾਟ ਨੰ. 10 ਦਾ ਹਿੱਸਾ 136'-6" ਤੱਕ, ਦੱਖਣ : ਪਲਾਟ ਨੰ. 9, 136'-6" ਤੱਕ ਜਾਇਦਾਦ ਨੰ. 2 : ਜਾਇਦਾਦ ਰਕਬਾ 201 ਵਰਗ ਗਜ਼ ਮਕਾਨ ਨੰ. ਬੀ-23-2581/70-ਏ, ਪਲਾਟ ਨੰ. 10 ਮਿੰਨ ਕੁੱਲ ਰਕਬਾ 804 ਵਰਗ ਗਜ਼, ਪਿੰਡ ਸ਼ੇਰਪੁਰ ਖੁਰਦ ਇੰਡਸਟਰੀਅਲ ਏਰੀਆ-ਏ ਵਿਖੇ ਸਥਿਤ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁੱਝ। ਹੱਦਾਂ ਇਸ ਤਰ੍ਹਾਂ ਹਨ : ਪੂਰਬ : ਸੜਕ 100' ਚੌੜੀ, 53'-0" ਤੱਕ, ਪੱਛਮ : ਆਰ ਕੇ ਮਸ਼ੀਨ 53'-0" ਤੱਕ, ਉੱਤਰ : ਪਲਾਟ ਨੰ. 10 ਦਾ ਹਿੱਸਾ 136'-0", ਦੱਖਣ : ਪਲਾਟ ਨੰ. 9, 136'-6" ਤੱਕ

ਮਿਤੀ : 23.01.2026 — ਸਹੀ/- ਅਧਿਕਾਰਤ ਅਫ਼ਸਰ
ਸਥਾਨ : ਲੁਧਿਆਣਾ — ਐਕਸਿਸ ਬੈਂਕ ਲਿਮਟਿਡ

## ਉੱਤਰ ਰੇਲਵੇ

### ਈ-ਨੀਲਾਮੀ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਸੀਨੀਅਰ ਮੰਡਲ ਵਾਨਿਜ ਪ੍ਰਬੰਧਕ/ ਮਾਲਭਾੜਾ, ਉਤਰ ਰੇਲਵੇ, ਫਿਰੋਜ਼ਪੁਰ ਦੁਆਰਾ ਹੇਠਾਂ ਦਿਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫਿਰੋਜਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਗਈ ਹੈ:

| ਨੀਲਾਮੀ ਸੂਚੀ ਨੰ. | ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ | ਕੰਮ ਦਾ ਨਾਮ |
|---|---|---|
| EAFZR-SLR26-07 | 04.02.2026 ਨੂੰ 11:00 Hrs. | ਗੱਡੀਆਂ ਦੇ ਪਾਰਸਲ ਸਪੇਸ ਨੂੰ ਲੀਸ ਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ਐਸਐਲਆਰ ਕੰਪਾਰਟਮੈਂਟ): 14604/F1, 14618/F1 & 12422/F1. |

ਵਿਸਤ੍ਰਿਤ ਜਾਣਕਾਰੀ ਅਤੇ ਪੰਜੀਕਰਨ ਦੇ ਲਈ, ਕਿਰਪਾ ਰੇਲਵੇ ਦੀ ਵੈਬਸਾਈਟ www.ireps.gov.in 'ਤੇ ਜਾਓ। 236/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

# ਬਲਵੀਰ ਜਲਾਲਾਬਾਦੀ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ



ਲੁਧਿਆਣਾ (ਐਮ ਐਸ ਭਾਟੀਆ, ਸਤੀਸ਼ ਸਚਦੇਵਾ) ਪੰਜਾਬੀ ਸਾਹਿਤ ਅਕਾਡਮੀ ਦੇ ਅਹੁਦੇਦਾਰਾਂ, ਪ੍ਰਬੰਧਕੀ ਬੋਰਡ ਦੇ ਮੈਂਬਰਾਂ ਅਤੇ ਸਮੂਹ ਮੈਂਬਰਾਂ ਵੱਲੋਂ ਬਲਵੀਰ ਜਲਾਲਾਬਾਦੀ ਦੇ ਦੇਹਾਂਤ 'ਤੇ ਡੂੰਘੇ ਦੁੱਖ ਤੇ ਅਫ਼ਸੋਸ ਦਾ ਪ੍ਰਗਟਾਵਾ ਕੀਤਾ ਗਿਆ।ਪੰਜਾਬੀ ਸਾਹਿਤ ਅਕਾਡਮੀ ਦੇ ਪ੍ਰਧਾਨ ਡਾ. ਸਰਬਜੀਤ ਸਿੰਘ, ਸੀਨੀਅਰ ਮੀਤ ਪ੍ਰਧਾਨ ਡਾ. ਪਾਲ ਕੌਰ ਤੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਅਫ਼ਸੋਸ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਬਲਵੀਰ ਜਲਾਲਾਬਾਦੀ ਨੇ ਆਪਣੀਆਂ ਰਚਨਾਵਾਂ ਨਾਲ ਮਾਂ ਬੋਲੀ ਪੰਜਾਬੀ ਦੀ ਭਰਪੂਰ ਸੇਵਾ ਕੀਤੀ। ਉਨ੍ਹਾਂ ਦੇ ਦੇਹਾਂਤ ਨਾਲ ਪੰਜਾਬੀ ਸਾਹਿਤ ਜਗਤ ਅਤੇ ਪਰਵਾਰ ਨੂੰ ਨਾ ਪੂਰਿਆ ਜਾਣ ਵਾਲਾ ਘਾਟਾ ਪਿਆ ਹੈ।ਪੰਜਾਬੀ ਸਾਹਿਤ ਅਕਾਡਮੀ ਪਰਵਾਰ ਨਾਲ ਡੂੰਘੀ ਹਮਦਰਦੀ ਦਾ ਪ੍ਰਗਟਾਵਾ ਕਰਦੀ ਹੈ।ਅਫ਼ਸੋਸ ਦਾ ਪ੍ਰਗਟਾਵਾ ਕਰਨ ਵਾਲਿਆਂ ਵਿਚ ਹੋਰਨਾਂ ਤੋਂ ਇਲਾਵਾ ਡਾ. ਸੁਖਦੇਵ ਸਿੰਘ ਸਿਰਸਾ, ਪ੍ਰੋ. ਗੁਰਭਜਨ ਸਿੰਘ ਗਿੱਲ, ਪ੍ਰੋ. ਰਵਿੰਦਰ ਭੱਠਲ, ਡਾ. ਲਖਵਿੰਦਰ ਜੌਹਲ, ਡਾ. ਪਾਲ ਕੌਰ, ਡਾ. ਅਨੂਪ ਸਿੰਘ, ਸੁਰਿੰਦਰ ਕੈਲੇ ਤੇ ਵਰਗਿਸ ਸਲਾਮਤ ਸਮੇਤ ਸਮੂਹ ਮੈਂਬਰ ਸ਼ਾਮਲ ਹਨ।

## ਗੁੰਮਸ਼ੁਦਾ

ਮੈਂ, ਊਸ਼ਾ ਰਾਣੀ ਪਤਨੀ ਚੰਦਰ ਭਾਰਦਵਾਜ ਦੁਕਾਨ ਰਕਬਾ 150 ਵਰਗ ਫੁੱਟ, ਪਿੰਡ ਤੇ ਡਾਕ. ਹਰਿਆਣਾ, ਤਹਿਸੀਲ ਹੁਸ਼ਿਆਰਪੁਰ ਦੀ ਮਾਲਕ ਹਾਂ। ਮੇਰਾ ਅਸਲ ਬੈਨਾਮਾ ਨੰ: 1242 ਮਿਤੀ 18.10.2006 ਐੱਸ ਆਰ ਭੁੰਗਾ ਗੁਆਚ ਗਿਆ ਹੈ। ਹੁਣ ਮੈਂ ਉਕਤ ਜਾਇਦਾਦ ਨੂੰ ਐੱਲ ਆਈ ਸੀ ਹਾਊਸਿੰਗ ਫਾਇਨਾਂਸ ਲਿਮਟਿਡ ਜਲੰਧਰ ਕੋਲ ਗਿਰਵੀ ਰੱਖ ਰਹੀ ਹਾਂ। ਜੇਕਰ ਕਿਸੇ ਨੂੰ ਉਕਤ ਬੈਨਾਮਾ ਮਿਲਦਾ ਹੈ ਜਾਂ ਉਕਤ ਬੈਨਾਮੇ 'ਤੇ ਕੋਈ ਇਤਰਾਜ਼ ਹੈ ਤਾਂ ਕਿਰਪਾ ਕਰਕੇ ਐੱਲ ਆਈ ਸੀ ਹਾਊਸਿੰਗ ਫਾਇਨਾਂਸ ਲਿਮਟਿਡ ਜਲੰਧਰ, ਫੋਨ ਨੰ: 01815002940-47 ਜਾਂ ਐਡਵੋਕੇਟ ਸ੍ਰੀ ਹਰਜੋਤ ਸਿੰਘ ਕੋਹਲੀ ਮੋਬਾ. ਨੰ: 98882-75744 'ਤੇ ਇਸ ਇਸ਼ਤਿਹਾਰ ਦੇ ਛਪਣ ਦੇ 15 ਦਿਨਾਂ ਦੇ ਅੰਦਰ ਸੰਪਰਕ ਕਰੇ।

## ਦਫਤਰ ਨਗਰ ਕੌਂਸਲ ਕਰਤਾਰਪੁਰ ਜ਼ਿਲ੍ਹਾ ਜਲੰਧਰ

### ਪਬਲਿਕ ਨੋਟਿਸ

ਇਸ ਨੋਟਿਸ ਰਾਹੀਂ ਹਰ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮੀਨੂ (ਨੂੰਹ) ਪਤਨੀ ਲੇਟ ਅਨਿਲ ਕੁਮਾਰ ਪੁੱਤਰ ਲੇਟ ਧਰਮਵੀਰ ਵਾ ਗੌਰੀ (ਪੋਤੀ) ਵਾ ਦੀਨੇਸ਼ ਕੁਮਾਰ (ਪੋਤਾ) ਵਾ ਕਵਿਤਾ ਰਾਣੀ (ਪੁੱਤਰੀ) ਲੇਟ ਅਨਿਲ ਕੁਮਾਰ ਪੁੱਤਰ ਲੇਟ ਧਰਮਵੀਰ ਵਾਸੀਆਨ ਮੁਹੱਲਾ ਸੇਖੜੀਆਂ ਕਰਤਾਰਪੁਰ, ਜ਼ਿਲ੍ਹਾ ਜਲੰਧਰ ਵੱਲੋਂ ਲਿਖਤੀ ਬੇਨਤੀ ਕੀਤੀ ਹੈ ਕਿ ਮਕਾਨ ਯੂ.ਆਈ.ਡੀ. ਨੰਬਰ ਬੀ-04-0107 ਰਕਬਾ ਲਗਭਗ 03 ਮਰਲੇ ਅਤੇ ਮਕਾਨ ਯੂ. ਆਈ. ਡੀ. ਨੰਬਰ ਬੀ-04-0108 ਰਕਬਾ ਲਗਭਗ 02 ਮਰਲੇ ਵਾਕਿਆ ਸੇਖੜੀਆਂ ਮੁਹੱਲਾ ਕਰਤਾਰਪੁਰ ਸਾਡੇ ਸਹੁਰਾ/ਦਾਦਾ ਧਰਮਵੀਰ ਪੁੱਤਰ ਪ੍ਰਕਾਸ਼ ਚੰਦ ਦੀ ਮਲਕੀਤੀ ਹੈ।ਬਿਨੈਕਾਰਾਂ ਨੇ ਆਪਣੇ ਸਾਰੇ ਵਾਰਸਾਂ ਦੇ ਸਵੈ-ਘੋਸ਼ਣਾ ਪੱਤਰ, ਕੌਂਸਲਰ ਪ੍ਰਿੰਸ ਅਰੋੜਾ ਦਾ ਸਵੈ-ਘੋਸ਼ਣਾ ਪੱਤਰ, ਧਰਮਵੀਰ, ਕਾਂਤਾ ਰਾਣੀ, ਅਨਿਲ ਕੁਮਾਰ, ਅਮਿਤ ਕੁਮਾਰ ਅਤੇ ਮੁਕੇਸ਼ ਕੁਮਾਰ ਦੇ ਮੌਤ ਦੇ ਸਰਟੀਫਿਕੇਟ ਦੀ ਕਾਪੀ, ਪੁਰਾਣੀ ਬੈਨਾਮਾ ਦੀ ਫੋਟੋ ਕਾਪੀ, ਆਧਾਰ ਕਾਰਡ ਦੀਆਂ ਕਾਪੀਆਂ ਨਾਲ ਨੱਥੀ ਕੀਤੀਆਂ ਗਈਆਂ ਹਨ।

ਬਿਨੈਕਾਰਾਂ ਨੇ ਸਵੈ-ਘੋਸ਼ਣਾ ਪੱਤਰ ਦਿੱਤੇ ਹਨ ਕਿ ਮੀਨੂ (ਨੂੰਹ) ਪਤਨੀ ਲੇਟ ਅਨਿਲ ਕੁਮਾਰ ਪੁੱਤਰ ਲੇਟ ਧਰਮਵੀਰ ਵਾ ਗੌਰੀ (ਪੋਤੀ) ਵਾ ਦੀਨੇਸ਼ ਕੁਮਾਰ (ਪੋਤਾ) ਵਾ ਕਵਿਤਾ ਰਾਣੀ (ਪੁੱਤਰੀ) ਲੇਟ ਅਨਿਲ ਕੁਮਾਰ ਪੁੱਤਰ ਲੇਟ ਧਰਮਵੀਰ ਤੋਂ ਇਲਾਵਾ ਇਸ ਪ੍ਰਾਪਰਟੀ ਦਾ ਹੋਰ ਕੋਈ ਕਾਨੂੰਨੀ ਵਾਰਸ ਨਹੀਂ ਹੈ। ਹੁਣ ਸਾਡੇ ਸਹੁਰਾ/ਦਾਦਾ ਧਰਮਵੀਰ ਦੀ ਮੌਤ ਮਿਤੀ 19.04.20.12 . ਦਾਦੀ/ਸੱਸ/ਮਾਤਾ ਕਾਂਤਾ ਰਾਣੀ ਦੀ ਮੌਤ ਮਿਤੀ 06.04.2016 ਨੂੰ ਅਤੇ ਪਤੀ/ਪਿਤਾ ਅਨਿਲ ਕੁਮਾਰ ਦੀ ਮੌਤ ਮਿਤੀ 18.10.2024 ਅਤੇ ਚਾਚਾ/ਦੇਰ/ਭਰਾ ਮੁਕੇਸ਼ ਕੁਮਾਰ ਦੀ ਵੀ ਮੌਤ ਮਿਤੀ 19.02.2009 ਅਤੇ ਅਮਿਤ ਕੁਮਾਰ ਦੀ ਮੌਤ ਮਿਤੀ 29.04.2013 ਨੂੰ ਹੋ ਚੁੱਕੀ ਹੈ ਅਤੇ ਬਿਨੈਕਾਰਾਂ ਵੱਲੋਂ ਸਵੈ ਘੋਸ਼ਣਾ ਪੱਤਰ/ਦਰਖਾਸਤ ਅਨੁਸਾਰ ਸਾਡੇ ਚਾਚਾ/ਦਿਓਰ ਦੀ ਕੁਆਰੇ ਦੀ ਮੌਤ ਹੋ ਚੁੱਕੀ ਹੈ।ਉਪਰੋਕਤ ਵਾਰਸਾਂ ਨੇ ਸਵੈ-ਘੋਸ਼ਣਾ ਪੱਤਰ ਰਾਹੀਂ ਬੇਨਤੀ ਕੀਤੀ ਹੈ ਕਿ ਉਕਤ ਪ੍ਰਾਪਰਟੀ ਨਗਰ ਕੌਂਸਲ ਦੇ ਰਿਕਾਰਡ ਵਿੱਚ ਧਰਮਵੀਰ ਦੇ ਉਪਰੋਕਤ ਦਰਸਾਏ ਵਾਰਸਾਂ ਦੇ ਨਾਵਾਂ 'ਤੇ ਬਰਾਬਰ-ਬਰਾਬਰ ਤਬਦੀਲ/ਟਰਾਂਸਫਰ ਕਰ ਦਿੱਤੀ ਜਾਵੇ ਅਤੇ ਨਗਰ ਕੌਂਸਲ ਦੇ ਰਿਕਾਰਡ ਵਿੱਚ ਟਰਾਂਸਫਰ ਕਰਨ ਲਈ ਕੌਂਸਲਰ ਪ੍ਰਿੰਸ ਅਰੋੜਾ ਨੇ ਵੀ ਸਵੈ-ਘੋਸ਼ਣਾ ਪੱਤਰ ਰਾਹੀਂ ਸਿਫਾਰਸ਼ ਕੀਤੀ ਹੈ।ਨਗਰ ਕੌਂਸਲ ਦੇ ਟੀ.ਐਸ.1 ਰਿਕਾਰਡ ਵਿੱਚ ਇਹ ਪ੍ਰਾਪਰਟੀ ਪ੍ਰਕਾਸ਼ ਚੰਦ ਦੇ ਨਾਂਅ 'ਤੇ ਦਰਜ ਹੈ ਅਤੇ ਪ੍ਰਾਪਰਟੀ ਟੈਕਸ ਦੇ ਸਰਵੇ ਰਿਕਾਰਡ ਵਿੱਚ ਕਾਂਤਾ ਰਾਣੀ ਦੇ ਨਾਂਅ 'ਤੇ ਦਰਜ ਹੈ।

ਇਸ ਲਈ ਹੁਣ ਉਕਤ ਮਕਾਨ ਦਾ ਇੰਦਰਾਜ਼ ਪ੍ਰਤੀ ਬੇਨਤੀ ਅਨੁਸਾਰ ਪ੍ਰਾਪਰਟੀ ਟੈਕਸ ਸਰਵੇ ਰਿਕਾਰਡ ਵਿੱਚ ਪ੍ਰਾਪਰਟੀ ਟੈਕਸ ਮੰਤਵ ਲਈ ਮੀਨੂ (ਨੂੰਹ) ਪਤਨੀ ਲੇਟ ਅਨਿਲ ਕੁਮਾਰ ਪੁੱਤਰ ਲੇਟ ਧਰਮਵੀਰ ਵਾ ਗੌਰੀ (ਪੋਤੀ) ਵਾ ਦੀਨੇਸ਼ ਕੁਮਾਰ (ਪੋਤਾ) ਵਾ ਕਵਿਤਾ ਰਾਣੀ (ਪੁੱਤਰੀ) ਲੇਟ ਅਨਿਲ ਕੁਮਾਰ ਪੁੱਤਰ ਲੇਟ ਧਰਮਵੀਰ ਦੇ ਨਾਵਾਂ 'ਤੇ ਪ੍ਰਾਪਰਟੀ ਟੈਕਸ ਸਰਵੇ ਰਿਕਾਰਡ ਵਿੱਚ ਦਰਜ/ਤਬਦੀਲ/ਟਰਾਂਸਫਰ ਕਰਨ ਲਈ 2 ਅਖਬਾਰਾਂ ਵਿੱਚ 30 ਦਿਨਾਂ ਦੇ ਅੰਦਰ-ਅੰਦਰ ਇਤਰਾਜ਼ ਲੈਣੇ ਜ਼ਰੂਰੀ ਹਨ।ਇਸ ਸੰਬੰਧੀ ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਨੋਟਿਸ ਛਪਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਇਸ ਦਫਤਰ ਵਿਖੇ ਲਿਖਤੀ ਤੌਰ 'ਤੇ ਕਰ ਸਕਦਾ ਹੈ।ਇਸ ਤੋਂ ਬਾਅਦ ਵਿੱਚ ਆਏ ਕਿਸੇ ਵੀ ਇਤਰਾਜ਼ 'ਤੇ ਵਿਚਾਰ/ਗੌਰ ਨਹੀਂ ਕੀਤਾ ਜਾਵੇਗਾ।

ਸਹੀ/-ਕਾਰਜ ਸਾਧਕ ਅਫਸਰ ਨਗਰ ਕੌਂਸਲ ਕਰਤਾਰਪੁਰ।

23 Jan Page 8.qxd 1/22/2026 9:23 PM Page 1



# ਡੀ ਐੱਸ ਪੀ ਦੀ ਅਪਰਾਧੀਆਂ ਨੂੰ ਚੇਤਾਵਨੀ, 'ਸੁਧਰ ਜਾਓ ਜਾਂ ਨਤੀਜੇ ਭੁਗਤਣ ਲਈ ਤਿਆਰ ਰਹੋ'

**ਬਲਾਚੌਰ (ਜਸਵਿੰਦਰ ਬੈਂਸ)**- ਪੰਜਾਬ ਨੂੰ ਅਪਰਾਧ ਮੁਕਤ ਕਰਨ ਦੇ ਮਕਸਦ ਨਾਲ ਪੰਜਾਬ ਪੁਲਸ ਵੱਲੋਂ ਗੈਂਗਸਟਰਾਂ ਦੇ ਖ਼ਿਲਾਫ਼ ਇੱਕ ਵਿਸ਼ੇਸ਼ ਅਤੇ ਵੱਡੀ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ ਹੈ। ਇਸ ਸਬੰਧੀ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਡੀ ਐੱਸ ਪੀ ਬਲਾਚੌਰ ਹਿੰਮਤ



ਸਿੰਘ ਮਲਹੋਤਰਾ ਨੇ ਦੱਸਿਆ ਕਿ ਪੰਜਾਬ ਦੇ ਡੀ ਜੀ ਪੀ ਗੌਰਵ ਯਾਦਵ ਤੇ ਤੁਸ਼ਾਰ ਗੁਪਤਾ ਸੀਨੀਅਰ ਕਪਤਾਨ ਪੁਲਸ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਦਿਸ਼ਾ ਨਿਰਦੇਸ਼ ਅਨੁਸਾਰ ਪੂਰੇ ਸੂਬੇ ਵਿੱਚ ਗੈਂਗਸਟਰਾਂ ਦੇ ਨੈਕਸਸ ਨੂੰ ਤਬਾਹ ਕਰਨ ਲਈ ਇੱਕ ਵੱਡਾ ਜਾਲ ਵਿਛਾਇਆ ਗਿਆ ਹੈ। ਪੁਲਸ ਵੱਲੋਂ ਇਸ ਮੁਹਿੰਮ ਨੂੰ 'ਯੁੱਧ ਗੈਂਗਸਟਰਾਂ ਵਿਰੁੱਧ' ਦਾ ਨਾਂਅ ਦਿੱਤਾ ਗਿਆ ਹੈ। ?ਡੀ ਐੱਸ ਪੀ ਹਿੰਮਤ ਮਲਹੋਤਰਾ ਨੇ ਦੱਸਿਆ ਕਿ ਸੂਬੇ ਭਰ ਵਿੱਚ ਪੁਲਸ ਦੀਆਂ 2000 ਟੀਮਾਂ ਵੱਲੋਂ ਵੱਖ-ਵੱਖ ਥਾਵਾਂ 'ਤੇ ਛਾਪੇਮਾਰੀ ਕੀਤੀ ਜਾ ਰਹੀ ਹੈ। ਇਸ ਅਪਰੇਸ਼ਨ ਨੂੰ ਸਫ਼ਲ ਬਣਾਉਣ ਲਈ ਲਗਭਗ 12,000 ਪੁਲਿਸ ਮੁਲਾਜ਼ਮ ਸਿੱਧੇ ਤੌਰ 'ਤੇ ਗਰਾਊਂਡ 'ਤੇ ਉਤਰੇ ਹੋਏ ਹਨ। ਪੁਲਸ ਦਾ ਮੁੱਖ ਨਿਸ਼ਾਨਾ ਗੈਂਗਸਟਰਾਂ ਦੇ ਗੁਪਤ ਟਿਕਾਣਿਆਂ, ਉਨ੍ਹਾਂ ਦੇ ਪਨਾਹਗਾਹਾਂ ਅਤੇ ਮਦਦਗਾਰਾਂ ਨੂੰ ਨੱਥ ਪਾਉਣਾ ਹੈ ਤੇ ਵਿਦੇਸ਼ਾਂ ਵਿੱਚ ਬੈਠ ਕੇ ਪੰਜਾਬ ਦਾ ਮਾਹੌਲ ਖ਼ਰਾਬ ਕਰਨ ਵਾਲੇ ਗੈਂਗਸਟਰ ਹੁਣ ਆਪਣੇ-ਆਪ ਨੂੰ ਸੁਰੱਖਿਅਤ ਨਾ ਸਮਝਣ। ਉਨ੍ਹਾਂ ਕਿਹਾ ਕਿ ਜਿਨ੍ਹਾਂ ਗੈਂਗਸਟਰਾਂ ਦੇ ਗੁਰਗਿਆਂ ਅਤੇ ਉਨ੍ਹਾਂ ਨੂੰ ਮਿਲ ਰਹੀ 'ਫੰਡਿੰਗ ਆਫ਼ ਕਰਾਈਮ' ਦੇ ਲਿੰਕ ਨੂੰ ਪੂਰੀ ਤਰ੍ਹਾਂ ਤੋੜਿਆ ਜਾਵੇਗਾ। ਪੁਲਸ ਉਨ੍ਹਾਂ ਸਾਰੇ ਸਰੋਤਾਂ ਦੀ ਬਾਰੀਕੀ ਨਾਲ ਜਾਂਚ ਕਰ ਰਹੀ ਹੈ ਜਿੱਥੋਂ ਇਨ੍ਹਾਂ ਅਪਰਾਧੀਆਂ ਨੂੰ ਆਰਥਿਕ ਮਦਦ ਪਹੁੰਚ ਰਹੀ ਹੈ।ਅਪਰਾਧੀਆਂ ਨੂੰ ਸਖ਼ਤ ਲਹਿਜੇ ਵਿੱਚ ਤਾੜਨਾ ਕਰਦਿਆਂ ਡੀ ਐੱਸ ਪੀ ਨੇ ਕਿਹਾ, 'ਜੇਕਰ ਕੋਈ ਅਪਰਾਧੀ ਅਜੇ ਵੀ ਸੁਧਰਨਾ ਚਾਹੁੰਦਾ ਹੈ ਤਾਂ ਉਸ ਕੋਲ ਮੌਕਾ ਹੈ, ਪਰ ਪੰਜਾਬ ਪੁਲਸ ਹੁਣ ਕਿਸੇ ਵੀ ਕੀਮਤ 'ਤੇ ਅਪਰਾਧੀਆਂ ਨੂੰ ਬਖਸ਼ੇਗੀ ਨਹੀਂ।'

# ਸੀ ਪੀ ਐੱਫ ਕਰਮਚਾਰੀ ਯੂਨੀਅਨ ਦੀ ਚੋਣ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਸੀ ਪੀ ਐੱਫ ਕਰਮਚਾਰੀ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਸੁਖਜੀਤ ਸਿੰਘ ਤੇ ਸਟੇਟ ਬਾਡੀ ਦੇ ਸੀਨੀਅਰ ਆਗੂ ਸੰਗਤ ਰਾਮ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਸੀ ਪੀ ਐੱਫ ਕਰਮਚਾਰੀ ਯੂਨੀਅਨ ਦੀ ਇੱਕ ਮੀਟਿੰਗ ਕੀਤੀ ਗਈ, ਜਿਸ ਵਿੱਚ ਵੱਖ-ਵੱਖ ਮਹਿਕਮਿਆਂ ਤੋਂ ਮੁਲਾਜ਼ਮ ਸ਼ਾਮਲ ਹੋਏ। ਮੀਟਿੰਗ ਦੌਰਾਨ ਸੂਬਾ ਬਾਡੀ ਵੱਲੋਂ ਜ਼ਿਲ੍ਹਾ ਹੁਸ਼ਿਆਰਪੁਰ ਦੀ ਕਮੇਟੀ ਦੀ ਸਰਬ ਸੰਮਤੀ ਨਾਲ ਚੋਣ ਕਰਵਾਈ ਗਈ। ਇਸ ਦੌਰਾਨ ਜਲ ਸਰੋਤ ਵਿਭਾਗ ਦੇ ਨਿਤਿਨ ਮੇਹਿਰਾ ਨੂੰ ਬਤੌਰ ਜ਼ਿਲ੍ਹਾ ਪ੍ਰਧਾਨ, ਉਦਯੋਗਿਕ ਸਿਖਲਾਈ ਵਿਭਾਗ ਦੇ ਜਤਿੰਦਰ ਸਿੰਘ ਨੂੰ ਸੀਨੀਅਰ ਮੀਤ ਪ੍ਰਧਾਨ, ਲੋਕ ਨਿਰਮਾਣ ਵਿਭਾਗ (ਭ ਤੇ ਮ) ਦੇ ਬਲਜੀਤ ਕੌਰ ਨੂੰ ਜ਼ਿਲ੍ਹਾ ਮਹਿਲਾ ਵਿੰਗ ਦੀ ਪ੍ਰਧਾਨ,



ਸਪੋਰਟਸ ਵਿਭਾਗ ਦੇ ਬਲਵੀਰ ਕੁਮਾਰ ਨੂੰ ਜ਼ਿਲ੍ਹਾ ਜਨਰਲ ਸਕੱਤਰ, ਜਲ ਸਰੋਤ ਵਿਭਾਗ ਦੇ ਮੰਗਲ ਸਿੰਘ ਨੂੰ ਜ਼ਿਲ੍ਹਾ ਵਧੀਕ ਜਨਰਲ ਸਕੱਤਰ, ਲੋਕ ਨਿਰਮਾਣ ਵਿਭਾਗ (ਭ ਤੇ ਮ) ਦੇ ਪਰਮਜੀਤ ਸਿੰਘ ਨੂੰ ਜ਼ਿਲ੍ਹਾ ਵਿੱਤ ਸਕੱਤਰ ਤੇ ਉਦਯੋਗਿਕ ਸਿਖਲਾਈ ਵਿਭਾਗ ਦੇ ਕਰਨੈਲ ਸਿੰਘ ਨੂੰ ਜ਼ਿਲ੍ਹਾ ਪ੍ਰੈੱਸ ਸਕੱਤਰ ਚੁਣਿਆ ਗਿਆ।ਚੁਣੇ ਗਏ ਜ਼ਿਲ੍ਹਾ ਪ੍ਰਧਾਨ ਨਿਤਿਨ ਮੇਹਿਰਾ ਵਲੋਂ ਸੂਬਾ ਕਮੇਟੀ ਤੇ ਹਾਜ਼ਰ ਮੁਲਾਜ਼ਮਾਂ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਜ਼ਿਲ੍ਹਾ ਹੁਸ਼ਿਆਰਪੁਰ ਦੇ ਸਮੁੱਚੇ ਵਿਭਾਗਾਂ ਨਾਲ ਤਾਲਮੇਲ ਕਰਕੇ ਸਾਥੀਆਂ ਨੂੰ ਪੁਰਾਣੀ ਪੈਨਸ਼ਨ ਬਹਾਲ ਕਰਵਾਉਣ ਲਈ ਲਾਮਬੰਦ ਕਰਨਗੇ ਤੇ ਆਉਣ ਵਾਲੇ ਸਮੇਂ ਵਿੱਚ ਯੂਨੀਅਨ ਵੱਲੋਂ ਦਿੱਤੇ ਗਏ ਸੰਘਰਸ਼ ਨੂੰ ਸੁਚੱਜੇ ਢੰਗ ਨਾਲ ਕਾਮਯਾਬ ਬਣਾਉਣਗੇ। ਇਸ ਉਪਰੰਤ ਉਨ੍ਹਾਂ ਵਲੋਂ ਜ਼ਿਲ੍ਹੇ ਦੇ ਸਮੂਹ ਸਾਥੀਆਂ ਨੂੰ ਆਉਣ ਵਾਲੇ ਸੰਘਰਸ਼ਾਂ ਵਿੱਚ ਵੱਧ ਚੜ੍ਹ ਕੇ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ। ਇਸ ਮੌਕੇ ਲੋਕ ਨਿਰਮਾਣ ਵਿਭਾਗ ਤੋਂ ਹਰਕੰਵਲ ਸਿੰਘ ਪ੍ਰਧਾਨ ਪੀ ਐੱਸ ਐੱਮ ਐੱਸ ਯੂ (ਪੀ ਡਬਲਯੂ ਡੀ ਬੀ ਐਂਡ ਆਰ)ਉਚੇਚੇ ਤੌਰ ਤੇ ਆਪਣੇ ਵਿਭਾਗ ਤੋਂ ਸਾਥੀਆਂ ਨੂੰ ਲੈ ਕੇ ਸ਼ਾਮਲ ਹੋਏ। ਇਸ ਤੋਂ ਇਲਾਵਾ ਉਦਯੋਗਿਕ ਸਿਖਲਾਈ ਵਿਭਾਗ ਤੋਂ ਜਤਿੰਦਰ ਸਿੰਘ, ਸਪੋਰਟਸ ਵਿਭਾਗ ਤੋਂ ਬਲਵੀਰ ਕੁਮਾਰ, ਜਲ ਸਰੋਤ ਵਿਭਾਗ ਤੋਂ ਮੰਗਲ ਸਿੰਘ, ਸੁਰਜੀਤ ਸਿੰਘ ਹੋਰਨਾਂ ਸਾਥੀਆਂ ਨੂੰ ਨਾਲ ਲੈ ਕੇ ਸ਼ਾਮਲ ਹੋਏ।

## ਸੱਭਿਆਚਾਰਕ ਮੇਲੇ 'ਤੇ ਵਿਸ਼ੇਸ਼

# ਉਨ੍ਹਾਂ ਦੇ ਪੂਦਨੇ ਦਾ ਵੱਖਰਾ ਸਵਾਦ ਸੀ

ਕੇ ਦੀਪ ਤੇ ਜਗਮੋਹਣ ਕੌਰ ਇੱਕ ਦੂਜੇ ਦੇ ਪੂਰਕ ਸਨ। ਭਾਵੇਂ ਗਾਇਕੀ ਹੋਵੇ ਜਾਂ ਹਾਸਰਸ, ਦੋਵਾਂ ਵਿੱਚ ਜੇਕਰ ਇੱਕ ਇੱਕੀ ਸੀ ਤਾਂ ਦੂਸਰਾ ਇੱਕੀਸ। ਜਦੋਂ ਗੀਤ ਪੇਸ਼ ਕਰਨ ਤੋਂ ਪਹਿਲਾਂ ਕੇ ਦੀਪ ਸਾਹਿਬ ਗੁਣਗੁਣਾਉਂਦੇ ਤਾਂ ਇਹਨਾਂ ਦੇ ਅੰਦਰਲੇ ਸੰਗੀਤ ਰਿਆਜ਼ ਵਿੱਚ ਖੁੱਭ ਜਾਂਦਾ ਸੀ। ਜਦੋਂ ਉਹ 'ਮੰਗਣੇ' ਦੇ ਪੋਸ਼ਾਕੀ ਹੁੰਦੇ ਤਾਂ ਉਹ ਪੰਜਾਬੀ ਦੁਨੀਆ ਦੇ ਸਭ ਤੋਂ ਵੱਧ ਸ਼ਰਾਰਤੀ ਦਿਸਦੇ। ਜਗਮੋਹਣ ਕੌਰ ਦਾ ਗੌਲਿਆਂ ਤੋਂ ਇੱਕ ਵਰ੍ਹੇ ਬਾਅਦ ਪਿਤਾ ਗੁਰਬਚਨ ਸਿੰਘ ਕੰਗ ਤੇ ਮਾਂ ਪ੍ਰਕਾਸ਼ ਕੌਰ ਦੇ ਘਰ ਜਨਮ ਹੋਇਆ। ਮੁਢਲੀ ਸਕੂਲੀ ਵਿੱਦਿਆ ਹਾਸਿਲ ਕਰਨ ਉਪਰੰਤ ਦਸਵੀਂ ਕਰਕੇ ਆਰੀਆ ਟ੍ਰੇਨਿੰਗ ਸਕੂਲ ਖ਼ਰੜ ਤੋਂ ਉਨ੍ਹਾਂ ਨੇ ਜੇ ਬੀ ਟੀ ਕੀਤੀ। ਉਨ੍ਹਾਂ ਨੇ ਕੁਝ ਸਮਾਂ ਅਧਿਆਪਨ ਦਾ ਕਿੱਤਾ ਅਪਣਾਇਆ। ਮਨ ਮਸਤਕ ਵਿੱਚ ਸੁਰ ਦਾ ਵਾਸ ਹੋਣ ਕਾਰਨ ਉਹਨਾਂ ਨੂੰ ਸੰਗੀਤ ਵੱਲ 'ਪਰਵਾਸ' ਕਰਨਾ ਪਿਆ। ਕੰਵਰ ਮਹਿੰਦਰ ਸਿੰਘ ਬੇਦੀ ਪਾਸੋਂ ਸੰਗੀਤ ਦੀਆਂ ਸੱਤ ਸੁਰਾਂ ਦਾ ਗਿਆਨ ਪ੍ਰਾਪਤ ਕਰਕੇ ਉਹ ਪੱਕੇ ਤੌਰ 'ਤੇ ਸੰਗੀਤ ਖੇਤਰ ਨੂੰ ਸਮਰਪਿਤ ਹੋ ਗਏ। ਦੱਸਦੇ ਹਨ ਕਿ ਕਲਕੱਤੇ ਦੇ ਇੱਕ ਸੰਗੀਤਕ ਸਮਾਗਮ ਦੌਰਾਨ ਕੇ ਦੀਪ ਤੇ ਜਗਮੋਹਣ ਕੌਰ ਦੀ ਮੁਲਾਕਾਤ ਹੋਈ। ਇਹ ਮੁਲਾਕਾਤ ਉਨ੍ਹਾਂ ਦੀ ਮੁਹੱਬਤ ਦਾ ਬਾਇਸ ਬਣੀ। ਇਸ ਤਰ੍ਹਾਂ ਉਨ੍ਹਾਂ ਦੋਵਾਂ ਨੇ ਜੀਵਨ ਭਰ ਇਕੱਠੇ ਰਹਿਣ ਦਾ ਇਕਰਾਰ ਕੀਤਾ। ਸੰਗੀਤ ਦੀ ਦੁਨੀਆ ਉਨ੍ਹਾਂ ਦੀ ਇਬਾਦਤ ਬਣ ਗਈ। ਇਸ 'ਇਬਾਦਤ' ਨੇ ਇਸ ਜੋੜੀ ਨੂੰ ਸੰਗੀਤ ਦਾ ਸਿਖਰ ਪ੍ਰਦਾਨ ਕੀਤਾ।



ਸੰਗੀਤ ਦੇ ਪਿੜ ਵਿੱਚ ਉਨ੍ਹਾਂ ਨੇ ਅਥਾਹ ਹਾਸਿਲ ਕੀਤੀ। ਜਗਮੋਹਣ ਕੌਰ ਜਦੋਂ ਕਦੇ ਕਿਸੇ ਸਟੇਜ 'ਤੇ 'ਮਿਰਜ਼ਾ' ਪੇਸ਼ ਕਰਦੇ ਤਾਂ ਉਸ ਵੇਲੇ ਇੱਕ ਵੱਖਰੀ ਕਿਸਮ ਦਾ ਜਲੌਅ ਪੈਦਾ ਹੋ ਜਾਂਦਾ ਸੀ। ਕੰਨਾਂ 'ਤੇ ਹੱਥ ਰੱਖ ਕੇ ਜਦੋਂ ਉਹ ਲੰਮੀ ਹੇਕ ਲਾਉਂਦੇ ਤਾਂ ਪ੍ਰਤੀਤ ਹੁੰਦਾ ਕਿ 'ਕੰਨ' ਬਣਿਆ ਨਜ਼ਰ ਆਉਂਦਾ ਉਨ੍ਹਾਂ ਦੇ 'ਪੂਦਨੇ' ਦਾ ਵੱਖਰਾ ਸਵਾਦ ਸੀ। 'ਪੰਜਾਬੀ ਇੰਗਲੈਂਡ ਵਿੱਚ' ਅਤੇ 'ਪੰਜਾਬੀ ਕਨੇਡਾ ਵਿੱਚ' ਨੇ ਨਵਾਂ ਰਿਕਾਰਡ ਪੈਦਾ ਕੀਤਾ। ਸੰਗੀਤ ਜਗਤ ਵਿੱਚ ਉਹ ਮੁਕਾਮ ਪ੍ਰਾਪਤ ਕਰਨ ਵਾਲੀ ਕੇ ਦੀਪ - ਜਗਮੋਹਣ ਕੌਰ ਦੀ ਜੋੜੀ ਅੱਜ ਵੀ ਲੋਕ ਮਨਾਂ ਅੰਦਰ ਵਸਦੀ ਹੈ, ਬਾਵਜੂਦ ਉਹਨਾਂ ਦੀਆਂ ਕੁਝ ਪੇਸ਼ਕਾਰੀਆਂ 'ਤੇ ਇਤਰਾਜ਼ ਦੇ। 25 ਜਨਵਰੀ ਨੂੰ ਇਸ ਮਕਬੂਲ ਜੋੜੀ ਦੀ ਯਾਦ ਵਿੱਚ ਸ਼ਾਹਕੋਟ ਵਿਖੇ ਗੀਤਕਾਰ ਗੁਰਨਾਮ ਸਿੰਘ ਨਿਧੜਕ ਦੀ ਅਗਵਾਈ ਵਿੱਚ ਇੱਕ ਸੱਭਿਆਚਾਰਕ ਮੇਲਾ ਕਰਵਾਇਆ ਜਾ ਰਿਹਾ ਹੈ।

**ਗਿਆਨ ਸੈਦਪੁਰੀ**
**98725-40447**

# ਨੌਜਵਾਨ ਵਰਗ ਕਿਸੇ ਵੀ ਦੇਸ਼ ਦੀ ਰੀੜ੍ਹ ਦੀ ਹੱਡੀ ਹੁੰਦਾ : ਕੋਹਲੀ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਯੁਵਕ ਸੇਵਾਵਾਂ ਵਿਭਾਗ, ਪੰਜਾਬ ਵੱਲੋਂ ਸਰਵਜੀਤ ਸਿੰਘ, ਵਧੀਕ ਮੁੱਖ ਸਕੱਤਰ (ਖੇਡਾਂ ਅਤੇ ਯੁਵਕ ਸੇਵਾਵਾਂ) ਤੇ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੀ ਅਗਵਾਈ ਹੇਠ ਜ਼ਿਲ੍ਹਾ ਪੱਧਰੀ ਯੁਵਕ ਦਿਵਸ ਬਹੁਤ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਦਸਮੇਸ਼ ਗਰਲਜ਼ ਕਾਲਜ, ਚੱਕ ਅੱਲ੍ਹਾ ਬਖਸ਼, ਮੁਕੇਰੀਆਂ ਵਿਖੇ ਸਕੂਲਾਂ ਅਤੇ ਕਾਲਜਾਂ ਦੇ ਰੈੱਡ ਰਿਬਨ ਕਲੱਬਾਂ ਦੇ ਵਿਦਿਆਰਥੀਆਂ ਲਈ ਸਾਹਿਤਕ ਤੇ ਲਲਿਤ ਕਲਾ ਮੁਕਾਬਲੇ ਕਰਵਾਏ ਗਏ। ਇਸ ਮੌਕੇ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਹੁਸ਼ਿਆਰਪੁਰ ਪ੍ਰੀਤ ਕੋਹਲੀ ਨੇ ਕਿਹਾ ਕਿ ਨੌਜਵਾਨ ਕਿਸੇ ਵੀ ਦੇਸ਼ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ ਤੇ ਸਮਾਜ ਅਤੇ ਰਾਸ਼ਟਰ ਦਾ ਭਵਿੱਖ ਨੌਜਵਾਨਾਂ ਨੂੰ ਸਕਾਰਾਤਮਕ ਅਤੇ ਸਿਰਜਣਾਤਮਕ ਦਿਸ਼ਾ ਵਿੱਚ ਜੋੜ ਕੇ ਹੀ ਘੜਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਇਸ ਪ੍ਰੋਗਰਾਮ ਵਿੱਚ ਜ਼ਿਲ੍ਹੇ ਭਰ ਦੀਆਂ ਵੱਖ-ਵੱਖ ਵਿੱਦਿਅਕ ਸੰਸਥਾਵਾਂ ਤੋਂ ਵੱਡੀ ਗਿਣਤੀ ਵਿੱਚ ਨੌਜਵਾਨਾਂ ਨੇ ਹਿੱਸਾ ਲਿਆ। ਮੁਕਾਬਲਿਆਂ ਦੇ ਵਿਸ਼ੇ



ਖ਼ੂਨਦਾਨ, ਏਡਜ਼ ਜਾਗਰੂਕਤਾ ਤੇ ਨਸ਼ਾ ਵਿਰੋਧੀ ਮੁਹਿੰਮਾਂ 'ਤੇ ਆਧਾਰਿਤ ਸਨ। ਵਿਦਿਆਰਥੀਆਂ ਨੇ ਸੁੰਦਰ ਲਿਖਾਈ, ਕਾਰਟੂਨਿੰਗ, ਆਨ ਦਾ ਸਪਾਟ ਪੇਂਟਿੰਗ, ਕੋਲਾਜ ਮੇਕਿੰਗ, ਸਟਿਲ ਲਾਈਫ ਪੇਂਟਿੰਗ, ਪੋਸਟਰ ਮੇਕਿੰਗ, ਕਲੇ ਮਾਡਲਿੰਗ ਤੇ ਕਵਿਤਾ ਪਾਠ ਮੁਕਾਬਲਿਆਂ ਸਮੇਤ ਵੱਖ-ਵੱਖ ਸ਼੍ਰੇਣੀਆਂ ਵਿੱਚ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ। ਜੇਤੂ ਭਾਗੀਦਾਰਾਂ ਨੂੰ ਵਿਭਾਗ ਵੱਲੋਂ ਸਨਮਾਨਤ ਕੀਤਾ ਗਿਆ। ਪ੍ਰੀਤ ਕੋਹਲੀ ਨੇ ਸਾਰੇ ਜੇਤੂ ਭਾਗੀਦਾਰਾਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਨੌਜਵਾਨਾਂ ਦੇ ਸਰਵਪੱਖੀ ਵਿਕਾਸ ਲਈ ਵਿਭਾਗ ਲਗਾਤਾਰ ਯੁਵਾ ਲੀਡਰਸ਼ਿਪ ਪ੍ਰੋਗਰਾਮ, ਅੰਤਰ-ਰਾਜੀ ਟੂਰ ਅਤੇ ਹੋਰ ਪ੍ਰੇਰਨਾਦਾਇਕ ਗਤੀਵਿਧੀਆਂ ਦਾ ਆਯੋਜਨ ਕਰਦਾ ਹੈ, ਤਾਂ ਜੋ ਨੌਜਵਾਨਾਂ ਵਿੱਚ ਲੀਡਰਸ਼ਿਪ ਹੁਨਰ, ਆਤਮ-ਵਿਸ਼ਵਾਸ ਅਤੇ ਸਮਾਜਿਕ ਜਾਗਰੂਕਤਾ ਵਿਕਸਤ ਕੀਤੀ ਜਾ ਸਕੇ।

# ਟੋਲ ਪਲਾਜਾ ਰਾਹੀਂ ਬੇਲੋੜੀ ਵਸੂਲੀ ਬੰਦ ਕੀਤੀ ਜਾਵੇ : ਰਮਨ ਸ਼ਰਮਾ

**ਫਗਵਾੜਾ (ਡਾ. ਰਮਨ)**- ਸ਼ਿਵ ਸੈਨਾ (ਯੂ ਬੀ ਟੀ) ਦੇ ਫਗਵਾੜਾ ਸਿਟੀ ਪ੍ਰਧਾਨ ਰਮਨ ਸ਼ਰਮਾ ਨੇ ਇੱਥੇ ਗੱਲਬਾਤ ਦੌਰਾਨ ਕਿਹਾ ਕਿ ਘਰੋਂ ਨਿਕਲਣ 'ਤੇ ਕਿਸੇ ਪਾਸੇ ਵੀ ਜਾਣਾ ਹੋਵੇ, ਕੁੱਝ ਕੁ ਫ਼ਾਸਲੇ 'ਤੇ ਟੋਲ ਪਲਾਜ਼ਾ ਮਿਲ ਜਾਂਦਾ ਹੈ। ਇਕ-ਦੋ ਟੋਲ ਪਲਾਜ਼ਾ ਆਮ ਕਿਸੇ ਵੀ ਤਰਫ਼ ਸਫ਼ਰ ਦੌਰਾਨ



ਮਿਲਣਾ ਆਮ ਹੋਰ ਗਿਆ ਹੈ। ਵਾਹਨ ਖ਼ਰੀਦਣ ਸਮੇ ਤੇ ਸਾਲਾਨਾ ਟੈਕਸਾਂ ਰਾਹੀਂ ਮੋਟੀ ਰਕਮ ਸਰਕਾਰੀ ਖ਼ਾਤੇ ਵਿੱਚ ਦੇਣ ਦੇ ਨਾਲ-ਨਾਲ, ਇਨ੍ਹਾਂ ਟੋਲ ਪਲਾਜ਼ਿਆਂ ਰਾਹੀਂ ਨਿੱਤ ਲੁੱਟ ਦਾ ਸ਼ਿਕਾਰ ਬਣ ਰਿਹਾ ਆਮ ਨਾਗਰਿਕ ਆਪਣੀ ਆਵਾਜਾਈ ਲਈ ਸੁਰੱਖਿਅਤ ਸੜਕਾਂ/ਮਾਰਗਾਂ ਤੋਂ ਵਾਂਝਾ ਹੈ। ਨਾਗਰਿਕਾਂ ਨੂੰ ਜਿੱਥੇ ਸਮੇਂ-ਸਿਰ ਕਿਤੇ ਪਹੁੰਚਣ ਵਿੱਚ ਤਕਲੀਫ਼ ਹੁੰਦੀ ਏ, ਉੱਥੇ ਹੀ ਕਈ ਵਾਰ ਦੁਰਘਟਨਾਵਾਂ ਦਾ ਵੀ ਸ਼ਿਕਾਰ ਹੋਣਾ ਪੈਂਦਾ ਹੈ। ਵਾਹਨ ਖ਼ਰੀਦ ਸਮੇਂ ਤੇ ਸਲਾਨਾ ਰੋਡ ਟੈਕਸ ਅਦਾ ਕਰਨ ਤੋਂ ਬਾਅਦ ਬੇਲੋੜੇ ਟੋਲ ਟੈਕਸ ਦੀ ਸਰਕਾਰੀ ਲੁੱਟ ਜਿੱਥੇ ਬੰਦ ਹੋਣੀ ਚਾਹੀਦੀ ਹੈ।

# ਚੀਨ ਵੱਲੋਂ ਲਗਾਈ ਨਿਰਯਾਤ ਰੋਕ ਦੇ ਬਾਵਜੂਦ ਭਾਰਤ ਨੇ ਹਾਸਲ ਕੀਤੀ ਉਪਲੱਬਧੀ

**ਚੰਡੀਗੜ੍ਹ, (ਗੁਰਜੀਤ ਬਿੱਲਾ)**- ਜਦੋਂ ਵਿਸ਼ਵ ਪੱਧਰ ਉੱਤੇ ਚੀਨ ਨੇ ਸਪੇਸ਼ਿਅਲਿਟੀ ਫਾਸਫੇਟ ਉਰਵਰਕੋਂ ਦੇ ਨਿਰਯਾਤ 'ਤੇ ਲਗਾਈ ਰੋਕ ਨੂੰ ਸਾਲ



2026 ਤੱਕ ਵਧਾ ਦਿੱਤਾ ਹੈ, ਅਜਿਹੇ ਸਮਾਂ ਵਿੱਚ ਭਾਰਤ ਨੇ ਇੱਕ ਵੱਡੀ ਉਪਲਬਧੀ ਹਾਸਲ ਕੀਤੀ ਹੈ। ਭਾਰਤ ਵਿੱਚ ਸਾਲਿਊਬਲ ਫਰਟਿਲਾਇਜਰ ਪਾਇਲਟ ਪਲਾਂਟ ਦਾ ਪਹਿਲਾਂ ਪੜਾਅ ਸਫਲਤਾਪੂਰਵਕ ਸ਼ੁਰੂ ਕਰ ਦਿੱਤਾ ਗਿਆ ਹੈ। ਇਸ ਦਾ ਉਦਘਾਟਨ ਜਵਾਹਰ ਲਾਲ ਨੇਹਿਰੂ ਏਲਿਉਮਿਨਿਅਮ ਰਿਸਰਚ ਡੇਵਲਪਮੇਂਟ ਐਂਡ ਡਿਜਾਇਨ ਸੇਂਟਰ ਦੇ ਡਾਇਰੈਕਟਰ ਡਾ. ਅਨੁਪਮ ਅਗਨੀਹੋਤਰੀ ਨੇ ਕੀਤਾ ਹੈ। ਇਹ ਪਾਇਲਟ ਸਹੂਲਤ ਜੇ ਐੱਨ ਏ ਆਰ ਡੀ ਡੀ ਸੀ ਵੱਲੋਂ ਵਿੱਤਪੋਸ਼ਿਤ ਅਨੁਸੰਧਾਨ ਪਰਿਯੋਜਨਾ ਤਹਿਤ ਨਿਰਧਾਰਤ ਸਮੇਂ ਤੋਂ ਲਗਭਗ ਇਕ ਮਹੀਨਾ ਪਹਿਲਾ ਪੂਰਾ ਕਰ ਦਿੱਤਾ ਹੈ। ਇਹ ਉਪਲਬਧੀ ਭਾਰਤ ਵਿੱਚ ਵਿਸ਼ੇਸ਼ ਤੇ ਮੂਲਿਅਵਰਧਿਤ ਉਰਵਰਕੋਂ ਦੇ ਸਵਦੇਸ਼ੀ ਉਸਾਰੀ ਸਮਰੱਥਾ ਨੂੰ ਮਜਬੂਤ ਕਰਣ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਣ ਕਦਮ ਮੰਨਿਆ ਜਾ ਰਿਹਾ ਹੈ। ਇਸ ਨਾਲ ਉਨ੍ਹਾਂ ਸਾਰੇ ਪ੍ਰਮੁੱਖ ਸਾਲਿਉਬਲ ਫਰਟਿਲਾਇਜਰਾਂ ਦਾ ਦੇਸ਼ ਵਿੱਚ ਹੀ ਉਤਪਾਦਨ ਸੰਭਵ ਹੋਵੇਗਾ, ਜਿਨ੍ਹਾਂ ਨੂੰ ਹੁਣ ਤੱਕ ਹੋਰਨਾਂ ਦੇਸ਼ਾਂ ਤੋਂ ਮੰਗਵਾਇਆ ਜਾਂਦਾ ਸੀ।ਅਗਲੇ ਪੜਾਅ ਵਿੱਚ ਇਸ ਪਾਇਲਟ ਪਲਾਂਟ ਦਾ ਵੱਡੇ ਪੱਧਰ 'ਤੇ ਵਿਸਥਾਰ ਕੀਤਾ ਜਾਵੇਗਾ, ਜਿਸ ਨੂੰ ਦੇਸ਼ ਦੀ ਅਗਾਮੀ ਉਰਵਰਕ ਕੰਪਨੀਆਂ ਅਪਨਾਉਣ ਦੀ ਤਿਆਰੀ ਵਿੱਚ ਹਨ।

# ਮੈਰਿਟ 'ਚ ਆਉਣ ਵਾਲੇ ਵਿਦਿਆਰਥੀ ਸਨਮਾਨਤ

**ਗੁਰਾਇਆ (ਬਿੰਦਰ ਸੁੰਮਨ)**- ਐੱਸ ਜੀ ਪੀ ਸੀ ਅੰਮ੍ਰਿਤਸਰ ਵਲੋਂ ਬੱਚਿਆਂ ਨੂੰ ਗੁਰਬਾਣੀ ਨਾਲ ਜੋੜਨ ਲਈ ਬੀਤੇ ਦਿਨੀਂ ਪੂਰੇ ਪੰਜਾਬ ਵਿੱਚ ਧਾਰਮਿਕ ਪ੍ਰੀਖਿਆ ਕਰਵਾਈ ਗਈ, ਜਿਸ ਦੇ ਤਹਿਤ ਬਾਬਾ ਸੰਗ ਕਾਲਜੀਏਟ ਸਕੂਲ ਤੇ ਪਬਲਿਕ ਸਕੂਲ ਵਿੱਚ ਵੀ ਧਾਰਮਿਕ ਪ੍ਰੀਖਿਆ



ਕਰਵਾਈ ਗਈ ਜਿਸ ਵਿੱਚ 130 ਵਿਦਿਆਰਥੀਆਂ ਨੇ ਭਾਗ ਲਿਆ। ਮੈਰਿਟ 'ਚ ਆਉਣ ਵਾਲੇ ਬੱਚਿਆਂ ਨੂੰ ਨਗਦ ਇਨਾਮ ਸਤਭਾਗ ਸਿੰਘ ਪ੍ਰਚਾਰਕ ਐੱਸ ਜੀ ਪੀ ਸੀ ਅੰਮ੍ਰਿਤਸਰ ਵਲੋਂ ਦਿੱਤੇ ਗਏ। ਇਸ ਮੌਕੇ ਸਤਭਾਗ ਸਿੰਘ ਨੇ ਕਿਹਾ ਕਿ ਹਰੇਕ ਸਾਲ ਪੰਜਾਬ ਵਿੱਚ ਧਾਰਮਿਕ ਪ੍ਰੀਖਿਆ ਕਰਵਾਈ ਜਾਂਦੀ ਹੈ ਜਿਸ ਦਾ ਮਕਸਦ ਬੱਚਿਆਂ ਨੂੰ ਗੁਰਬਾਣੀ ਨਾਲ ਜੋੜਨ ਦਾ ਹੈ। ਇਸ ਮੌਕੇ ਸਤਭਾਗ ਸਿੰਘ, ਪ੍ਰਿੰਸੀਪਲ ਮੰਜੂ ਸ਼ਰਮਾ, ਪ੍ਰਿੰਸੀਪਲ ਜਸਵੀਰ ਕੌਰ, ਮੈਡਮ ਅਨੁਰਾਧਾ, ਸੰਦੀਪ ਕੌਰ ਆਦਿ ਹਾਜ਼ਰ ਸਨ।

# ਗਣਤੰਤਰ ਦਿਵਸ ਦੀਆਂ ਤਿਆਰੀਆਂ ਸੰਬੰਧੀ ਮੀਟਿੰਗ

**ਮੁਹਾਲੀ (ਗੁਰਜੀਤ ਬਿੱਲਾ)**- ਵਧੀਕ ਡਿਪਟੀ ਕਮਿਸ਼ਨਰ ਸ੍ਰੀਮਤੀ ਗੀਤਿਕਾ ਸਿੰਘ ਨੇ ਸ਼ਹੀਦ ਮੇਜਰ (ਸ਼ੌਰਿਆ ਚੱਕਰ) ਹਰਮਿੰਦਰ ਪਾਲ ਸਿੰਘ ਸਰਕਾਰੀ ਕਾਲਜ, ਫੇਜ਼-6, ਮੋਹਾਲੀ ਵਿਖੇ 26 ਜਨਵਰੀ ਨੂੰ ਮਨਾਏ ਜਾਣ ਵਾਲੇ ਗਣਤੰਤਰ ਦਿਵਸ ਦੀਆਂ ਤਿਆਰੀਆਂ ਸਬੰਧੀ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਸਮੀਖਿਆ ਮੀਟਿੰਗ ਕੀਤੀ। ਉਨ੍ਹਾਂ ਦੱਸਿਆ ਕਿ ਪੰਜਾਬ ਦੇ ਸੁਤੰਤਰਤਾ ਸੰਗਰਾਮੀ, ਰੱਖਿਆ ਸੇਵਾਵਾਂ ਭਲਾਈ ਅਤੇ ਬਾਗਬਾਨੀ ਮੰਤਰੀ ਮਹਿੰਦਰ ਭਗਤ 26



ਜਨਵਰੀ ਨੂੰ ਮੁੱਖ ਮਹਿਮਾਨ ਵਜੋਂ ਸਮਾਗਮ ਦੀ ਸ਼ਾਨ ਵਧਾਉਣਗੇ, ਜਦੋਂ ਕਿ ਸਮਾਗਮ ਦੀ ਅੰਤਿਮ ਰਿਹਰਸਲ 24 ਜਨਵਰੀ ਨੂੰ ਸਵੇਰੇ 9:00 ਵਜੇ ਕਰਵਾਈ ਜਾਵੇਗੀ।ਇਸ ਮੌਕੇ ਸਹਾਇਕ ਕਮਿਸ਼ਨਰ (ਜ) ਡਾ. ਅੰਕਿਤਾ ਕਾਂਸਲ ਸਮੇਤ ਹੋਰ ਪ੍ਰਸ਼ਾਸ਼ਨਿਕ ਅਧਿਕਾਰੀ ਵੀ ਹਾਜ਼ਰ ਸਨ।

# ਗਣਤੰਤਰ ਦਿਵਸ ਸਮਾਰੋਹ ਮਨਾਉਣ ਸੰਬੰਧੀ ਰੀਵਿਊ ਮੀਟਿੰਗ

**ਨੰਗਲ ਭਲਾਣ (ਹਰਭਜਨ ਸਿੰਘ ਢਿੱਲੋਂ)**- ਗਣਤੰਤਰ ਦਿਵਸ ਸਮਾਰੋਹ ਦੀ ਰਿਹਸਲ ਸਕੂਲ ਆਫ ਐਮੀਨੈਂਸ ਨੰਗਲ ਵਿੱਚ ਹੋਈ ਜਿੱਥੇ ਸੱਭਿਆਚਾਰਕ ਪੇਸ਼ਕਾਰੀਆਂ ਗਿੱਧਾ, ਭੰਗੜਾ ਰਾਹੀ ਵੱਖ ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਰੰਗ ਬੰਨਿਆ। 26



ਜਨਵਰੀ ਨੂੰ ਇਸੇ ਸਥਾਨ ਤੇ ਗਣਤੰਤਰ ਦਿਵਸ ਸਮਾਰੋਹ ਮਨਾਇਆ ਜਾਵੇਗਾ, ਰਾਸ਼ਟਰੀ ਝੰਡਾ ਐੱਸ ਡੀ ਐੱਮ ਸਚਿਨ ਪਾਠਕ ਲਹਿਰਾਉਣਗੇ। ਪਰੇਡ ਦਾ ਮੁਆਇਨਾ, ਦੇਸ਼ ਵਾਸੀਆਂ ਨੂੰ ਸੰਬੋਧਨ, ਮਾਰਚ ਪਾਸਟ, ਪੀ.ਟੀ.ਸ਼ੋਅ ਉਪਰੰਤ ਦੇਸ਼ ਭਗਤੀ ਅਤੇ ਸੱਭਿਆਚਾਰਕ ਪੇਸ਼ਕਾਰੀਆਂ ਲਈ ਰਿਹਸਲ ਨਿਰੰਤਰ ਚੱਲ ਰਹੀ ਹੈ। ਗਣਤੰਤਰ ਦਿਵਸ ਸਮਾਰੋਹ ਦੇ ਪ੍ਰਬੰਧਾਂ ਸਬੰਧੀ ਇਕ ਰਵਿਊ ਮੀਟਿੰਗ ਅਤੇ ਰਿਹਰਸਲ ਕੀਤੀ ਗਈ। ਇਹ ਰਿਹਸਲ ਸਕੂਲ ਆਫ ਐਮੀਨੈਂਸ ਨੰਗਲ ਵਿਖੇ ਜਸਵੀਰ ਸਿੰਘ ਤਹਿਸੀਲਦਾਰ ਦੀ ਅਗਵਾਈ ਹੇਠ ਕੀਤੀ ਗਈ। 26 ਜਨਵਰੀ ਨੂੰ ਕੀਤੇ ਜਾਣ ਵਾਲੇ ਪ੍ਰਬੰਧਾ ਦਾ ਜਾਇਜਾ ਲਿਆ ਅਤੇ ਅਧਿਕਾਰੀਆਂ ਨੂੰ ਜਰੂਰੀ ਦਿਸ਼ਾ ਨਿਰਦੇਸ਼ ਦਿੱਤੇ। ਇਸ ਵਾਰ ਸੱਭਿਆਚਾਰਕ ਪੇਸ਼ਕਾਰੀਆ ਦੌਰਾਨ ਸ਼ਬਦ ਗਾਇਨ, ਪੰਜਾਬ ਦੀ ਖੁਸ਼ਹਾਲੀ ਤੇ ਤਰੱਕੀ ਦੇ ਪ੍ਰਤੀਕ ਵੱਖ ਵੱਖ ਪ੍ਰੋਗਰਾਮ ਦੇਸ਼ ਭਗਤੀ ਦੀਆਂ ਆਈਟਮਾਂ ਸ਼ਾਮਿਲ ਕੀਤੀਆਂ ਗਈਆਂ ਹਨ। 23 ਜਨਵਰੀ ਨੂੰ ਸਕੂਲ ਆਫ ਐਮੀਨੈਂਸ ਨੰਗਲ ਵਿਚ ਫੁੱਲ ਡਰੈਸ ਰਿਹਸਲ ਕਰਵਾਈ ਜਾਵੇਗੀ । ਇਸ ਮੌਕੇ ਸੁਧੀਰ ਕੁਮਾਰ ਵੱਲੋਂ ਮੰਚ ਸੰਚਾਲਨ ਕੀਤਾ ਗਿਆ।ਇਸ ਮੌਕੇ ਪ੍ਰਿੰ.ਕਿਰਨ ਸ਼ਰਮਾ, ਪ੍ਰਿੰ.ਵਿਜੇ ਬੰਗਲਾ, ਪ੍ਰਿੰ.ਪਰਵਿੰਦਰ ਕੌਰ ਦੁਆ, ਪ੍ਰਿੰ.ਗੁਰਦੀਪ ਕੁਮਾਰ, ਜਗਪਾਲ ਸਿੰਘ, ਸੁਗਨ ਪਾਲ, ਸੁਦੇਸ਼ ਭਾਟੀਆ, ਰੇਨੂੰ ਗੁਪਤਾ, ਰਾਜੇਸ਼, ਸੁਨੀਤਾ, ਪੂਨਮ, ਸ਼ਵੇਤਾ, ਮੁਕੇਸ਼ ਸ਼ਰਮਾ, ਰਾਕੇਸ਼ ਸ਼ਰਮਾ, ਇੰਦਰਜੀਤ ਕੌਰ ਹਾਜ਼ਰ ਸਨ।

# ਲੋਕਤੰਤਰ ਤੇ ਚੋਣ ਪ੍ਰਬੰਧਨ 'ਤੇ ਅੰਤਰਰਾਸ਼ਟਰੀ ਸੰਮੇਲਨ-2026 ਸ਼ੁਰੂ

**ਚੰਡੀਗੜ੍ਹ, (ਗੁਰਜੀਤ ਬਿੱਲਾ)**- ਭਾਰਤੀ ਚੋਣ ਕਮਿਸ਼ਨ (ਈ.ਸੀ.ਆਈ.) ਦਾ 3-ਦਿਨਾਂ ਸੰਮੇਲਨ ਲੋਕਤੰਤਰ ਅਤੇ ਚੋਣ ਪ੍ਰਬੰਧਨ 'ਤੇ ਅੰਤਰਰਾਸ਼ਟਰੀ ਸੰਮੇਲਨ (ਆਈ ਆਈ ਸੀ ਡੀ ਈ ਐੱਮ) 2026 ਨਵੀਂ ਦਿੱਲੀ ਦੇ ਭਾਰਤ ਮੰਡਪਮ ਵਿਖੇ ਸ਼ੁਰੂ ਹੋਇਆ। ਵਿਸ਼ੇਸ਼ ਤੌਰ 'ਤੇ ਕਰਵਾਏ ਸਵਾਗਤ ਸਮਾਰੋਹ ਵਿੱਚ ਭਾਰਤ ਦੇ ਮੁੱਖ ਚੋਣ ਕਮਿਸ਼ਨਰ (ਈ ਸੀ ਈ), ਸ੍ਰੀ ਗਿਆਨੇਸ਼ ਕੁਮਾਰ, ਚੋਣ ਕਮਿਸ਼ਨਰ (ਈ ਸੀਜ਼) ਡਾ. ਸੁਖਬੀਰ ਸਿੰਘ ਸੰਧੂ ਤੇ ਡਾ. ਵਿਵੇਕ ਜੋਸ਼ੀ ਨਾਲ ਲਗਭਗ 60 ਕੌਮਾਂਤਰੀ ਨੁਮਾਇੰਦਿਆਂ ਦਾ ਸਵਾਗਤ ਕੀਤਾ ਗਿਆ।ਕਾਨਫਰੰਸ ਇੱਕ ਸ਼ਾਨਦਾਰ ਉਦਘਾਟਨੀ ਸੈਸ਼ਨ ਨਾਲ ਸ਼ੁਰੂ ਹੋਈ ਜਿਸ ਵਿੱਚ ਦੇਸ਼ ਭਰ ਤੋਂ ਲਗਭਗ 1000 ਸ਼ਖ਼ਸ਼ੀਅਤਾਂ ਨੇ ਸ਼ਮੂਲੀਅਤ ਕੀਤੀ, ਜਿਸ ਵਿੱਚ 42 ਚੋਣ ਪ੍ਰਬੰਧਨ ਸੰਸਥਾਵਾਂ (ਈ ਐੱਮ ਬੀਜ਼) ਦੇ ਨੁਮਾਇੰਦੇ, 27 ਦੇਸ਼ਾਂ ਦੇ ਰਾਜਦੂਤ/ਹਾਈ ਕਮਿਸ਼ਨਰ, 70 ਤੋਂ ਵੱਧ ਕੌਮੀ ਸੰਸਥਾਵਾਂ ਦੇ ਮਾਹਰ ਅਤੇ ਭਾਰਤੀ ਚੋਣ ਕਮਿਸ਼ਨ ਦੇ ਸੀਨੀਅਰ ਅਧਿਕਾਰੀ ਅਤੇ 36 ਮੁੱਖ ਚੋਣ ਅਧਿਕਾਰੀ (ਈ.ਸੀ.ਓਜ਼) ਸ਼ਾਮਲ ਸਨ।ਸ਼ਮੂਲੀਅਤ ਕਰਨ ਵਾਲੀਆਂ ਸਾਰੀਆਂ ਸ਼ਖ਼ਸ਼ੀਅਤਾਂ ਦਾ ਸਵਾਗਤ ਕਰਦਿਆਂ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੇ ਕਿਹਾ ਕਿ ਪਿਛਲੇ ਦਹਾਕਿਆਂ ਵਿੱਚ ਚੋਣ ਪ੍ਰਬੰਧਨ ਸੰਸਥਾਵਾਂ ਦੇ ਕਾਰਜ ਵਿੱਚ ਅਹਿਮ ਵਿਕਾਸ ਦੇਖਣ ਨੂੰ ਮਿਲਿਆ ਹੈ। ਵਿਸ਼ਵ ਦੇ ਸਭ ਤੋਂ ਵੱਡੇ ਲੋਕਤੰਤਰ ਦੇ ਰੂਪ ਵਿੱਚ ਭਾਰਤ 1.5 ਅਰਬ ਦੀ ਆਬਾਦੀ ਵਾਲੇ 28 ਰਾਜਾਂ ਅਤੇ 8 ਕੇਂਦਰ ਸ਼ਾਸਤ ਪ੍ਰਦੇਸ਼ਾਂ ਸਮੇਤ ਬੇਮਿਸਾਲ ਪੈਮਾਨੇ 'ਤੇ ਚੋਣਾਂ ਕਰਵਾਉਂਦਾ ਹੈ।ਦੇਸ਼ ਵਾਸੀਆਂ ਵੱਲੋਂ ਚੋਣ ਪ੍ਰਬੰਧਨ ਸੰਸਥਾਵਾਂ ਵਿੱਚ ਵਿਖਾਏ ਵਿਸ਼ਵਾਸ ਨੂੰ ਅਹਿਮ ਦੱਸਦਿਆਂ ਚੋਣ ਕਮਿਸ਼ਨ ਡਾ. ਸੁਖਬੀਰ ਸਿੰਘ ਸੰਧੂ ਨੇ ਕਿਹਾ ਕਿ ਹਰੇਕ ਚੋਣ ਨਾਗਰਿਕਾਂ 'ਤੇ ਕੇਂਦਰਿਤ ਹੁੰਦੀ ਹੈ, ਜਿਨ੍ਹਾਂ ਨੂੰ ਵਿਸ਼ਵਾਸ ਹੁੰਦਾ ਹੈ ਕਿ ਉਨ੍ਹਾਂ ਦੇ ਚੁਣਨ ਦੇ ਅਧਿਕਾਰ ਦਾ ਸਤਿਕਾਰ ਅਤੇ ਰਾਖੀ ਕਰਨਾ ਚੋਣ ਪ੍ਰਬੰਧਨ ਸੰਸਥਾਵਾਂ ਦੀ ਸਮੂਹਿਕ ਜ਼ਿੰਮੇਵਾਰੀ ਹੈ।ਉਦਘਾਟਨੀ ਸੈਸ਼ਨ ਦੌਰਾਨ ਬੋਲਦਿਆਂ ਚੋਣ ਕਮਿਸ਼ਨ ਡਾ. ਵਿਵੇਕ ਜੋਸ਼ੀ ਨੇ ਕਿਹਾ ਕਿ ਲੋਕਤੰਤਰ ਅਤੇ ਚੋਣ ਪ੍ਰਬੰਧਨ 'ਤੇ ਅੰਤਰਰਾਸ਼ਟਰੀ ਸੰਮੇਲਨ -2026 ਚੋਣ ਪ੍ਰਬੰਧਨ ਸੰਸਥਾਵਾਂ, ਖੋਜਕਰਤਾਵਾਂ, ਵਿਦਿਆਰਥੀਆਂ ਅਤੇ ਪੇਸ਼ੇਵਾਰਾਂ ਨੂੰ ਇੱਕ ਮੰਚ 'ਤੇ ਇੱਕਠਾ ਕਰਦਾ ਹੈ ਜੋ ਚੋਣਾਂ ਨੂੰ ਵੱਖ-ਵੱਖ ਨਜ਼ਰੀਏ ਤੋਂ ਦੇਖਦੇ ਹਨ ਅਤੇ ਆਪੋ-ਆਪਣੇ ਸੰਸਥਾਨਾਂ ਵਿੱਚ ਵਿਸ਼ੇਸ਼ ਯੋਗਦਾਨ ਪਾਉਂਦੇ ਹਨ।ਸਾਰੇ ਭਾਗੀਦਾਰਾਂ ਨੇ ਵਾਰਨਰ ਬ੍ਰਦਰਜ਼ ਡਿਸਕਵਰੀ ਦੇ ਸਹਿਯੋਗ ਨਾਲ ਤਿਆਰ ਕੀਤੀਆਂ ਗਈਆਂ ਆਉਣ ਵਾਲੀਆਂ ਦਸਤਾਵੇਜ਼ੀ ਫਿਲਮਾਂ, 'ਇੰਡੀਆ ਡਿਸਾਈਡਜ਼' ਦੀਆਂ ਝਲਕੀਆਂ ਵੇਖੀਆਂ। ਵਾਰਨਰ ਬ੍ਰਦਰਜ਼ ਡਿਸਕਵਰੀ ਦੇ ਮੈਨੇਜਿੰਗ ਡਾਇਰੈਕਟਰ ਸ੍ਰੀ ਅਰਜੁਨ ਨੋਹਵਾਰ ਨੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਆਕਰਸ਼ਕ ਵਿਜ਼ੂਅਲ ਰਾਹੀਂ ਦਸਤਾਵੇਜ਼ੀ ਫਿਲਮਾਂ ਸੰਸਥਾ ਦੇ ਕੰਮ ਕਰਨ ਦੇ ਤਰੀਕਿਆਂ ਨਾਲ ਆਮ ਚੋਣਾਂ ਨੂੰ ਦਰਸਾਉਂਦੀਆਂ ਹਨ, ਜੋ ਵਿਸ਼ਵ ਦੇ ਸਭ ਤੋਂ ਗੁੰਝਲਦਾਰ ਕਾਰਜਾਂ ਵਿੱਚੋਂ ਇੱਕ ਹੈ।

# ਲੋਹਟੀਆ ਐੱਸ ਸੀ ਕਮਿਸ਼ਨ ਪੰਜਾਬ ਦੀ ਚੇਅਰਪਰਸਨ ਨਿਯੁਕਤ

**ਬੰਗਾ (ਅਵਤਾਰ ਕਲੇਰ)**- ਮੀਡੀਆ ਇੰਚਾਰਜ ਮਨਜੀਤ ਸਿੰਘ ਨਾਮਧਾਰੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਦਲਿਤ ਅਤੇ ਪਿੱਛੜੇ ਵਰਗਾਂ ਦੇ ਹੱਕਾਂ ਦੀ ਰਾਖੀ ਅਤੇ ਸਮਾਜਿਕ ਨਿਆਂ ਨੂੰ ਹੋਰ ਮਜ਼ਬੂਤ ਕਰਨ ਦੀ ਦਿਸ਼ਾ ਵਿੱਚ ਇੱਕ ਅਹਿਮ ਕਦਮ ਚੁੱਕਦੇ ਹੋਏ ਹਰਜੋਤ ਕੌਰ



ਲੋਹਟੀਆ ਨੂੰ ਐੱਸ ਸੀ ਕਮਿਸ਼ਨ ਪੰਜਾਬ ਦੀ ਚੇਅਰਪਰਸਨ ਨਿਯੁਕਤ ਕੀਤਾ ਗਿਆ ਹੈ। ਹਰਜੋਤ ਕੌਰ ਲੋਹਟੀਆ ਸਮਾਜਿਕ ਸੇਵਾ, ਲੋਕ ਭਲਾਈ ਅਤੇ ਪਾਰਟੀ ਸੰਗਠਨ ਵਿੱਚ ਲੰਬੇ ਸਮੇਂ ਤੋਂ ਸਰਗਰਮ ਰਹੀਆਂ ਹਨ। ਉਨ੍ਹਾਂ ਦੀ ਨਿਯੁਕਤੀ ਨਾਲ ਐਸ.ਸੀ. ਵਰਗਾਂ ਨਾਲ ਸੰਬੰਧਿਤ ਮਸਲਿਆਂ ਨੂੰ ਨਵੀਂ ਦਿਸ਼ਾ ਅਤੇ ਮਜ਼ਬੂਤੀ ਮਿਲੇਗੀ। ਇਸ ਮੌਕੇ ਸਥਾਨਕ ਆਗੂਆਂ ਅਤੇ ਵਰਕਰਾਂ ਵੱਲੋਂ ਹਰਜੋਤ ਕੌਰ ਲੋਹਟੀਆ ਨੂੰ ਵਧਾਈਆਂ ਦਿੰਦਿਆਂ ਕਿਹਾ ਗਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸਮਾਜ ਦੇ ਹਰ ਵਰਗ ਨੂੰ ਬਰਾਬਰੀ ਦਾ ਹੱਕ ਦੇਣ ਲਈ ਵਚਨਬੱਧ ਹੈ। ਉਨ੍ਹਾਂ ਨੇ ਕਿਹਾ ਕਿ ਇਹ ਨਿਯੁਕਤੀ ਦਲਿਤ ਭਾਈਚਾਰੇ ਲਈ ਇੱਕ ਇਤਿਹਾਸਕ ਫੈਸਲਾ ਸਾਬਤ ਹੋਵੇਗੀ।ਹਰਜੋਤ ਕੌਰ ਲੋਹਟੀਆ ਨੇ ਪੰਜਾਬ ਸਰਕਾਰ ਅਤੇ ਪਾਰਟੀ ਹਾਈਕਮਾਂਡ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਦਿੱਤੀ ਗਈ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ, ਨਿਸ਼ਠਾ ਅਤੇ ਸੰਵੇਦਨਸ਼ੀਲਤਾ ਨਾਲ ਨਿਭਾਉਣਗੇ ਤੇ ਐਸ.ਸੀ. ਵਰਗ ਦੇ ਹਿੱਤਾਂ ਦੀ ਰਾਖੀ ਲਈ ਹਮੇਸ਼ਾ ਤਤਪਰ ਰਹਿਣਗੇ।

# ਕੈਬਨਿਟ ਮੰਤਰੀ ਨੇ ਲੋੜਵੰਦ ਵਿਅਕਤੀਆਂ ਨੂੰ ਕੰਬਲ, ਟਰੈਕ ਸੂਟ ਤੇ ਬੂਟ ਵੰਡੇ

**ਜਲੰਧਰ, (ਸੁਰਿੰਦਰ ਕੁਮਾਰ)**- ਪਿਛਲੇ ਕਈ ਦਿਨਾਂ ਤੋ ਪੈ ਰਹੀ ਜੋਰਦਾਰ ਠੰਢ ਦੇ ਮੌਸਮ ਦੇ ਮੱਦੇਨਜ਼ਰ ਕੈਬਨਿਟ ਮੰਤਰੀ ਮੋਹਿੰਦਰ ਭਗਤ ਵੱਲੋਂ ਭਾਰਗਵ ਕੈਂਪ ਵਿਖੇ ਲੋੜਵੰਦ ਵਿਅਕਤੀਆਂ ਨੂੰ ਕੰਬਲ, ਟਰੈਕ ਸੂਟ ਤੇ ਬੂਟਾਂ ਦੀ ਵੰਡ ਕੀਤੀ ਗਈ। ਮਨੁੱਖਤਾ ਦੀ ਸੇਵਾ ਦੇ ਇਸ ਉਪਰਾਲੇ



ਦੌਰਾਨ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੀ ਮੌਜੂਦ ਸਨ। ਇਸ ਮੌਕੇ ਕੈਬਨਿਟ ਮੰਤਰੀ ਨੇ ਕਿਹਾ ਕਿ ਲੋੜਵੰਦ ਵਿਅਕਤੀਆਂ ਦੀ ਮਦਦ ਕਰਨਾ ਮਨੁੱਖਤਾ ਦੀ ਸਭ ਤੋਂ ਵੱਡੀ ਸੇਵਾ ਹੈ। ਉਨ੍ਹਾਂ ਕਿਹਾ ਕਿ ਸਾਡਾ ਸਭ ਦਾ ਫਰਜ਼ ਬਣਦਾ ਹੈ ਕਿ ਮੁਸ਼ਕਲ ਹਾਲਾਤ ਦਾ ਸਾਹਮਣਾ ਕਰ ਰਹੇ ਲੋਕਾਂ ਦੀ ਮਦਦ ਲਈ ਅੱਗੇ ਆਈਏ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਲੋੜਵੰਦ ਤੇ ਕਮਜ਼ੋਰ ਵਰਗ ਦੀ ਭਲਾਈ ਸਮੇਤ ਹਰ ਵਰਗ ਦੇ ਲੋਕਾਂ ਦੀ ਬਿਹਤਰੀ ਲਈ ਲਗਾਤਾਰ ਉਪਰਾਲੇ ਕਰ ਰਹੀ ਹੈ।

# ਸਕੋਡਾ ਆਟੋ ਇੰਡੀਆ ਨੇ ਪੇਸ਼ ਕੀਤੀ ਐੱਸ ਯੂ ਵੀ ਨਵੀਂ ਕੁਸ਼ਾਕ

**ਜਲੰਧਰ (ਨ ਜ ਸ)**- ਸਕੋਡਾ ਆਟੋ ਇੰਡੀਆ ਨੇ ਭਾਰਤੀ ਬਾਜ਼ਾਰ ਵਿੱਚ ਆਪਣੀ ਲੋਕਪ੍ਰਿਯ ਐੱਸ ਯੂ ਵੀ ਨਵੀਂ ਕੁਸ਼ਾਕ ਪੇਸ਼ ਕੀਤੀ ਹੈ। ਇਹ ਮਾਡਲ ਕੰਪਨੀ ਦੀ ਇੰਡੀਆ 2.0 ਰਣਨੀਤੀ ਤਹਿਤ ਤਿਆਰ ਕੀਤਾ ਗਿਆ ਹੈ, ਜਿਸ ਦਾ ਮਕਸਦ ਭਾਰਤੀ ਸੜਕਾਂ ਲਈ ਯੂਰਪੀ ਤਕਨਾਲੋਜੀ ਨੂੰ ਹੋਰ ਸੌਖਾ ਬਣਾਉਣਾ ਹੈ। ਨਵੀਂ ਕੁਸ਼ਾਕ ਵਿੱਚ ਆਧੁਨਿਕ ਸਾਲਿਡ ਡਿਜ਼ਾਈਨ, ਬਿਹਤਰ ਡ੍ਰਾਈਵਿੰਗ ਅਨੁਭਵ ਅਤੇ ਉੱਨਤ ਸੁਰੱਖਿਆ ਸੁਵਿਧਾਵਾਂ ਸ਼ਾਮਲ ਕੀਤੀਆਂ ਗਈਆਂ ਹਨ। ਨਵੀਂ ਕੁਸ਼ਾਕ ਵਿੱਚ ਸੈਗਮੈਂਟ-ਫਰਸਟ ਅੱਠ-ਸਪੀਡ ਟਾਰਕ ਕੰਵਰਟਰ ਆਟੋਮੈਟਿਕ ਟ੍ਰਾਂਸਮਿਸ਼ਨ ਦਿੱਤਾ ਗਿਆ ਹੈ, ਜਿਸ ਨੂੰ 1.0 ਟੀ ਐੱਸ ਆਈ ਇੰਜਣ ਨਾਲ ਜੋੜਿਆ ਗਿਆ ਹੈ। ਇਸ ਤੋਂ ਇਲਾਵਾ 1.5 ਟੀ ਐੱਸ ਆਈ ਇੰਜਣ ਨਾਲ ਸੱਤ-ਸਪੀਡ ਡੀ ਐੱਸ ਜੀ ਆਟੋਮੈਟਿਕ ਦਾ ਵਿਕਲਪ ਵੀ ਮੌਜੂਦ ਹੈ। ਐੱਸ ਯੂ ਵੀ ਵਿੱਚ ਪਹਿਲੀ ਵਾਰ ਰੀਅਰ ਸੀਟ ਮਸਾਜ ਫੰਕਸ਼ਨ ਤੇ ਪੈਨੋਰਾਮਿਕ ਸਨਰੂਫ ਦਿੱਤਾ ਗਿਆ ਹੈ। ਸੁਰੱਖਿਆ ਦੇ ਮਾਮਲੇ ਵਿੱਚ ਨਵੀਂ ਕੁਸ਼ਾਕ ਨੂੰ ਗਲੋਬਲ ਐਨਕੈਪ ਦੀ 5-ਸਟਾਰ ਰੇਟਿੰਗ ਮਿਲੀ ਹੈ। ਸਾਰੇ ਵੈਰੀਅੰਟਸ ਵਿੱਚ ਛੇ ਏਅਰਬੈਗ ਸਮੇਤ 25 ਤੋਂ ਵੱਧ ਸੇਫਟੀ ਫੀਚਰ ਸਟੈਂਡਰਡ ਦਿੱਤੇ ਗਏ ਹਨ। ਕੰਪਨੀ ਨੇ ਚਾਰ ਸਾਲ ਦੀ ਵਾਰੰਟੀ ਤੇ ਰੋਡਸਾਈਡ ਅਸਿਸਟੈਂਸ ਦੇ ਨਾਲ 'ਸਕੋਡਾ ਸੁਪਰ ਕੇਅਰ' ਪੈਕੇਜ ਵੀ ਪੇਸ਼ ਕੀਤਾ ਹੈ।ਨਵੀਂ ਕੁਸ਼ਾਕ ਦੀ ਪ੍ਰੀ-ਬੁਕਿੰਗ ਸ਼ੁਰੂ ਹੋ ਚੁੱਕੀ ਹੈ ਤੇ ਇਸ ਦੀ ਡਿਲੀਵਰੀ ਮਾਰਚ 2026 ਦੇ ਅੰਤ ਤੱਕ ਸ਼ੁਰੂ ਹੋਣ ਦੀ ਉਮੀਦ ਹੈ।

# ਚਾਈਨਾ ਡੋਰ ਦੀ ਥਾਂ ਸੂਤੀ ਧਾਗੇ ਨਾਲ ਉਡਾਓ ਪਤੰਗ : ਮਨਦੀਪ

**ਬਲਾਚੌਰ (ਜਸਵਿੰਦਰ ਬੈਂਸ)**- ਬਲਾਚੌਰ ਦੇ ਸਮਾਜ ਸੇਵੀ ਮਨਦੀਪ ਕੌਲਗੜ੍ਹ ਨੇ ਬਸੰਤ ਪੰਚਮੀ ਦੇ ਤਿਉਹਾਰ ਦੇ ਮੱਦੇਨਜ਼ਰ ਲੋਕਾਂ ਨੂੰ ਚਾਈਨਾ ਡੋਰ ਦੇ ਮਾਰੂ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ। ਉਨ੍ਹਾਂ ਕਿਹਾ ਕਿ ਪਹਿਲਾਂ ਲੋਕ ਸੂਤੀ ਧਾਗੇ ਦੀ ਵਰਤੋਂ ਕਰਦੇ ਸਨ, ਪਰ ਹੁਣ ਚਾਈਨਾ ਡੋਰ ਨੇ ਕਈ ਕੀਮਤੀ ਜਾਨਾਂ ਲੈ ਲਈਆਂ ਹਨ। ਪ੍ਰਸ਼ਾਸਨ ਦੀ ਪਾਬੰਦੀ ਦੇ ਬਾਵਜੂਦ ਇਸ ਦੀ ਵਿਕਰੀ ਜਾਰੀ ਹੈ,ਇਹ ਡੋਰ ਨਾਈਲੋਨ ਅਤੇ ਕੱਚ ਦੇ ਮਿਸ਼ਰਣ ਨਾਲ ਬਣੀ ਹੁੰਦੀ ਹੈ, ਜੋ ਬਹੁਤ ਤੇਜ਼ ਹੁੰਦੀ ਹੈ। ਦੋ ਪਹੀਆ ਵਾਹਨ ਚਲਾਉਣ ਵਾਲੇ ਲੋਕ ਅਕਸਰ ਇਸ ਦੀ ਲਪੇਟ ਵਿੱਚ ਆ ਜਾਂਦੇ ਹਨ, ਜਿਸ ਨਾਲ ਗਰਦਨ ਜਾਂ ਚਿਹਰੇ 'ਤੇ ਡੂੰਘੇ ਜ਼ਖ਼ਮ ਹੋ ਜਾਂਦੇ ਹਨ, ਜੋ ਕਈ ਵਾਰ ਮੌਤ ਦਾ ਕਾਰਨ ਵੀ ਬਣਦੇ ਹਨ। ਪਤੰਗ ਉਡਾਉਣ ਵਾਲੇ ਬੱਚਿਆਂ ਦੇ ਹੱਥ ਵੀ ਇਸ ਨਾਲ ਬੁਰੀ ਤਰ੍ਹਾਂ ਕੱਟੇ ਜਾਂਦੇ ਹਨ।ਪੰਛੀਆਂ ਲਈ ਘਾਤਕ ?ਬਸੰਤ ਦੇ ਦਿਨਾਂ ਵਿੱਚ ਅਸਮਾਨ ਵਿੱਚ ਉੱਡ ਰਹੇ ਸੈਂਕੜੇ ਪੰਛੀ ਇਸ ਅਦਿੱਖ ਡੋਰ ਵਿੱਚ ਫਸ ਜਾਂਦੇ ਹਨ।ਇਸ ਡੋਰ ਨਾਲ ਪੰਛੀਆਂ ਦੇ ਖੰਭ ਕੱਟੇ ਜਾਂਦੇ ਹਨ। ਜਦੋਂ ਇਹ ਡੋਰ ਟੁੱਟ ਕੇ ਜ਼ਮੀਨ 'ਤੇ ਡਿੱਗਦੀ ਹੈ, ਤਾਂ ਘਾਹ ਚਰਦੇ ਪਸ਼ੂਆਂ ਦੇ ਪੈਰਾਂ ਵਿੱਚ ਉਲਝ ਜਾਂਦੀ ਹੈ ਜਾਂ ਉਨ੍ਹਾਂ ਦੇ ਮੂੰਹ ਵਿੱਚ ਚਲੀ ਜਾਂਦੀ ਹੈ, ਜਿਸ ਨਾਲ ਉਹ ਗੰਭੀਰ ਜ਼ਖ਼ਮੀ ਹੋ ਜਾਂਦੇ ਹਨ।

# ਬਸੰਤ ਪੰਚਮੀ ਮਹਾਂਉਤਸਵ ਮਨਾਇਆ




**ਗੁਰਾਇਆ (ਬਿੰਦਰ ਸੁਮਨ)**- ਸ੍ਰੀ ਹਨੂਮਤ ਇੰਸਟੀਚਿਊਟ ਆਫ਼ ਮੈਨੇਜਮੈਂਟ ਐਂਡ ਟੈਕਨਾਲੋਜੀ ਵਿਖੇ ਬਸੰਤ ਪੰਚਮੀ ਮਹਾਉਤਸਵ ਹਰ ਸਾਲ ਦੀ ਤਰ੍ਹਾਂ ਬੜੇ ਉਤਸ਼ਾਹ ਦੇ ਨਾਲ ਮਨਾਇਆ ਗਿਆ। ਇਸ ਸ਼ੁਭ ਮੌਕੇ ਕਾਲਜ ਵਿੱਚ ਇੱਕ ਵਿਸ਼ੇਸ਼ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਸਾਰੇ ਵਿਭਾਗਾਂ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ। ਇਸ ਸਮਾਗਮ ਦੀ ਮੁੱਖ ਖਿੱਚ ਪਤੰਗ ਉਡਾਉਣ ਦਾ ਮੁਕਾਬਲਾ ਸੀ, ਜਿਸ ਵਿੱਚ ਵਿਦਿਆਰਥੀਆਂ ਦੀਆਂ 20 ਟੀਮਾਂ ਨੇ ਉਤਸ਼ਾਹ ਨਾਲ ਹਿੱਸਾ ਲਿਆ ਤੇ ਆਪਣੇ ਪਤੰਗ ਉਡਾਉਣ ਦੇ ਹੁਨਰ ਦਾ ਬਾਖੂਬੀ ਪ੍ਰਦਰਸ਼ਨ ਕੀਤਾ। ਸਮਾਗਮ ਦੌਰਾਨ ਵਿਦਿਆਰਥੀਆਂ ਨੂੰ ਬਸੰਤੀ ਰੰਗ ਦੇ ਚੌਲਾਂ (ਪੀਲੇ ਚਾਵਲ) ਦਾ ਇੱਕ ਸੁਆਦੀ ਪਕਵਾਨ ਵੀ ਪਰੋਸਿਆ ਗਿਆ, ਜਿਸ ਨੂੰ ਰਵਾਇਤੀ ਤੌਰ 'ਤੇ ਸ਼ੁਭ ਮੰਨਿਆ ਜਾਂਦਾ ਹੈ। ਇਹ ਸੁਆਦੀ ਪਕਵਾਨ ਕਾਲਜ ਦੇ ਹੋਟਲ ਮੈਨੇਜਮੈਂਟ ਵਿਭਾਗ ਦੇ ਵਿਦਿਆਰਥੀਆਂ ਦੁਆਰਾ ਤਿਆਰ ਕੀਤਾ ਗਿਆ ਸੀ, ਜਿਸ ਨੂੰ ਖ਼ੁਸ਼ਬੂਦਾਰ ਮਸਾਲਿਆਂ ਨਾਲ ਬਹੁਤ ਹੀ ਲਜੀਜ਼ ਸੁਆਦ ਦਿੱਤਾ ਗਿਆ ਸੀ। ਵਿਦਿਆਰਥੀਆਂ ਨੇ ਨਾ ਸਿਰਫ਼ ਪਤੰਗ ਉਡਾਉਣ ਦੇ ਮੁਕਾਬਲੇ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ ਸਗੋਂ ਬਸੰਤ ਪੰਚਮੀ ਦੇ ਮਹੱਤਵ ਨੂੰ ਵੀ ਸਮਝਿਆ। ਇਸ ਦੌਰਾਨ ਕਾਲਜ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਗਿਰੀਸ਼ ਗੁਪਤਾ, ਪ੍ਰਧਾਨ ਨਰੇਸ਼ ਗੁਪਤਾ ਅਤੇ ਪ੍ਰਬੰਧ ਨਿਦੇਸ਼ਕ ਸੁਖਵਿੰਦਰ ਸਿੰਘ ਕੰਗ ਨੇ ਕਿਹਾ ਕਿ ਅਜਿਹੇ ਸਮਾਗਮ ਨਾ ਸਿਰਫ਼ ਵਿਦਿਆਰਥੀਆਂ ਦੇ ਅਕਾਦਮਿਕ ਜੀਵਨ ਵਿੱਚ ਰੰਗ ਭਰਦੇ ਹਨ ਬਲਕਿ ਟੀਮ ਵਰਕ, ਮੁਕਾਬਲੇ ਦੀ ਭਾਵਨਾ ਅਤੇ ਸਮਾਜਿਕ ਭਾਗੀਦਾਰੀ ਨੂੰ ਵੀ ਉਤਸ਼ਾਹਿਤ ਕਰਦੇ ਹਨ।

# ਲਾਇਬ੍ਰੇਰੀ ਨੂੰ 15000 ਦੀ ਰਾਸ਼ੀ ਭੇਟ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਬੱਚਿਆਂ ਵਿੱਚ ਪੁਸਤਕ ਸਭਿਆਚਾਰ ਨੂੰ ਪ੍ਰਫੁਲਤ ਕਰਨ ਹਿੱਤ ਕੈਨੇਡਾ ਤੋਂ ਆਏ ਧਲਵਿੰਦਰ ਸਿੰਘ ਜੱਜ ਨੇ ਪਿੰਡ ਸਾਹਰੀ ਵਿਖੇ ਗ਼ਦਰੀ ਯੋਧੇ ਦੇ ਨਾਂ 'ਤੇ ਚੱਲ ਰਹੀ ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ ਲਾਇਬ੍ਰੇਰੀ ਨੂੰ ਪੰਦਰਾਂ ਹਜ਼ਾਰ ਦੀ ਰਾਸ਼ੀ ਭੇਟ ਕੀਤੀ। ਧਲਵਿੰਦਰ ਸਿੰਘ ਜੱਜ ਸਾਹਰੀ ਪਿੰਡ ਦੀ ਸਰਜ਼ਮੀਨ ਨਾਲ ਤਾਅਲੁਕ ਰੱਖਦੇ ਹਨ ਪਰ ਇਸ ਸਮੇਂ ਕੈਨੇਡਾ ਰਹਿ ਰਹੇ ਹਨ। ਇਸ ਬਾਰੇ ਵਿਸਤਾਰ ਨਾਲ ਗੱਲ ਕਰਦਿਆਂ ਡਾ. ਜਸਵੰਤ ਰਾਏ ਖੋਜ ਅਫ਼ਸਰ, ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ ਹੁਸ਼ਿਆਰਪੁਰ ਨੇ ਦੱਸਿਆ ਕਿ ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ ਦੀ ਦੇਸ਼ ਦੀ ਅਜ਼ਾਦੀ ਦੀ ਗ਼ਦਰ ਲਹਿਰ ਵਿੱਚ ਵੱਡੀ ਭੂਮਿਕਾ ਰਹੀ ਹੈ।ਬਰਮਾ ਕਾਂਸਪੀਰੇਸੀ ਕੇਸ ਦੌਰਾਨ ਉਨ੍ਹਾਂ ਨੂੰ ਮਾਂਡਲੇ ਜੇਲ੍ਹ ਵਿੱਚ ਫ਼ਾਂਸੀ ਹੋ ਗਈ ਸੀ। ਇਨ੍ਹਾਂ ਦੀ ਯਾਦ ਵਿੱਚ ਹੀ ਪਿੰਡ ਸਾਹਰੀ ਵਿਖੇ ਕੁਝ ਅਗਾਂਹ ਵਧੂ ਦੋਸਤਾਂ ਦੀ ਸੁਹਿਰਦ ਕੋਸ਼ਿਸ਼ ਸਦਕਾ ਲਾਇਬ੍ਰੇਰੀ ਸਥਾਪਿਤ ਕੀਤੀ ਗਈ ਹੈ ਤੇ ਇਸ ਲਾਇਬ੍ਰੇਰੀ ਦਾ ਨਾਂ ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ ਦੇ ਨਾਂ 'ਤੇ ਰੱਖਿਆ ਗਿਆ ਹੈ। ਅੱਜ ਕਲ ਇਸ ਇਸ ਲਾਇਬ੍ਰੇਰੀ ਨੂੰ ਦਿੱਲੀ ਸਾਹਿਤ ਸਭਾ ਨਾਲ ਜੋੜਿਆ ਗਿਆ ਹੈ, ਜਿੱਥੋਂ ਬਹੁਤ ਹੀ ਆਹਲਾ ਕਿਸਮ ਦੀਆਂ ਕਿਤਾਬਾਂ ਲਾਇਬ੍ਰੇਰੀ ਨੂੰ ਮੁਹੱਈਆ ਹੋ ਰਹੀਆਂ ਹਨ।ਧਲਵਿੰਦਰ ਸਿੰਘ ਜੱਜ ਜ਼ਿਲ੍ਹਾ ਭਾਸ਼ਾ ਦਫ਼ਤਰ ਹੁਸ਼ਿਆਰਪੁਰ ਵਿਖੇ ਕੁਝ ਕਿਤਾਬਾਂ ਬਾਬਤ ਹੀ ਆਏ ਸਨ। ਜਦੋਂ ਉਨ੍ਹਾਂ ਨੂੰ ਦੱਸਿਆ ਗਿਆ ਕਿ ਸਾਹਰੀ ਲਾਇਬ੍ਰੇਰੀ ਨੂੰ ਕਿਤਾਬਾਂ ਰੱਖਣ ਲਈ ਇਕ ਅਲਮਾਰੀ ਲੋੜੀਂਦੀ ਹੈ ਤਾਂ ਉਨ੍ਹਾਂ ਉਸੇ ਵਕਤ ਪੰਦਰਾਂ



ਹਜ਼ਾਰ ਰੁਪਏ ਲਾਇਬ੍ਰੇਰੀ ਨੂੰ ਭੇਟ ਕਰ ਦਿੱਤੇ। ਇਨ੍ਹਾਂ ਵਿੱਚੋਂ ਗਿਆਰਾਂ ਹਜ਼ਾਰ ਰੁਪਏ ਦੀ ਅਲਮਾਰੀ ਖ਼ਰੀਦ ਕੇ ਸਾਹਰੀ ਲਾਇਬ੍ਰੇਰੀ ਭੇਜੀ ਗਈ ਪੰਜ ਹਜ਼ਾਰ ਰੁਪਏ ਲਾਇਬ੍ਰੇਰੀ ਦੇ ਰੱਖ ਰਖਾਵ ਲਈ ਬੈਂਕ ਵਿੱਚ ਚੱਲ ਰਹੇ ਲਾਇਬ੍ਰੇਰੀ ਖ਼ਾਤੇ ਵਿੱਚ ਜਮ੍ਹਾਂ ਕਰਵਾ ਦਿੱਤੇ ਗਏ।ਇਸ ਲਾਇਬ੍ਰੇਰੀ ਵਿੱਚ ਤਿੰਨ ਅਖ਼ਬਾਰਾਂ ਰੋਜ਼ਾਨਾ ਆਉਂਦੀਆਂ ਹਨ। ਲਾਇਬ੍ਰੇਰੀ ਦੇ ਰੱਖ ਰਖਾਵ ਲਈ ਰੱਖੀ ਲਾਇਬ੍ਰੇਰੀ ਅਟੈਂਡੈਂਟ ਇਸ ਨੂੰ ਸਮੇਂ ਸਿਰ ਖੋਲ੍ਹਦੀ ਹੈ ਤੇ ਬੱਚਿਆਂ ਨੂੰ ਕਿਤਾਬਾਂ ਇਸ਼ੂ ਕਰਦੀ ਹੈ।ਬੱਚੇ ਲਾਇਬ੍ਰੇਰੀ ਬੈਠ ਕੇ ਕਿਤਾਬਾਂ ਹੀ ਨਹੀਂ ਪੜ੍ਹਦੇ ਸਗੋਂ ਸਕੂਲੋਂ ਮਿਲਿਆ ਪੜ੍ਹਾਈ ਦਾ ਕੰਮ ਵੀ ਕਰਦੇ ਹਨ। ਲਾਇਬ੍ਰੇਰੀ ਦੀ ਵਧੀਆ ਕਾਰਜ ਪ੍ਰਣਾਲੀ ਲਈ ਧਲਵਿੰਦਰ ਜੱਜ ਨੇ ਪ੍ਰਬੰਧਕਾਂ ਦਾ ਧੰਨਵਾਦ ਵੀ ਕੀਤਾ। ਇਸ ਸਮੇਂ ਜੱਜ ਦਾ ਨੇਕ ਕਾਰਜ ਲਈ ਭਾਸ਼ਾ ਵਿਭਾਗ ਵੱਲੋਂ ਕਿਤਾਬਾਂ ਦੇ ਸੈੱਟ ਨਾਲ ਸਨਮਾਨ ਵੀ ਕੀਤਾ ਗਿਆ।ਇਸ ਸਮੇਂ ਲਾਲ ਸਿੰਘ, ਰੂਬੀ ਅਤੇ ਭਾਸ਼ਾ ਵਿਭਾਗ ਦਾ ਦਫ਼ਤਰੀ ਸਟਾਫ ਹਾਜ਼ਰ ਸੀ।

# ਟਾਂਡਾ ਰੇਲਵੇ ਫਾਟਕ 'ਤੇ ਓਵਰਲੋਡ ਟਰੱਕ ਪਲਟਿਆ

**ਜਲੰਧਰ, (ਸੁਰਿੰਦਰ ਕੁਮਾਰ)**- ਟਾਂਡਾ ਰੇਲਵੇ ਫਾਟਕ 'ਤੇ ਇੱਕ ਓਵਰਲੋਡ ਟਰੱਕ ਬੇਕਾਬੂ ਹੋ ਗਿਆ ਜਿਸ ਕਾਰਣ ਰੇਲਵੇ ਟਰੈਕ 'ਤੇ ਹੜਕੰਪ ਮੱਚ ਗਿਆ। ਪਰ ਖੁਸ਼ਕਿਸਮਤੀ ਇਹ ਰਹੀ ਕਿ ਟਰੱਕ ਕਿਸੇ ਹੋਰ ਵਾਹਨ ਉੱਤੇ ਨਹੀਂ ਪਲਟਿਆ, ਨਹੀਂ ਤਾਂ ਵੱਡਾ ਜਾਨੀ ਨੁਕਸਾਨ ਹੋ ਸਕਦਾ ਸੀ। ਟਾਂਡਾ ਫਾਟਕ ਦੇ ਰੇਲਵੇ ਟਰੈਕ 'ਤੇ ਰੇਲ ਗੱਡੀ ਆਉਣ ਕਾਰਨ ਕਰਮਚਾਰੀ ਵੱਲੋਂ ਫਾਟਕ ਬੰਦ ਕੀਤਾ ਜਾ ਰਿਹਾ ਸੀ। ਇਸ ਦੌਰਾਨ ਇੱਕ ਓਵਰਲੋਡ ਟਰੱਕ ਆ ਗਿਆ ਤੇ ਫਾਟਕ ਦੇ ਨੇੜੇ ਹੀ ਬੇਕਾਬੂ ਹੋ ਗਿਆ, ਜਿਸ ਕਾਰਨ ਟਰੱਕ ਸੜਕ 'ਤੇ ਟੇਢਾ ਹੋ ਗਿਆ। ਇਸ ਤੋਂ ਬਾਅਦ ਕਰੇਨ ਦੀ ਮਦਦ ਨਾਲ ਟਰੱਕ ਨੂੰ ਫਾਟਕ ਦੇ ਕੋਲੋਂ ਹਟਾਇਆ ਜਾ



ਰਿਹਾ ਹੈ। ਇਸ ਮਾਮਲੇ ਨੂੰ ਲੈ ਕੇ ਵਪਾਰੀਆਂ ਵਿੱਚ ਰੋਸ ਵੀ ਪਾਇਆ ਜਾ ਰਿਹਾ ਹੈ। ਜਾਣਕਾਰੀ ਦਿੰਦਿਆਂ ਵਪਾਰੀਆਂ ਨੇ ਦੱਸਿਆ ਕਿ ਟਰੱਕ ਚਾਲਕ ਨਕੋਦਰ ਰੋਡ ਜਾਂ ਕਪੂਰਥਲਾ ਰੋਡ ਵੱਲ ਜਾਣ ਲਈ ਸ਼ਾਰਟਕਟ ਰਸਤਾ ਟਾਂਡਾ ਫਾਟਕ ਰਾਹੀਂ ਲੈਂਦੇ ਹਨ। ਟਰੱਕ ਚਾਲਕਾਂ ਵੱਲੋਂ ਸ਼ਾਰਟਕਟ ਰਸਤਾ ਅਪਨਾਉਣ ਕਾਰਨ ਕਦੇ ਵੀ ਵੱਡਾ ਹਾਦਸਾ ਹੋ ਸਕਦਾ ਹੈ। ਹਾਲ ਹੀ ਵਿੱਚ ਰੇਲਵੇ ਟਰੈਕ 'ਤੇ ਇੱਟਾਂ ਨਾਲ ਭਰੀ ਟਰਾਲੀ ਫਸ ਗਈ ਸੀ, ਜਿਸ ਕਾਰਨ ਟ੍ਰੇਨਾਂ ਦੀ ਆਵਾਜਾਈ ਰੁਕ ਗਈ ਸੀ। ਦਰਅਸਲ, ਉਸ ਸਮੇਂ ਟਰਾਲੀ ਦਾ ਜੈਕ ਟੁੱਟਣ ਕਾਰਨ ਹਾਦਸਾ ਹੋਇਆ ਸੀ। ਗਨੀਮਤ ਇਹ ਰਹੀ ਕਿ ਉਸ ਸਮੇਂ ਵੀ ਕੋਈ ਜਾਨੀ ਨੁਕਸਾਨ ਨਹੀਂ ਹੋਇਆ।ਦੱਸਣਯੋਗ ਹੈ ਕਿ 8 ਤੋਂ 10 ਸਾਲ ਪਹਿਲਾਂ ਵੀ ਓਵਰਲੋਡ ਟਰੱਕ ਕਾਰਨ ਕਈ ਲੋਕਾਂ ਦੀ ਜਾਨ ਗਈ ਸੀ। ਉਸ ਸਮੇਂ ਟਰੱਕ ਦੀ ਬਰੇਕ ਫੇਲ ਹੋਣ ਕਾਰਨ ਬੰਦ ਫਾਟਕ 'ਤੇ ਖੜ੍ਹੇ ਵਾਹਨਾਂ ਨਾਲ ਟਰੱਕ ਦੀ ਟੱਕਰ ਹੋ ਗਈ ਸੀ ਤੇ ਇਸ ਹਾਦਸੇ ਵਿੱਚ ਫਾਟਕ ਟੁੱਟ ਗਿਆ ਸੀ। ਵਾਹਨ ਰੇਲਵੇ ਟਰੈਕ 'ਤੇ ਜਾ ਡਿੱਗੇ ਸਨ ਤੇ ਜਨ ਸ਼ਤਾਬਦੀ ਟ੍ਰੇਨ ਦੀ ਚਪੇਟ ਵਿੱਚ ਆ ਗਏ ਸਨ।ਇਸੇ 'ਤੇ ਵਿੱਚ ਵਪਾਰੀਆਂ ਦਾ ਕਹਿਣਾ ਹੈ ਕਿ ਪ੍ਰਸ਼ਾਸਨ ਅੱਖਾਂ ਮੂੰਦ ਕੇ ਕਿਸੇ ਵੱਡੇ ਹਾਦਸੇ ਦੀ ਉਡੀਕ ਕਰ ਰਿਹਾ ਹੈ। ਇਸੇ ਕਾਰਨ ਮੁੱਖ ਬਾਜ਼ਾਰਾਂ ਵਿੱਚ ਟਰੱਕਾਂ ਦੀ ਆਵਾਜਾਈ 'ਤੇ ਰੋਕ ਨਹੀਂ ਲਗਾਈ ਜਾ ਰਹੀ।ਜਦਕਿ ਸਵੇਰੇ 9 ਵਜੇ ਤੋਂ ਬਾਅਦ ਟਰੱਕਾਂ ਦੀ ਐਂਟਰੀ ਬੰਦ ਹੋਣ ਦੇ ਬਾਵਜੂਦ ਵੀ ਟਰੱਕ ਸ਼ਹਿਰ ਦੇ ਮੁੱਖ ਬਾਜ਼ਾਰਾਂ ਵਿੱਚ ਆ ਰਹੇ ਹਨ।

# ਸਰਚ ਇੰਜਨ ਓਪਟੀਮਾਈਜ਼ੇਸ਼ਨ ਵਿਸ਼ੇ 'ਤੇ ਸੈਮੀਨਾਰ

**ਫਿਲੌਰ/ਨੂਰਮਹਿਲ (ਨਿਰਮਲ, ਬਾਲ ਕ੍ਰਿਸ਼ਨ ਬਾਲੀ)**- ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ ਫਿਲੌਰ ਵਿਖੇ ਗੋਲਡਨ ਜੁਬਲੀ ਸੈਂਟਰ ਆਫ਼ ਐਂਟਰਪ੍ਰੀਨੀਅਰਸ਼ਿਪ ਐਂਡ ਇਨੋਵੇਸ਼ਨ (ਜੀ ਜੇ ਸੀ ਈ ਆਈ) ਅੰਡਰ ਰੂਸਾ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਸਰਚ ਇੰਜਨ ਓਪਟੀਮਾਈਜੇਸ਼ਨ ਵਿਸ਼ੇ ਤੇ ਇਕ ਰੋਜਾ ਸੈਮੀਨਾਰ ਕਰਵਾਇਆ ਗਿਆ, ਜਿਸ ਵਿੱਚ ਮੁੱਖ ਬੁਲਾਰੇ ਵਜੋਂ ਲਕਸ਼ੈ ਧੀਮਾਨ, ਮੈਨੇਜਿੰਗ ਡਾਇਰੈਕਟਰ ਆਫ਼ ਬ੍ਰੇਨ ਟ੍ਰੇਨ ਇਨਫੋ ਸੋਲਿਉਸ਼ਨ ਨੇ ਸ਼ਿਰਕਤ ਕੀਤੀ। ਪ੍ਰਿੰਸੀਪਲ ਡਾ: ਪਰਮਜੀਤ ਕੌਰ ਜੱਸਲ ਦੀ ਯੋਗ ਅਗਵਾਈ ਤਹਿਤ ਇਹ ਟ੍ਰੇਨਿਗ ਤੇ ਲੈਕਚਰ ਕੰਪਿਊਟਰ ਵਿਭਾਗ ਦੇ ਚੱਲ ਰਹੇ ਚਲੰਤ ਕੋਰਸਾਂ ਵਿੱਚ



ਮੱਦਦਗਾਰ ਸਾਬਤ ਹੋਵੇਗਾ। ਇਸ ਟ੍ਰੇਨਿਗ ਤੇ ਲੈਕਚਰ ਦਾ ਮੁੱਖ ਵਿਸ਼ਾ 'ਸਰਚ ਇੰਜਨ ਆਪਟੀਮਾਈਜ਼ੇਸ਼ਨ' ਰਿਹਾ। ਕੰਪਿਊਟਰ ਵਿਭਾਗ ਦੇ ਇਸ ਸੈਮੀਨਾਰ ਦੇ ਇੰਚਾਰਜ ਪ੍ਰੋ: ਸੋਨੀਆ ਰਹੇ 'ਤੇ ਪ੍ਰੋ: ਮਨੀਸ਼ ਤ੍ਰੇਹਨ ਅਤੇ ਪ੍ਰੋ: ਨਵਦੀਪ ਕੌਰ ਇਸ ਪ੍ਰੋਗਰਾਮ ਵਿੱਚ ਉਹਨਾ ਦੇ ਮਦਦਗਾਰ ਰਹੇ ।ਮੰਚ ਸੰਚਾਲਕ ਦੀ ਭੂਮਿਕਾ ਨਿਭਾਉਦਿਆਂ ਪ੍ਰੋ: ਵਿਸ਼ਾਲੀ ਪਸਰੀਚਾ (ਕੰਪਿਊਟਰ ਵਿਭਾਗ) ਨੇ ਇਸ ਵਿਸ਼ੇ ਦੀ ਭੂਮਿਕਾ ਬੰਨ੍ਹੀ ਤੇ ਮੁੱਖ ਬੁਲਾਰੇ ਸ੍ਰੀਮਾਨ ਲਕਸ਼ੈ ਧੀਮਾਨ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਪੀ ਪੀਜ ਟੀ ਦੀ ਮੱਦਦ ਨਾਲ ਸਰਚ ਇੰਜਨ ਆਪਟੀਮਾਈਜੇਸ਼ਨ 'ਤੇ ਵਿਸ਼ੇਸ਼ ਲੈਕਚਰ ਦਿੱਤਾ। ਉਹਨਾਂ ਕੰਪਿਊਟਰ ਦੇ ਵਿਦਿਆਰਥੀਆਂ ਨੂੰ ਦੱਸਿਆ ਕਿ ਕਿੰਝ ਅੱਜ ਦੇ ਦੌਰ ਵਿੱਚ ਆਨਲਾਈਨ ਬਿਜਨੈਸ ਨੂੰ ਪ੍ਰਮੋਟ ਕੀਤਾ ਜਾਂਦਾ ਹੈ। ਇਸ ਦੇ ਨਾਲ ਹੀ ਵੈਬਸਾਈਟ ਦੀ ਇੰਨਡੈਕਸਿੰਗ, ਡੋਮੇਨ ਨਾਂਅ ਨੂੰ ਕਿਵੇਂ ਸਿਲੈਕਟ ਕੀਤਾ ਜਾਂਦਾ ਹੈ, ਬਲੋਗ ਕੀ ਹੁੰਦੇ ਹਨ, ਅਤੇ ਗੂਗਲ 'ਤੇ ਟਾਇਟਲ ਸਰਚਿੰਗ ਕਿਵੇਂ ਹੁੰਦੀ ਹੈ ਆਦਿ ਬਾਰੇ ਡੂੰਘਾਈ ਨਾਲ ਵਿਚਾਰ ਚਰਚਾ ਕੀਤੀ। ਸੈਮੀਨਾਰ ਵਿੱਚ ਵਿਦਿਆਰਥੀਆਂ ਨੇ ਦਿਲਚਸਪੀ ਦਿਖਾਉਂਦਿਆਂ ਕਾਫੀ ਸਵਾਲ-ਜਵਾਬ ਕੀਤੇ। ਮੈਡਮ ਪ੍ਰਿੰ: ਡਾ: ਪਰਮਜੀਤ ਕੌਰ ਜੱਸਲ ਨੇ ਵਿਦਿਆਰਥੀਆਂ ਨਾਲ ਰੂ-ਬ-ਰੂ ਹੁੰਦਿਆਂ ਡਿਜੀਟਲ ਤੇ ਆਰਟੀਫਿਸ਼ਲ ਇੰਟੈਲੀਜੈਂਸੀ ਦੇ ਕੰਪਿਊਟਰ ਯੁੱਗ 'ਚ ਕਦਮ-ਨਾਲ-ਕਦਮ ਮਿਲਾ ਕੇ ਚੱਲਣ ਦੀ ਅਪੀਲ ਕੀਤੀ। ਇਸ ਪ੍ਰਕਾਰ ਕੰਪਿਊਟਰ ਵਿਭਾਗ ਦਾ ਇਹ ਸੈਮੀਨਾਰ ਵਿਦਿਆਰਥੀ ਵਰਗ ਲਈ ਲਾਹੇਵੰਦ ਰਿਹਾ। ਕਾਲਜ ਦੇ ਸਮੂਹ ਸਟਾਫ ਡਾ: ਪਰਮਜੀਤ ਕੌਰ, ਪ੍ਰੋ: ਜਸਪ੍ਰੀਤ ਕੌਰ, ਪ੍ਰੋ: ਰਾਜਨ ਮਿੱਤੂ, ਪ੍ਰੋ: ਰੁਪਿੰਦਰ ਸਿੰਘ, ਪ੍ਰੋ: ਮਨਿੰਦਰ ਸਿੰਘ, ਪ੍ਰੋ: ਮਨਦੀਪ ਕੌਰ, ਪ੍ਰੋ: ਕਿਰਨਦੀਪ ਕੌਰ, ਪ੍ਰੋ: ਬਬੀਤਾ ਕੁਮਾਰੀ, ਪ੍ਰੋ: ਕਮਲਪ੍ਰੀਤ ਕੌਰ, ਪ੍ਰੋ: ਹਰਪ੍ਰੀਤ ਸਿੰਘ, ਪ੍ਰੋ: ਅੰਮ੍ਰਿਤਾ ਨੇ ਅਨੁਸ਼ਾਸ਼ਨ ਪੂਰਵਕ ਭੂਮਿਕਾ ਨਿਭਾਈ।

# ਸੰਤੋਸ਼ ਕਟਾਰੀਆ ਨੇ ਮੂਰਤੀ ਸਥਾਪਨਾ ਸ਼ੋਭਾ ਯਾਤਰਾ 'ਚ ਭਰੀ ਹਾਜ਼ਰੀ

**ਬਲਾਚੌਰ (ਜਸਵਿੰਦਰ ਬੈਂਸ)**- ਬਲਾਚੌਰ ਸ਼ਹਿਰ ਦੇ ਇਤਿਹਾਸਕ ਤੇ ਪਵਿੱਤਰ ਅਸਥਾਨ ਸ੍ਰੀ ਬਾਬਾ ਬਲਰਾਜ ਮੰਦਿਰ ਵਿਖੇ 21ਵਾਂ ਸਾਲਾਨਾ ਮੂਰਤੀ ਪ੍ਰਾਣ ਪ੍ਰਤਿਸ਼ਠਾ ਮਹੋਤਸਵ ਤੇ ਬਸੰਤ ਪੰਚਮੀ ਭੰਡਾਰਾ ਬੜੀ ਸ਼ਰਧਾ ਤੇ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ। ਇਸ ਤਿੰਨ ਰੋਜ਼ਾ ਸਮਾਗਮ ਦੇ ਪਹਿਲੇ ਦਿਨ ਸ਼ਹਿਰ ਵਿੱਚ ਇੱਕ ਵਿਸ਼ਾਲ ਤੇ ਮਨਮੋਹਕ ਸ਼ੋਭਾ ਯਾਤਰਾ ਕੱਢੀ ਗਈ, ਇਹ ਸ਼ੋਭਾ ਯਾਤਰਾ ਬਾਬਾ ਬਲਰਾਜ ਮੰਦਿਰ ਤੋਂ ਸ਼ੁਰੂ ਹੋ ਕੇ ਗੜ੍ਹ ਸ਼ੰਕਰ ਰੋਡ ਵਿਸ਼ਕਰਮਾ ਮੰਦਿਰ



ਮਹਿੰਦੀਪੁਰ ਰੋਡ ਬਾਬਾ ਬਾਲਕਨਾਥ ਮੰਦਰ ਗਹੋਣ ਰੋਡ ਭੱਦੀ ਰੋਡ ਤੇ ਹੁੰਦੇ ਹੋਏ ਬਾਬਾ ਬਲਰਾਜ ਮੰਦਿਰ ਵਿਖੇ ਸਮਾਪਤ ਹੋਈ। ਸ਼ੋਭਾ ਯਾਤਰਾ ਵਿੱਚ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਸਮੂਲੀਅਤ ਕੀਤੀ ਹਲਕਾ ਵਿਧਾਇਕ ਸੰਤੋਸ਼ ਕਟਾਰੀਆ, ਆਮ ਆਦਮੀ ਪਾਰਟੀ ਦੇ ਸੀਨੀਅਰ ਮੈਂਬਰ ਅਸ਼ੋਕ ਕਟਾਰੀਆ, ਨਗਰ ਕੌਂਸਲ ਪ੍ਰਧਾਨ ਸੁਨੀਲ ਕੌਸ਼ਲ ਲਾਡੀ ਰਾਣਾ ਜਸਵੀਰ ਗੜ੍ਹੀ ਐਸੀ ਕਮਿਸ਼ਨ ਪੰਜਾਬ ਕਾਂਗਰਸ ਦੇ ਜਿਲ੍ਹਾ ਪ੍ਰਧਾਨ ਅਜੇ ਮੰਗੂਪੁਰ, ਪਰਮਿੰਦਰ ਭਾਟੀਆ ਐੱਮ ਸੀ, ਪਰਮਿੰਦਰ ਮੇਨਕਾ ਐੱਮ ਸੀ,ਜਸਵੀਰ ਔਲੀਆਪੁਰ ਹਨੀ ਡੱਬ ਐੱਮ ਸੀ ਬਿੱਟੂ ਐੱਮ ਸੀ ਪਰਮਿੰਦਰ ਭਾਟੀਆ ਐੱਮ ਸੀ, ਪਰਮਿੰਦਰ ਮੇਨਕਾ ਐੱਮ ਸੀ,ਜਸਵੀਰ ਔਲੀਆਪੁਰ ਹਨੀ ਡੱਬ ਐੱਮ ਸੀ, ਬਿੱਟੂ ਐੱਮ ਸੀ ਬਲਵਿੰਦਰ ਸਰਪੰਚ ਮਾਣੇਵਾਲ, ਲੋਲੀ ਰਾਣਾ, ਅਮਨ ਐਡਵੋਕੇਟ, ਗੁਰਪ੍ਰੀਤ ਸਿੰਘ ਸੈਣੀ, ਭੁਪਿੰਦਰ ਰਾਣਾ ਰਾਜਪੂਤ ਸਭਾ ਦੇ ਪ੍ਰਧਾਨ ਤੇ ਹੋਰ ਬਹੁਤ ਸਾਰੇ ਲੀਡਰ ਮੌਜੂਦ ਰਹੇ ਜਿਸ ਵਿੱਚ ਭਾਰੀ ਗਿਣਤੀ ਵਿੱਚ ਸੰਗਤਾਂ ਨੇ ਸ਼ਮੂਲੀਅਤ ਕੀਤੀ। ਸ਼ੋਭਾ ਯਾਤਰਾ ਦੌਰਾਨ ਰਸਤੇ ਵਿੱਚ ਬ੍ਰਾਹਮਣ ਸਭਾ ਦੇ ਪ੍ਰਧਾਨ ਵਿਕਾਸ ਕੁਮਾਰ ਗੋਲਡੀ ਸਵੀਟ ਵੱਲੋ ਸ਼ੋਭਾ ਯਾਤਰਾ ਦੇ ਸਵਾਗਤ ਵਿੱਚ ਲੱਡੂਆਂ ਦਾ ਪ੍ਰਸ਼ਾਦ ਤੇ ਫੁੱਲਾਂ ਦੀ ਵਰਖਾ ਕੀਤੀ। ਵੱਖ-ਵੱਖ ਪ੍ਰਕਾਰ ਦੀਆਂ ਝਾਕੀਆਂ ਖਿੱਚ ਦਾ ਕੇਂਦਰ ਰਹੀਆਂ ਤੇ ਪੂਰਾ ਸ਼ਹਿਰ ਬਾਬਾ ਜੀ ਦੇ ਜੈਕਾਰਿਆਂ ਨਾਲ ਗੂੰਜ ਉੱਠਿਆ। ਮੰਦਿਰ ਕਮੇਟੀ ਨੇ ਦੱਸਿਆ ਕਿ 22 ਜਨਵਰੀ ਵੀਰਵਾਰ ਨੂੰ ਸਵੇਰੇ 9:00 ਵਜੇ ਕੀਰਤਨ ਹੋਵੇਗਾ ਤੇ 10:00 ਵਜੇ ਸ੍ਰੀ ਰਾਮਾਇਣ ਜੀ ਦੇ ਪਾਠ ਦੇ ਭੋਗ ਪਾਏ ਜਾਣਗੇ। ਦੁਪਹਿਰ 2:00 ਵਜੇ ਤੋਂ ਪ੍ਰਸਿੱਧ ਭਜਨ ਗਾਇਕ ਸਾਗਰ ਕੋਹਲੀ ਸ਼ਾਹਬਾਦ ਮਾਰਕੰਡਾ ਵਾਲੇ ਆਪਣੀਆਂ ਭੇਟਾਂ ਰਾਹੀਂ ਪ੍ਰਭੂ ਮਹਿਮਾ ਦਾ ਗੁਣਗਾਨ ਕਰਨਗੇ। ਸਮਾਗਮ ਦੇ ਅੰਤਿਮ ਦਿਨ 23 ਜਨਵਰੀ ਸ਼ੁੱਕਰਵਾਰ ਨੂੰ ਸਵੇਰੇ 10:00 ਵਜੇ ਤੋਂ ਹਵਨ ਯੱਗ ਤੇ ਵਿਸ਼ਾਲ ਬਸੰਤ ਪੰਚਮੀ ਭੰਡਾਰਾ ਵਰਤਾਇਆ ਜਾਵੇਗਾ।ਸ੍ਰੀ ਬਾਬਾ ਬਲਰਾਜ ਮੰਦਿਰ ਕਮੇਟੀ ਬਲਾਚੌਰ ਦੇ ਸੇਵਾਦਾਰਾਂ- ਵਿਸ਼ੂ ਰਾਣਾ, ਮਨੀਸ਼ ਕੌਸ਼ਲ, ਅਮਨ ਰਾਣਾ, ਵਿਵੇਕ ਰਾਣਾ, ਪੰਕਜ ਰਾਣਾ, ਗੌਰਵ ਰਾਣਾ, ਰਣਦੀਪ ਕੌਸ਼ਲ ਅਤੇ ਹੋਰਾਂ ਨੇ ਸਮੂਹ ਇਲਾਕਾ ਨਿਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਪਵਿੱਤਰ ਯੱਗ ਵਿੱਚ ਹੁੰਮ-ਹੁਮਾ ਕੇ ਪਹੁੰਚਣ।

# ਮਨੀਸ਼ ਤਿਵਾੜੀ ਨੇ ਪੰਕਜ ਕ੍ਰਿਪਾਲ ਨਾਲ ਕੀਤਾ ਦੁੱਖ ਦਾ ਪ੍ਰਗਟਾਵਾ

**ਜੇਜੋਂ ਦੋਆਬਾ, (ਨਿਰਮਲ ਸਿੰਘ ਮੁੱਗੋਵਾਲ)**- ਕਾਂਗਰਸੀ ਆਗੂ ਪੰਕਜ ਕ੍ਰਿਪਾਲ ਐਡਵੋਕੇਟ ਦੇ ਪਿਤਾ ਤੇ ਭੂਮੀ ਰੱਖਿਆ ਵਿਭਾਗ ਦੇ ਸੇਵਾ ਮੁਕਤ ਕੰਜ਼ਰਵੇਟਰ ਬਾਬੂ ਵੇਦ ਪ੍ਰਕਾਸ਼ ਕ੍ਰਿਪਾਲ



ਦੇ ਦੇਹਾਂਤ 'ਤੇ ਸੰਸਦ ਮੈਂਬਰ ਮਨੀਸ਼ ਤਿਵਾੜੀ ਉਨ੍ਹਾਂ ਦੀ ਰਿਹਾਇਸ਼ 'ਤੇ ਗੜ੍ਹਸ਼ੰਕਰ ਵਿਖੇ ਪਹੁੰਚੇ ਤੇ ਪਰਵਾਰ ਨਾਲ ਦੁੱਖ ਪ੍ਰਗਟ ਕੀਤਾ। ਇਸ ਮੌਕੇ ਪਵਨ ਦੀਵਾਨ, ਚੌਧਰੀ ਬਲਵਿੰਦਰ ਬਿੱਟੂ, ਕਮਲਜੀਤ ਰਿੰਕਾ, ਪ੍ਰਕਾਸ਼ ਸਿੰਘ ਨੰਬਰਦਾਰ, ਹਰਵੇਲ ਸਿੰਘ ਸੈਣੀ, ਵਿਨੋਦ ਸੈਣੀ, ਸਤਵੀਰ ਸਿੰਘ ਪੱਲੀ ਝਿੱਕੀ, ਵਿਜੇ ਸ਼ਰਮਾ ਟਿੰਕੂ, ਰਜਿੰਦਰ ਸੋਣੀ, ਦ੍ਰਵਜੀਤ ਬੰਗਾ, ਧਰਮ ਦਾਸ ਚੇਚੀ, ਦੀਪਕ ਰਾਜੂ, ਹਰਮੇਸ਼ ਕੰਗ, ਸੁਖਦੇਵ ਚੱਕ ਹਾਜੀਪੁਰ ਆਦਿ ਹਾਜ਼ਰ ਸਨ।

# ਸੰਯੁਕਤ ਕਿਸਾਨ ਮੋਰਚੇ ਵੱਲੋਂ 26 ਨੂੰ ਕੀਤਾ ਜਾਵੇਗਾ ਟਰੈਕਟਰ ਮਾਰਚ

**ਮੋਹਾਲੀ (ਗੁਰਜੀਤ ਬਿੱਲਾ)**- ਸੰਯੁਕਤ ਕਿਸਾਨ ਮੋਰਚਾ ਭਾਰਤ ਵੱਲੋਂ 26 ਜਨਵਰੀ ਨੂੰ ਗਣਤੰਤਰ ਦਿਵਸ ਤੇ ਸਾਰੇ ਦੇਸ਼ ਵਿੱਚ ਨਿੱਜੀਕਰਨ ਦੀਆਂ ਨੀਤੀਆਂ ਖਿਲਾਫ ਜਨਤਕ ਮਾਰਚ ਕੀਤੇ ਜਾਣਗੇ। ਇਸੇ ਦੀ ਕੜੀ ਵਜੋਂ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚ ਟਰੈਕਟਰ ਮਾਰਚ ਕੀਤੇ ਜਾਣੇ ਹਨ। ਮੋਹਾਲੀ ਜ਼ਿਲ੍ਹੇ ਨਾਲ ਸੰਬੰਧਿਤ ਕਿਸਾਨ ਜਥੇਬੰਦੀਆਂ ਨੇ ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ ਸਾਹਿਬ ਵਿਖੇ ਆਪਣੀ ਮੀਟਿੰਗ ਕਰਕੇ ਟਰੈਕਟਰ ਮਾਰਚ ਦੀ ਵਿਉਂਤਬੰਦੀ ਕੀਤੀ। ਇਸ ਅਨੁਸਾਰ ਇੱਕ ਟਰੈਕਟਰ ਮਾਰਚ ਡੇਰਾ ਬੱਸੀ ਸਾਈਡ ਤੇ ਕੀਤਾ ਜਾਵੇਗਾ ਤੇ ਦੂਜਾ ਟਰੈਕਟਰ ਮਾਰਚ ਚੱਪੜ ਚਿੜੀ ਤੋਂ ਸ਼ੁਰੂ ਹੋਵੇਗਾ। ਚੱਪੜ ਚਿੜੀ ਤੋਂ ਸ਼ੁਰੂ ਹੋਣ ਵਾਲਾ ਟਰੈਕਟਰ ਮਾਰਚ ਚੱਪੜਚਿੜੀ ਤੋ ਸ਼ੁਰੂ ਹੋ ਕੇ ਲਾਂਡਰਾਂ ਹੁੰਦਾ ਹੋਇਆ ਗੁਰਦੁਆਰਾ ਸਿੰਘ ਸ਼ਹੀਦਾਂ ਸੁਹਾਣਾ ਸਾਹਿਬ ਵਾਲੇ ਚੌਕ ਤੋਂ ਏਅਰਪੋਰਟ ਰੋਡ ਰਾਹੀਂ ਏਅਰਪੋਰਟ ਚੌਂਕ ਜਾਵੇਗਾ ਤੇ ਉਥੋਂ ਦੈੜੀ ਜਾ ਕੇ ਸਮਾਪਤ ਹੋਵੇਗਾ। ਇਸ ਟਰੈਕਟਰ ਮਾਰਚ ਵਿੱਚ ਸੈਂਕੜੇ ਟਰੈਕਟਰ ਅਤੇ ਗੱਡੀਆਂ ਸ਼ਾਮਿਲ ਹੋਣਗੀਆਂ। ਇਸ ਸਬੰਧੀ ਪ੍ਰੈਸ ਨੂੰ ਬਿਆਨ ਜਾਰੀ ਕਰਦਿਆਂ ਸੰਯੁਕਤ ਕਿਸਾਨ ਮੋਰਚਾ ਮੋਹਾਲੀ ਦੇ ਆਗੂਆਂ ਨੇ ਦੱਸਿਆ ਕਿ ਟਰੈਕਟਰ ਮਾਰਚ ਦੌਰਾਨ ਬਿਜਲੀ ਸੋਧ ਬਿੱਲ, ਬੀਜ ਬਿੱਲ, ਬੀਵੀ ਜੀ ਰਾਮ ਜੀ ਕਾਨੂੰਨ ਤੇ ਚਾਰ ਲੇਬਰ ਕੋਡ ਰੱਦ ਕਰਨ ਦੀਆਂ ਮੰਗਾਂ ਉਠਾਈਆਂ ਜਾਣਗੀਆਂ। ਇਸ ਤੋਂ ਇਲਾਵਾ ਕਿਸਾਨਾਂ ਅਤੇ ਮਜ਼ਦੂਰਾਂ ਦਾ ਸਾਰਾ ਕਰਜ਼ਾ ਰੱਦ ਕਰਨ, ਕਿਸਾਨਾਂ ਤੇ ਮਜ਼ਦੂਰਾਂ ਨੂੰ 60 ਸਾਲ ਦੀ ਉਮਰ ਪੂਰੀ ਹੋਣ ਤੇ ਘੱਟੋ ਘੱਟ 10 ਹਜ਼ਾਰ ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦੇਣ, ਹੜ੍ਹ ਪੀੜਤ ਕਿਸਾਨਾਂ ਦੀਆਂ ਮੰਗਾਂ ਪੂਰੀਆਂ ਕਰਨ, ਮੁਕਤ ਵਪਾਰ ਸਮਝੌਤਿਆਂ ਵਿੱਚੋਂ ਖੇਤੀ, ਪੋਲਟਰੀ ਤੇ ਡੇਅਰੀ ਖੇਤਰ ਨੂੰ ਬਾਹਰ ਰੱਖਣਾ, ਪੰਜਾਬ ਸਰਕਾਰ ਵੱਲੋਂ ਜਨਤਕ ਅਦਾਰਿਆਂ ਦੀਆਂ ਜਾਇਦਾਦਾਂ ਵੇਚਣ ਖਿਲਾਫ ਆਵਾਜ਼ ਉਠਾਈ ਜਾਵੇਗੀ। ਮੀਟਿੰਗ ਵਿੱਚ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੇ ਸੂਬਾ ਪ੍ਰੈੱਸ ਸਕੱਤਰ ਪਰਮਦੀਪ ਸਿੰਘ ਬੈਦਵਾਨ, ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਜਸਪਾਲ ਸਿੰਘ ਨਿਆਮੀਆਂ, ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਅੰਗਰੇਜ਼ ਸਿੰਘ ਭਦੌੜ, ਬੀਕੇਯੂ ਰਾਜੇਵਾਲ ਦੇ ਜ਼ਿਲ੍ਹਾ ਪ੍ਰਧਾਨ ਕਿਰਪਾਲ ਸਿੰਘ ਸਿਆਊ, ਟੈਕਨੀਕਲ ਸਰਵਿਸਜ਼ ਯੂਨੀਅਨ ਭੰਗਲ ਦੇ ਲੱਖਾ ਸਿੰਘ, ਪਾਵਰਕੌਮ ਅਤੇ ਟਰਾਂਸਕੋ ਠੇਕਾ ਮੁਲਾਜ਼ਮ ਯੂਨੀਅਨ ਦੇ ਜ਼ੋਰਾਵਰ ਸਿੰਘ, ਬੀ ਕੇ ਯੂ ਏਕਤਾ ਡਕੌਂਦਾ ਦੇ ਪ੍ਰਦੀਪ ਮੁਸਾਹਿਬ, ਬੀ ਕੇ ਯੂ ਲੱਖੋਵਾਲ ਦੇ ਸੰਦੀਪ ਰਾਣਾ, ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਜ਼ਿਲ੍ਹਾ ਪ੍ਰਧਾਨ ਜਗਜੀਤ ਸਿੰਘ ਕਰਾਲਾ ਹਾਜ਼ਰ ਸਨ।



# ਹਲਕਾ ਨਕੋਦਰ ਦੀਆਂ ਸੜਕਾਂ ਬਣਾਉਣ ਲਈ 26.87 ਕਰੋੜ ਖਰਚੇ ਜਾਣਗੇ : ਮਾਨ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਹਲਕਾ ਨਕੋਦਰ ਦੇ 3 ਸ਼ਹਿਰਾਂ ਦੀ ਸਾਰੀਆਂ ਸੜਕਾਂ ਬਣਾਉਣ ਲਈ 26.87 ਕਰੋੜ ਖਰਚਿਆ ਜਾ ਰਿਹਾ ਜਿਸ ਨਾਲ ਨਕੋਦਰ, ਨੂਰਮਹਿਲ ਅਤੇ ਬਿਲਗਾ ਦੀ ਦਿਖ ਬਦਲ ਜਾਏਗੀ। ਜਾਣਕਾਰੀ ਦਿੰਦਿਆ ਵਿਧਾਇਕ ਇੰਦਰਜੀਤ ਕੌਰ ਮਾਨ ਨੇ ਦੱਸਿਆ ਕਿ ਨਕੋਦਰ ਸ਼ਹਿਰ ਦੀਆਂ ਸੜਕਾਂ ਤੇ ਕੁੱਲ ਲਾਗਤ 14.80 ਕਰੋੜ, ਨੂਰਮਹਿਲ ਸ਼ਹਿਰ ਦੀਆਂ ਸੜਕਾਂ ਤੇ ਕੁੱਲ ਲਾਗਤ 6.02 ਕਰੋੜ ਅਤੇ ਬਿਲਗਾ ਦੀਆਂ ਸੜਕਾਂ ਤੇ ਕੁੱਲ ਲਾਗਤ 6.05 ਕਰੋੜ ਆਵੇਗੀ। ਉਹਨਾਂ ਦੱਸਿਆ ਕਿ ਸੜਕਾਂ ਸਿਰਫ ਬਣਾਉਣੀਆਂ ਹੀ ਨਹੀਂ ਚੌੜੀਆਂ ਵੀ ਕੀਤੀਆਂ ਜਾ ਰਹੀਆਂ ਹਨ ਜਿੱਥੇ ਟ੍ਰੈਫਿਕ ਲਈ ਸਮੱਸਿਆ ਬਣਦੇ ਖੰਭੇ ਵੀ ਹਟਾਏ ਜਾਣਗੇ। ਬੀਬੀ ਮਾਨ ਨੇ ਇਹ ਵੀ ਦੱਸਿਆ ਕਿ ਇਹ ਕੰਮ ਅਗਲੇ ਦੋ ਮਹੀਨਿਆਂ ਵਿੱਚ ਮੁਕੰਮਲ ਕਰਨ ਲਈ ਸਰਕਾਰ ਨੇ ਠੇਕੇਦਾਰਾਂ ਤੋਂ ਐਫੀਡੇਵਿਟ ਲੈ ਲਏ ਹਨ ਕਿ ਇਹ ਕੰਮ 31 ਮਾਰਚ ਤੱਕ ਮੁਕੰਮਲ ਕਰਨ। ਬੜੀ ਤੇਜੀ ਨਾਲ ਇਹ ਕੰਮ ਹੋ ਰਿਹਾ ਹੈ ਜਿਸ ਨਾਲ ਸ਼ਹਿਰ ਵਾਸੀਆਂ ਦੇ ਸੁਪਨੇ ਪੂਰੇ ਹੋਣ ਵਾਲਾ ਕੰਮ ਹੋਵੇਗਾ। ਨਗਰ ਕੌਂਸਲ ਨਕੋਦਰ ਅਧੀਨ ਇਹ ਸੜਕਾਂ ਜਿਹਨਾਂ ਵਿੱਚ 1. ਨੈਸ਼ਨਲ ਕਾਲਜ (ਲੜਕੇ) ਤੋਂ ਸ਼ੁਰੂ ਹੋ ਕੇ ਸ਼ੰਕਰ ਬਾਈਪਾਸ (ਨੇੜੇ ਨਹਿਰ) ਤੱਕ, ਕਪੂਰਥਲਾ ਬਾਈਪਾਸ ਤੋਂ ਸ਼ੁਰੂ ਹੋ ਕੇ ਨਗੀਨਾ ਫੋਰਟ ਤੱਕ, ਕਮਲ ਹਸਪਤਾਲ (ਜਲੰਧਰ ਬਾਈਪਾਸ) ਤੋਂ ਸ਼ੁਰੂ ਕਰਕੇ ਕਰਤਾਰ ਕੱਲਬ ਤੋਂ ਹੁੰਦੇ ਹੋਏ ਨੂਰਮਿਹਲ ਬਾਈਪਾਸ ਤੱਕ, ਨੂਰਮਿਹਲ ਬਾਈਪਾਸ ਤੋਂ ਸ਼ੁਰੂ ਕਰਕੇ ਰੇਲਵੇ ਫਾਟਕ (ਮਹਿਤਪੁਰ ਰੋਡ), ਨਕੋਦਰ, ਕਮਲ ਹਸਪਤਾਲ ਤੋਂ ਸ਼ੁਰੂ ਕਰਕੇ ਅਲੋਵਾਲ ਪਿੰਡ ਦੀ ਹੱਦ ਤੱਕ, ਕਰਤਾਰ ਕਲੱਬ ਤੋਂ ਸ਼ੁਰੂ ਕਰਕੇ ਸੇਵਕ ਸਕੂਲ ਤੱਕ, ਲੱਕੜ ਮੰਡੀ ਤੋਂ ਹੁੰਦੇ ਹੋਏ ਮਹਿਤਪੁਰ ਬਾਈਪਾਸ (ਭਾਵ ਜਿਥੇ ਤੱਕ ਨਗਰ ਕੌਂਸਲ ਨਕੋਦਰ ਦੀ ਹੱਦ ਹੈ), ਬਿੱਲੇ ਮੀਟ ਵਾਲੇ ਦੀ ਦੁਕਾਨ ਤੋਂ ਸ਼ੁਰੂ ਕਰਕੇ ਟਾਵਰ ਵਾਲੀ ਗੱਲੀ ਤੱਕ ਹੁੰਦੇ ਹੋਏ ਭਾਵ ਮੁਹੱਲਾ ਰਹਿਮਾਨਪੁਰਾ ਤੱਕ, ਕਪੂਰਥਲਾ ਬਾਈਪਾਸ ਤੋਂ ਹੁੰਦੇ ਹੋਏ ਬਰਗਰ ਬਾਰ ਤੱਕ ਨਾਲ ਨਾਲ ਚੱਲਦੇ ਹੋਏ ਮੁਹੱਲਾ ਸ਼ੇਰਪੁਰ ਵਿਚ ਦੀ ਹੁੰਦੇ ਹੋਏ ਨਗੀਨਾ ਫੋਰਟ ਤੱਕ, ਡਾਕਟਰ ਅੰਬੇਦਕਰ ਚੌਂਕ ਤੋਂ ਸ਼ੁਰੂ ਹੋ ਕੇ ਹਿੰਦੂ ਬੈਂਕ ਤੱਕ, ਧੀਮਾਨ ਇੰਡਸਟਰੀ ਤੋਂ ਸ਼ੁਰੂ ਹੋ ਕੇ ਮੁਹੱਲਾ ਗੁਰੂ ਨਾਨਕ ਪੂਰਾ ਦੇ ਵਿਚ ਦੀ ਹੁੰਦੇ ਹੋਏ ਸ੍ਰੀ ਮਾਤਾ ਚਕਰੇਸ਼ਵਰੀ ਦੇਵੀ ਜੈਨ ਮੰਦਿਰ, ਪੁਰਾਣੇ ਮਲਸੀਆਂ ਰੋਡ ਤੱਕ, ਮੁਹੱਲਾ ਖੈਰਾ ਤੋਂ ਲੈ ਕੇ ਮੁਹੱਲਾ ਗੌਸ ਤੱਕ, ਰਾਜੂ ਕਿਰਆਨਾ ਸਟੋਰ ਤੋਂ ਸ਼ੁਰੂ ਕਰਕੇ ਪ੍ਰਦੀਪ ਠੇਕੇਦਾਰ ਦੇ ਘਰ ਤੱਕ, ਨਵਾਂ ਲੁੱਕ ਦਾ ਰੋਡ ਬਣਾਇਆ ਜਾਣਾ ਹੈ ਜਿਸ ਤੇ ਕੁੱਲ ਲਾਗਤ 1480.97 ਲੱਖ ਰੁਪਏ ਨਾਲ ਬਣਾਇਆ ਜਾਣਾ ਹੈ। ਇਸੇ ਤਰ੍ਹਾਂ ਨਗਰ ਕੌਂਸਲ ਨੂਰਮਹਿਲ ਅਧੀਨ ਤਲਵਣ ਚੌਂਕ ਧਰਮ ਕੰਡਾ ਤਲਵਣ ਰੋਡ ਤੱਕ, ਤਲਵਣ ਚੌਂਕ ਤੋ ਬੀ.ਬੀ. ਹੋਟਲ ਤੱਕ, ਨਕੋਦਰ ਚੁੰਗੀ ਤੋ ਉੱਪਲਾਂ ਰੋਡ ਭੱਠੇ ਤੱਕ, ਪੁਰਾਣਾ ਬੱਸ ਸਟੈਂਡ ਤੋ ਨਕੋਦਰ ਰੋਡ ਕਲੋਨੀ ਤੱਕ, ਰਾਮ ਮੰਦਰ ਚੌਂਕ ਤੋ ਜਲੰਧਰੀ ਗੇਟ ਤੱਕ, ਜਲੰਧਰੀ ਗੇਟ ਤੋ ਸ੍ਰੀ ਗੁਰੂ ਰਵੀਦਾਸ ਚੌਂਕ ਤੱਕ, ਸ੍ਰੀ ਗੁਰੂ ਰਵੀਦਾਸ ਚੌਂਕ ਤੋ ਫਿਲੌਰ ਰੋਡ ਤੱਕ (ਆਟੇ ਵਾਲੀ ਚੱਕੀ ਤੱਕ), ਤਲਵਣ ਚੌਂਕ ਤੋ ਬਿਲਗਾ ਮੋੜ ਤੱਕ, ਵਰਕਸ਼ਾਪ ਓਂਕਾਰ ਸਿੰਘ ਤੋ ਰੇਲਵੇ ਸ਼ਟੇਸ਼ਨ ਤੱਕ, ਦਾਣਾ ਮੰਡੀ ਚੌਂਕ ਤੋ ਪੁਰਾਣਾ ਬੱਸ ਸਟੈਂਡ ਤੱਕ, ਨਕੋਦਰ ਬਾਈਪਾਸ ਤੋ ਨੋਗੱਜਾ ਪੀਰ ਵਾਲਾ ਤੱਕ ਬਣੇਗੀ।ਨਗਰ ਪੰਚਾਇਤ ਬਿਲਗਾ ਦੀ ਅੰਦਰਲੀ ਫਿਰਨੀ, ਪੱਤੀ ਦੁਨੀਆ ਮਨਸੂਰ ਗੇਟ ਤੋਂ ਔਜਲਾ ਰੋਡ (ਨਗਰ ਪੰਚਾਇਤ ਦੀ ਹੱਦ ਤੱਕ), ਨੀਲੋਵਾਲ ਚੌਂਕ ਤੋਂ ਨਗਰ ਪੰਚਾਇਤ ਦੀ ਹੱਦ ਤੱਕ, ਮਸਤ ਪ੍ਰਕਾਸ਼ ਜੀ ਦੀ ਜਗ੍ਹਾ ਤੋਂ ਐਸ.ਟੀ.ਪੀ ਪੁਆਇੰਟ (ਨਗਰ ਪੰਚਾਇਤ ਦੀ ਹੱਦ) ਤੱਕ, ਪੁਆਦੜਾ ਚੌਂਕ ਤੋਂ ਸੰਗੋਵਾਲ ਰੋਡ, ਪੁਆਦੜਾ ਰੋਡ ਨਗਰ ਪੰਚਾਇਤ ਦੀ ਹੱਦ ਤੱਕ, ਪੱਤੀ ਭੋਜਾ ਚੌਂਕ ਤੋਂ ਨਗਰ ਪੰਚਾਇਤ ਦੀ ਹੱਦ ਤੱਕ, ਸ਼ਾਮਪੁਰ ਰੋਡ ਤੋਂ ਨਗਰ ਪੰਚਾਇਤ ਦੀ ਹੱਦ ਤੱਕ, ਫਰਵਾਲਾ ਰੋਡ ਤੋਂ ਨਗਰ ਪੰਚਾਇਤ ਦੀ ਹੱਦ ਤੱਕ,ਪੱਤੀ ਭੱਟੀ ਫਾਟਕਾਂ ਤੋਂ ਰੇਲਵੇ ਕਰੋਸਿੰਗ ਤੱਕ ਸੜਕਾਂ ਬਣਾਈਆਂ ਜਾ ਰਹੀਆਂ ਹਨ। ਇਹਨਾਂ ਸੜਕਾਂ ਦੇ ਬਣਨ ਨਾਲ ਸੰਪਰਕ ਪਿੰਡਾਂ ਨੂੰ ਵੀ ਇਹ ਨਵੀਆਂ ਸੜਕਾਂ ਮਿਲਣ ਜਾ ਰਹੀਆਂ ਹਨ।





# ਬੰਦ ਪਈਆਂ ਸਟਰੀਟ ਲਾਈਟਾਂ ਹੋਈਆਂ ਮੁੜ ਚਾਲੂ

**ਬਲਾਚੌਰ (ਜਸਵਿੰਦਰ ਬੈਂਸ)**- ਸ਼ਹਿਰ ਨੂੰ ਸਾਫ਼-ਸੁਥਰਾ ਤੇ ਰੌਸ਼ਨੀਦਾਰ ਬਣਾਉਣ ਦੀ ਮੁਹਿੰਮ ਤਹਿਤ ਨਗਰ ਕੌਂਸਲ ਬਲਾਚੌਰ ਵੱਲੋਂ ਸ਼ਲਾਘਾਯੋਗ ਕਦਮ ਚੁੱਕਿਆ ਗਿਆ ਹੈ। ਨਗਰ ਕੌਂਸਲ ਦੇ ਪ੍ਰਧਾਨ ਸੁਨੀਲ ਕੌਸ਼ਲ ਲਾਡੀ ਰਾਣਾ ਦੀ ਅਗਵਾਈ ਹੇਠ ਸ਼ਹਿਰ ਦੇ ਸਾਰੇ 15 ਵਾਰਡਾਂ ਵਿੱਚ ਪਿਛਲੇ ਲੰਮੇ ਸਮੇਂ ਤੋਂ ਬੰਦ ਪਈਆਂ ਸਟਰੀਟ ਲਾਈਟਾਂ ਨੂੰ ਮੁੜ ਚਾਲੂ ਕਰਵਾ ਦਿੱਤਾ ਗਿਆ ਹੈ। ਵਿਸ਼ੇਸ਼ ਤੌਰ 'ਤੇ ਬਲਾਚੌਰ ਦੇ ਰੰਗਦਾਰ ਪੁਲ ਤੋਂ ਲੈ ਕੇ ਨਗਰ ਕੌਂਸਲ ਦਫ਼ਤਰ ਤੱਕ ਉਚਾਈ 'ਤੇ ਲੱਗੀਆਂ ਉਹ ਲਾਈਟਾਂ, ਜੋ ਕਾਫ਼ੀ ਸਮੇਂ ਤੋਂ ਖ਼ਰਾਬ ਸਨ, ਹੁਣ ਪੂਰੀ ਤਰ੍ਹਾਂ ਚਾਲੂ ਕਰ ਦਿੱਤੀਆਂ ਗਈਆਂ ਹਨ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਨਗਰ ਕੌਂਸਲ ਪ੍ਰਧਾਨ ਲਾਡੀ ਰਾਣਾ ਤੇ ਸੁਰਿੰਦਰ ਕੁਮਾਰ ਪੱਟੀ ਦੇ ਸਹਿਯੋਗ ਨਾਲ ਸ਼ਹਿਰ ਦੇ ਮੇਨ ਚੌਕਾਂ ਵਿੱਚ ਫਲੱਡ ਲਾਈਟਾਂ ਸਿਆਣਾ ਮੋੜ, ਮੇਨ ਚੌਕ, ਸੈਣੀ ਮਹੱਲਾ, ਬੁੱਲੇਵਾਲ ਮੋੜ 'ਤੇ ਕਾਫ਼ੀ ਸਮੇਂ ਤੋਂ ਬੰਦ ਪਈਆਂ ਲਾਈਟਾਂ ਨੂੰ ਚਾਲੂ ਕਰਾਇਆ ਗਿਆ। ਵੱਖ-ਵੱਖ ਵਾਰਡਾਂ ਦੇ ਕੌਂਸਲਰਾਂ ਅਤੇ ਸ਼ਹਿਰ ਵਾਸੀਆਂ ਵੱਲੋਂ ਲਗਾਤਾਰ ਸ਼ਿਕਾਇਤਾਂ ਮਿਲ ਰਹੀਆਂ ਸਨ ਕਿ ਲਾਈਟਾਂ ਬੰਦ ਹੋਣ ਕਾਰਨ ਰਾਤ ਸਮੇਂ ਲੋਕਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਇਸ ਮੌਕੇ ਉਨ੍ਹਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਜੇਕਰ ਉਨ੍ਹਾਂ ਨੂੰ ਸ਼ਹਿਰ ਵਿੱਚ ਕਿਸੇ ਵੀ ਤਰ੍ਹਾਂ ਦੀ ਸਮੱਸਿਆ (ਸਫ਼ਾਈ, ਪਾਣੀ ਜਾਂ ਰੌਸ਼ਨੀ) ਆਉਂਦੀ ਹੈ, ਤਾਂ ਉਹ ਬਿਨਾਂ ਕਿਸੇ ਝਿਜਕ ਨਗਰ ਕੌਂਸਲ ਦਫ਼ਤਰ ਵਿਖੇ ਉਨ੍ਹਾਂ ਨਾਲ ਸੰਪਰਕ ਕਰ ਸਕਦੇ ਹਨ।



# ਐੱਨ ਸੀ ਸੀ 'ਏ' ਸਰਟੀਫਿਕੇਟ ਪ੍ਰੀਖਿਆ ਸਫਲਤਾਪੂਰਵਕ ਕਰਵਾਈ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲਦੇ ਸਥਾਨਕ ਭਾਈ ਨੰਦ ਲਾਲ ਪਬਲਿਕ ਸਕੂਲ ਵਿਖੇ ਐੱਨ ਸੀ ਸੀ 'ਏ' ਸਰਟੀਫਿਕੇਟ ਪ੍ਰੀਖਿਆ ਕਰਨਲ ਰਾਜੇਸ਼ਵਰ ਸਿੰਘ ਦੀ ਯੋਗ ਅਗਵਾਈ ਹੇਠ ਸਫਲਤਾਪੂਰਵਕ ਆਯੋਜਿਤ ਕੀਤੀ ਗਈ। ਇਸ ਪ੍ਰੀਖਿਆ ਵਿੱਚ ਪੰਜ ਸਕੂਲਾਂ ਦੇ ਕੁੱਲ 153 ਐੱਨ ਸੀ ਸੀ ਕੈਡਿਟਾਂ ਨੇ ਭਾਗ ਲਿਆ। ਪ੍ਰੀਖਿਆ ਦਾ ਸੁਚਾਰੂ, ਸ਼ਾਂਤੀਪੂਰਨ ਅਤੇ ਅਨੁਸ਼ਾਸਨਬੱਧ ਆਯੋਜਨ ਐੱਨ ਸੀ ਸੀ ਸਟਾਫ ਤੇ ਐਸੋਸੀਏਟ ਐੱਨ ਸੀ ਸੀ ਅਫਸਰਾਂ ਦੀ ਸਮਰਪਿਤ ਮਿਹਨਤ ਦਾ ਨਤੀਜਾ ਰਿਹਾ। ਸਕੂਲ ਪ੍ਰਿੰਸੀਪਲ ਸਤਨਾਮ ਸਿੰਘ ਨੇ ਕਿਹਾ ਕਿ ਐਨਸੀਸੀ ਵਿਦਿਆਰਥੀਆਂ ਲਈ ਇਹ ਪ੍ਰੀਖਿਆ ਬਹੁਤ ਹੀ ਮਹੱਤਵਪੂਰਨ ਹੁੰਦੀ ਹੈ। ਇਸ ਪ੍ਰੀਖਿਆ ਨਾਲ ਵਿਦਿਆਰਥੀਆਂ ਨੂੰ ਅੱਗੇ ਚੱਲ ਕੇ ਆਪਣੇ ਰੁਜ਼ਗਾਰ 'ਚ ਸਹਾਇਤਾ ਮਿਲਦੀ ਹੈ, ਜਿਸ ਦੇ ਚੱਲਦੇ ਉਨ੍ਹਾਂ ਨੂੰ ਫੌਜ ਤੇ ਪੁਲਿਸ ਵਿਭਾਗ ਵਰਗੀਆਂ ਭਰਤੀਆਂ ਸਮੇਂ ਤਰਜੀਹ ਦਿੱਤੀ ਜਾਂਦੀ ਹੈ। ਪ੍ਰੀਖਿਆ ਦੀ ਸਫਲਤਾ ਸਾਰੇ ਸੰਬੰਧਤ ਅਧਿਕਾਰੀਆਂ ਅਤੇ ਸਟਾਫ ਦੀ ਸ਼ਾਨਦਾਰ ਤਾਲਮੇਲ, ਅਨੁਸ਼ਾਸਨ ਅਤੇ ਵਚਨਬੱਧਤਾ ਨੂੰ ਦਰਸਾਉਂਦੀ ਹੈ। ਇਮਤਿਹਾਨ ਦੌਰਾਨ ਐਨਸੀਸੀ ਕੈਡਿਟਾਂ ਲਈ ਚਾਹ, ਬਰੈਡ ਪਕੌੜਾ ਅਤੇ ਦੁਪਹਿਰ ਦੇ ਲੰਗਰ ਦਾ ਪ੍ਰਬੰਧ ਸਕੂਲ ਪ੍ਰਬੰਧਕਾਂ ਵੱਲੋਂ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਸਹਿਯੋਗ ਨਾਲ ਕੀਤਾ ਗਿਆ। ਸਕੂਲ ਪ੍ਰਿੰਸੀਪਲ ਸਤਨਾਮ ਸਿੰਘ ਵੱਲੋਂ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਸਾਹਿਬ, ਐੱਨ ਸੀ ਸੀ ਯੂਨਿਟ ਤੇ ਸਾਰੇ ਸਟਾਫ ਮੈਂਬਰਾਂ ਦੇ ਸਹਿਯੋਗ ਲਈ ਦਿਲੋਂ ਧੰਨਵਾਦ ਕੀਤਾ ਗਿਆ।

# ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਦਿਹਾੜੇ ਸੰਬੰਧੀ ਡੇਰਾ ਸੱਚਖੰਡ ਬੱਲਾਂ ਤੋਂ ਵਿਸ਼ਾਲ ਜਥਾ ਜਾਵੇਗਾ

**ਜਲੰਧਰ (ਸੁਰਿੰਦਰ ਕੁਮਾਰ)**- 1 ਫਰਵਰੀ ਨੂੰ ਦੁਨੀਆ ਵਿੱਚ ਵਿੱਚ ਮਨਾਏ ਜਾ ਰਹੇ ਸ੍ਰੀ ਗੁਰੂ ਰਵਿਦਾਸ ਜੀ ਦੇ 649ਵੇਂ ਪ੍ਰਕਾਸ਼ ਦਿਹਾੜੇ ਨੂੰ ਲੈ ਕੇ ਜਲੰਧਰ ਪਠਾਨਕੋਟ ਜੀ ਟੀ ਰੋਡ ਤੇ ਸਥਿਤ ਡੇਰਾ ਸੰਤ ਖੰਡ ਬੱਲਾਂ ਵਿੱਖੇ ਗੁਰੂ ਰਵਿਦਾਸ ਜੀ ਦੇ ਇਸ ਪ੍ਰਕਾਸ਼ ਦਿਹਾੜੇ ਦੇ ਸਬੰਧ ਵਿੱਚ ਉਨਾਂ ਦੇ ਜਨਮ ਅਸਥਾਨ ਸੀਰਗੋਵਰਧਨ ਪੁਰ ਵਾਰਾਣਸੀ ਕਾਂਸ਼ੀ ਵਿੱਖੇ ਪਹੁੰਚ ਕੇ ਧੂਮਧਾਮ ਨਾਲ ਮਨਾਉਣ ਦੀ ਤਿਆਰੀਆ ਪਿਛਲੇ ਇੱਕ ਮਹੀਨੇ ਤੋਂ ਲਗਾਤਾਰ ਕੀਤੀਆ ਜਾ ਰਹੀਆ ਹਨ। ਇਸ ਵਾਰ ਇਸ 649ਵੇਂ ਪ੍ਰਕਾਸ਼ ਦਿਹਾੜੇ ਤੇ ਜਲੰਧਰ ਦੇ ਡੇਰਾਂ ਸੱਚ ਖੰਡ ਬੱਲਾਂ ਤੋਂ ਸੰਤ ਨਿਰੰਜਣ ਦਾਸ ਜੀ ਦੀ ਰਹਿਨੁਮਾਈ ਵਿੱਚ ਲੱਗਭੱਗ 1500 ਸ਼ਰਧਾਲੂ ਜਲੰਧਰ ਦੇ ਪਲੇਟਫਾਰਮ ਨੰਬਰ ਤਿੰਨ ਤੋਂ ਚੱਲਣ ਵਾਲੀ ਬੇਗਮਪੁਰਾ ਐਕਸਪ੍ਰੈਸ ਰੇਲਗੱਡੀ ਵਿੱਚ ਇੱਕ ਵਿਸ਼ਾਲ ਸੰਗੇ ਨਾਲ ਦੁਪਹਿਰ ਬਾਅਦ 2 ਵੱਜ ਕੇ 30 ਮਿੰਟ ਤੇ ਜੈ ਕਾਰਿਆ ਦੀ ਗੂੰਜ ਵਿੱਚ ਰਵਾਨਾ ਹੋਣਗੇ। ਇਸ ਸਬੰਧ ਵਿੱਚ ਜਾਣਕਾਰੀ ਦੇਂਦਿਆ ਡੇਰਾਂ ਬੱਲਾਂ ਦੇ ਸੇਵਾਦਾਰ ਹਰਦੇਵ ਜੀ ਸੰਤ ਮਨਦੀਪ ਦਾਸ ਪਰਵਿੰਦਰ ਕੁਮਾਰ ਜੁਆਇੰਟ ਸਕੱਤਰ ਡੇਰਾਂ ਬੱਲਾਂ ਧਰਮਪਾਲ ਸਿਮਕ ਸਕੱਤਰ ਡੇਰਾ ਬੱਲਾਂ ਨੇ ਇਹ ਜਾਣਕਾਰੀ ਦੇਂਦਿਆ ਦੱਸਿਆ ਕਿ ਇਸ ਸਾਲ ਗੁਰੂ ਜੀ ਦਾ ਪ੍ਰਕਾਸ ਦਿਹਾੜਾ ਮਨਾਉਣ ਲਈ ਸੰਗਤ ਵਿੱਚ ਬੁਹਤ ਜਿਆਦਾ ਉਤਸ਼ਾਹ ਦੇਖਿਆ ਜਾ ਰਿਹਾ ਹੈ। ਇਸ ਡੇਰਾਂ ਬੱਲਾਂ ਵਿੱਚ ਲੱਗ ਭੱਗ ਕਈ ਦਰਜਣ ਵਿਦੇਸ਼ਾਂ ਤੋਂ ਸੈਕੜਿਆਂ ਦੀ ਗਿਣਤੀ ਵਿੱਚ ਸ਼ਰਧਾਲੂ ਪਿੱਛਲੇ ਕਈ ਦਿਨਾਂ ਤੋ ਡੇਰਾਂ ਸੱਚਖੰਡ ਬੱਲਾਂ ਵਿੱਖੇ ਪੁਹੰਚਣੇ ਸ਼ੁਰੂ ਹੋਏ ਹਨ। ਜਿਹੜਾ ਡੇਰਾਂ ਬੱਲਾਂ ਦੇ ਸੰਤ ਨਿਰੰਜਣ ਦਾਸ ਜੀ ਨਾਲ ਬੇਗਮਪੁਰਾ ਐਕਸਪ੍ਰੈਸ ਰੇਲਗੱਡੀ ਵਿੱਚ ਸਵਾਰ ਹੋ ਕੇ ਗੁਰੂ ਜੀ ਦੇ ਜਨਮ ਅਸਥਾਨ ਸੀਰਹਰਗਵੱਰਧਨ ਪੁਰ ਵਾਰਾਨਸ਼ੀ ਕਾਂਸ਼ੀ ਜੈ ਕਾਰਿਆ ਦੀ ਗੂੰਜ ਵਿੱਚ ਜਾਣਗੇ।

# ਲਾਇਨਜ਼ ਕਲੱਬ ਨੇ ਲਗਾਇਆ ਬਲੱਡ ਸ਼ੂਗਰ ਚੈੱਕਅੱਪ ਕੈਂਪ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਇੰਟਰਨੈਸ਼ਨਲ ਪ੍ਰਧਾਨ ਏ ਪੀ ਸਿੰਘ ਦੀਆਂ ਹਦਾਇਤਾਂ ਤੇ ਕਲੱਬ ਐਡਮਿਨਸਟ੍ਰੇਸ਼ਨ ਧੀਰਜ ਕੁਮਾਰ ਮੱਕੜ ਅਮਰੀਕਾ ਦੇ ਦਿਸ਼ਾ ਨਿਰਦੇਸ਼ ਅਨੁਸਾਰ ਕਲੱਬ ਪ੍ਰਧਾਨ ਮੀਨੂੰ ਭੁੱਟਾ ਦੀ ਅਗਵਾਈ ਹੇਠ ਲਾਇਨਜ਼ ਕਲੱਬ ਬੰਗਾ ਸਿਮਰਨ ਵਲੋਂ ਕਲੱਬ ਮੈਂਬਰਾਂ ਦੀ ਹਾਜ਼ਰੀ 'ਚ ਕਲੱਬ ਡਾਇਬਟੀਜ਼ ਚੇਅਰਮੇਨ ਅਮਰਜੀਤ ਸਿੰਘ ਨਾਗਰਾ ਦੇ ਸਹਿਯੋਗ ਨਾਲ ਛੇਵਾਂ ਬਲੱਡ ਸ਼ੂਗਰ ਚੈਕਅੱਪ ਕੈਂਪ ਪਾਲ ਲੈਬੋਰਟਰੀ ਬੰਗਾ ਵਿਖੇ ਲਗਾਇਆ ਗਿਆ। ਡਾਇਬਟੀਜ਼ ਚੇਅਰਮੈਨ ਅਮਰਜੀਤ ਸਿੰਘ ਨਾਗਰਾ ਨੇ ਦੱਸਿਆ ਕਿ ਇਸ ਕੈਂਪ ਦੌਰਾਨ ਕੁੱਲ 53 ਮਰੀਜ਼ਾਂ ਦੀ ਸ਼ੂਗਰ ਟੈਸਟ ਕੀਤੀ ਗਈ, ਜਿਸ ਵਿਚ 9 ਮਰੀਜ਼ਾਂ ਦੀ ਸ਼ੂਗਰ ਦੀ ਬੀਮਾਰੀ ਸਾਹਮਣੇ ਆਈ ਅਤੇ ਉਨ੍ਹਾਂ ਨੂੰ ਸਪੈਸ਼ਲਿਸਟ ਡਾਕਟਰ ਕੋਲ ਇਲਜ਼ ਕਰਵਾਉਣ ਤੇ ਪ੍ਰਹੇਜ਼ ਕਰਨ ਤੇ ਕਸਰਤ ਕਰਨ ਲਈ ਕਿਹਾ। ਪ੍ਰਧਾਨ ਮੀਨੂੰ ਭੁੱਟਾ ਨੇ ਕਿਹਾ ਕਿ ਲਾਇਨਜ਼ ਕਲੱਬ ਬੰਗਾ ਸਿਮਰਨ ਵਲੋਂ ਲਗਾਇਆ ਸ਼ੂਗਰ ਕੈਂਪ ਇਕ ਸ਼ਲਾਘਾਯੋਗ ਕਾਰਜ ਹੈ।

# ਚਾਈਨਾ ਡੋਰ ਨਾ ਖਰੀਦੋ ਤੇ ਨਾ ਵੇਚੋ : ਧੀਮਾਨ

**ਫਗਵਾੜਾ (ਜਸਵਿੰਦਰ ਢੱਡਾ)**- ਬਸੰਤ ਪੰਚਮੀ 'ਤੇ, ਬੱਚੇ ਅਤੇ ਨੌਜਵਾਨ ਦੋਵੇਂ ਪਤੰਗ ਉਡਾਉਣ ਦਾ ਆਨੰਦ ਮਾਣਦੇ ਹਨ। ਪਤੰਗ ਉਡਾਉਣ ਦਾ ਅਸਲੀ ਮਜ਼ਾ ਉਦੋਂ ਆਉਂਦਾ ਹੈ ਜਦੋਂ ਨੌਜਵਾਨ ਇੱਕ ਦੂਜੇ ਦੀਆਂ ਪਤੰਗਾਂ ਕੱਟ ਕੇ ਤੇ 'ਆਈ-ਬੋ ਆਈ-ਬੋ' ਦੇ ਨਾਅਰੇ ਲਗਾ ਕੇ ਜਸ਼ਨ ਮਨਾਉਂਦੇ ਹਨ। ਇਸ ਖੁਸ਼ੀ ਨੂੰ ਪ੍ਰਾਪਤ ਕਰਨ ਲਈ, ਅੱਜ ਬੱਚੇ ਤੇ ਨੌਜਵਾਨ ਸਭ ਤੋਂ ਵਧੀਆ ਡੋਰ ਵਰਤਣਾ ਚਾਹੁੰਦੇ ਹਨ, ਅਤੇ ਇਸ ਏਵਜ਼ ਵਿੱਚ, ਉਹ ਅਕਸਰ ਬਾਜ਼ਾਰ ਤੋਂ ਚਾਈਨਾ ਡੋਰ ਵਜੋਂ ਜਾਣੀ ਜਾਂਦੀ ਕਾਤਲ ਡੋਰ ਘਰ ਲਿਆਉਣ ਦੀ ਗਲਤੀ ਕਰਦੇ ਹਨ। ਇਹ ਡੋਰ ਨਾ ਸਿਰਫ਼ ਦੂਜਿਆਂ ਲਈ ਸਗੋਂ ਆਪਣੇ ਲਈ ਵੀ ਖ਼ਤਰਨਾਕ ਸਾਬਤ ਹੁੰਦੀ ਹੈ। ਅਸੀਂ ਅਕਸਰ ਪਤੰਗ ਉਡਾਉਂਦੇ ਸਮੇਂ ਲੋਕਾਂ ਦੀਆਂ ਗਰਦਨਾਂ, ਹੱਥ ਜਾਂ ਉਂਗਲਾਂ ਕੱਟਣ ਬਾਰੇ ਵੇਖਦੇ ਤੇ ਸੁਣਦੇ ਹਾਂ।ਮੰਦਰ ਮਾਨਾ ਰਾਮ ਸੁਧਾਰ ਵੈਲਫੇਅਰ ਸੋਸਾਇਟੀ ਦੇ ਪ੍ਰਧਾਨ ਅਤੇ ਸ਼੍ਰੋਮਣੀ ਵਿਸ਼ਵਕਰਮਾ ਮੰਦਰ, ਫਗਵਾੜਾ ਦੇ ਸਾਬਕਾ ਪ੍ਰਧਾਨ ਬਲਵੰਤ ਰਾਏ ਧੀਮਾਨ ਨੇ ਬੱਚਿਆਂ ਅਤੇ ਨੌਜਵਾਨਾਂ ਨੂੰ ਪਤੰਗ ਉਡਾਉਣ ਲਈ ਸੂਤੀ ਡੋਰ ਵਰਤਣ ਦੀ ਸਲਾਹ ਦਿੱਤੀ।

# ਸ੍ਰੀ ਬਾਲਾ ਜੀ ਰੱਥ ਯਾਤਰਾ ਦਾ ਫੁੱਲਾਂ ਦੀ ਵਰਖਾ ਨਾਲ ਸਵਾਗਤ

**ਫਿਲੌਰ, (ਹਰਜਿੰਦਰ ਕੌਰ ਚਾਹਲ)**- ਸ੍ਰੀ ਸਨਾਤਨ ਧਰਮ ਸਭਾ, ਸ੍ਰੀ ਰਾਧਾ ਕ੍ਰਿਸ਼ਨ ਪਾਠਸ਼ਾਲਾ ਮੰਦਰ ਫਿਲੌਰ ਵੱਲੋਂ ਸ੍ਰੀ ਬਾਲਾਜੀ ਰੱਥ ਯਾਤਰਾ ਦਾ ਆਯੋਜਨ ਕੀਤਾ ਗਿਆ। ਸ੍ਰੀ ਬਾਲਾਜੀ ਰੱਥ ਯਾਤਰਾ ਦੁਪਹਿਰ 2 ਵਜੇ ਸੰਕਟ ਮੋਚਨ ਸ੍ਰੀ ਹਨੂੰਮਾਨ ਮੰਦਰ, ਦੁਸਹਿਰਾ ਗਰਾਊਂਡ, ਫਿਲੌਰ ਤੋਂ ਸ਼ੁਰੂ ਹੋਈ। ਫਿਲੌਰ ਦੇ ਸਾਬਕਾ ਵਿਧਾਇਕ ਬਲਦੇਵ ਖਹਿਰਾ ਤੇ ਹੋਰਾਂ ਨੇ ਚਾਂਦੀ ਦਾ ਰੱਥ ਖਿੱਚਿਆ ਤੇ ਰੱਥ ਯਾਤਰਾ ਨੂੰ ਰਵਾਨਾ ਕੀਤਾ। ਇਸ ਮੌਕੇ ਬਾਲਾਜੀ ਨੇ ਚਾਂਦੀ ਦੇ ਰੱਥ 'ਤੇ ਸਵਾਰ ਹੋ ਕੇ ਸ਼ਹਿਰ ਦੀ ਪਰਿਕਰਮਾ ਕੀਤੀ। ਇਹ ਰੱਥ ਯਾਤਰਾ ਸੰਕਟ ਮੋਚਨ ਸ੍ਰੀ ਹਨੂੰਮਾਨ ਮੰਦਿਰ ਤੋਂ ਸ਼ੁਰੂ ਹੋਈ ਤੇ ਦਾਣਾ ਮੰਡੀ, ਲੱਕੜ ਮੰਡੀ, ਪੁਰਾਣੀ ਜੀ ਟੀ ਰੋਡ, ਤਹਿਸੀਲ ਰੋਡ, ਹਸਪਤਾਲ ਰੋਡ, ਗੜ੍ਹਾ ਰੋਡ ਤੇ ਸ਼ਿਵ ਮੰਦਰ ਰੋਡ ਤੋਂ ਲੰਘਿਆ, ਜਿੱਥੇ ਲੋਕਾਂ ਨੇ ਫੁੱਲਾਂ ਨਾਲ ਰੱਥ ਯਾਤਰਾ ਦਾ ਸਵਾਗਤ ਕੀਤਾ। ਲੋਕਾਂ ਨੇ ਵੱਖ-ਵੱਖ ਥਾਵਾਂ ਤੇ ਲੰਗਰ ਅਤੇ ਸਵਾਗਤ ਗੇਟ ਲਗਾਏ। ਬਲਦੇਵ ਖਹਿਰਾ ਨੇ ਲੋਕਾਂ ਨੂੰ ਸੰਬੋਧਨ ਕਰਦੇ ਹੋਏ ਸ੍ਰੀ ਬਾਲਾਜੀ ਦੁਆਰਾ ਦਿਖਾਏ ਗਏ ਮਾਰਗ 'ਤੇ ਚੱਲਣ ਅਤੇ ਉਨ੍ਹਾਂ ਵਾਂਗ ਨਿਰਸਵਾਰਥ ਸਮਾਜ ਦੀ ਸੇਵਾ ਕਰਨ ਲਈ ਕਿਹਾ। ਆਏ ਹੋਏ ਮਹਿਮਾਨਾਂ ਨੂੰ ਸਨਮਾਨਤ ਕੀਤਾ ਗਿਆ, ਜਿਸ ਵਿੱਚ ਡਾ: ਰਾਕੇਸ਼ ਸ਼ਰਮਾ, ਪੂਰਨ ਚੰਦ ਸ਼ਰਮਾ, ਕੌਂਸਲਰ ਸੁਰਿੰਦਰ ਕੈਂਥ, ਕੌਂਸਲਰ ਰਾਕੇਸ਼ ਕਾਲੀਆ, ਰਾਜਾ ਅਟਵਾਲ, ਮਨੀ ਧਾਲੀਵਾਲ, ਰਾਜੇਸ਼ ਸ਼ਰਮਾ, ਰਾਕੇਸ਼ ਗੁਲਾਟੀ, ਵਿਸ਼ਾਲ ਗਡੂਰਾ, ਕੌਂਸਲਰ ਰਜਨੀ ਗਾਬਾ, ਮਹੇਸ਼ ਗਾਬਾ, ਸ੍ਰੀ ਬਾਲਾਜੀ ਸੇਵਾ ਸੰਘ ਦੇ ਮੈਂਬਰ, ਸ੍ਰੀ ਬਾਲਾਜੀ ਸੇਵਾ ਸੰਘ ਦੇ ਮੈਂਬਰ ਸੰਘਿ ਦੂੱਜੇ, ਡਾ. ਮਿੰਕੂ ਸ਼ਰਮਾ, ਅਸ਼ੋਕ ਦੱਤਾ, ਬੌਬੀ ਬਠਲਾ, ਅਸ਼ਵਨੀ ਮਲਹੋਤਰਾ, ਰੋਜ਼ੀ ਵਸੰਦਰਾਏ, ਸ੍ਰੀ ਸਨਾਤਨ ਧਰਮ ਸਭਾ ਸ੍ਰੀ ਰਾਧਾ ਕ੍ਰਿਸ਼ਨ ਪਾਠਸ਼ਾਲਾ ਮੰਦਰ ਫਿਲੌਰ ਦੇ ਪ੍ਰਧਾਨ ਰਛਪਾਲ ਸਿੰਘ ਹੈਪੀ, ਡਾ: ਕੇਵਲ ਕ੍ਰਿਸ਼ਨ, ਲਖਨ ਜੁਨੇਜਾ, ਦਵਿੰਦਰ ਬਿੱਟੂ, ਵਿਸ਼ਾਲ ਵਿਕਾਸ। ਸੁਰਿੰਦਰ ਸ਼ਰਮਾ, ਸੁਸ਼ੀਲ ਸ਼ਰਮਾ, ਭਾਸਕਰ ਮਨੀ, ਦਿਨੇਸ਼ ਜੋਸ਼ੀ, ਧਰਮਿੰਦਰ ਕੁਮਾਰ, ਰਿਤੂ ਸ਼ਰਮਾ, ਪਵਨ ਸ਼ਰਮਾ, ਰੀਨਾ ਸੇਠੀ ਆਦਿ ਹਾਜ਼ਰ ਸਨ। ਪਾਠਸ਼ਾਲਾ ਮੰਦਿਰ ਪਹੁੰਚ ਕੇ ਸ੍ਰੀ ਬਾਲਾਜੀ ਰੱਥ ਯਾਤਰਾ ਦੀ ਸ਼ਾਨਦਾਰ ਆਰਤੀ ਨਾਲ ਸਮਾਪਤੀ ਹੋਈ।



# ਸਤਿਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ 13 ਫਰਵਰੀ ਨੂੰ ਖੁਰਾਲਗੜ੍ਹ ਸਾਹਿਬ ਵਿਖੇ ਮਨਾਏ ਜਾਣਗੇ : ਸੰਤ ਸਮਾਜ

**ਹੁਸ਼ਿਆਰਪੁਰ (ਓ ਪੀ ਰਾਣਾ, ਬਲਵੀਰ ਸਿੰਘ ਸੈਣੀ)**
ਗੁਰੂ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ ਦੀ ਵਿਸ਼ੇਸ਼ ਮੀਟਿੰਗ ਡੇਰਾ ਸੰਤ ਸੀਤਲ ਦਾਸ ਬੋਹਣ ਵਿਖੇ ਚੇਅਰਮੈਨ ਸੰਤ ਸਰਵਣ ਦਾਸ ਜੀ ਦੀ ਅਗਵਾਈ ਹੇਠ ਤੇ ਸੰਤ ਨਿਰਮਲ ਦਾਸ ਬਾਬੇਜੌੜੇ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦਾ ਮੁੱਖ ਏਜੰਡਾ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਪ੍ਰਕਾਸ਼ ਪੁਰਬ ਮਨਾਉਣਾ ਅਤੇ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਸਕੂਲ,ਕਾਲਿਜ,ਹਸਪਤਾਲ ਵਰਗੇ ਪ੍ਰੋਜੈਕਟ ਉਸਾਰੀ ਲਈ ਯਤਨ ਕਰਨੇ ਤੇ ਸ੍ਰੀ ਗੁਰੂ ਰਵਿਦਾਸ ਬੇਗਮਪੁਰਾ ਸਦਨ ਦੀ ਜਮੀਨ ਤੋਂ ਕਬਜਾ ਛਡਾਉਣ ਲਈ ਰਣਨੀਤੀ ਤਿਆਰ ਕਰਨਾ ਤੇ ਸੁਸਾਇਟੀ ਦੇ ਹੋਰ ਕਾਰਜਾਂ ਦੀ ਸਮੀਖਿਆ ਕਰਨਾ ਸੀ।ਇਸ ਮੌਕੇ ਪ੍ਰਧਾਨ ਸੰਤ ਨਿਰਮਲ ਦਾਸ ਬਾਬੇਜੌੜੇ ਤੇ ਜਨਰਲ ਸਕੱਤਰ ਸੰਤ ਇੰਦਰ ਦਾਸ ਸੇਖੈ ਨੇ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 649ਵਾਂ ਪ੍ਰਕਾਸ਼ ਪੁਰਬ 13 ਫਰਵਰੀ ਨੂੰ ਸ੍ਰੀ ਗੁਰੂ ਰਵਿਦਾਸ ਬੇਗਮਪੁਰਾ ਸਦਨ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਸੁਸਾਇਟੀ ਵਲੌਂ ਦੇਸ਼ ਵਿਦੇਸ਼ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਬਹੁਤ ਸ਼ਰਧਾ ਪੂਰਵਕ ਮਨਾਇਆ ਜਾਵੇਗਾ, ਜਿਸ ਵਿੱਚ ਸ਼ਾਮਲ ਹੋਣ ਲਈ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਸਖਸ਼ੀਅਤਾਂ ਨੂੰ ਖੁੱਲਾ ਸੱਦਾ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਪ੍ਰਕਾਸ਼ ਪੁਰਬ ਸਮਾਗਮਾਂ ਦੇ ਪ੍ਰਬੰਧਾਂ ਲਈ ਸੰਤਾਂ ਮਹਾਂਪੁਰਸ਼ਾਂ ਵਲੋਂ ਵੱਡੀ ਸੇਵਾ ਨਿਭਾਈ ਜਾ ਰਹੀ ਹੈ।ਇਸ ਮੌਕੇ ਸੰਤ ਪਰਮਜੀਤ ਦਾਸ ਕੈਸ਼ੀਅਰ, ਸੰਤ ਸਰਵਣ ਦਾਸ ਸਲੇਮਟਾਵਰੀ ਸੀਨੀ. ਮੀਤ ਪ੍ਰਧਾਨ, ਸੰਤ ਬਲਵੰਤ ਸਿੰਘ ਡਿੰਗਰੀਆਂ ਮੀਤ ਪ੍ਰਧਾਨ, ਸੰਤ ਰਮੇਸ਼ ਦਾਸ ਸ਼ੇਰਪੁਰ ਢਕੌਂ ਨੇ ਸਾਂਝੇ ਬਿਆਨ 'ਚ ਕਿਹਾ ਕਿ ਵੱਧ ਤੋਂ ਵੱਧ ਸੰਗਤਾਂ 13 ਫਰਵਰੀ ਨੂੰ ਸ੍ਰੀ ਖੁਰਾਲਗੜ੍ਹ ਸਾਹਿਬ ਪਹੁੰਚਕੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਦੀਆਂ ਖੁਸ਼ੀਆਂ ਪ੍ਰਾਪਤ ਕਰਨ। ਇਨਾਂ ਮਹਾਂਪੁਰਸ਼ਾਂ ਨੇ ਕਿਹਾ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਵੱਡੇ ਪ੍ਰੋਜੈਕਟ ਉਸਾਰਨ ਲਈ ਯਤਨ ਸ਼ਲਾਘਾਯੋਗ ਕਦਮ ਹੈ ਜਿਸ ਨੂੰ ਪੂਰਾ ਕਰਨ ਲਈ ਸਰਕਾਰ ਰਾਹੀਂ ਹੰਭਲਾ ਮਾਰਨ ਦੀ ਲੋੜ ਹੈ।ਇਸ ਮੌਕੇ ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.) ਭਾਰਤ ਦੇ ਕੌਮੀ ਪ੍ਰਧਾਨ ਸੰਤ ਸਤਵਿੰਦਰ ਹੀਰਾ ਨੇ ਕਿਹਾ ਕਿ ਸਤਿਗੁਰੂ ਰਵਿਦਾਸ ਦੇ ਪ੍ਰਕਾਸ਼ ਪੁਰਬ ਸਮਾਗਮਾਂ ਲਈ ਤਨ,ਮਨ ਨਾਲ ਸਹਿਯੋਗ ਕੀਤਾ ਜਾਵੇਗਾ। ਉਨਾਂ ਕਿਹਾ ਇਤਿਹਾਸਕ ਧਰਮ ਅਸਥਾਨ ਚਰਨਛੋਹ ਸੱਚਖੰਡ ਬੇਗਮਪੁਰਾ ਦੀਆਂ ਸੰਗਤਾਂ ਵੱਡੀ ਗਿਣਤੀ ਵਿੱਚ ਹੁੰਮ ਹੁਮਾ ਕੇ ਪਹੁੰਚਣਗੀਆਂ। ਮਹੰਤ ਪ੍ਰਸ਼ੋਤਮ ਲਾਲ ਚੱਕ ਹਕੀਮ, ਸੰਤ ਧਰਮਪਾਲ ਸ਼ੇਰਗੜ੍ਹ, ਸੰਤ ਬੀਬੀ ਕੁਲਦੀਪ ਕੌਰ ਮਹਿਨਾ, ਸੰਤ ਜਗੀਰ ਸਿੰਘ ਸਰਬੱਤ ਭਲਾ ਆਸ਼ਰਮ ਨੰਦਾਚੌਰ,ਸੰਤ ਮਨਜੀਤ ਦਾਸ ਵਿਛੋਹੀ, ਬਾਬਾ ਬਲਕਾਰ ਸਿੰਘ ਵਡਾਲਾ, ਸੰਤ ਕੁਲਦੀਪ ਦਾਸ ਬਸੀ ਮਰੂਫ, ਸੰਤ ਮਨੋਹਰ ਦਾਸ,ਸੰਤ ਗੁਰਮੀਤ ਦਾਸ, ਸੰਤ ਪ੍ਰੇਮ ਦਾਸ,ਸੰਤ ਚਰਨ ਦਾਸ, ਸੰਤ ਪ੍ਰਮੇਸ਼ਵਰੀ ਦਾਸ ਸੇਖੈ, ਭੈਣ ਸੰਤੋਸ਼ ਕੁਮਾਰੀ, ਡੇਰਾ ਬੋਹਣ ਦੇ ਸੇਵਾਦਾਰ ਲਵਪ੍ਰੀਤ, ਡਾਇਰੈਕਟਰ ਰਿਟਾ.ਸਲਿੰਦਰ ਸਿੰਘ, ਸਮਾਜਸੇਵੀ ਚੰਦਨ ਕੁਮਾਰ, ਐਡਵੋਕੇਟ ਰੋਹਿਤ ਜੋਸ਼ੀ ਅਤੇ ਵੱਡੀ ਗਿਣਤੀ ਵਿੱਚ ਸੰਗਤਾਂ ਵੀ ਹਾਜਰ ਸਨ।



# ਖੁਰਾਲਗੜ੍ਹ ਸਾਹਿਬ ਵਿਖੇ ਸਮਾਗਮ ਲਈ ਡਿਪਟੀ ਸਪੀਕਰ ਵੱਲੋਂ ਪਿੰਡ-ਪਿੰਡ ਜਾ ਕੇ ਦਿੱਤਾ ਸੱਦਾ

**ਹੁਸ਼ਿਆਰਪੁਰ/ ਜੇਜੋ ਦੋਆਬਾ**
**(ਬਲਵੀਰ ਸਿੰਘ ਸੈਣੀ, ਨਿਰਮਲ ਸਿੰਘ ਮੁੱਗੋਵਾਲ)**
ਤੱਪ ਅਸਥਾਨ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪਾਵਨ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਰਾਜ ਪੱਧਰੀ ਸਮਾਗਮ ਬੜੀ ਸ਼ਰਧਾ, ਉਤਸ਼ਾਹ ਅਤੇ ਭਾਈਚਾਰਕ ਸਾਂਝ ਨਾਲ ਕਰਵਾਇਆ ਜਾ ਰਿਹਾ ਹੈ। ਇਸ ਧਾਰਮਿਕ ਅਤੇ ਸਮਾਜਿਕ ਮਹੱਤਤਾ ਵਾਲੇ ਸਮਾਗਮ ਨੂੰ ਸਫ਼ਲ ਬਣਾਉਣ ਲਈ ਆਯੋਜਨ ਕਮੇਟੀ ਦੇ ਨਾਲ-ਨਾਲ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਵੱਲੋਂ ਵੀ ਪਿੰਡ-ਪਿੰਡ ਜਾ ਕੇ ਲੋਕਾਂ ਨੂੰ ਨਿੱਜੀ ਤੌਰ 'ਤੇ ਸੱਦਾ ਦਿੱਤਾ ਜਾ ਰਿਹਾ ਹੈ। ਇਸ ਵਿਸ਼ੇਸ਼ ਮੁਹਿੰਮ ਦੌਰਾਨ ਡਿਪਟੀ ਸਪੀਕਰ ਰੌੜੀ ਨੇ ਆਸ-ਪਾਸ ਦੇ ਪਿੰਡਾਂ ਦੇ ਵਸਨੀਕਾਂ ਨਾਲ ਸਿੱਧੀ ਮੁਲਾਕਾਤ ਕਰਦਿਆਂ ਉਨ੍ਹਾਂ ਨੂੰ ਸਮਾਗਮ ਦੀ ਮਹੱਤਤਾ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਇਹ ਰਾਜ ਪੱਧਰੀ ਸਮਾਗਮ ਸਿਰਫ਼ ਇਕ ਧਾਰਮਿਕ ਸਮਾਗਮ ਹੀ ਨਹੀਂ, ਸਗੋਂ ਸਮਾਜਿਕ ਏਕਤਾ, ਸਮਾਨਤਾ ਅਤੇ ਭਾਈਚਾਰੇ ਦੀ ਮਜ਼ਬੂਤੀ ਦਾ ਪ੍ਰਤੀਕ ਵੀ ਹੈ।ਡਿਪਟੀ ਸਪੀਕਰ ਰੌੜੀ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਜੀਵਨ ਅਤੇ ਉਪਦੇਸ਼ ਅੱਜ ਦੇ ਸਮਾਜ ਲਈ ਵੀ ਓਨੇ ਹੀ ਪ੍ਰਸੰਗਿਕ ਹਨ, ਜਿੰਨੇ ਆਪਣੇ ਸਮੇਂ ਵਿੱਚ ਸਨ। ਗੁਰੂ ਜੀ ਨੇ ਮਨੁੱਖਤਾ, ਪ੍ਰੇਮ, ਸਮਾਨਤਾ ਅਤੇ ਸੱਚਾਈ ਦਾ ਸੰਦੇਸ਼ ਦੇ ਕੇ ਜਾਤ-ਪਾਤ ਅਤੇ ਭੇਦਭਾਵ ਤੋਂ ਉੱਪਰ ਉੱਠ ਕੇ ਬਰਾਬਰੀ ਦੇ ਸਮਾਜ ਦੀ ਨੀਂਹ ਰੱਖੀ। ਉਨ੍ਹਾਂ ਅਤੇ ਆਯੋਜਨ ਕਮੇਟੀ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਉਹ ਆਪਣੇ ਪਰਿਵਾਰਾਂ ਸਮੇਤ ਇਸ ਪਾਵਨ ਸਮਾਗਮ ਵਿੱਚ ਸ਼ਾਮਿਲ ਹੋ ਕੇ ਗੁਰੂ ਜੀ ਦੇ ਦਰਸਾਏ ਮਾਰਗ 'ਤੇ ਚੱਲਣ ਦਾ ਸੰਕਲਪ ਲੈਣ।ਇਸ ਦੌਰਾਨ ਪਿੰਡਾਂ ਵਿੱਚ ਗਏ ਨੁਮਾਇੰਦਿਆਂ ਵੱਲੋਂ ਘਰ-ਘਰ ਜਾ ਕੇ ਸੱਦਾ ਪੱਤਰ ਸੌਂਪੇ ਗਏ ਅਤੇ ਲੋਕਾਂ ਨੂੰ ਸਮਾਗਮ ਦੇ ਕਾਰਜਕ੍ਰਮ, ਤਾਰੀਖਾਂ ਅਤੇ ਵਿਵਸਥਾਵਾਂ ਬਾਰੇ ਜਾਣੂ ਕਰਵਾਇਆ ਗਿਆ। ਦੱਸਿਆ ਗਿਆ ਕਿ ਸਮਾਗਮ ਦੌਰਾਨ ਧਾਰਮਿਕ ਦੀਵਾਨ, ਕੀਰਤਨ, ਵਿਚਾਰ ਗੋਸ਼ਠੀਆਂ ਅਤੇ ਵਿਸ਼ਾਲ ਲੰਗਰ ਦੀ ਵਿਵਸਥਾ ਕੀਤੀ ਜਾਵੇਗੀ, ਤਾਂ ਜੋ ਹਰ ਵਰਗ ਦਾ ਵਿਅਕਤੀ ਇਸ ਪਾਵਨ ਸਮਾਗਮ ਵਿੱਚ ਸ਼ਾਮਿਲ ਹੋ ਸਕੇ। ਇਸ ਮੌਕੇ ਪਿੰਡ ਵਾਸੀਆਂ ਵੱਲੋਂ ਵੀ ਭਾਰੀ ਉਤਸ਼ਾਹ ਵੇਖਣ ਨੂੰ ਮਿਲਿਆ। ਲੋਕਾਂ ਨੇ ਸੱਦਾ ਪੱਤਰ ਸਵੀਕਾਰ ਕਰਦਿਆਂ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਪਹੁੰਚਣ ਦਾ ਭਰੋਸਾ ਦਿੱਤਾ।



# ਦਲਵਿੰਦਰ ਦਿਆਲਪੁਰੀ ਦਾ ਨਵਾ ਟਰੈਕ 'ਬੁਲੇਟ' ਰਿਲੀਜ਼



**ਕਪੂਰਥਲਾ (ਮਨਜੀਤ ਮਾਨ)**
ਪੰਜਾਬੀ ਸੰਗੀਤ ਇੰਡਸਟਰੀ ਵਿੱਚ ਪਿਛਲੇ ਲੰਬੇ ਸਮੇਂ ਤੋਂ ਸ਼੍ਰੋਤਿਆਂ ਦੇ ਦਿਲਾਂ ਤੇ ਰਾਜ ਕਰਨ ਵਾਲੇ ਪੰਜਾਬੀ ਲੋਕ ਗਾਇਕ ਮੇਲਿਆਂ ਦੇ ਬਾਦਸ਼ਾਹ ਨ੍ਹੇਰੀਆਂ ਫੇਮ ਦਲਵਿੰਦਰ ਦਿਆਲਪੁਰੀ ਦਾ ਲੰਬੇ ਅਰਸੇ ਤੋ ਬਾਅਦ ਰੋਮਾਂਟਿਕ ਗੀਤ 'ਬੁੱਲੇਟ' ਇਥੇ ਵੱਖ ਵੱਖ ਸ਼ਕਸੀਅਤਾਂ ਵੱਲੋ ਸਾਂਝੇ ਤੌਰ 'ਤੇ ਰਿਲੀਜ਼ ਕੀਤਾ ਗਿਆ।ਜਿਸ ਵਿੱਚ ਲੋਕ ਗਾਇਕ ਦਲਵਿੰਦਰ ਦਿਆਲਪੁਰੀ,ਇੰਡੀਅਨ ਕਲਚਰਲ ਐਸੋਸ਼ੀਏਸ਼ਨ ਦੇ ਪ੍ਰਧਾਨ ਕਰਮਪਾਲ ਸਿੰਘ ਢਿੱਲੋਂ, ਰਾਜ ਕੁਮਾਰ ਰਾਜੂ ਸਾਬਕਾ ਮਾਰਕੀਟ ਕਮੇਟੀ ਜਲੰਧਰ ਦੇ ਪ੍ਰਧਾਨ ,ਗਾਇਕ ਤਜਿੰਦਰ ਤਾਜ਼,ਸਹਾਇਕ ਡਾਇਰੈਕਟਰ ਯੂਵਕ ਸੇਵਾਵਾਂ ਜਲੰਧਰ ਰਵੀ ਦਾਰਾ,ਗਾਇਕ ਅਦਾਕਾਰ ਪ੍ਰੋਡਿਊਸਰ ਮਨੋਹਰ ਧਾਰੀਵਾਲ,ਟਰਾਂਟੋ ਮਿਊਜਕ ਕੰਪਨੀ ਦੇ ਮਾਲਕ ਮਨਜੀਤ ਸਿੰਘ ਸੰਘਵਾਲ,ਸੂਬਾ ਉਦੇਸੀਆ ਗੁਰਬਖਸ਼ ਸਿੰਘ ਬਲਾਕ ਜੰਗਲਾਤ ਅਫ਼ਸਰ,ਜਸਪਾਲ ਸਿੰਘ ਮੈਂਬਰ ਪੁਲਸ ਸਾਂਝ ਕਮੇਟੀ ਕਰਤਾਰਪੁਰ,ਗਾਇਕ ਸਿਤਾਸੂ ਜੋਸ਼ੀ ਤੋ ਇਲਾਵਾ ਪ੍ਰੈੱਸ ਮੀਡੀਆ ਹਾਜ਼ਰ ਸਨ। ਇਸ ਮੌਕੇ ਗਾਇਕ ਦਲਵਿੰਦਰ ਦਿਆਲਪੁਰੀ ਨੇ ਦੱਸਿਆ ਕਿ ਬੁੱਲੇਟ ਟਰੈਕ ਦਾ ਮਿਊਜ਼ਿਕ ਹੈਰੀ ਬੀ ਬਟਾਲਾ,ਗੀਤਕਾਰ ਤੇਜਿੰਦਰ ਕਲਾ ,ਵੀਡਿਉ ਦ ਵਾਈਡ ਪ੍ਰੋਡਕਸ਼ਨ ਜਗਰਾਵਾਂ,ਮਾਡਲ ਕਮਲਜੀਤ ਹੋਸ਼ਿਆਰਪੁਰ ਅਦਾਕਾਰਾ ਸਿਮਰਨਜੀਤ ਕੌਰ ਚੰਡੀਗੜ੍ਹ ਹਨ।ਇਹ ਟਰੈਕ ਸੋਸ਼ਲ ਸਾਈਟਾਂ ਯੂ ਟਿਊਬ ਤੇ ਵਰਲਡ ਵਾਈਡ ਰਿਲੀਜ਼ ਕੀਤਾ ਗਿਆ ਹੈ ਤੇ ਇਸ ਨੂੰ ਹਰ ਵਰਗ ਵੱਲੋ ਭਰਵਾ ਹੁੰਗਾਰਾ ਮਿਲ ਰਿਹਾ ਹੈ।

# ਮਾਤਾ ਚਿੰਤਪੁਰਨੀ ਦੇ ਲਾਈਵ ਦਰਸ਼ਨਾਂ ਲਈ ਚਿੰਤਪੁਰਨੀ ਚੌਕ 'ਤੇ ਲੱਗੀ ਐੱਲ ਈ ਡੀ ਸਕਰੀਨ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**
ਯੁਵਾ ਵਾਹਿਨੀ ਸਮਿਤੀ ਹੁਸ਼ਿਆਰਪੁਰ ਦੀ ਭਗਤੀ ਭਰੀ ਅਪੀਲ 'ਤੇ ਵਿਧਾਇਕ ਅਤੇ ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਦੇ ਵਿਸ਼ੇਸ਼ ਯਤਨਾਂ ਨਾਲ, ਮਾਤਾ ਚਿੰਤਪੁਰਨੀ ਚੌਕ 'ਤੇ ਮਾਤਾ ਚਿੰਤਪੁਰਨੀ ਜੀ ਦੇ ਲਾਈਵ ਦਰਸ਼ਨਾਂ ਲਈ ਇਕ ਅਤਿ-ਆਧੁਨਿਕ ਐੱਲ.ਈ.ਡੀ ਸਕਰੀਨ ਲਗਾਈ ਗਈ ਹੈ। ਇਹ ਐੱਲ ਈ ਡੀ ਸਕਰੀਨ ਊਸ਼ਾ ਮਾਰਟਿਨ ਕੰਪਨੀ ਵੱਲੋਂ ਸੀ ਐੱਸ ਆਰ (ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ) ਫੰਡ ਤਹਿਤ ਲਗਾਈ ਗਈ ਹੈ, ਜਿਸ ਦਾ ਰਸਮੀ ਉਦਘਾਟਨ ਵਿਧਾਇਕ ਜਿੰਪਾ ਨੇ ਕੀਤਾ। ਇਸ ਮੌਕੇ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਕਿਹਾ ਕਿ ਐੱਲ.ਈ.ਡੀ ਸਕਰੀਨ ਰਾਹੀਂ ਹੁਣ ਉਹ ਸ਼ਰਧਾਲੂ ਵੀ, ਜੋ ਕਿਸੇ ਕਾਰਨ ਕਰਕੇ ਮੰਦਰ ਨਹੀਂ ਪਹੁੰਚ ਸਕਦੇ, ਮਾਤਾ ਰਾਣੀ ਦੇ ਲਾਈਵ ਦਰਸ਼ਨ ਕਰ ਸਕਣਗੇ। ਬ੍ਰਹਮ ਸ਼ੰਕਰ ਜਿੰਪਾ ਨੇ ਕਿਹਾ ਕਿ ਇਸ ਐੱਲ.ਈ.ਡੀ ਸਕਰੀਨ ਦੀ ਸਥਾਪਨਾ ਨਾਲ ਮਾਤਾ ਚਿੰਤਪੁਰਨੀ ਚੌਕ ਧਾਰਮਿਕ ਆਸਥਾ ਦਾ ਇਕ ਨਵਾਂ ਕੇਂਦਰ ਬਣ ਜਾਵੇਗ। ਯੁਵਾ ਵਾਹਿਨੀ ਕਮੇਟੀ ਦੇ ਜ਼ਿਲ੍ਹਾ ਪ੍ਰਧਾਨ ਅਸ਼ਵਨੀ ਛੋਟਾ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਇਹ ਕੰਮ ਕਮੇਟੀ ਵੱਲੋਂ ਲੰਬੇ ਸਮੇਂ ਤੋਂ ਜਨਤਕ ਭਾਵਨਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਪ੍ਰਸਤਾਵਿਤ ਕੀਤਾ ਗਿਆ ਸੀ, ਜਿਸ ਨੂੰ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਤੁਰੰਤ ਸਵੀਕਾਰ ਕਰ ਲਿਆ। ਇਸ ਸ਼ੁਭ ਮੌਕੇ 'ਤੇ ਸਹਿਕਾਰੀ ਬੈਂਕ ਦੇ ਚੇਅਰਮੈਨ ਵਿਕਰਮ ਸ਼ਰਮਾ ਬੌਬੀ, ਸੀਨੀਅਰ ਡਿਪਟੀ ਮੇਅਰ ਪਰਵੀਨ ਸੈਣੀ, ਗਿਰੀਸ਼ ਵਾਲੀਆ, ਜਤਿੰਦਰ ਵਾਲੀਆ ਊਸ਼ਾ ਮਾਰਟਿਨ, ਮਹਿਲਾ ਵਿੰਗ ਪ੍ਰਧਾਨ ਸੰਤੋਸ਼ ਸੈਣੀ, ਅਜੇ ਵਰਮਾ, ਕੌਂਸਲਰ ਪ੍ਰਦੀਪ ਬਿੱਟੂ, ਵਿਜੇ ਅਗਰਵਾਲ, ਅਜੇ ਸੈਣੀ, ਖੁਸ਼ੀ ਰਾਮ ਧੀਮਾਨ, ਬਲਵਿੰਦਰ ਰਾਣਾ, ਮਨੋਜ ਦੱਤਾ, ਕ੍ਰਿਸ਼ਨ ਕੁਮਾਰ, ਦੀਪਕ ਪੁਰੀ, ਵਿਕਾਸ ਸ਼ਰਮਾ, ਰਾਜੇਸ਼ ਵਰਮਾ, ਨਰਿੰਦਰ ਕੁਮਾਰ, ਕਰਮਜੀਤ, ਅਮਿਤ ਗੁਪਤਾ, ਰਾਕੇਸ਼ ਕੁਮਾਰ, ਮਨੀਸ਼ ਗੁਪਤਾ, ਵੰਸ਼, ਦਿਨਕਰ ਕਪਿਲਾ, ਬਲਜੀਤ ਜੀਤੂ, ਸੁਭਾਸ਼ ਕੁਮਾਰ, ਚਰਨਜੀਤ ਸੇਠੀ, ਸਮੀਰ, ਪੰਡਿਤ ਪ੍ਰਮੋਦ ਸ਼ਰਮਾ, ਤਰਸੇਮ ਲਾਲ, ਸ਼ੰਕਰ ਸ਼ਮੀ, ਭਾਰਤੀ ਮਹਾਵੀਰ ਦਲ ਦੇ ਮਹਾ ਸਕੱਤਰ ਭਾਰਤ ਭੂਸ਼ਨ ਵਰਮਾ, ਮਾਇਆ ਜੀ ਅਸੀ ਨੌਕਰ ਤੇਰੇ ਦੇ ਮੁਖੀ ਸ਼ਿਆਮ ਲਾਲ ਚੌਧਰੀ, ਸ੍ਰੀ ਸ਼ਿਵਰਾਤਰੀ ਅਤੇ ਉਤਸਵ ਕਮੇਟੀ ਦੇ ਪ੍ਰਧਾਨ ਹਰੀਸ਼ ਖੋਸਲਾ, ਸ੍ਰੀ ਰਾਮ ਚਰਿਤ ਮਾਨਸ ਪ੍ਰਚਾਰ ਮੰਡਲ ਦੇ ਮੁਖੀ ਹਰੀਸ਼ ਸੈਣੀ, ਮਹਾਵੀਰ ਦਲ ਦੇ ਮੁਖੀ ਕ੍ਰਿਸ਼ਨ ਗੋਪਾਲ ਆਨੰਦ, ਟਿੰਕੂ ਨਰੂਲਾ, ਰਾਜੀਵ ਸਿੰਗਲਾ, ਲਵਲੀ ਗਾਂਧੀ, ਅਸ਼ਵਨੀ ਸ਼ਰਮਾ, ਪਵਨ ਸ਼ਰਮਾ, ਸੇਵੀ ਰਾਜ ਕੁਮਾਰ, ਗਵੰਸ਼ ਕੁਮਾਰ, ਗਵੰਸ਼ ਕੁਮਾਰ, ਕਾ. ਇਸ ਮੌਕੇ ਵੱਡੀ ਗਿਣਤੀ ਵਿਚ ਸੰਗਤਾਂ ਤੋਂ ਇਲਾਵਾ ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦੇ ਅਤੇ ਪਤਵੰਤੇ ਹਾਜ਼ਰ ਸਨ।



# ਅਕਾਲੀ ਤੇ ਭਾਜਪਾ ਆਗੂਆਂ ਵੱਲੋਂ ਕੀਤੀ ਜਾ ਰਹੀ ਬਿਆਨਬਾਜ਼ੀ ਬੇਤੁਕੀ : ਵਡਾਲਾ

**ਮਹਿਤਪੁਰ (ਰਾਜਾ)**
ਹੁਕਮਨਾਮੇ ਤੋਂ ਬਾਅਦ ਪੁਨਰ ਸੁਰਜੀਤ ਹੋਏ ਸ਼੍ਰੋਮਣੀ ਅਕਾਲੀ ਦਲ ਨੇ ਸਿੱਖ ਪੰਥ ਅਤੇ ਪੰਜਾਬ ਵਿੱਚ ਇੱਕ ਨਵੀਂ ਉਮੀਦ ਜਗਾਈ ਹੈ। ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮਨਾਮਿਆਂ ਦੀ ਰੋਸ਼ਨੀ ਵਿੱਚ ਖੜ੍ਹੀ ਹੋਈ ਪੰਥਕ ਜਮਾਤ ਨੂੰ ਲੈ ਕੇ ਪੰਥਕ ਸਫ਼ਾਂ ਅਤੇ ਪੰਜਾਬੀਆਂ ਦਰਮਿਆਨ ਵੱਡੀ ਆਸ ਦੀ ਕਿਰਨ ਉੱਠੀ ਸੀ। ਇਸ ਪੰਥਕ ਜਜ਼ਬੇ ਨੂੰ ਵੇਖਦੇ ਹੋਏ ਬਹੁਤ ਸਾਰੇ ਬਾਦਲ ਧੜੇ ਦੇ ਆਗੂ ਅਤੇ ਬੀ ਜੇ ਪੀ ਦੇ ਕੇਂਦਰੀ ਮੰਤਰੀ ਜਿਨ੍ਹਾਂ ਵਿੱਚ ਪਰਮਜੀਤ ਸਿੰਘ ਸਰਨਾ, ਵਿਰਸਾ ਸਿੰਘ ਵਲਟੋਹਾ ਅਤੇ ਰਵਨੀਤ ਸਿੰਘ ਬਿੱਟੂ ਹਨ, ਇਹਨਾਂ ਲੀਡਰਾਂ ਦੀ ਅਖੌਤੀ ਬਿਆਨਬਾਜ਼ੀ ਤੋਂ ਉਹਨਾਂ ਦੀ ਬੁਖਲਾਹਟ ਨਜ਼ਰ ਆਈ। ਇਹ ਬਿਆਨ ਜਾਰੀ ਕਰਦਿਆਂ ਗੁਰਪ੍ਰਤਾਪ ਸਿੰਘ ਵਡਾਲਾ, ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ, ਸੁੱਚਾ ਸਿੰਘ ਛੋਟੇਪੁਰ ਨੇ ਆਖਿਆ ਕਿ ਸ਼੍ਰੋਮਣੀ ਅਕਾਲੀ ਦਲ ਜਿਸ ਦੀ ਸਰਪ੍ਰਸਤੀ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਹੈ, ਨੂੰ ਮਜ਼ਬੂਤੀ ਨਾਲ ਅੱਗੇ ਵਧਦੇ ਇਹ ਅਖੌਤੀ ਲੀਡਰ ਨਹੀਂ ਸਹਾਰ ਰਹੇ। ਬਾਦਲ ਦਲ ਦੇ ਆਗੂਆਂ ਨੇ ਸ੍ਰੀ ਅਕਾਲ ਤਖਤ ਸਾਹਿਬ ਵੱਲ ਪਿੱਠ ਦਿਖਾ ਕੇ ਆਪਣੇ ਭਗੌੜੇ ਹੋਣ ਦਾ ਸਬੂਤ ਸਾਰੀ ਦੁਨੀਆ ਵਿੱਚ ਬੈਠੇ ਪੰਥ ਦਰਦੀਆਂ ਦੇ ਸਾਹਮਣੇ ਸਾਬਤ ਕੀਤਾ ਹੈ। ਇਹਨਾਂ ਆਗੂਆਂ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮਨਾਮਿਆਂ ਦੀ ਵੀ ਨਾ ਪਰਵਾਹ ਕਰਦੇ ਹੋਏ ਹੁਕਮਨਾਮਿਆਂ ਨੂੰ ਚੈਲੰਜ ਕੀਤਾ ਅਤੇ ਆਪਣੀ ਵੱਖਰੀ ਜਾਅਲੀ ਭਰਤੀ ਦਾ ਡਰਾਮਾ ਰਚ ਕੇ ਵੱਖਰਾ ਚੁੱਲ੍ਹਾ ਕਾਇਮ ਰੱਖਿਆ। ਜਿਹੜੇ ਆਗੂ ਆਪਣੇ ਗੁਨਾਹ ਕਬੂਲ ਕਰਕੇ ਅਤੇ ਬਾਅਦ ਵਿੱਚ ਮੁੱਕਰਦੇ ਦੇਖੇ ਗਏ ਉਨਾਂ ਨੂੰ ਸ੍ਰੀ ਅਕਾਲ ਤਖਤ ਸਾਹਿਬ 'ਤੇ ਜਾ ਕੇ ਮੁੜ ਆਪਣੀ ਭੁੱਲ ਬਖਸ਼ਾਉਣੀ ਚਾਹੀਦੀ ਹੈ ।ਸਾਰਾ ਸਿੱਖ ਜਗਤ ਅਤੇ ਪੰਥ ਦਰਦੀ ਪੰਥ ਵਿੱਚ ਏਕਤਾ ਚਾਹੁੰਦੇ ਹਨ ਪਰ ਏਕਤਾ ਸਿਧਾਂਤਾਂ 'ਤੇ ਪਹਿਰਾ ਦੇ ਕੇ ਅਤੇ ਆਪਣੀਆਂ ਪਰੰਪਰਾਵਾਂ ਰਵਾਇਤਾਂ ਨੂੰ ਕਾਇਮ ਰੱਖਦੇ ਹੋਏ ਹੀ ਸੰਭਵ ਹੈ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵਰਗੇ ਵਿਦਵਾਨ ਅਤੇ ਬੇਦਾਗ ਸ਼ਖਸੀਅਤ ਉਪਰ ਜਦੋਂ ਉਹ ਜਥੇਦਾਰ ਸਾਹਿਬ ਦੀ ਸੇਵਾ ਨਿਭਾ ਰਹੇ ਸਨ ਅਤੇ ਉਸ ਤੋਂ ਬਾਅਦ ਵੀ ਵਰਤਮਾਨ ਸਮੇਂ ਤੱਕ ਉਨ੍ਹਾਂ ਉੱਪਰ ਦੂਸ਼ਨ ਲਗਾਉਂਦੇ ਅਤੇ ਕਿੰਤੂ ਪ੍ਰੰਤੂ ਕਰਦੇ ਆ ਰਹੇ ਹਨ, ਇਹਨਾਂ ਆਗੂਆਂ ਦਾ ਇਹ ਅਤਿ ਨਿੰਦਣ ਯੋਗ ਵਰਤਾਰਾ ਸਿਆਸਤ ਦੇ ਮਿਆਰ ਨੂੰ ਨੀਵੇਂ ਤੋਂ ਨੀਵਾਂ ਲੈ ਗਿਆ ਹੈ ਅਤੇ ਸਿੱਖ ਪੰਥ ਦੀਆਂ ਧਾਰਮਿਕ ਸੰਸਥਾਵਾਂ ਨੂੰ ਆਪਣੇ ਨਿੱਜੀ ਮੁਫਾਦ ਅਤੇ ਸਿਆਸਤ ਵਾਸਤੇ ਵਰਤ ਕੇ ਉਹਨਾਂ ਸੰਸਥਾਵਾਂ ਨੂੰ ਵੀ ਕਟਹਿਰੇ ਵਿੱਚ ਖੜ੍ਹਾ ਕਰ ਦਿੱਤਾ ਹੈ।ਬੀ ਜੇ ਪੀ ਦੇ ਕੇਂਦਰੀ ਮੰਤਰੀ ਨੂੰ ਭਲੀ ਪ੍ਰਕਾਰ ਇਹ ਜਾਣਕਾਰੀ ਹੈ ਕਿ ਕਿਹਨਾ ਅਕਾਲੀਆਂ ਨੇ ਚਿੱਟੇ ਦਾ ਵਪਾਰ ਕੀਤਾ। ਬੀ ਜੇ ਪੀ ਆਗੂਆਂ ਨੂੰ ਇਸ ਗੱਲ ਦੀ ਭਲੀ ਪ੍ਰਕਾਰ ਜਾਣਕਾਰੀ ਹੈ ਕਿ 15 ਸਾਲ ਦੇ ਰਾਜ ਦੌਰਾਨ ਉਹਨਾਂ ਦੀ ਵੀ ਭਾਈਵਾਲੀ ਸੀ ਅਤੇ ਉਸ ਸਮੇਂ ਵਿੱਚ ਕਿਹਨਾਂ ਲੀਡਰਾਂ ਦਾ ਨਸ਼ੇ ਦੇ ਧੰਦੇ ਵਿੱਚ ਨਾਂਅ ਸ਼ਾਮਲ ਸੀ।ਸ਼੍ਰੋਮਣੀ ਅਕਾਲੀ ਦਲ ਪੰਜਾਬ ਦੀ ਪੰਥਕ ਪਾਰਟੀ ਹੈ ਜੋ ਪੰਥਕ ਹਿੱਤਾਂ ਦੀ ਰਾਖੀ ਲਈ ਹੋਂਦ ਵਿੱਚ ਆਈ ਸੀ ਅਤੇ ਪੰਥਕ ਹਿੱਤਾਂ ਨੂੰ ਮੁੱਖ ਰੱਖ ਕੇ ਹੀ ਇਸ ਪਾਰਟੀ ਵਿੱਚ ਆਈ ਗਿਰਾਵਟ ਨੂੰ ਸੋਧਣ ਲਈ ਸ੍ਰੀ ਅਕਾਲ ਤਖਤ ਸਾਹਿਬ ਨੂੰ ਬੇਨਤੀ ਕੀਤੀ ਗਈ ਸੀ। ਜਿਸ ਨੂੰ ਪ੍ਰਵਾਨ ਕਰਦਿਆਂ 2 ਦਸੰਬਰ 2024 ਨੂੰ ਸ੍ਰੀ ਅਕਾਲ ਤਖਤ ਸਾਹਿਬ ਦੀ ਫਸੀਲ ਤੋਂ ਸ਼੍ਰੋਮਣੀ ਅਕਾਲੀ ਦਲ ਨੂੰ ਪੁਨਰ ਸੁਰਜੀਤ ਕਰਨ ਦਾ ਆਦੇਸ਼ ਹੋਇਆ ਸੀ। ਗੁਰਪ੍ਰਤਾਪ ਸਿੰਘ ਵਡਾਲਾ, ਸੁੱਚਾ ਸਿੰਘ ਛੋਟੇਪੁਰ, ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ ਨੇ ਅੱਗੇ ਕਿਹਾ ਕਿ ਸਾਰੇ ਆਗੂ ਸੁਹਿਰਦਤਾ ਨਾਲ ਪਾਰਟੀ ਨੂੰ ਮਜ਼ਬੂਤ ਕਰਨ ਲਈ ਮਿਲ ਬੈਠ ਕੇ ਸਲਾਹ ਕਰਦੇ ਰਹਿੰਦੇ ਹਨ। ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਪੰਜਾਬ ਦੇ ਲੋਕਾਂ ਕੋਲ ਜਾਵੇਗਾ, ਅਤੇ ਉਹਨਾਂ ਦੇ ਹੱਕਾਂ ਦੀ ਲੜਾਈ ਲੜੇਗਾ। ਸਿਆਸਤ ਦੇ ਵਪਾਰੀਕਰਨ ਨੂੰ ਰੋਕਣ ਵਾਸਤੇ ਤਕੜੇ ਹੋ ਕੇ ਲੜਾਈ ਲੜੀ ਜਾਵੇਗੀ।



# ਰੇਲਵੇ ਸਟੇਸ਼ਨ ਦੇ ਬਾਹਰ ਫੂਡ ਜੰਕਸ਼ਨ ਦਾ ਉਦਘਾਟਨ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**- ਸਥਾਨਕ ਰੇਲਵੇ ਸਟੇਸ਼ਨ ਦੇ ਬਾਹਰ ਇੱਕ ਨਵਾਂ ਫਾਸਟ ਫੂਡ ਕਾਰਨਰ, ਦ ਫੂਡ ਜੰਕਸ਼ਨ ਦਾ ਵਿਧਿਵਤ ਉਦਘਾਟਨ ਖੱਤਰੀ ਮਹਾਂਸਭਾ ਪੰਜਾਬ ਦੇ ਜਨਰਲ ਸਕੱਤਰ, ਭਾਜਪਾ ਐੱਨ ਜੀ ਓ ਸੈੱਲ ਪੰਜਾਬ ਦੇ ਕਾਰਜਕਾਰੀ ਮੈਂਬਰ, ਮਨੁੱਖੀ ਅਧਿਕਾਰ ਪ੍ਰੀਸ਼ਦ ਭਾਰਤ (ਭ੍ਰਿਸ਼ਟਾਚਾਰ ਵਿਰੋਧੀ ਸੈੱਲ) ਦੇ ਸੂਬਾ ਪ੍ਰਧਾਨ, ਵਿਸ਼ਵ ਹਿੰਦੂ ਸੰਘ ਦੇ ਜ਼ਿਲ੍ਹਾ ਪ੍ਰਧਾਨ, ਪੰਜਾਬ ਸਰਕਾਰ ਦੇ ਖੱਤਰੀ ਅਰੋੜਾ ਭਲਾਈ ਬੋਰਡ ਦੇ ਸਾਬਕਾ ਮੈਂਬਰ, ਪੰਜਾਬ ਹਿੰਦੂ ਸਮੂਹ ਦੇ ਸੂਬਾ ਮੈਂਬਰ ਤੇ ਜਲੰਧਰ ਜ਼ੋਨ ਕੋਆਰਡੀਨੇਟਰ, ਅਤੇ ਫਗਵਾੜਾ ਦੇ ਮਸ਼ਹੂਰ ਸਮਾਜ ਸੇਵਕ ਰਮਨ ਨਹਿਰਾ ਨੇ ਰਿੱਬਨ ਕੱਟ ਕੇ ਕੀਤਾ। ਉਦਘਾਟਨ ਦੌਰਾਨ, ਰਮਨ ਨਹਿਰਾ ਨੇ ਸਟਾਲ ਮਾਲਕਾਂ ਕਨ੍ਹਈਆ ਤਿਵਾਰੀ ਤੇ ਕੇਦਾਰ ਚੌਧਰੀ ਨੂੰ ਵਧਾਈ ਦਿੱਤੀ। ਨਹਿਰਾ ਨੇ ਦੱਸਿਆ ਕਿ ਸਟੇਸ਼ਨ ਦੇ ਨਵੀਨੀਕਰਨ ਦੇ ਕੰਮ ਤੋਂ ਬਾਅਦ ਸਟੇਸ਼ਨ ਦੇ ਬਾਹਰ ਪੁਰਾਣੇ ਸਟਾਲ ਲੰਬੇ ਸਮੇਂ ਤੋਂ ਬੰਦ ਸਨ। ਇਸ ਕਾਰਨ, ਚਾਹ ਅਤੇ ਹੋਰ ਖਾਣ-ਪੀਣ ਦੀਆਂ ਚੀਜ਼ਾਂ ਦੀ ਘਾਟ ਕਾਰਨ ਯਾਤਰੀਆਂ ਨੂੰ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਹਾਲਾਂਕਿ, ਹੁਣ ਜਦੋਂ ਇਹ ਦੂਜਾ ਸਟਾਲ ਖੁੱਲ੍ਹ ਗਿਆ ਹੈ, ਤਾਂ ਯਾਤਰੀਆਂ ਨੂੰ ਕਾਫ਼ੀ ਰਾਹਤ ਮਿਲੇਗੀ। ਦ ਫੂਡ ਜੰਕਸ਼ਨ ਦੇ ਮਾਲਕਾਂ ਕਨ੍ਹਈਆ ਤਿਵਾਰੀ ਅਤੇ ਕੇਦਾਰ ਚੌਧਰੀ ਨੇ ਦੱਸਿਆ ਕਿ ਸਟਾਲ 'ਤੇ ਚਾਹ, ਮਿਨਰਲ ਵਾਟਰ, ਬਿਸਕੁਟ, ਚਿਪਸ ਅਤੇ ਕੋਲਡ ਡਰਿੰਕਸ ਦੇ ਨਾਲ-ਨਾਲ ਹੋਰ ਖਾਣ-ਪੀਣ ਦੀਆਂ ਚੀਜ਼ਾਂ ਉਪਲਬਧ ਹੋਣਗੀਆਂ। ਇਸ ਮੌਕੇ 'ਤੇ ਰਵੀ ਕਾਂਤ ਘਈ, ਹਰਵਿੰਦਰ ਸਿੰਘ ਸੰਧੂ, ਰਾਜੂ ਭਗਤ, ਮੁਰਾਰੀ ਤਿਵਾੜੀ, ਕ੍ਰਿਸ਼ਨ ਤਿਵਾੜੀ, ਸੁਮਨ ਚੌਧਰੀ ਤੇ ਫਗਵਾੜਾ ਦੇ ਕਈ ਹੋਰ ਪਤਵੰਤੇ ਵੀ ਮੌਜੂਦ ਸਨ।



# ਜਸਵੀਰ ਕੌਰ ਦੀ ਸੇਵਾ-ਮੁਕਤੀ 'ਤੇ ਸਮਾਗਮ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਸਿੱਖਿਆ ਵਿਭਾਗ ਵਿੱਚ ਬਤੌਰ ਈ ਟੀ ਟੀ ਟੀਚਰ ਵੀਹ ਸਾਲ ਸੇਵਾ ਤੋਂ ਬਾਅਦ ਸੇਵਾ ਮੁਕਤ ਹੋਏ ਮੈਡਮ ਜਸਵੀਰ ਕੌਰ ਦੇ ਸਨਮਾਨ ਸੰਬੰਧੀ ਇੱਕ ਸਮਾਰੋਹ ਕਰਵਾਇਆ ਗਿਆ। ਬਲਾਕ ਨੂਰਮਹਿਲ ਦੇ ਸਮੂਹ ਅਧਿਆਪਕਾਂ ਵੱਲੋਂ ਕਰਵਾਏ ਗਏ ਇਸ ਸਮਾਗਮ ਮੌਕੇ ਮੁਲਾਜ਼ਮ ਆਗੂ ਤੀਰਥ ਸਿੰਘ ਬਾਸੀ, ਮਨੀਸ਼ ਮੋਹਨ, ਸੁਖਵਿੰਦਰ ਸਿੰਘ ਜੰਡਿਆਲਾ, ਕੁਲਵਿੰਦਰ ਕੌਰ, ਕੁਲਦੀਪ ਵਾਲੀਆ, ਰਜੇਸ਼ ਜੋਸ਼ੀ, ਕ੍ਰਿਸ਼ਨ ਕੁਮਾਰ ਆਦਿ ਨੇ ਆਪਣੇ ਸੰਬੋਧਨ ਦੌਰਾਨ ਵਿਭਾਗ ਵਿੱਚ ਜਸਬੀਰ ਕੌਰ ਦੀਆਂ ਯਾਦਾਂ ਨੂੰ ਸਾਂਝਾ ਕੀਤਾ। ਵੱਖ ਵੱਖ ਅਧਿਆਪਕ, ਮੁਲਾਜ਼ਮ ਜਥੇਬੰਦੀਆਂ ਤੇ ਅਧਿਆਪਕਾਂ ਵੱਲੋਂ ਜਸਬੀਰ ਕੌਰ ਨੂੰ ਵੱਖ ਵੱਖ ਤੋਹਫੇ ਭੇਟ ਕੀਤੇ ਗਏ। ਇਸ ਮੌਕੇ ਬਲਾਕ ਸਿੱਖਿਆ ਅਧਿਕਾਰੀ ਚਮਨ ਲਾਲ, ਨਰੇਸ਼ ਕੁਮਾਰ, ਅਧਿਆਪਕ ਆਗੂ ਗੁਰਿੰਦਰ ਸਿੰਘ ਲਾਂਬਾ, ਸਿਮਰਨਜੀਤ ਸਿੰਘ,ਮਨੋਜ ਕੁਮਾਰ, ਸਰੋਏ, ਬਾਈ ਅਨੁਰਾਗ ਸਰੀਨ,ਅਕਲ ਚੰਦ ਸਿੰਘ, ਭੁਪਿੰਦਰ ਸਿੰਘ ਖਾਲਸਾ, ਅਮਰਜੀਤ ਸਿੰਘ ਬਾਸੀ, ਐਡਵੋਕੇਟ ਦਿਨੇਸ਼ ਲੱਖਣਪਾਲ, ਰਿਪੂਦਮਨ ਗਿੱਲ ਆਦਿ ਤੋਂ ਇਲਾਵਾ ਬਲਾਕ ਨੂਰਮਹਿਲ ਦੇ ਸਮੂਹ ਅਧਿਆਪਕ ਹਾਜ਼ਰ ਸਨ।

## ਅਧਿਆਪਕਾਂ ਤੋਂ ਸਿਰਫ ਪੜ੍ਹਾਉਣ ਦਾ ਕੰਮ ਲਿਆ ਜਾਵੇ : ਡੀ ਟੀ ਐੱਫ



**ਸੰਗਰੂਰ (ਪ੍ਰਵੀਨ ਸਿੰਘ)**-ਡੈਮੋਕ੍ਰੇਟਿਕ ਟੀਚਰ ਫਰੰਟ ਦੇ ਜ਼ਿਲ੍ਹਾ ਪ੍ਰਧਾਨ ਸੁਖਵਿੰਦਰ ਗਿਰ, ਜਨਰਲ ਸਕੱਤਰ ਅਮਨ ਵਸ਼ਿਸ਼ਟ, ਸੂਬਾ ਮੀਤ ਪ੍ਰਧਾਨ ਰਘਵੀਰ ਸਿੰਘ ਭਵਾਨੀਗੜ੍ਹ, ਸੂਬਾ ਆਗੂ ਮੇਘ ਰਾਜ ਅਤੇ ਦਲਜੀਤ ਸਫੀਪੁਰ ਨੇ ਪ੍ਰੈਸ ਨੂੰ ਸੰਬੋਧਨ ਕਰਦੇ ਹੋਏ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਵਿਦਿਆਰਥੀਆਂ ਦੇ ਭਵਿੱਖ ਨੂੰ ਹਨੇਰੇ ਵਿੱਚ ਧੱਕਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਕਿਉਂਕਿ ਵੱਡੀ ਗਿਣਤੀ ਵਿੱਚ ਅਧਿਆਪਕਾਂ ਦੀ ਡਿਊਟੀ ਹੋਣ ਦੇ ਕੰਮ ਲਈ ਬਤੌਰ ਬੀ ਐਲ ਓ ਅਤੇ ਸੁਪਰਵਾਈਜ਼ਰ ਲੱਗੀ ਹੋਈ ਹੈ।ਪੰਜਾਬ ਵਿੱਚ ਲਗਾਤਾਰ ਐਸ ਆਈ ਆਰ ਅਤੇ ਵੋਟਰ ਸੂਚੀ ਵਿੱਚ ਰੰਗੀਨ ਫੋਟੋਆਂ ਲਾਉਣ ਸਮੇਤ ਸੋਧਾਂ ਦਾ ਕੰਮ ਚੱਲ ਰਿਹਾ ਹੈ।ਇਸ ਤੋਂ ਪਹਿਲਾਂ ਇਸੇ ਸੈਸ਼ਨ ਦੌਰਾਨ ਉਕਤ ਅਧਿਆਪਕਾਂ ਦੀ ਮਹੀਨਿਆਂ ਬੱਧੀ ਡਿਊਟੀ ਐਸ ਆਈ ਆਰ ਅਤੇ ਚੋਣਾਂ ਦੇ ਕੰਮ ਵਿੱਚ ਲਗਾਈ ਗਈ ਹੈ, ਜਿਸ ਨਾਲ ਵਿਦਿਆਰਥੀਆਂ ਦੀ ਪੜ੍ਹਾਈ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ।ਇਸ ਵੇਲੇ ਵਿਦਿਆਰਥੀਆਂ ਦੇ ਪੇਪਰਾਂ ਦੀ ਤਿਆਰੀ ਲਈ ਅਧਿਆਪਕਾਂ ਦਾ ਸਕੂਲਾਂ ਦੇ ਵਿੱਚ ਹੋਣਾ ਅਤੀ ਜ਼ਰੂਰੀ ਹੈ।ਸਰਕਾਰ ਦੇ ਨਾਲ ਨਾਲ ਸਿੱਖਿਆ ਵਿਭਾਗ ਵੀ ਵਿਦਿਆਰਥੀਆਂ ਦੇ ਭਵਿੱਖ ਨੂੰ ਹਨੇਰੇ ਵਿੱਚ ਧੱਕਣ ਲਈ ਘੱਟ ਜ਼ਿੰਮੇਵਾਰ ਨਹੀਂ ਹੈ।ਡੈਮੋਕ੍ਰੇਟਿਕ ਟੀਚਰ ਫਰੰਟ ਦੇ ਆਗੂਆਂ ਕਰਮਜੀਤ ਨਦਾਮਪੁਰ, ਕਮਲਜੀਤ ਬਨਭੌਰਾ, ਕੁਲਵੰਤ ਖਨੌਰੀ, ਰਾਜ ਸੈਣੀ, ਦੀਨਾ ਨਾਥ, ਰਵਿੰਦਰ ਦਿੜ੍ਹਬਾ, ਬਲਵਿੰਦਰ ਸਤੌਜ ਮਨੋਜ ਲਹਿਰਾ ਨੇ ਮੰਗ ਕੀਤੀ ਕਿ ਪੰਜਾਬ ਸਰਕਾਰ ਆਪਣੇ ਤੋਂ ਵਾਅਦੇ ਅਨੁਸਾਰ ਅਧਿਆਪਕਾਂ ਤੋਂ ਸਿਰਫ ਪੜ੍ਹਾਉਣ ਦਾ ਕੰਮ ਲਵੇ।

## ਪੁਰਾਣੇ ਸਰਵਿਸ ਨਿਯਮਾਂ ਦੀ ਬਹਾਲੀ ਨੂੰ ਲੈ ਕੇ ਰੈਲੀ 15 ਨੂੰ



**ਸਮਰਾਲਾ (ਸੁਰਜੀਤ ਸਿੰਘ)**-ਪੰਜਾਬ ਦੀਆਂ ਵੱਖ ਵੱਖ ਸੰਘਰਸ਼ੀ ਜਥੇਬੰਦੀਆਂ ਵੱਲੋਂ ਵਿੱਤੀ ਮੰਗਾਂ ਨੂੰ ਲੈ ਕੇ ਪੁਰਾਣੇ ਸਕੇਲ ਪੈਨਸ਼ਨ ਅਤੇ ਭੱਤੇ ਬਹਾਲੀ ਮੰਗਾਂ ਦੇ ਬੈਨਰ ਹੇਠ 15 ਫਰਵਰੀ ਨੂੰ ਸੰਗਰੂਰ ਵਿਖੇ ਵਿਸ਼ਾਲ ਰੈਲੀ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਸ ਦੀ ਤਿਆਰੀ ਸਬੰਧੀ ਰੁਪਿੰਦਰ ਪਾਲ ਸਿੰਘ ਗਿੱਲ ਦੀ ਪ੍ਰਧਾਨਗੀ ਵਿੱਚ ਮੀਟਿੰਗ ਕੀਤੀ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਰੁਪਿੰਦਰ ਪਾਲ ਸਿੰਘ ਗਿੱਲ ਨੇ ਕਿਹਾ ਕਿ ਪੁਰਾਣੇ ਸਕੇਲ ਅਤੇ ਪੁਰਾਣੀ ਪੈਨਸ਼ਨ ਲਾਗੂ ਕਰਨ ਅਤੇ ਪੇਂਡੂ ਤੇ ਬਾਰਡਰ ਏਰੀਆ ਭੱਤਾ ਸਮੇਤ ਕੱਟੇ ਗਏ 37 ਕਿਸਮ ਦੇ ਭੱਤੇ, ਏ.ਸੀ.ਪੀ. ਤੇ ਪੈਂਡਿੰਗ 16% ਡੀ ਏ ਆਦਿ ਲਾਗੂ ਕਰਵਾਉਣ ਲਈ ਸੰਗਰੂਰ ਸ਼ਹਿਰ ਵਿੱਚ 15 ਫਰਵਰੀ ਨੂੰ ਰੈਲੀ ਕੀਤੀ ਜਾਵੇਗੀ।ਮੀਟਿੰਗ ਵਿੱਚ ਮਨਪ੍ਰੀਤ ਸਿੰਘ, ਅਕਸ਼ੈ ਗੋਇਲ,ਵਿਕਾਸ ਸਮਰਾਲਾ, ਪੂਰਨ ਸਿੰਘ, ਤਜਿੰਦਰਪ੍ਰੀਤ ਸਿੰਘ,ਹਰਦੀਪ ਸਿੰਘ, ਹਰਪ੍ਰੀਤ ਸਿੰਘ, ਸੁਰਿੰਦਰ ਕੁਮਾਰ, ਜਗਦੀਪ ਸਿੰਘ, ਰਜਿੰਦਰ ਜੰਡਿਆਲੀ ਆਦਿ ਸ਼ਾਮਲ ਸਨ।

## ਮਹਿਲ ਕਲਾਂ ਨੇੜੇ ਗਊਆਂ ਨਾਲ ਭਰਿਆ ਟਰੱਕ ਕਾਬੂ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਸੰਯੁਕਤ ਗਊ ਸਰੱਖਿਆ ਦਲ ਤੇ ਗਊ ਸਰੱਖਿਆ ਸੇਵਾ ਦਲ ਵੱਲੋਂ ਗੁਪਤ ਸੂਚਨਾ ਦੇ ਆਧਾਰ 'ਤੇ ਪੁਲਿਸ ਥਾਣਾ ਮਹਿਲ ਕਲਾਂ ਦੀ ਪੁਲਿਸ ਪਾਰਟੀ ਦੇ ਸਹਿਯੋਗ ਨਾਲ ਗਊਆਂ ਨਾਲ ਭਰਿਆ ਇੱਕ ਟਰੱਕ ਕਾਬੂ ਕੀਤਾ ਗਿਆ।ਜਥੇਬੰਦੀਆਂ ਦੇ ਆਗੂਆਂ ਦੇ ਬਿਆਨਾਂ ਦੇ ਆਧਾਰ 'ਤੇ ਟਰੱਕ ਚਾਲਕ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਜਾਣਕਾਰੀ ਦਿੰਦਿਆਂ ਸੰਯੁਕਤ ਗਊ ਸਰੱਖਿਆ ਦਲ ਦੇ ਰਾਸ਼ਟਰੀ ਪ੍ਰਧਾਨ ਗੁਰਪ੍ਰੀਤ ਸਿੰਘ ਅਤੇ ਗਊ ਸਰੱਖਿਆ ਸੇਵਾ ਦਲ ਦੇ ਪ੍ਰਧਾਨ ਸੰਦੀਪ ਵਰਮਾ ਰਾਮਪੁਰਾ ਨੇ ਦੱਸਿਆ ਕਿ ਉਨ੍ਹਾਂ ਨੂੰ ਗੁਪਤ ਸੂਚਨਾ ਮਿਲੀ ਕਿ ਪਿੰਡ ਬੀਹਲਾ ਤੋਂ ਇੱਕ ਟਰੱਕ ਵਿੱਚ 14 ਗਊਆਂ, ਇੱਕ ਢੱਠਾ ਅਤੇ ਦੋ ਵੱਛੀਆਂ ਨੂੰ ਬਿਨਾਂ ਕਾਨੂੰਨੀ ਦਸਤਾਵੇਜ਼ਾਂ ਦੇ ਹੋਰਨਾਂ ਸੂਬਿਆਂ ਵੱਲ ਬੁੱਚੜਖਾਨਿਆਂ ਲਈ ਲਿਜਾਇਆ ਜਾ ਰਿਹਾ ਹੈ।ਉਨ੍ਹਾਂ ਇਸ ਸਬੰਧੀ ਤੁਰੰਤ 112 ਐਮਰਜੈਂਸੀ ਸੇਵਾਵਾਂ ਦੇ ਇੰਚਾਰਜ ਜਗਮੋਹਨ ਸਿੰਘ ਨੂੰ ਸੂਚਿਤ ਕੀਤਾ, ਜਿਨ੍ਹਾਂ ਨੇ ਪੁਲਿਸ ਥਾਣਾ ਮਹਿਲ ਕਲਾਂ ਦੀ ਪੁਲਿਸ ਪਾਰਟੀ ਦੇ ਸਹਿਯੋਗ ਨਾਲ ਮਹਿਲ ਕਲਾਂ ਨੇੜੇ ਲੁਧਿਆਣਾ-ਬਰਨਾਲਾ ਮੁੱਖ ਮਾਰਗ 'ਤੇ ਟਰੱਕ ਨੂੰ ਕਾਬੂ ਕਰ ਲਿਆ।ਇਸ ਮੌਕੇ ਥਾਣਾ ਮਹਿਲ ਕਲਾਂ ਥਾਣੇਦਾਰ ਜਗਰੂਪ ਸਿੰਘ ਨੇ ਦੱਸਿਆ ਕਿ ਜਥੇਬੰਦੀਆਂ ਦੇ ਆਗੂਆਂ ਦੇ ਬਿਆਨਾਂ ਦੇ ਆਧਾਰ 'ਤੇ ਟਰੱਕ ਚਾਲਕ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਮਾਮਲੇ ਦੀ ਗਹਿਰਾਈ ਨਾਲ ਜਾਂਚ ਕੀਤੀ ਜਾ ਰਹੀ ਹੈ।

## ਵਿਧਾਇਕ ਨੇ ਘਰ ਪੱਕੇ ਕਰਨ ਵਾਸਤੇ ਰਾਸ਼ੀ ਦੇ ਪੱਤਰ ਵੰਡੇ



**ਕੋਟ ਈਸੇ ਖਾਂ (ਅਰੋੜਾ)**-ਪ੍ਰਧਾਨ ਮੰਤਰੀ ਆਵਾਸ ਯੋਜਨਾ (ਸ਼ਹਿਰੀ) 2.0 ਸਕੀਮ ਅਧੀਨ ਸ਼ਹਿਰ ਕੋਟ ਈਸੇ ਖਾਂ ਦੇ ਯੋਗ ਲਾਭਪਾਰਤੀਆਂ ਲਈ ਪੱਕੇ ਮਕਾਨ ਬਣਾਉਣ ਵਾਸਤੇ ਹਲਕਾ ਧਰਮਕੋਟ ਦੇ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਵੱਲੋਂ ਨਗਰ ਪੰਚਾਇਤ ਦਫਤਰ ਕੋਟ ਈਸੇ ਖਾਂ ਵਿਖੇ ਪਹੁੰਚ ਕੇ ਐੱਲ.ਓ.ਆਈ. ਪੱਤਰ ਵੰਡੇ ਗਏ। ਇਸ ਮੌਕੇ ਲਾਡੀ ਢੋਸ ਨੇ ਸੰਬੋਧਨ ਕਰਦਿਆਂ ਕਿਹਾ ਕਿ ਕੋਟ ਈਸੇ ਖਾਂ ਵਾਸੀਆਂ ਨੂੰ ਸਾਰੀਆਂ ਬੁਨਿਆਦੀ ਸਹੂਲਤਾਂ ਦਿੱਤੀਆਂ ਗਈਆਂ ਹਨ। ਇਸ ਮੌਕੇ ਸ਼੍ਰੀਮਤੀ ਛਿੰਦਰ ਕੌਰ ਰਾਜਪੂਤ ਪ੍ਰਧਾਨ, ਪ੍ਰਕਾਸ਼ ਸਿੰਘ ਰਾਜਪੂਤ, ਬਲਾਕ ਪ੍ਰਧਾਨ, ਸੁਮੀਤ ਕੁਮਾਰ ਮਲਹੋਤਰਾ ਵਾਈਸ ਪ੍ਰਧਾਨ, ਸਮੂਹ ਮਿਉਂਸਪਲ ਕੌਂਸਲਰ ਸਹਿਬਾਨ, ਦਫਤਰੀ ਸਟਾਫ ਅਮਰਇੰਦਰ ਸਿੰਘ ਕਾਰਜ ਸਾਧਕ ਅਫਸਰ, ਸੁਨੀਲ ਸਿਆਲ ਐਮ.ਈ., ਮਨਪ੍ਰੀਤ ਸਿੰਘ ਜੇ.ਈ, ਦਿਲਬਾਗ ਸਿੰਘ ਲੇਖਾਕਾਰ, ਦਵਿੰਦਰ ਸਿੰਘ ਸੈਨੇਟਰੀ ਇੰਸਪੈਕਟਰ, ਰਛਪਾਲ ਸਿੰਘ ਜੂਨੀਅਰ ਸਹਾਇਕ, ਰਮੇਸ਼ ਕੁਮਾਰ, ਕੰਪਿਊਟਰ ਅਪਰੇਟਰ, ਸਚਿਨ ਅਰੋੜਾ ਕੰਪਿਉਟਰ ਅਪਰੇਟਰ, ਰਾਘਵ ਸੱਚਰ, ਕੰਪਿਊਟਰ ਅਪ੍ਰੇਟਰ ਆਦਿ ਹਾਜ਼ਰ ਸਨ।

## ਪੰਜਾਬੀ ਸਾਹਿਤ ਅਕੈਡਮੀ ਬਾਰੇ ਸਾਹਿਤਕਾਰਾਂ ਵੱਲੋਂ ਵਿਚਾਰਾਂ



**ਸੰਗਰੂਰ (ਪ੍ਰਵੀਨ ਸਿੰਘ)**-ਪੰਜਾਬੀ ਸਾਹਿਤਕਾਰਾਂ, ਚਿੰਤਕਾਂ, ਵਿਦਵਾਨਾਂ ਤੇ ਖੋਜਾਰਥੀਆਂ ਦੀ ਇੱਕ ਮੀਟਿੰਗ ਡਾ. ਨਰਵਿੰਦਰ ਸਿੰਘ ਕੌਸ਼ਲ ਸਾਬਕਾ ਡੀਨ ਤੇ ਪ੍ਰਧਾਨ ਸੀਨੀਅਰ ਸਿਟੀਜ਼ਨ ਵੈੱਲਫੇਅਰ ਐਸੋਸੀਏਸ਼ਨ ਸੰਗਰੂਰ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਗੁਰਨਾਮ ਸਿੰਘ, ਡਾ. ਦਵਿੰਦਰ ਕੌਰ, ਡਾ. ਭਗਵੰਤ ਸਿੰਘ, ਜਗਦੀਪ ਸਿੰਘ ਐਡਵੋਕੇਟ, ਨਿਹਾਲ ਸਿੰਘ ਮਾਨ, ਅਵਤਾਰ ਸਿੰਘ, ਚਰਨ ਸਿੰਘ, ਚਰਨਜੀਤ ਸਿੰਘ, ਸੰਦੀਪ ਸਿੰਘ, ਜੋਰਾ ਸਿੰਘ, ਅਮਰ ਗਰਗ, ਸੁਸ਼ੀਲ ਕੁਮਾਰ, ਗੁਰਮੀਤ ਸਿੰਘ, ਅਸ਼ੀਸ਼ ਕਪੂਰ ਸਮੇਤ ਅਨੇਕਾਂ ਬੁੱਧੀਜੀਵੀ ਹਾਜ਼ਰ ਹੋਏ।ਮੀਟਿੰਗ ਵਿੱਚ ਭਾਸ਼ਾ, ਸਾਹਿਤ ਤੇ ਸੱਭਿਆਚਾਰ ਨੂੰ ਦਰਪੇਸ਼ ਚੁਣੌਤੀਆਂ ਤੇ ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਦੀ ਆਗਾਮੀ ਚੋਣ ਬਾਰੇ ਗੰਭੀਰ ਚਰਚਾ ਕੀਤੀ ਗਈ।ਵਿਚਾਰਵਾਨਾਂ ਨੇ ਸਾਹਿਤ ਅਕੈਡਮੀ ਦੀ ਚੋਣ ਬਾਰੇ ਕਈ ਗੰਭੀਰ ਨੁਕਤੇ ਉਠਾਏ, ਜਿਵੇਂ ਕਿ ਅਤੀਤ ਵਿੱਚ ਹੋਈਆਂ ਚੋਣਾਂ ਦੌਰਾਨ ਵਰਤੇ ਢੰਗ ਤਰੀਕਿਆਂ ਤੇ ਰਵਾਇਤੀ ਭ੍ਰਿਸ਼ਟ ਰਾਜਨੀਤਕ ਚੋਣਾਂ ਦੇ ਢੰਗ ਤੋਂ ਹਟ ਕੇ ਨਿਰੋਲ ਸਾਹਿਤਕ ਤੇ ਵਿੱਦਿਅਕ ਪਵਿੱਤਰਤਾ ਨੂੰ ਬਰਕਰਾਰ ਰੱਖਿਆ ਜਾਵੇ।ਵਿਦਵਾਨਾਂ ਨੇ ਕਿਹਾ ਕਿ ਅਕੈਡਮੀ ਲਈ ਸੰਜੀਦਾ ਤੇ ਪੰਜਾਬੀਅਤ ਨੂੰ ਸਮਰਪਤ ਨੁਮਾਇੰਦੇ ਚੁਣੇ ਚਾਹੀਦੇ ਹਨ ਤਾਂ ਜੋ ਅਕੈਡਮੀ ਆਪਣੇ ਟੀਚਿਆਂ ਨੂੰ ਪ੍ਰਾਪਤ ਕਰ ਸਕ।ਇਸ ਸਮੇਂ ਡਾ. ਨਰਵਿੰਦਰ ਸਿੰਘ ਕੌਸ਼ਲ ਸਾਬਕਾ ਡੀਨ, ਡਾ. ਦਵਿੰਦਰ ਕੌਰ ਨੂੰ ਪੁਸਤਕਾਂ ਭੇਟ ਕਰਕੇ ਸਨਮਾਨਤ ਕੀਤਾ।

## ਵਿਧਾਇਕ ਸੁਖਾਨੰਦ ਪਾਰਟੀਬਾਜ਼ੀ ਤੋਂ ਉੱਠ ਕੇ ਕਰ ਰਹੇ ਹਰ ਪਿੰਡ ਦਾ ਵਿਕਾਸ : ਗੁਰਵੀਰ ਸਰਪੰਚ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਗੁਰਵੀਰ ਸਰਪੰਚ ਡੇਮਰੂ ਬਲਾਕ ਪ੍ਰਧਾਨ ਯੂਥ ਵਿੰਗ, ਪ੍ਰਦੀਪ ਰੋਡੇ ਕੋਆਰਡੀਨੇਟਰ ਨਸ਼ਾ ਮੁਕਤੀ ਮੋਰਚਾ ਤੇ ਬਲਾਕ ਪ੍ਰਧਾਨ ਸੋਸ਼ਲ ਮੀਡੀਆ ਤੇ ਬੇਅੰਤ ਸਿੰਘ ਰੋਡੇ ਬਲਾਕ ਪ੍ਰਧਾਨ ਕਿਸਾਨ ਵਿੰਗ ਨੇ ਕਿਹਾ ਕਿ ਹਲਕਾ ਬਾਘਾ ਪੁਰਾਣਾ ਤੋਂ ਵਿਧਾਇਕ ਅੰਮ੍ਰਿਤਪਾਲ ਸਿੰਘ ਸੁੱਖਾਨੰਦ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਹਲਕੇ ਦੇ ਹਰ ਪਿੰਡ ਦਾ ਵਿਕਾਸ ਕਰ ਰਹੇ ਹਨ।ਉਨ੍ਹਾਂ ਆਖਿਆ ਕਿ ਵਿਧਾਇਕ ਸੁੱਖਾਨੰਦ ਦੀ ਕਾਰਗੁਜ਼ਾਰੀ ਕਾਰਨ ਲੋਕਾਂ ਵਿੱਚ ਸਰਕਾਰ ਪ੍ਰਤੀ ਭਰੋਸਾ ਮਜ਼ਬੂਤ ਹੋਇਆ ਹੈ।ਉਨ੍ਹਾਂ ਕਿਹਾ ਕਿ ਵਿਧਾਇਕ ਵੱਲੋਂ ਸੜਕਾਂ, ਸਿਹਤ, ਸਿੱਖਿਆ, ਪੀਣ ਵਾਲੇ ਪਾਣੀ, ਸਟਰੀਟ ਲਾਈਟਾਂ, ਸੀਵਰੇਜ ਤੇ ਸਫ਼ਾਈ ਵਰਗੇ ਬੁਨਿਆਦੀ ਮੁੱਦਿਆਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾ ਰਿਹਾ ਹੈ।ਪਿੰਡਾਂ ਵਿੱਚ ਵਿਕਾਸੀ ਕੰਮਾਂ ਦੀ ਨਿਗਰਾਨੀ ਖੁਦ ਮੌਕੇ 'ਤੇ ਜਾ ਕੇ ਕੀਤੀ ਜਾ ਰਹੀ ਹੈ, ਤਾਂ ਜੁ ਕੰਮ ਦੀ ਗੁਣਵੱਤਾ ਨਾਲ ਕੋਈ ਸਮਝੌਤਾ ਨਾ ਹੋਵੇ।ਉਨ੍ਹਾਂ ਦੱਸਿਆ ਕਿ ਲੰਬੇ ਸਮੇਂ ਤੋਂ ਲਟਕੇ ਹੋਏ ਮਸਲਿਆਂ ਨੂੰ ਵੀ ਹੁਣ ਗਤੀ ਮਿਲੀ ਹੈ।ਯੂਥ ਆਗੂਆਂ ਨੇ ਕਿਹਾ ਕਿ ਨਸ਼ਾ ਮੁਕਤੀ ਮੋਰਚੇ ਦੇ ਤਹਿਤ ਨੌਜਵਾਨਾਂ ਨੂੰ ਸਹੀ ਦਿਸ਼ਾ ਵੱਲ ਮੋੜਨ ਲਈ ਲਗਾਤਾਰ ਜਾਗਰੂਕਤਾ ਮੁਹਿੰਮਾਂ ਚਲਾਈਆਂ ਜਾ ਰਹੀਆਂ ਹਨ।ਖੇਡਾਂ ਤੇ ਰੋਜ਼ਗਾਰ ਨਾਲ ਜੋੜਨ ਦੇ ਉਪਰਾਲਿਆਂ ਨਾਲ ਨੌਜਵਾਨਾਂ ਵਿੱਚ ਸਕਾਰਾਤਮਕ ਬਦਲਾਅ ਆ ਰਿਹਾ ਹੈ।ਕਿਸਾਨ ਵਿੰਗ ਦੇ ਆਗੂ ਬੇਅੰਤ ਸਿੰਘ ਰੋਡੇ ਨੇ ਕਿਹਾ ਕਿ ਕਿਸਾਨਾਂ ਦੇ ਮਸਲਿਆਂ ਨੂੰ ਸਰਕਾਰ ਤੱਕ ਪੁਚਾਉਣ ਤੇ ਮੌਕੇ 'ਤੇ ਹੱਲ ਕਰਾਉਣ ਵਿੱਚ ਵਿਧਾਇਕ ਦੀ ਭੂਮਿਕਾ ਸ਼ਲਾਘਾਯੋਗ ਹੈ।

## ਪੁੱਕਾ ਵੱਲੋਂ ਨਵੇਂ ਸਾਲ ਤੇ ਲੋਹੜੀ ਦਾ ਚੰਡੀਗੜ੍ਹ ਗੋਲਫ ਅਕੈਡਮੀ ਵਿਖੇ ਜਸ਼ਨ

### ਪੰਜਾਬ ਦੇ ਲਗਭਗ 100 ਚਾਂਸਲਰ ਤੇ ਵਿੱਦਿਅਕ ਸੰਸਥਾਵਾਂ ਦੇ ਚੇਅਰਮੈਨਾਂ ਨੇ ਹਿੱਸਾ ਲਿਆ



**ਰਾਜਪੁਰਾ (ਰਮੇਸ਼ ਕਟਾਰੀਆ)**-ਪੰਜਾਬ ਅਨਏਡਿਡ ਕਾਲਜ ਐਸੋਸੀਏਸ਼ਨ (ਪੁੱਕਾ) ਨੇ ਡਾ. ਅੰਸ਼ੂ ਕਟਾਰੀਆ ਪ੍ਰਧਾਨ ਪੁੱਕਾ ਤੇ ਫੈਡਰੇਸ਼ਨ ਆਫ ਸੈਲਫ ਫਾਈਨੈਂਸਿੰਗ ਟੈਕਨੀਕਲ ਇੰਸਟੀਚਿਊਸ਼ਨਜ਼ (ਐੱਫ ਐੱਸ ਐੱਫ ਟੀ ਆਈ) ਅਤੇ ਚੇਅਰਮੈਨ ਆਰੀਅਨਜ਼ ਗਰੁੱਪ ਆਫ ਕਾਲਜਿਜ਼ ਰਾਜਪੁਰਾ ਨੇੜੇ ਚੰਡੀਗੜ੍ਹ ਦੀ ਅਗਵਾਈ ਹੇਠ ਚੰਡੀਗੜ੍ਹ ਗੋਲਫ ਅਕੈਡਮੀ ਵਿਖੇ ਇੱਕ ਲੋਹੜੀ-ਕਮ-ਨਵੇਂ ਸਾਲ ਦਾ ਜਸ਼ਨ ਮਨਾਇਆ।ਇਸ ਮੌਕੇ ਸਤਨਾਮ ਸਿੰਘ ਸੰਧੂ, ਗੁਰਵਿੰਦਰ ਬਾਹਰਾ, ਮਨਜੀਤ ਸਿੰਘ, ਐਡਵੋਕੇਟ ਅਮਿਤ ਸ਼ਰਮਾ, ਅਸ਼ਵਨੀ ਗਰਗ, ਅਸ਼ੋਕ ਗਰਗ, ਐੱਚ.ਪੀ.ਐੱਸ. ਕਾਂਡਾ, ਗੁਰਪ੍ਰੀਤ ਸਿੰਘ ਤੇ ਗੁਰਕੀਰਤ ਸਿੰਘ ਸਮੇਤ ਕਈ ਉੱਘੀਆਂ ਸ਼ਖਸੀਅਤਾਂ ਮੌਜੂਦ ਸਨ।ਇਸ ਸਮਾਗਮ ਵਿੱਚ ਪੰਜਾਬ ਭਰ ਦੇ ਲਗਭਗ 100 ਚਾਂਸਲਰਾਂ, ਚੇਅਰਮੈਨਾਂ ਤੇ ਵਿੱਦਿਅਕ ਸੰਸਥਾਵਾਂ ਦੇ ਸੀਨੀਅਰ ਪ੍ਰਤੀਨਿਧੀਆਂ ਨੇ ਹਿੱਸਾ ਲਿਆ, ਜੋ ਕਿ ਨਿੱਜੀ ਸਿੱਖਿਆ ਖੇਤਰ ਵਿੱਚ ਮਜ਼ਬੂਤ ਏਕਤਾ ਤੇ ਸਮੂਹਕ ਦ੍ਰਿੜ੍ਹਤਾ ਨੂੰ ਦਰਸਾਉਂਦਾ ਹੈ।ਇਸ ਮੌਕੇ ਬੋਲਦਿਆਂ ਸਤਨਾਮ ਸਿੰਘ ਸੰਧੂ ਨੇ ਟਿੱਪਣੀ ਕੀਤੀ ਕਿ ਤਕਨੀਕੀ ਸਿੱਖਿਆ ਦੇ ਖੇਤਰ ਵਿੱਚ ਪੰਜਾਬ ਨੂੰ ਸਵੈ-ਨਿਰਭਰ ਬਣਾਉਣ ਵਿੱਚ ਨਿੱਜੀ ਖੇਤਰ ਦਾ ਯੋਗਦਾਨ ਸ਼ਾਨਦਾਰ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਯੋਗਦਾਨ ਅਕਾਦਮਿਕ ਖੇਤਰ ਤੋਂ ਪਰੇ ਹੈ, ਕਿਉਂਕਿ ਨਿੱਜੀ ਸੰਸਥਾਵਾਂ ਨੇ ਲਗਾਤਾਰ ਸਮਾਜਿਕ ਜ਼ਿੰਮੇਵਾਰੀ ਦਾ ਪ੍ਰਦਰਸ਼ਨ ਕੀਤਾ ਹੈ, ਵਿੱਦਿਅਕ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕੀਤਾ ਹੈ ਅਤੇ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਹਨ, ਜਿਸ ਨਾਲ ਪੰਜਾਬ ਦੇ ਉੱਜਵਲ ਭਵਿੱਖ ਨੂੰ ਆਕਾਰ ਦੇਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ।ਇਕੱਠ ਨੂੰ ਸੰਬੋਧਨ ਕਰਦਿਆਂ ਡਾ. ਅੰਸ਼ੂ ਕਟਾਰੀਆ ਨੇ ਕਿਹਾ ਕਿ ਪੁੱਕਾ ਦਾ ਉਦੇਸ਼ ਦੇਸ਼ ਭਰ ਦੇ ਲਗਭਗ 8,000 ਕਾਲਜਾਂ ਨੂੰ ਇੱਕ ਪਲੇਟਫਾਰਮ 'ਤੇ ਜੋੜਨਾ ਹੈ। ਇਸ ਮੌਕੇ ਚੰਡੀਗੜ੍ਹ ਗਰੁੱਪ ਆਫ਼ ਕਾਲਜਿਜ਼ ਬਾਹਰਾ ਯੂਨੀਵਰਸਿਟੀ ਮੋਹਾਲੀ, ਜੀਐਨੀਏ ਯੂਨੀਵਰਸਿਟੀ, ਲੈਮਰੀਨ ਟੈਕ ਯੂਨੀਵਰਸਿਟੀ, ਐੱਸ ਵੀ ਆਈ ਈ ਟੀ, ਕੁਐਸਟ ਗਰੁੱਪ, ਯੂਨੀਵਰਸਲ ਗਰੁੱਪ, ਚੰਡੀਗੜ੍ਹ ਯੂਨੀਵਰਸਿਟੀ, ਸੀਟੀ ਯੂਨੀਵਰਸਿਟੀ, ਸੁਖਮਨੀ ਗਰੁੱਪ, ਬਾਬਾ ਸ੍ਰੀ ਚੰਦ ਕਾਲਜ, ਰਾਮ ਦੇਵੀ ਜਿੰਦਲ ਗਰੁੱਪ, ਭਾਰਤ ਗਰੁੱਪ, ਗੁਲਜ਼ਾਰ ਗਰੁੱਪ, ਦੋਆਬਾ ਗਰੁੱਪ, ਸਤਯਮ ਗਰੁੱਪ, ਸਵਿਫਟ ਗਰੁੱਪ, ਬੀਆਈਐਸ ਗਰੁੱਪ, ਪੀਆਈਐਮਟੀ, ਖੰਨਾ, ਆਰਆਈਈਟੀ ਫਗਵਾੜਾ, ਕੇਸੀਟੀ ਗਰੁੱਪ, ਇੰਡੋ ਗਲੋਬਲ, ਚੰਡੀਗੜ੍ਹ, ਡੌਲਫਿਨ ਗਰੁੱਪ ਚੁੰਨੀ ਕਲਾਂ ਸਮੇਤ ਵੱਖ-ਵੱਖ ਮੈਂਬਰ ਕਾਲਜਾਂ ਦੇ ਨੁਮਾਇੰਦੇ ਮੌਜੂਦ ਸਨ।

## ਪੁਰਾਣੀ ਟੈਂਕੀ ਨੂੰ ਕੀਤਾ ਨਸ਼ਟ

**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**-ਸਥਾਨਕ ਨਗਰ ਕੌਂਸਲ



ਪਾਰਕ ਵਿੱਚ ਸਥਿਤ 9 ਲੱਖ ਲੀਟਰ ਦੀ ਵਿਸ਼ਾਲ ਸਮਰੱਥਾ ਵਾਲੀ ਪਾਣੀ ਵਾਲੀ ਟੈਂਕੀ, ਜੋ ਦਹਾਕਿਆਂ ਤੋਂ ਸ਼ਹਿਰ ਦੀ ਜੀਵਨ-ਰੇਖਾ ਰਹੀ ਸੀ, ਨੂੰ ਬੁੱਧਵਾਰ ਪ੍ਰਸ਼ਾਸਨ ਵੱਲੋਂ ਢਾਹ ਦਿੱਤਾ ਗਿਆ।ਇਹ ਢਾਂਚਾ ਪਿਛਲੇ ਲੰਮੇ ਸਮੇਂ ਤੋਂ ਅਣਗੌਲਿਆ ਪਿਆ ਸੀ।ਸ਼ਹਿਰ ਦੇ ਬਜ਼ੁਰਗਾਂ ਨੇ ਦੱਸਿਆ ਕਿ ਸਾਲ 1984-1985 ਵਿੱਚ ਜਦੋਂ ਇਸ ਟੈਂਕੀ ਦੀ ਉਸਾਰੀ ਹੋਈ ਸੀ, ਤਾਂ ਇਹ ਉਸ ਸਮੇਂ ਦੇ ਉੱਨਤ ਹਾਈਡਰੋਲਿਕ ਡਿਜ਼ਾਈਨ ਦਾ ਇੱਕ ਉੱਤਮ ਨਮੂਨਾ ਸੀ।ਇਸ ਨੂੰ ਪੂਰੇ ਸ਼ਹਿਰ ਦਾ ਕੇਂਦਰ ਬਿੰਦੂ ਮੰਨ ਕੇ ਤਿਆਰ ਕੀਤਾ ਗਿਆ ਸੀ।ਇਸ ਦੀ ਉਚਾਈ ਤੇ ਤਕਨੀਕੀ ਬਣਤਰ ਅਜਿਹੀ ਸੀ ਕਿ ਸ਼ਹਿਰ ਦੇ ਆਖ਼ਰੀ ਕਿਨਾਰੇ 'ਤੇ ਸਥਿਤ ਘਰ ਦੀ ਤੀਜੀ ਮੰਜ਼ਿਲ ਤੱਕ ਵੀ ਪਾਣੀ ਪੂਰੇ ਵੇਗ ਨਾਲ ਪਹੁੰਚਦਾ ਸੀ।

## ਵਿਕਾਸ ਪ੍ਰਾਜੈਕਟ ਪਾਰਦਰਸ਼ੀ ਢੰਗ ਨਾਲ ਸਮੇਂ ਸਿਰ ਮੁਕੰਮਲ ਹੋਣ : ਮੀਤ ਹੇਅਰ



**ਮਾਲੇਰਕੋਟਲਾ (ਅਸਗਰ ਪਰਿਹਾਰ)**-ਜ਼ਿਲ੍ਹਾ ਮਾਲੇਰਕੋਟਲਾ ਵਿੱਚ ਕੇਂਦਰ ਸਰਕਾਰ ਦੀਆਂ ਵੱਖ-ਵੱਖ ਸਕੀਮਾਂ ਅਤੇ ਐਮ.ਪੀ. ਲੈਂਡ ਸਕੀਮ ਦੀ ਪ੍ਰਗਤੀ ਦਾ ਜਾਇਜ਼ਾ ਲੈਣ ਲਈ ਜ਼ਿਲ੍ਹਾ ਵਿਕਾਸ ਤਾਲਮੇਲ ਅਤੇ ਨਿਗਰਾਨੀ ਕਮੇਟੀ (ਦਿਸ਼ਾ) ਦੀ ਮੀਟਿੰਗ ਬੁੱਧਵਾਰ ਨੂੰ ਕਮੇਟੀ ਦੇ ਚੇਅਰਮੈਨ ਅਤੇ ਹਲਕਾ ਸੰਗਰੂਰ ਤੋਂ ਮੈਂਬਰ ਪਾਰਲੀਮੈਂਟ ਗੁਰਮੀਤ ਸਿੰਘ ਮੀਤ ਹੇਅਰ ਦੀ ਪ੍ਰਧਾਨਗੀ ਹੇਠ ਆਯੋਜਿਤ ਕੀਤੀ ਗਈ। ਇਸ ਮੀਟਿੰਗ ਵਿੱਚ ਰਾਜ ਸਭਾ ਮੈਂਬਰ ਰਜਿੰਦਰ ਗੁਪਤਾ, ਵਿਧਾਇਕ ਮਾਲੇਰਕੋਟਲਾ ਡਾ. ਜਮੀਲ ਉਰ ਰਹਿਮਾਨ, ਡਿਪਟੀ ਕਮਿਸ਼ਨਰ ਵਿਰਾਜ ਐਸ. ਤਿੜਕੇ, ਵਧੀਕ ਡਿਪਟੀ ਕਮਿਸ਼ਨਰ ਨਵਰੀਤ ਕੌਰ ਸੇਖੋਂ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਰਿੰਪੀ ਗਰਗ, ਐਸ ਡੀ ਐਮ ਮਾਲੇਰਕੋਟਲਾ/ਅਹਿਮਦਗੜ੍ਹ ਗੁਰਮੀਤ ਕੁਮਾਰ ਬਾਂਸਲ, ਐਸ ਡੀ ਐਮ ਅਮਰਗੜ੍ਹ ਸੁਰਿੰਦਰ ਕੌਰ, ਐਸ.ਪੀ. (ਪੀ.ਬੀ.ਆਈ) ਰਾਜਵਿੰਦਰ ਸਿੰਘ ਰੰਧਾਵਾ, ਜ਼ਿਲ੍ਹਾ ਸਕੱਤਰ ਆਮ ਆਦਮੀ ਪਾਰਟੀ ਸੈਬੀ ਖ਼ਾਨ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਜ਼ਿਲ੍ਹਾ ਅਧਿਕਾਰੀ ਹਾਜ਼ਰ ਸਨ। ਮੀਟਿੰਗ ਦੀ ਅਗਵਾਈ ਕਰਦਿਆਂ ਮੈਂਬਰ ਪਾਰਲੀਮੈਂਟ ਗੁਰਮੀਤ ਸਿੰਘ ਮੀਤ ਹੇਅਰ ਨੇ ਜ਼ਿਲ੍ਹੇ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਅਤੇ ਲੋਕ-ਭਲਾਈ ਸਕੀਮਾਂ ਦੀ ਵਿਸਥਾਰ ਨਾਲ ਸਮੀਖਿਆ ਕੀਤੀ ਅਤੇ ਅਧਿਕਾਰੀਆਂ ਨੂੰ ਸਖ਼ਤ ਨਿਰਦੇਸ਼ ਦਿੱਤੇ ਕਿ ਸਾਰੇ ਵਿਕਾਸ ਪ੍ਰੋਜੈਕਟ ਪੂਰੀ ਪਾਰਦਰਸ਼ਤਾ ਨਾਲ ਅਤੇ ਨਿਰਧਾਰਤ ਸਮਾਂ-ਸੀਮਾ ਅੰਦਰ ਮੁਕੰਮਲ ਕੀਤੇ ਜਾਣ। ਉਨ੍ਹਾਂ ਨੋਡਲ ਏਜੰਸੀਆਂ ਨੂੰ ਹਦਾਇਤ ਕੀਤੀ ਕਿ ਵਰਤੋਂ ਸਰਟੀਫਿਕੇਟ ਤੁਰੰਤ ਜਮ੍ਹਾਂ ਕਰਵਾਏ ਜਾਣ ਅਤੇ ਹਰ ਪ੍ਰੋਜੈਕਟ ਸਥਾਨ 'ਤੇ ਕੰਮ ਦੀ ਮਿਆਦ, ਲਾਗਤ ਅਤੇ ਵੇਰਵਾ ਸਪਸ਼ਟ ਤੌਰ 'ਤੇ ਦਰਜ ਕੀਤਾ ਜਾਵੇ।ਇਸ ਮੌਕੇ ਰਾਜ ਸਭਾ ਮੈਂਬਰ ਰਜਿੰਦਰ ਗੁਪਤਾ ਨੇ ਕਿਹਾ ਕਿ ਸਾਰੇ ਅਧਿਕਾਰੀ ਜ਼ਿੰਮੇਵਾਰੀ ਦੀ ਭਾਵਨਾ ਨਾਲ ਲੋਕ-ਭਲਾਈ ਸਕੀਮਾਂ ਨੂੰ ਹੇਠਲੇ ਪੱਧਰ ਤੱਕ ਪਹੁੰਚਾਉਣ ਅਤੇ ਜ਼ਿਲ੍ਹੇ ਵਿੱਚ ਚੱਲ ਰਹੇ ਵਿਕਾਸ ਕੰਮਾਂ ਵਿੱਚ ਤੇਜ਼ੀ ਲਿਆਉਣ। ਡਿਪਟੀ ਕਮਿਸ਼ਨਰ ਵਿਰਾਜ ਐਸ. ਤਿੜਕੇ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਹਰ ਵਿਕਾਸ ਕਾਰਜ ਨੂੰ ਸਮਾਂਬੱਧ, ਪਾਰਦਰਸ਼ੀ ਅਤੇ ਗੁਣਵੱਤਾ ਯੁਕਤ ਢੰਗ ਨਾਲ ਨੇਪਰੇ ਚਾੜ੍ਹਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਜ਼ਿਲ੍ਹਾ ਵਾਸੀਆਂ ਨੂੰ ਹਰ ਸਰਕਾਰੀ ਸਹੂਲਤ ਦਾ ਬਣਦਾ ਲਾਭ ਪਹੁੰਚਾਉਣ ਲਈ ਕੋਈ ਕਸਰ ਨਹੀਂ ਛੱਡੀ ਜਾਵੇਗੀ।

## ਵੱਡੇ ਘੱਲੂਘਾਰੇ ਦੇ ਸ਼ਹੀਦਾਂ ਦੀ ਯਾਦ 'ਚ ਧਾਰਮਿਕ ਸਮਾਗਮ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਸਰਦਾਰ ਜੱਸਾ ਸਿੰਘ ਆਹਲੂਵਾਲੀਆ ਗੁਰਮਤਿ ਸੰਗੀਤ ਵਿਦਿਆਲਾ ਕਾਲਾਮਾਲਾ ਸਾਹਿਬ ਛਾਪਾ ਵਿਖੇ ਵੱਡੇ ਘੱਲੂਘਾਰੇ ਦੇ ਮਹਾਨ ਸ਼ਹੀਦਾਂ ਦੀ ਯਾਦ ਨੂੰ ਸਮਰਪਤ ਧਾਰਮਿਕ ਸਮਾਗਮ ਵਿਦਿਆਲਾ ਇੰਚਾਰਜ ਭਾਈ ਗੁਰਜੰਟ ਸਿੰਘ ਛੀਨੀਵਾਲ ਦੀ ਅਗਵਾਈ ਹੇਠ ਕਰਵਾਇਆ ਗਿਆ। ਇਸ ਮੌਕੇ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਸੀਨੀਅਰ ਪੱਤਰਕਾਰ ਅਵਤਾਰ ਸਿੰਘ ਅਣਖੀ ਨੇ ਪ੍ਰਬੰਧਕਾਂ ਦੇ ਇਸ ਉੱਦਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸੱਚਖੰਡ ਵਾਸੀ ਸੰਤ ਜਸਵੀਰ ਸਿੰਘ ਖ਼ਾਲਸਾ ਮੈਂਬਰ ਸ਼੍ਰੋਮਣੀ ਕਮੇਟੀ ਵੱਲੋਂ ਆਪਣੇ ਕਾਰਜਕਾਲ ਦੌਰਾਨ ਵਿਸ਼ੇਸ਼ ਉੱਦਮ ਕਰਕੇ ਸ਼੍ਰੋਮਣੀ ਕਮੇਟੀ ਰਾਹੀਂ ਕਰੋੜਾਂ ਰੁਪਏ ਦੀ ਲਾਗਤ ਨਾਲ ਸ਼ੁਰੂ ਕਰਵਾਏ ਵੱਡੇ ਘੱਲੂਘਾਰੇ ਦੇ ਮਹਾਨ ਸ਼ਹੀਦਾਂ ਦੀ ਯਾਦ 'ਚ ਸ: ਜੱਸਾ ਸਿੰਘ ਆਹਲੂਵਾਲੀਆ ਗੁਰਮਤਿ ਸੰਗੀਤ ਵਿਦਿਆਲਾ ਤੋਂ ਗੁਰਮਤਿ ਦੀ ਸਿੱਖਿਆ ਪ੍ਰਾਪਤ ਕਰਨ ਉਪਰੰਤ ਸੈਂਕੜੇ ਨੌਜਵਾਨ ਦੇਸ਼ ਵਿਦੇਸ਼ ਵਿੱਚ ਗੁਰਮਤਿ ਦੇ ਪ੍ਰਚਾਰ, ਪਸਾਰ ਲਈ ਅਹਿਮ ਯੋਗਦਾਨ ਪਾ ਰਹੇ ਹਨ।ਉਨ੍ਹਾਂ ਸਮੂਹ ਸੰਗਤਾਂ ਨੂੰ ਇਸ ਸੰਸਥਾ ਦੇ ਸਰਬਪੱਖੀ ਵਿਕਾਸ ਲਈ ਸਹਿਯੋਗ ਦੇਣ ਦੀ ਅਪੀਲ ਕੀਤੀ।ਭਾਈ ਬਲਵੰਤ ਸਿੰਘ ਮਹੇਰਨਾ ਨੇ ਵੱਡੇ ਘੱਲੂਘਾਰੇ ਦੇ ਇਤਿਹਾਸ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੰਦਿਆਂ ਕਿਹਾ ਕਿ ਮਹਾਨ ਸੂਰਬੀਰਾਂ ਦੀ ਲਾਸਾਨੀ ਕੁਰਬਾਨੀ ਨੂੰ ਸਮਰਪਤ ਪਿੰਡ-ਪਿੰਡ ਵਿਸ਼ਾਲ ਧਾਰਮਿਕ ਸਮਾਗਮ ਕਰਵਾ ਕੇ ਨੌਜਵਾਨ ਵਰਗ ਨੂੰ ਗੁਰਸਿੱਖੀ ਨਾਲ ਜੋੜਨਾ ਸਮੇਂ ਦੀ ਮੁੱਖ ਲੋੜ ਹੈ।ਉਨ੍ਹਾਂ ਗੁਰਦੁਆਰਾ ਕਾਲਾਮਾਲਾ ਸਾਹਿਬ ਛਾਪਾ ਵਿਖੇ ਗੁਰਦੁਆਰਾ ਕਮੇਟੀ ਵੱਲੋਂ ਮਹਾਨ ਸ਼ਹੀਦਾਂ ਦੀ ਯਾਦ 'ਚ 16 ਤੋਂ 18 ਫਰਵਰੀ ਤੱਕ ਕਰਵਾਏ ਜਾ ਰਹੇ ਸਾਲਾਨਾ ਸ਼ਹੀਦੀ ਸਮਾਗਮ ਮੌਕੇ ਭਰਵੀਂ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ।ਇਸ ਮੌਕੇ ਭਾਈ ਆਗਿਆਪਾਲ ਸਿੰਘ ਖ਼ਾਲਸਾ ਵੱਲੋਂ ਸੱਚਖੰਡ ਵਾਸੀ ਸੰਤ ਬਾਬਾ ਜਸਵੀਰ ਸਿੰਘ ਖ਼ਾਲਸਾ ਦੀਆਂ ਸ਼ਰਧਾਲੂ ਸੰਗਤਾਂ ਦੇ ਸਹਿਯੋਗ ਨਾਲ ਸੰਗੀਤ ਵਿਦਿਆਲਾ ਦੇ ਹੋਣਹਾਰ ਵਿਦਿਆਰਥੀਆਂ ਨੂੰ ਖੋਏ ਦੀਆਂ ਪਿੰਨੀਆਂ ਦੀ ਮਠਿਆਈ ਨਾਲ ਸਨਮਾਨਤ ਕੀਤਾ ਗਿਆ।ਇੰਚਾਰਜ ਭਾਈ ਗੁਰਜੰਟ ਸਿੰਘ ਛੀਨੀਵਾਲ ਨੇ ਵੱਖ-ਵੱਖ ਸ਼ਖਸੀਅਤਾਂ ਨੂੰ ਸਿਰੋਪਾਓ ਭੇਟ ਕਰਕੇ ਸਨਮਾਨਤ ਕੀਤਾ।

## ਨਗਰ ਕੌਂਸਲ ਚੋਣਾਂ 'ਚ ਮਿੱਤਲ ਅਜ਼ਮਾਉਣਗੇ ਆਪਣੀ ਕਿਸਮਤ

**ਲੌਂਗੋਵਾਲ (ਪ੍ਰਦੀਪ ਸੱਪਲ)**-ਭਾਵੇਂ ਪੰਜਾਬ ਵਿੱਚ ਨਗਰ ਕੌਂਸਲ ਦੀਆਂ ਚੋਣਾਂ ਦਾ ਅਜੇ ਐਲਾਨ ਨਹੀਂ ਹੋਇਆ, ਪਰ ਲੌਂਗੋਵਾਲ ਨਗਰ ਕੌਂਸਲ ਚੋਣਾਂ ਲਈ ਉਮੀਦਵਾਰ ਆਪਣੇ-ਆਪਣੇ ਪਰ ਤੋਲਣ ਲੱਗ ਪਏ ਹਨ।ਬੇਸ਼ੱਕ ਲੌਂਗੋਵਾਲ ਵਿਖੇ ਵਾਰਡਾਂ ਵਿੱਚ ਬਦਲਾਅ ਦੀ ਕਾਫੀ ਉੱਥਲ-ਪੁੱਥਲ ਹੋਈ ਹੈ, ਫਿਰ ਵੀ ਕਈ ਸੰਭਾਵੀ ਉਮੀਦਵਾਰ ਆਪਣੇ-ਆਪਣੇ ਵਾਰਡਾਂ ਵਿੱਚ ਲੋਕਾਂ ਨਾਲ ਸੰਪਰਕ ਬਣਾ ਰਹੇ ਹਨ।ਇਸੇ ਲੜੀ ਤਹਿਤ ਹੀ ਪੁਰਾਣੇ ਵਾਰਡ ਨੰ. 11 ਤੋਂ ਬਦਲ ਕੇ ਵਾਰਡ ਨੰ. 14 ਦੇ ਸੰਭਾਵੀ ਉਮੀਦਵਾਰ ਕਾਲਾ ਰਾਮ ਮਿੱਤਲ ਵੀ ਆਪਣੀ ਕਿਸਮਤ ਅਜ਼ਮਾਉਣ ਲਈ ਚਾਰਾਜੋਈ ਕਰਦੇ ਦਿਖਾਈ ਦੇ ਰਹੇ ਹਨ।ਉਨ੍ਹਾਂ ਨੂੰ ਸਾਰੇ ਦਲਾਂ ਤੋਂ ਸਹਿਯੋਗ ਮਿਲਣ ਦੀ ਕਾਫੀ ਸੰਭਾਵਨਾ ਬਣਦੀ ਨਜ਼ਰ ਆ ਰਹੀ ਹੈ।

## ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਟ੍ਰੇਨਿੰਗ ਪ੍ਰੋਗਰਾਮ

**ਫਿਰੋਜ਼ਪੁਰ (ਗੁਰਬਚਨ ਸਿੰਘ)**-ਮਾਣਯੋਗ ਮੈਂਬਰ ਸਕੱਤਰ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐੱਸਏਐੱਸ ਨਗਰ ਮੋਹਾਲੀ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਸੁਮੀਤ ਮਲਹੋਤਰਾ, ਮਾਣਯੋਗ ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫ਼ਿਰੋਜ਼ਪੁਰ ਦੀ ਰਹਿਨੁਮਾਈ ਹੇਠ ਮਿਸ ਅਨੁਰਾਧਾ, ਚੀਫ ਜੁਡੀਸ਼ੀਅਲ ਮੈਜਿਸਟਰੇਟ ਸਹਿਤ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫ਼ਿਰੋਜ਼ਪੁਰ ਵੱਲੋਂ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫਿਰੋਜ਼ਪੁਰ ਦੇ ਕਾਨਫਰੰਸ ਹਾਲ ਵਿੱਚ ਸਹਾਇਤਾ ਭੈਣ ਯੋਜਨਾ ਤਹਿਤ ਟ੍ਰੇਨਿੰਗ ਪ੍ਰੋਗਰਾਮ ਕੀਤਾ ਗਿਆ।ਇਸ ਟ੍ਰੇਨਿੰਗ ਪ੍ਰੋਗਰਾਮ ਵਿੱਚ ਜ਼ਨਾਨਾ ਪੈਰਾ ਲੀਗਲ ਵਲੰਟੀਅਰਾਂ ਨੂੰ ਸਹਾਇਤਾ ਭੈਣ ਯੋਜਨਾ ਬਾਰੇ ਜਾਣੂ ਕਰਵਾਇਆ ਗਿਆ ਅਤੇ ਉਨ੍ਹਾਂ ਵੱਲੋਂ ਸਕੀਮ ਤਹਿਤ ਕੀਤੀ ਜਾਣ ਵਾਲੀ ਕਾਰਗੁਜ਼ਾਰੀ ਬਾਰੇ ਜਾਣਕਾਰੀ ਦਿੱਤੀ ਗਈ।ਇਸ ਟ੍ਰੇਨਿੰਗ ਪ੍ਰੋਗਰਾਮ ਵਿੱਚ ਅਨੁਰਾਧਾ, ਚੀਫ ਜੁਡਸ਼ੀਅਲ ਮੈਜਿਸਟਰੇਟ-ਕਮ-ਸਕੱਤਰ ਤੇ ਨੇਹਾ, ਪੈਨਲ ਐਡਵੋਕੇਟ ਨੇ ਬਤੌਰ ਰਿਸੋਰਸ ਪਰਸਨ ਭਰਪੂਰ ਜਾਣਕਾਰੀ ਦਿੱਤੀ।



## ਬਾਰ ਐਸੋਸੀਏਸ਼ਨ ਦਾ ਵਫਦ ਏ ਡੀ ਸੀ ਪੀ ਲੁਧਿਆਣਾ ਨੂੰ ਮਿਲਿਆ



**ਮਾਨਸਾ (ਆਤਮਾ ਸਿੰਘ ਪਮਾਰ)**-ਮਾਨਸਾ ਬਾਰ ਐਸੋਸੀਏਸ਼ਨ ਦਾ ਵਫਦ ਏ ਡੀ ਸੀ ਪੀ ਲੁਧਿਆਣਾ ਜਸ਼ਨਦੀਪ ਸਿੰਘ ਗਿੱਲ ਨੂੰ ਐਡਵੋਕੇਟ ਦਿਲਜੋਤ ਕੌਰ ਦੀ ਹੋਈ ਸ਼ੱਕੀ ਮੌਤ ਬਾਰੇ ਮਿਲਿਆ। ਵਫਦ ਦੀ ਅਗਵਾਈ ਗੁਰਦਾਸ ਸਿੰਘ ਮਾਨ ਪ੍ਰਧਾਨ ਬਾਰ ਐਸੋਸੀਏਸ਼ਨ ਮਾਨਸਾ, ਗੁਰਲਾਭ ਸਿੰਘ ਮਾਹਲ ਐਡਵੋਕੇਟ ਮਨਿੰਦਰ ਸਿੰਘ, ਬਲਵੀਰ ਕੌਰ ਐਡਵੋਕੇਟ ਤੇ ਐਡਵੋਕੇਟ ਨੀਸ਼ ਸ਼ਾਮਲ ਸਨ।ਵਫਦ ਨੇ ਏ ਡੀ ਸੀ ਪੀ ਲੁਧਿਆਣਾ ਨੂੰ ਦੱਸਿਆ ਕਿ ਵਿਸਰਾ ਰਿਪੋਰਟ ਆਉਣੀ ਬਾਕੀ ਹੈ।ਡੀ ਐੱਮ ਸੀ ਹਸਪਤਾਲ ਦੇ ਰਿਕਾਰਡ ਅਨੁਸਾਰ ਦਿਲਜੋਤ ਕੌਰ ਦੇ ਦਾਖਲ ਹੋਣ ਦਾ ਕਾਰਨ ਪੈਂਕਰੀਆਸ ਦੀ ਬੀਮਾਰੀ ਹੋਣਾ ਦੱਸਿਆ। ਉਨ੍ਹਾਂ ਇਹ ਵੀ ਦੱਸਿਆ ਕਿ ਇੱਕ ਸੁਸਾਇਡ ਨੋਟ ਮਿਲਿਆ ਹੈ, ਉਸ ਦੀ ਸੱਚਾਈ ਦਾ ਪਤਾ ਲਗਾਉਣ ਦੇ ਯਤਨ ਕੀਤੇ ਜਾ ਰਹੇ ਹਨ।ਇਸ ਤੇ ਬਾਰ ਐਸੋਸੀਏਸ਼ਨ ਦੀ ਮੰਗ ਤੇ ਉਨ੍ਹਾਂ ਸ਼ੱਕੀ ਵਿਅਕਤੀਆਂ ਦੇ ਫੋਨ ਨੰਬਰ ਦੀ ਜਾਂਚ ਦੀ ਗੱਲ ਕਹੀ।ਦਿਲਜੋਤ ਕੌਰ ਨਾਲ ਹੋਈ ਸ਼ੱਕੀ ਵਿਅਕਤੀਆਂ ਦੀ ਚੈਟ ਦਾ ਰਿਕਾਰਡ ਕਢਵਾਉਣ ਦੀ ਮੰਗ ਵੀ ਕੀਤੀ।

ਇਸ ਤੋਂ ਇਲਾਵਾ ਵਿਸਰਾ ਰਿਪੋਰਟ ਜਲਦੀ ਮੰਗਾਉਣ ਲਈ ਅਪੀਲ ਕੀਤੀ।ਇਹ ਵੀ ਮੰਗ ਕੀਤੀ ਕੇ ਸੁਸਾਇਡ ਨੋਟ ਦਾ ਮਿਲਾਣ ਦਿਲਜੋਤ ਕੌਰ ਦੇ ਸਰਕਾਰੀ ਰਿਕਾਰਡ ਵਿੱਚ ਕਿਸੇ ਰਿਕਾਰਡ ਜਿਵੇਂ ਬੈਂਕ ਵਿੱਚ ਕੀਤੇ ਦਸਤਖਤ ਨਾਲ ਕਰਾਇਆ ਜਾਵੇ।ਏਡੀਸੀਪੀ ਲੁਧਿਆਣਾ ਨੇ ਇਨ੍ਹਾਂ ਚਾਰਾਂ ਮੰਗਾਂ ਨੂੰ ਤੁਰੰਤ ਮੰਨਦੇ ਹੋਏ।ਜ਼ਰੂਰੀ ਵਿਭਾਗੀ ਪੱਤਰ ਲਿਖ ਦਿੱਤੇ ਗਏ।ਦਿਲਜੋਤ ਕੌਰ ਇਨਸਾਫ ਦਾ ਭਰੋਸਾ ਦਿੱਤਾ ਗਿਆ।

## ਕਾਂਗਰਸ ਵੱਲੋਂ 'ਮਨਰੇਗਾ ਬਚਾਓ ਸੰਗਰਾਮ' ਦਾ ਆਗਾਜ਼

### ਮੋਦੀ ਸਰਕਾਰ ਦਾ ਕੁਹਾੜਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ : ਬੀਬੀ ਰੰਧਾਵਾ



**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**

ਕੇਂਦਰ ਦੀ ਸੱਤਾ ਉੱਤੇ ਕਾਬਜ਼ ਭਾਜਪਾ ਸਰਕਾਰ ਦੀਆਂ ਗਰੀਬ ਮਾਰੂ ਨੀਤੀਆਂ ਨੇ ਦੇਸ਼ ਦੇ ਮਿਹਨਤਕਸ਼ ਮਜ਼ਦੂਰ ਵਰਗ ਨੂੰ ਭੁੱਖਮਰੀ ਦੇ ਕੰਢੇ ਲਿਆ ਖੜਾ ਕੀਤਾ ਹੈ।ਜਿਹੜੀ ਮਨਰੇਗਾ ਸਕੀਮ ਗਰੀਬਾਂ ਦੇ ਰੋਜ਼ਗਾਰ ਦੀ ਗਾਰੰਟੀ ਸੀ, ਕੇਂਦਰ ਸਰਕਾਰ ਉਸ ਨੂੰ ਗਿਣੀ-ਮਿੱਥੀ ਸਾਜ਼ਿਸ਼ ਤਹਿਤ ਖਤਮ ਕਰ ਰਹੀ ਹੈ।ਇਹ ਪ੍ਰਗਟਾਵਾ ਕਾਂਗਰਸ ਐਸਸੀ ਸੈੱਲ ਪੰਜਾਬ ਦੇ ਸਟੇਟ ਕੋਆਰਡੀਨੇਟਰ ਤੇ ਹਲਕਾ ਸ਼ੁਤਰਾਣਾ ਤੋਂ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਨਛੱਤਰ ਸਿੰਘ ਅਰਾਈਮਾਜਰਾ ਦੀ ਅਗਵਾਈ ਹੇਠ ਪਿੰਡ ਕੁਲਾਰਾਂ ਵਿਖੇ ਮਨਰੇਗਾ ਮਜ਼ਦੂਰਾਂ ਨੂੰ ਸੰਬੋਧਨ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਬੀਬੀ ਗੁਰਸ਼ਰਨ ਕੌਰ ਰੰਧਾਵਾ ਨੇ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਮਜ਼ਦੂਰਾਂ ਦੇ ਸੰਵਿਧਾਨਕ ਹੱਕਾਂ ਦੀ ਰਾਖੀ ਲਈ ਅਖੀਰ ਤੱਕ ਲੜੇਗੀ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਬੀਬੀ ਗੁਰਸ਼ਰਨ ਕੌਰ ਰੰਧਾਵਾ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਮਨਰੇਗਾ ਨੂੰ 4 ਤਰੀਕਿਆਂ ਨਾਲ ਕਮਜ਼ੋਰ ਕੀਤਾ ਜਾ ਰਿਹਾ ਹੈ, ਹਰ ਪਰਿਵਾਰ ਨੂੰ ਮਿਲਣ ਵਾਲੇ 100 ਦਿਨਾਂ ਦੇ ਕੰਮ ਦੀ ਕਾਨੂੰਨੀ ਗਾਰੰਟੀ ਹੁਣ ਖਤਰੇ 'ਚ ਹੈ।ਮਜ਼ਦੂਰਾਂ ਨੂੰ ਸੀਜ਼ਨ ਦੌਰਾਨ ਕੰਮ ਤੋਂ ਵਾਂਝੇ ਰੱਖਣਾ ਤੇ ਮਜ਼ਦੂਰੀ ਦੀਆਂ ਦਰਾਂ 'ਚ ਮਨਮਾਨੀਆਂ ਕਰਨਾ ਸਰਕਾਰ ਦਾ ਗੈਰ-ਮਨੁੱਖੀ ਕਦਮ ਹੈ।ਪਿੰਡਾਂ ਦੀਆਂ ਚੁਣੀਆਂ ਹੋਈਆਂ ਪੰਚਾਇਤਾਂ ਨੂੰ ਦਰਕਿਨਾਰ ਕਰਕੇ ਚਹੇਤੇ ਠੇਕੇਦਾਰਾਂ ਨੂੰ ਮਨਰੇਗਾ ਦੇ ਕੰਮ ਸੌਂਪਣ ਦੀ ਤਿਆਰੀ ਹੈ, ਜਿਸ ਨਾਲ ਮਜ਼ਦੂਰੀ ਦਾ 40 ਫ਼ੀਸਦੀ ਹਿੱਸਾ ਸੂਬਾ ਸਰਕਾਰਾਂ ਸਿਰ ਮੜ੍ਹ ਕੇ ਕੇਂਦਰ ਆਪਣੀ ਜ਼ਿੰਮੇਵਾਰੀ ਤੋਂ ਭੱਜ ਰਿਹਾ ਹੈ।ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਕਾਂਗਰਸ ਪਾਰਟੀ ਦੀ ਮੰਗ ਹੈ ਕਿ ਮਨਰੇਗਾ ਮਜ਼ਦੂਰੀ ਨੂੰ ਤੁਰੰਤ ਵਧਾ ਕੇ 400 ਰੁਪਏ ਪ੍ਰਤੀ ਦਿਨ ਕੀਤਾ ਜਾਵੇ ਅਤੇ ਸਾਰੀਆਂ ਪੁਰਾਣੀਆਂ ਸ਼ਰਤਾਂ ਨੂੰ ਬਹਾਲ ਕੀਤਾ ਜਾਵੇ।ਉਨ੍ਹਾਂ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਮਨਰੇਗਾ ਨੂੰ ਬਚਾਉਣ ਲਈ ਪਾਰਟੀ ਵੱਲੋਂ ਜਾਰੀ ਹੈਲਪਲਾਈਨ ਨੰਬਰ +91-9873010606 'ਤੇ ਮਿਸ ਕਾਲ ਦੇ ਕੇ ਜਾਂ ਕਿਊ ਆਰ ਕੋਡ ਸਕੈਨ ਕਰ ਕੇ ਇਸ ਸੰਘਰਸ਼ ਦਾ ਹਿੱਸਾ ਬਣਨ।ਕਾਂਗਰਸੀ ਆਗੂ ਨਛੱਤਰ ਸਿੰਘ ਅਰਾਈਮਾਜਰਾ ਨੇ ਭਰੋਸਾ ਦਿੱਤਾ ਕਿ ਮਨਰੇਗਾ ਬਚਾਓ ਸੰਗਰਾਮ ਤਹਿਤ ਹਲਕਾ ਸ਼ੁਤਰਾਣਾ ਵਿੱਚ ਕਾਂਗਰਸ ਪਾਰਟੀ ਲੋਕਾਂ ਨੂੰ ਲਾਮਬੰਦ ਕਰਨ ਲਈ ਵੱਡੇ ਪੱਧਰ ਉੱਤੇ ਕੋਸ਼ਿਸ਼ਾਂ ਕੀਤੀਆਂ ਜਾਣਗੀਆਂ।ਇਸੇ ਲੜੀ ਤਹਿਤ ਪਿੰਡਾਂ ਵਿੱਚ ਮੀਟਿੰਗਾਂ ਦਾ ਸਿਲਸਿਲਾ ਲਗਾਤਾਰ ਜਾਰੀ ਹੈ।ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਵੱਲੋਂ ਮਨਰੇਗਾ ਬਚਾਓ ਸੰਗਰਾਮ ਨੂੰ ਸਰਗਰਮੀ ਨਾਲ ਚਲਾਉਣ ਲਈ ਜੋ ਵੀ ਡਿਊਟੀ ਉਨ੍ਹਾਂ ਦੀ ਲਾਈ ਜਾਵੇਗੀ, ਉਹ ਇਮਾਨਦਾਰੀ ਤੇ ਤਨਦੇਹੀ ਨਾਲ ਡਿਊਟੀ ਨੂੰ ਨਿਭਾਉਣਗੇ।

## ਰਾਜਾ ਭਲਿੰਦਰ ਸਿੰਘ ਖੇਡ ਸਟੇਡੀਅਮ ਤੇ ਸਰਕਟ ਹਾਊਸ ਨੂੰ ਨੋ ਡਰੋਨ ਜ਼ੋਨ ਐਲਾਨਿਆ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**- ਵਧੀਕ ਜ਼ਿਲ੍ਹਾ ਮੈਜਿਸਟਰੇਟ ਸਿਮਰਪ੍ਰੀਤ ਕੌਰ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ 26 ਜਨਵਰੀ ਗਣਤੰਤਰਤਾ ਦਿਵਸ 'ਤੇ ਹੋਣ ਵਾਲੇ ਸਮਾਗਮ ਦੌਰਾਨ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਰਾਜਾ ਭਲਿੰਦਰ ਸਿੰਘ ਖੇਡ ਸਟੇਡੀਅਮ (ਪੋਲੋ ਗਰਾਊਂਡ) ਪਟਿਆਲਾ ਤੇ ਸਰਕਟ ਹਾਊਸ ਪਟਿਆਲਾ ਅਤੇ ਇਨ੍ਹਾਂ ਦੇ ਨਾਲ ਲੱਗਦੇ 5 ਕਿਲੋਮੀਟਰ ਦੇ ਖੇਤਰ ਨੂੰ ਨੋ ਡਰੋਨ ਜ਼ੋਨ ਘੋਸ਼ਿਤ ਕੀਤਾ ਹੈ।ਇਨ੍ਹਾਂ ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਗਣਤੰਤਰ ਦਿਵਸ 2026 ਦਾ ਸਮਾਗਮ ਰਾਜਾ ਭਲਿੰਦਰ ਸਿੰਘ ਖੇਡ ਸਟੇਡੀਅਮ (ਪੋਲੋ ਗਰਾਊਂਡ) ਪਟਿਆਲਾ ਵਿਖੇ ਮਨਾਇਆ ਜਾ ਰਿਹਾ ਹੈ, ਜਿਸ ਵਿੱਚ ਤਕਨੀਕ ਸਿੱਖਿਆ ਤੇ ਉਦਯੋਗਿਕ ਸਿਖਲਾਈ, ਉਚੇਰੀ ਸਿੱਖਿਆ, ਸਕੂਲ ਸਿੱਖਿਆ ਤੇ ਸੂਚਨਾ ਤੇ ਲੋਕ ਸੰਪਰਕ ਮੰਤਰੀ ਪੰਜਾਬ, ਕੌਮੀ ਝੰਡਾ ਲਹਿਰਾਉਣ ਦੀ ਰਸਮ ਅਦਾ ਕਰਨਗੇ।ਉਨ੍ਹਾ ਕਿਹਾ ਕਿ ਪੁਲਸ ਵਿਭਾਗ ਦੇ ਡਰੋਨ ਨੂੰ ਇਸ ਹੁਕਮ ਤੋਂ ਛੂਟ ਹੋਵੇਗੀ।ਇਹ ਹੁਕਮ 24 ਜਨਵਰੀ ਤੋਂ 26 ਜਨਵਰੀ ਤੱਕ ਲਾਗੂ ਰਹੇਗਾ।

## 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਪੈਦਲ ਯਾਤਰਾ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਪਿੰਡ ਮਾਂਗੇਵਾਲ ਵਿਖੇ ਥਾਣਾ ਠੁੱਲੀਵਾਲ ਪੁਲਸ ਵੱਲੋਂ ਲੋਕਾਂ ਦੇ ਸਹਿਯੋਗ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਸਮਾਜਿਕ ਸਾਂਝ, ਅਮਨ-ਕਾਨੂੰਨ ਦੀ ਮਜ਼ਬੂਤੀ ਦੇ ਉਦੇਸ਼ ਨਾਲ ਪੈਦਲ ਯਾਤਰਾ ਦਾ ਆਯੋਜਨ ਕੀਤਾ ਗਿਆ।ਪੈਦਲ ਯਾਤਰਾ ਦੌਰਾਨ ਇੰਸਪੈਕਟਰ ਗੁਰਪਾਲ ਸਿੰਘ ਨੇ ਕਾਨੂੰਨ-ਵਿਵਸਥਾ, ਨਸ਼ਿਆਂ ਖ਼ਿਲਾਫ਼ ਸਾਂਝੀ ਲੜਾਈ ਤੇ ਸਮਾਜਿਕ ਭਾਈਚਾਰਕ ਸਾਂਝ ਨੂੰ ਕਾਇਮ ਰੱਖਣ ਦੀ ਅਪੀਲ ਕਰਦਿਆਂ ਕਿਹਾ ਕਿ ਕਿਸੇ ਵੀ ਗੈਰਕਾਨੂੰਨੀ ਗਤੀਵਿਧੀ ਬਾਰੇ ਤੁਰੰਤ ਪੁਲਸ ਨੂੰ ਸੂਚਿਤ ਕੀਤਾ ਜਾਵੇ।ਇਸ ਯਾਤਰਾ ਵਿੱਚ ਸਕੂਲੀ ਵਿਦਿਆਰਥੀਆਂ, ਮੋਹਤਬਰਾਂ ਤੇ ਪਿੰਡ ਵਾਸੀਆਂ ਨੇ ਭਰਵੀਂ ਸ਼ਮੂਲੀਅਤ ਕੀਤੀ।

## ਡੈਮੋਕ੍ਰੇਟਿਕ ਮਨਰੇਗਾ ਫਰੰਟ ਪੰਜਾਬ ਵੱਲੋਂ 26 ਨੂੰ ਪ੍ਰਦਰਸ਼ਨ



**ਨਾਭਾ (ਵਰਿੰਦਰ ਵਰਮਾ)**-ਡੈਮੋਕ੍ਰੇਟਿਕ ਮਨਰੇਗਾ ਫਰੰਟ ਪੰਜਾਬ ਵੱਲੋਂ ਗਣਤੰਤਰ ਦਿਵਸ ਮੌਕੇ 26 ਜਨਵਰੀ ਨੂੰ ਪਟਿਆਲਾ ਜ਼ਿਲ੍ਹੇ 'ਚ ਵੱਡਾ ਪ੍ਰਦਰਸ਼ਨ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ।ਪ੍ਰਦਰਸ਼ਨ ਦੀ ਤਿਆਰੀ ਤਹਿਤ ਫਰੰਟ ਦੇ ਆਗੂ ਤੇ ਵਰਕਰ ਪਿੰਡ-ਪਿੰਡ ਜਾ ਕੇ ਮਜ਼ਦੂਰਾਂ ਨੂੰ ਜਾਗਰੂਕ ਕਰ ਰਹੇ ਹਨ ਤੇ ਉਨ੍ਹਾਂ ਨੂੰ 26 ਜਨਵਰੀ ਦੇ ਇਕੱਠ ਲਈ ਸੰਗਠਤ ਕਰ ਰਹੇ ਹਨ।ਫਰੰਟ ਆਗੂਆਂ ਕ੍ਰਿਸ਼ਨ ਲੁਬਾਣਾ, ਰਾਜ ਕੌਰ ਬੂਹੀ, ਹਰਦੀਪ ਕੌਰ ਪਾਲੀਆ ਨੇ ਦੱਸਿਆ ਕਿ ਇਹ ਸੰਘਰਸ਼ ਕੇਂਦਰ ਸਰਕਾਰ ਵੱਲੋਂ ਲਿਆਂਦੇ ਕਾਨੂੰਨ ਦੇ ਖ਼ਿਲਾਫ਼ ਹੈ, ਜਿਸ ਨੂੰ ਉਹ ਮਨਰੇਗਾ ਦੀ ਥਾਂ ਲਾਗੂ ਕਰਕੇ ਮਜ਼ਦੂਰਾਂ ਦੇ ਕਾਨੂੰਨੀ ਰੋਜ਼ਗਾਰ ਦੇ ਹੱਕ ਨੂੰ ਖਤਮ ਕਰਨ ਦੀ ਕੋਸ਼ਿਸ਼ ਕਰਾਰ ਦੇ ਰਹੇ ਹਨ।ਫਰੰਟ ਦੀ ਮੁੱਖ ਮੰਗ ਹੈ ਕਿ ਇਸ ਨੂੰ ਤੁਰੰਤ ਰੱਦ ਕੀਤਾ ਜਾਵੇ ਤੇ ਮਨਰੇਗਾ ਨੂੰ ਪੂਰੇ ਕਾਨੂੰਨੀ ਹੱਕਾਂ ਸਮੇਤ ਮੁੜ ਬਹਾਲ ਕੀਤਾ ਜਾਵੇ।ਫਰੰਟ ਦੇ ਜ਼ਿਲ੍ਹਾ ਪ੍ਰਧਾਨ ਕੁਲਵਿੰਦਰ ਕੌਰ ਰਾਮਗੜ੍ਹ, ਕੁਲਵੰਤ ਕੌਰ ਬੂਹੀ ਰਾਣੀ ਕਾਠਮਠੀ ਨੇ ਕਿ ਮਨਰੇਗਾ ਹੇਠ ਮਜ਼ਦੂਰਾਂ ਨੂੰ ਸਾਲ ਵਿੱਚ 100 ਦਿਨ ਕੰਮ ਦੀ ਗਾਰੰਟੀ ਮਿਲਦੀ ਸੀ, ਪਰ ਨਵੇਂ ਪ੍ਰਬੰਧ ਹੇਠ ਇਹ ਹੱਕ ਖਤਮ ਹੋ ਰਿਹਾ ਹੈ ਤੇ ਪਿੰਡਾਂ ਵਿੱਚ ਕੰਮ ਬੰਦ ਜਾਂ ਬਹੁਤ ਘੱਟ ਹੋ ਗਿਆ ਹੈ।ਇਸ ਨਾਲ ਗਰੀਬ, ਦਿਹਾੜੀਦਾਰ ਤੇ ਬੇਜ਼ਮੀਨ ਮਜ਼ਦੂਰ ਸਭ ਤੋਂ ਵੱਧ ਪ੍ਰਭਾਵਤ ਹੋ ਰਹੇ ਹਨ।ਬਲਵਿੰਦਰ ਸਿੰਘ ਰੰਨੋ ਨਿਰਮਲ ਸਿੰਘ ਕੇਵਲ ਸਿੰਘ ਕੋਟ ਨੇ ਕਿਹਾ ਕਿ ਫਰੰਟ ਵੱਲੋਂ ਪਿੰਡਾਂ 'ਚ ਮੀਟਿੰਗਾਂ, ਘਰ-ਘਰ ਸੰਪਰਕ ਤੇ ਜਨ ਸਭਾਵਾਂ ਰਾਹੀਂ ਮਜ਼ਦੂਰਾਂ ਨੂੰ 26 ਜਨਵਰੀ ਨੂੰ ਪਟਿਆਲਾ ਪਹੁੰਚਣ ਦੀ ਅਪੀਲ ਕੀਤੀ ਜਾ ਰਹੀ ਹੈ।ਗਣਤੰਤਰ ਦਿਵਸ ਸਾਡੇ ਸੰਵਿਧਾਨਕ ਹੱਕਾਂ ਦੀ ਯਾਦ ਦਿਵਾਉਂਦਾ ਹੈ।ਰੁਜ਼ਗਾਰ ਦਾ ਹੱਕ ਵੀ ਸੰਵਿਧਾਨਕ ਮਰਿਆਦਾ ਨਾਲ ਜੁੜਿਆ ਹੋਇਆ ਹੈ, ਗੁਰਮੀਤ ਕੌਰ ਗੋਪਾਲਪੁਰ, ਸੰਦੀਪ ਕੌਰ ਖਾਨਪੁਰ ਗੰਡਿਆ ਦਾ ਕਹਿਣਾ ਹੈ ਕਿ ਪ੍ਰਦਰਸ਼ਨ ਪੂਰੀ ਤਰ੍ਹਾਂ ਸ਼ਾਂਤੀਪੂਰਨ ਹੋਵੇਗਾ ਤੇ ਲੋਕਤੰਤਰਿਕ ਢੰਗ ਨਾਲ ਮਜ਼ਦੂਰਾਂ ਦੀਆਂ ਮੰਗਾਂ ਸਰਕਾਰ ਤੱਕ ਪੁਚਾਈਆਂ ਜਾਣਗੀਆਂ।ਆਗੂਆਂ ਮੁਤਾਬਕ ਪਟਿਆਲਾ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਤੋਂ ਵੱਡੀ ਗਿਣਤੀ ਵਿੱਚ ਮਜ਼ਦੂਰ ਇਸ ਇਕੱਠ 'ਚ ਸ਼ਾਮਲ ਹੋਣਗੇ।

## ਹਿੰਮਤਪੁਰਾ ਦੀ ਖਿਡਾਰਨ ਨੇ ਨੈਸ਼ਨਲ ਗੋਲਡ ਮੈਡਲ ਫੁੰਡਿਆ




**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹਿੰਮਤਪੁਰਾ ਵਿਖੇ ਸਕੂਲ ਪ੍ਰਬੰਧਕ ਕਮੇਟੀ, ਪਿੰਡ ਦੀ ਸਮੁੱਚੀ ਗ੍ਰਾਮ ਪੰਚਾਇਤ, ਪਿੰਡ ਦੇ ਪਤਵੰਤੇ ਸੱਜਣਾਂ, ਐਨ.ਆਰ.ਆਈ. ਵੀਰਾਂ ਅਤੇ ਸਹਿਯੋਗੀਆਂ ਦੇ ਨਾਲ ਬਾਬਾ ਜੀਤ ਸਿੰਘ ਗੁਰਦੁਆਰਾ ਮੱਲ੍ਹੋ ਸ਼ਹੀਦ ਵਾਲਿਆਂ ਦੀ ਸੁਯੋਗ ਅਗਵਾਈ ਹੇਠ ਇਸ ਸਕੂਲ ਦੀ ਵਿਦਿਆਰਥਣ ਰੇਨੂ ਨੈਸ਼ਨਲ ਲੈਵਲ ਖੋ-ਖੋ ਚੈਂਪੀਅਨਸ਼ਿਪ (ਸੂਰਤ ਗੁਜਰਾਤ) ਵਿੱਚ ਪੰਜਾਬ ਟੀਮ ਦੀ ਅਗਵਾਈ ਕਰਦਿਆਂ ਮਹਾਰਾਸ਼ਟਰ ਨੂੰ ਹਰਾ ਕੇ ਨੈਸ਼ਨਲ ਚੈਂਪੀਅਨ ਬਣੀ ਅਤੇ ਪੂਰੇ ਸਕੂਲ,ਮਾਪਿਆਂ ਅਤੇ ਪਿੰਡ ਦਾ ਨਾਮ ਰੌਸ਼ਨ ਕੀਤਾ। ਇਸ ਵਿਦਿਆਰਥਣ ਨੂੰ ਵਿਸ਼ੇਸ਼ ਤੌਰ 'ਤੇ ਸਕੂਲ ਵਿੱਚ ਸਨਮਾਨ ਸਮਾਰੋਹ ਰੱਖ ਕੇ ਸਨਮਾਨਤ ਕੀਤਾ ਗਿਆ ਤੇ ਹੌਂਸਲਾ ਅਫ਼ਜ਼ਾਈ ਕੀਤੀ ਗਈ।ਇਸ ਦੇ ਨਾਲ ਹੀ ਸਕੂਲ ਦੀ ਇੱਕ ਹੋਰ ਵਿਦਿਆਰਥਣ ਰਾਣੀ ਓਰਾਓ ਨੇ ਓਪਨ ਨੈਸ਼ਨਲ ਲੈਵਲ ਖੋ-ਖੋ ਚੈਂਪੀਅਨਸ਼ਿਪ (ਹਰਿਆਣਾ) ਵਿੱਚ ਦੂਜਾ ਸਥਾਨ ਹਾਸਲ ਕੀਤਾ ਤੇ ਸਿਲਵਰ ਮੈਡਲ ਪ੍ਰਾਪਤ ਕੀਤਾ।ਇਸ ਦੇ ਨਾਲ-ਨਾਲ ਸਕੂਲ ਦੀਆਂ ਹੋਰਨਾਂ ਖਿਡਾਰਨਾਂ ਜਿਨ੍ਹਾਂ ਨੇ ਸਟੇਟ ਲੈਵਲ ਖੇਡਾਂ ਵਿੱਚ ਪ੍ਰਾਪਤੀਆਂ ਕਰਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ, ਉਨ੍ਹਾਂ ਨੂੰ ਵੀ ਸਨਮਾਨ ਦੇ ਕੇ ਹੌਸਲਾ ਅਫ਼ਜ਼ਾਈ ਕੀਤੀ ਗਈ।ਉਚੇਚੇ ਤੌਰ 'ਤੇ ਮਾਸਟਰ ਗੁਰਬਖਸ਼ ਸਿੰਘ ਜੈਦ ਸਿੱਧੂ ਤੇ ਰੁਪਿੰਦਰ ਸਿੰਘ ਸਿੱਧੂ ਆਸਟ੍ਰੇਲੀਆ ਹਾਜ਼ਰ ਹੋਏ। ਇਸ ਤੋਂ ਇਲਾਵਾ ਪਿੰਡ ਦੇ ਪਤਵੰਤੇ ਸੱਜਣ ਤੇ ਹੋਰ ਸਹਿਯੋਗੀਆਂ ਵੱਲੋਂ ਬੱਚਿਆਂ ਦੀ ਤਿਆਰੀ ਕਰਾਉਣ ਲਈ ਡੀ.ਪੀ.ਆਈ.ਜਗਮੀਤ ਸਿੰਘ ਲੁਹਾਰਾ ਦੀ ਅਣਥੱਕ ਮਿਹਨਤ ਨੂੰ ਹੱਲਾਸ਼ੇਰੀ ਦਿੱਤੀ ਗਈ ਤੇ ਉਨ੍ਹਾਂ ਦਾ ਧੰਨਵਾਦ ਕੀਤਾ ਗਿਆ।ਇਸ ਸਮੇਂ ਬੱਚਿਆਂ ਵੱਲੋਂ ਰੰਗਾ ਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ ਤੇ ਸਟੇਜ ਦੀ ਕਾਰਵਾਈ ਚਰਨਜੀਤ ਸਿੰਘ ਅਤੇ ਮੈਡਮ ਜਸਵਿੰਦਰ ਕੌਰ ਨੇ ਬਾਖ਼ੂਬੀ ਨਿਭਾਈ ਗਈ।ਇਸ ਸਮੇਂ ਵੱਖ-ਵੱਖ ਦਾਨੀ ਸੱਜਣਾਂ ਵੱਲੋਂ ਬੱਚਿਆਂ ਦੀ ਹੌਸਲਾ ਅਫ਼ਜ਼ਾਈ ਤੇ ਡਾਇਟ ਦੇ ਲਈ ਹਜ਼ਾਰਾਂ ਰੁਪਏ ਦੀ ਵਿੱਤੀ ਸਹਾਇਤਾ ਕੀਤੀ ਗਈ।

## ਸਲਾਈਟ ਮੁਲਾਜ਼ਮ ਜਥੇਬੰਦੀ ਸੇਵਾ ਵੱਲੋਂ ਕੈਲੰਡਰ ਜਾਰੀ




**ਲੌਂਗੋਵਾਲ (ਪ੍ਰਦੀਪ ਸੱਪਲ)**-ਸਲਾਈਟ ਇੰਪਲਾਈਜ ਵੈਲਫੇਅਰ ਐਸੋਸੀਏਸ਼ਨ (ਸੇਵਾ) ਵੱਲੋਂ ਪਿਛਲੇ ਦਿਨੀਂ ਸਾਲ-2026 ਦਾ ਕੈਲੰਡਰ ਜਾਰੀ ਕੀਤਾ ਗਿਆ। ਐਸੋਸੀਏਸ਼ਨ ਦੇ ਆਗੂ ਜੁਝਾਰ ਲੌਂਗੋਵਾਲ ਅਤੇ ਸਕੱਤਰ ਜਗਦੀਸ਼ ਚੰਦ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਇਹ ਕੈਲੰਡਰ ਸੇਵਾ ਦੀ ਪੂਰੀ ਆਗੂ ਟੀਮ, ਨਿਰਦੇਸ਼ਕ ਪ੍ਰੋ. ਮਨੀ ਕਾਂਤ ਪਾਸਵਾਨ, ਰਜਿਸਟਰਾਰ ਹਰੀ ਮੋਹਨ ਅਰੋੜਾ ਅਤੇ ਸੰਸਥਾ ਦੀ ਹਰ ਪੱਖ ਤੋਂ ਸੰਭਾਲ ਕਰਨ ਵਾਲੇ ਕਿਰਤੀ ਸਟਾਫ ਵਿੱਚੋਂ ਮਾਲੀ ਬਿਰਜੇਸ਼ ਕੁਮਾਰ, ਗੋਰਾ ਸਿੰਘ ਸਫਾਈ ਕਰਮਚਾਰੀ, ਬੂਟਾ ਸਿੰਘ ਮਾਲੀ, ਸਕਿਓਰਿਟੀ ਗਾਰਡ ਸੁਰਜੀਤ ਸਿੰਘ ਦੁੱਗਾਂ, ਬਲਵਿੰਦਰ ਸਿੰਘ ਵੱਲੋਂ ਸਾਂਝੇ ਰੂਪ ਜਾਰੀ ਕੀਤਾ ਗਿਆ। ਪ੍ਰੋ. ਪਾਸਵਾਨ ਵੱਲੋਂ ਮਾਘ ਮਹੀਨੇ ਦੀ ਮਹੱਤਤਾ ਦੱਸਦੇ ਹੋਏ ਜਥੇਬੰਦੀ ਨੂੰ ਵਧਾਈ ਦਿੱਤੀ ਅਤੇ ਜਥੇਬੰਦੀ ਵੱਲੋਂ ਕਿਰਤੀ ਕਰਮਚਾਰੀਆਂ ਤੋਂ ਕੈਲੰਡਰ ਜਾਰੀ ਕਰਵਾਉਣ ਨੂੰ ਸਲਾਹਿਆ ਗਿਆ, ਇਸ ਨੂੰ ਮਨੁੱਖੀ ਸਮਝ, ਆਪਸੀ ਭਾਈਚਾਰਾ, ਸਾਂਝ ਦਾ ਪ੍ਰਤੀਕ ਦੱਸਿਆ।ਇਸ ਮੌਕੇ ਜੁਆਇੰਟ ਸਕੱਤਰ ਨਰਿੰਦਰ ਕੁਮਾਰ, ਕੈਸ਼ੀਅਰ ਹਰਿੰਦਰ ਕੌਰ, ਮੁਲਾਜ਼ਮ ਆਗੂ ਗੁਰਜੀਤ ਸਿੰਘ, ਲਕਸ਼ਮੀ ਨਰਾਇਣ ਸਿੰਘ, ਅਮਰਜੀਤ ਸਿੰਘ ਧਾਲੀਵਾਲ, ਸੱਤਪਾਲ ਸਿੰਘ, ਦੀਪਕ ਸ਼ਰਮਾ, ਅਮਰੀਕ ਸਿੰਘ ਗਿੱਲ, ਹਰਦੀਪ ਸਿੰਘ, ਅਸ਼ੋਕ ਕੁਮਾਰ, ਰਮਨਦੀਪ ਸਿੰਘ ਆਦਿ ਹਾਜ਼ਰ ਸਨ।

## ਸਰਵਹਿਤਕਾਰੀ ਵਿੱਦਿਆ ਮੰਦਰ ਵੱਲੋਂ ਸਵਦੇਸ਼ੀ ਦੌੜ ਨਾਲ ਸੰਬੰਧਤ ਰੈਲੀ



**ਜਗਰਾਉਂ (ਅਮਿਤ ਖੰਨਾ)**-ਸਰਵਹਿਤਕਾਰੀ ਵਿੱਦਿਆ ਮੰਦਰ ਸੀਨੀਅਰ ਸੈਕੰਡਰੀ ਸਕੂਲ ਵਿੱਚ ਸਵਦੇਸ਼ੀ ਦੌੜ ਨਾਲ ਸੰਬੰਧਤ ਰੈਲੀ ਕੱਢੀ ਗਈ।ਇਸ ਮੌਕੇ ਸਕੂਲ ਪ੍ਰਬੰਧਕ ਪ੍ਰਦੀਪ ਕੁਮਾਰ, ਸੁਰੇਸ਼ ਗਰਗ, ਡਾ. ਕੁਨਾਲ, ਟੋਨੀ ਵਰਮਾ, ਲਵਨੀਸ਼ ਤੇ ਪ੍ਰਿੰਸੀਪਲ ਸ਼੍ਰੀਮਤੀ ਨੀਲੂ ਨਰੂਲਾ ਸ਼ਾਮਲ ਸਨ।ਇਸ ਸਮੇਂ ਡਾ. ਕੁਨਾਲ ਨੇ ਰੈਲੀ ਬਾਰੇ ਦੱਸਦਿਆਂ ਕਿਹਾ ਕਿ ਇਸ ਵਿਦੇਸ਼ੀ ਦੌੜ ਦਾ ਆਯੋਜਨ 12 ਜਨਵਰੀ ਤੋਂ ਲੈ ਕੇ 23 ਜਨਵਰੀ ਤੱਕ ਮਨਾਇਆ ਜਾਂਦਾ ਹੈ।12 ਜਨਵਰੀ ਨੂੰ ਸ਼੍ਰੀ ਵਿਵੇਕਾਨੰਦ ਜੀ ਦਾ ਜਨਮ ਹੋਇਆ ਸੀ ਤੇ 23 ਜਨਵਰੀ ਨੂੰ ਸੁਭਾਸ਼ ਚੰਦਰ ਬੋਸ ਜੀ ਦਾ ਜਨਮ ਦਿਨ ਮਨਾਇਆ ਜਾਂਦਾ ਹੈ।ਉਨ੍ਹਾਂ ਦੱਸਿਆ ਕਿ ਸ਼੍ਰੀ ਵਿਵੇਕਾਨੰਦ ਜੀ ਦਾ ਵਿਚਾਰ ਸੀ ਕਿ ਦੂਸਰਿਆਂ ਉੱਪਰ ਵਿਸ਼ਵਾਸ ਕਰਨ ਤੋਂ ਪਹਿਲਾਂ ਵਿਅਕਤੀ ਨੂੰ ਆਪਣੇ ਆਪ 'ਤੇ ਵਿਸ਼ਵਾਸ ਹੋਣਾ ਜ਼ਰੂਰੀ ਹੈ। ਜੋ ਵਿਅਕਤੀ ਆਪਣੇ ਆਪ 'ਤੇ ਵਿਸ਼ਵਾਸ ਕਰਦਾ ਹੈ, ਉਹ ਸਾਰੀਆਂ ਸ਼ਕਤੀਆਂ ਨੂੰ ਪ੍ਰਾਪਤ ਕਰ ਲੈਂਦਾ ਹੈ।ਉਨ੍ਹਾਂ ਦੱਸਿਆ ਕਿ ਸਾਨੂੰ ਉਦੋਂ ਤੱਕ ਆਪਣੇ ਉਦੇਸ਼ਾਂ ਵੱਲ ਵਧਦੇ ਰਹਿਣਾ ਚਾਹੀਦਾ ਹੈ, ਜਦ ਤੱਕ ਸਾਨੂੰ ਆਪਣਾ ਟੀਚਾ ਪ੍ਰਾਪਤ ਨਹੀਂ ਹੁੰਦਾ।ਇਸ ਤੋਂ ਬਾਅਦ ਟੋਨੀ ਵਰਮਾ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਸਵਦੇਸ਼ੀ ਚੀਜ਼ਾਂ ਦੇ ਪ੍ਰਯੋਗ ਨੂੰ ਵਧਾਉਣਾ ਚਾਹੀਦਾ ਹੈ ਤੇ ਲੋਕਾਂ ਨੂੰ ਜਾਗਰੂਕ ਕਰਨਾ ਚਾਹੀਦਾ ਹੈ।ਅੰਤ ਵਿੱਚ ਪ੍ਰਬੰਧਕ ਮੈਂਬਰਾਂ ਤੇ ਸਕੂਲ ਪ੍ਰਿੰਸੀਪਲ ਵੱਲੋਂ ਡਾ. ਕੁਨਾਲ ਤੇ ਟੋਨੀ ਵਰਮਾ ਨੂੰ ਵਿਸ਼ੇਸ਼ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।ਰੈਲੀ ਦੀ ਸ਼ੁਰੂਆਤ ਸਕੂਲ ਤੋਂ ਸ਼ੁਰੂ ਕੀਤੀ ਗਈ ਤੇ ਸਬਜ਼ੀ ਮੰਡੀ ਤੋਂ ਕਮਲ ਚੌਕ ਵੱਲ ਹੁੰਦਿਆਂ ਅਨਾਰਕਲੀ ਬਾਜ਼ਾਰ ਤੋਂ ਵਾਪਸ ਸਕੂਲ ਪਹੁੰਚਿਆ ਗਿਆ।ਕਮਲ ਚੌਕ ਵਿੱਚ ਸਕੂਲ ਦੇ ਵਿਦਿਆਰਥੀਆਂ ਵੱਲੋਂ ਸਵਦੇਸ਼ੀ ਚੀਜ਼ਾਂ ਨਾਲ ਸੰਬੰਧਤ ਨੁੱਕੜ ਨਾਟਕ ਪੇਸ਼ ਕੀਤਾ ਗਿਆ।ਇਸ ਰੈਲੀ ਵਿੱਚ ਸਕੂਲ ਵਿਦਿਆਰਥੀ ਤੇ ਸਟਾਫ ਮੈਂਬਰ ਹਾਜ਼ਰ ਸਨ।ਅਖੀਰ ਵਿੱਚ ਵਿਦਿਆਰਥੀਆਂ ਨੂੰ ਰਿਫ੍ਰੈਸ਼ਮੈਂਟ ਦਿੱਤੀ ਗਈ।

# 26 ਦੇ ਟਰੈਕਟਰ ਮਾਰਚ ਲਈ ਸਾਰੀਆਂ ਤਿਆਰੀਆਂ ਮੁਕੰਮਲ

ਧਾਰੀਵਾਲ (ਮਨਦੀਪ ਵਿੱਕੀ) - ਸੰਯੁਕਤ ਕਿਸਾਨ ਮੋਰਚਾ, ਬਿਜਲੀ ਕਾਮੇ ਤੇ ਮਜ਼ਦੂਰ ਜਥੇਬੰਦੀਆਂ ਦੀ ਜ਼ਿਲਾ ਗੁਰਦਾਸਪੁਰ ਦੀ ਇੱਕ ਸਾਂਝੀ ਮੀਟਿੰਗ 26 ਜਨਵਰੀ ਦੇ ਟਰੈਕਟਰ ਮਾਰਚ ਤੇ ਸਾਈਕਲ ਮਾਰਚ ਅਤੇ 12 ਫਰਵਰੀ ਦੀ ਹੜਤਾਲ ਦੀ ਕਾਮਯਾਬੀ ਲਈ ਸਾਰੇ ਪ੍ਰਬੰਧ ਮੁਕੰਮਲ ਕਰਨ ਹਿਤ ਸ਼ਹੀਦ ਬਲਜੀਤ ਸਿੰਘ ਭਵਨ ਜੇਲ ਰੋਡ ਗੁਰਦਾਸਪੁਰ ਵਿਖੇ ਕੀਤੀ ਗਈ। ਮੀਟਿੰਗ ਦੀ ਪ੍ਰਧਾਨਗੀ ਸਾਂਝੇ ਤੌਰ 'ਤੇ ਕਿਸਾਨਾਂ ਵੱਲੋਂ ਐੱਸ ਪੀ ਸਿੰਘ ਗੋਸਲ (ਸਾਬਕਾ ਸੈਨਿਕ ਸੰਘਰਸ਼ ਕਮੇਟੀ) ਬਿਜਲੀ ਮੁਲਾਜ਼ਮ ਆਗੂ ਜਸਪ੍ਰੀਤ ਸਿੰਘ ਤੇ ਮਜ਼ਦੂਰ ਆਗੂ ਬਲਵਿੰਦਰ ਸਿੰਘ ਉਦੀਪੁਰ ਨੇ ਕੀਤੀ। ਮੀਟਿੰਗ ਨੂੰ ਮੱਖਣ ਸਿੰਘ ਕੁਹਾੜ, ਲਖਵਿੰਦਰ ਸਿੰਘ ਮੰਜਿਆਂਵਾਲੀ, ਮੰਗਤ ਸਿੰਘ ਜੀਵਨ ਚੱਕ, ਬਚਨ ਸਿੰਘ ਭੰਬੋਈ, ਸੰਜੀਵ ਸ਼ਰਮਾ ਝਬਕਰਾ, ਸਾਹਿਬ ਸਿੰਘ ਚੱਕਅਰਾਈਆਂ, ਅਨੋਖ ਸਿੰਘ ਘੋੜੇਵਾਹ, ਦਿਲਬਾਗ ਸਿੰਘ ਰੰਗੋਵਾਲ, ਕੁਲਜੀਤ ਸਿੰਘ ਸਿੱਧਵਾਂ ਜਮੀਤਾ, ਜਸਵੰਤ ਸਿੰਘ ਬੁੱਟਰ, ਧਿਆਨ ਸਿੰਘ ਠਾਕੁਰ, ਵਿਜੇ ਸੋਹਲ, ਲਖਵਿੰਦਰ ਸਿੰਘ ਮਰੜ, ਬਲਬੀਰ ਸਿੰਘ ਬੈਂਸ, ਅਸ਼ਵਨੀ ਕੁਮਾਰ ਲਖਣ ਕਲਾਂ, ਗੁਲਜ਼ਾਰ ਸਿੰਘ ਬਸੰਤਕੋਟ, ਬਲਵਿੰਦਰ ਸਿੰਘ ਉਦੀਪੁਰ, ਰਘਬੀਰ ਸਿੰਘ ਚਾਹਲ, ਅਜੀਤ ਸਿੰਘ ਹੁੰਦਲ ਆਦਿ ਨੇ ਸੰਬੋਧਨ ਕੀਤਾ। ਫੈਸਲਾ ਕੀਤਾ ਗਿਆ ਕਿ ਕੁਲ ਹਿੰਦ ਜਥੇਬੰਦੀਆਂ ਦੇ ਸਾਂਝੇ ਫੈਸਲੇ ਮੁਤਾਬਕ ਹਰ ਤਹਿਸੀਲ ਵਿੱਚ ਟਰੈਕਟਰ ਅਤੇ ਮੋਟਰਸਾਈਕਲ ਮਾਰਚ ਕੀਤੇ ਜਾਣਗੇ। ਗੁਰਦਾਸਪੁਰ, ਕਲਾਨੌਰ, ਡੇਰਾ ਬਾਬਾ ਨਾਨਕ, ਫਤਿਹਗੜ੍ਹ ਚੂੜੀਆਂ, ਬਟਾਲਾ, ਸ੍ਰੀ ਹਰਗੋਬਿੰਦਪੁਰ ਅਤੇ ਹੋਰ ਤਹਿਸੀਲਾਂ ਦੇ ਟਰੈਕਟਰ/ ਮੋਟਰਸਾਈਕਲ ਝੰਡਾ ਮਾਰਚਾਂ ਨੂੰ ਸਫਲ ਕਰਨ ਲਈ ਕਨਵੀਨਰ ਥਾਪੇ ਗਏ। ਇਹ ਝੰਡਾ ਮਾਰਚ ਬਿਜਲੀ ਸੋਧ ਬਿੱਲ ਤੇ ਬੀਜ ਬਿੱਲ ਵਾਪਸ ਲੈਣ, ਮਜ਼ਦੂਰਾਂ ਦੇ ਪੁਰਾਣੇ 44 ਕਾਨੂੰਨ ਬਹਾਲ ਕਰਨ ਤੇ ਮਨਰੇਗਾ ਬਹਾਲ ਕਰਨ ਦੀਆਂ ਮੰਗਾਂ ਨੂੰ ਲੈ ਕੇ ਕੀਤੇ ਜਾਣੇ ਹਨ। ਇਸੇ ਤਰ੍ਹਾਂ 12 ਫਰਵਰੀ ਦੀ ਦੇਸ਼ ਵਿਆਪੀ ਹੜਤਾਲ ਨੂੰ ਸਫਲ ਕਰਨ ਲਈ ਪਿੰਡ ਪਿੰਡ ਢੋਲ ਵਜਾ ਕੇ ਅਤੇ ਹੋਰ ਢੰਗਾਂ ਨਾਲ ਕੇਂਦਰ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਵਿਰੁੱਧ ਲੋਕਾਂ ਨੂੰ ਜਾਗਰੂਕ ਵੀ ਕੀਤਾ ਜਾਵੇਗਾ। ਇਹ ਵੀ ਫੈਸਲਾ ਕੀਤਾ ਗਿਆ ਕਿ ਅਗਰ ਬਿਜਲੀ ਸੋਧ ਬਿੱਲ ਤੇ ਬੀਜ ਬਿੱਲ ਪਾਰਲੀਮੈਂਟ ਵਿੱਚ ਪੇਸ਼ ਕੀਤਾ ਗਿਆ ਤਾਂ ਅਗਲੇ ਹੀ ਦਿਨ ਸਾਰੇ ਦੇਸ਼ ਵਿੱਚ 12 ਤੋਂ 3 ਵਜੇ ਤੱਕ ਰੇਲਾਂ ਦਾ ਚੱਕਾ ਜਾਮ ਕੀਤਾ ਜਾਵੇਗਾ। ਇਸ ਸਬੰਧੀ ਵੀ ਸਾਰੇ ਪ੍ਰਬੰਧ ਪੂਰੇ ਕਰ ਲਏ ਗਏ। ਬਲਬੀਰ ਸਿੰਘ ਉੱਚਾ ਧਕਾਲਾ, ਗੁਰਮੀਤ ਸਿੰਘ ਥਾਣੇਵਾਲ, ਬਲਬੀਰ ਸਿੰਘ ਬੈਂਸ, ਪਲਵਿੰਦਰ ਸਿੰਘ ਘਰਾਲਾ ਤੇ ਸਾਹਿਬ ਸਿੰਘ ਚੱਕਅਰਾਈਆਂ ਅਧਾਰਤ ਇੱਕ ਪ੍ਰਬੰਧਕੀ ਕਮੇਟੀ ਵੀ ਬਣਾਈ ਗਈ। ਇਸ ਮੌਕੇ ਗੁਰਮੁਖ ਸਿੰਘ ਖਹਿਰਾ, ਮੱਖਣ ਸਿੰਘ ਤਿੱਬੜ, ਬਲਬੀਰ ਸਿੰਘ ਮਾੜੇ, ਰਣਜੀਤ ਸਿੰਘ ਰਾਣਾ, ਬਲਪ੍ਰੀਤ ਸਿੰਘ ਪ੍ਰਿੰਸ ਘਰਾਲਾ, ਅਬਿਨਾਸ਼ ਸਿੰਘ ਹੈਡ ਮਾਸਟਰ, ਗੁਰਦੀਪ ਸਿੰਘ ਮੁਸਤਫਾਬਾਦ ਆਦਿ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਆਗੂ ਹਾਜ਼ਰ ਸਨ।



# ਕਾਦੀਆਂ 'ਚ ਤਿੰਨ ਥਾਵਾਂ 'ਤੇ ਤੜਕਸਾਰ ਐੱਨ ਆਈ ਏ ਟੀਮ ਦਾ ਛਾਪਾ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)- ਵੀਰਵਾਰ ਸਵੇਰੇ ਕਾਦੀਆਂ ਦੇ ਵੱਖ-ਵੱਖ ਤਿੰਨ ਥਾਵਾਂ 'ਤੇ ਐਨ ਆਈ ਏ ਟੀਮ ਵੱਲੋਂ ਛਾਪਾ ਮਾਰਿਆ ਗਿਆ। ਜਾਣਕਾਰੀ ਅਨੁਸਾਰ ਐਨ ਆਈ ਏ ਟੀਮ ਨੇ ਵੀਰਵਾਰ ਸਵੇਰੇ ਮੁਹੱਲਾ ਅਕਾਲਗੜ੍ਹ ਗੁਰੂ ਨਾਨਕ ਬਜ਼ਾਰ ਕਾਦੀਆਂ ਵਿਖੇ ਅਤੇ ਮੁਹੱਲਾ ਧਰਮਪੁਰਾ ਕਦੀਆਂ ਅਤੇ ਪਿੰਡ ਭੈਣੀ ਬਾਂਗਰ ਵਿਖੇ ਛਾਪਾ ਮਾਰਿਆ। ਮੁਹੱਲਾ ਅਕਾਲਗੜ੍ਹ ਗੁਰੂ ਨਾਨਕ ਬਾਜ਼ਾਰ ਵਿਖੇ ਐਨ ਆਈ ਏ ਦੀ ਟੀਮ ਵੱਲੋਂ ਜਿਸ ਸਥਾਨ ਉੱਪਰ ਛਾਪਾ ਮਾਰਿਆ ਗਿਆ ਉੱਥੇ ਮਾਮਲਾ ਕੋਈ ਮੋਬਾਇਲ ਸਿਮ ਨੂੰ ਲੈ ਕੇ ਸੀ। ਕਿਸੇ ਵਿਅਕਤੀ ਦੇ ਨਾਂਅ ਦੇ ਉੱਪਰ ਮੋਬਾਇਲ ਸਿਮ ਦਾ ਗਲਤ ਇਸਤੇਮਾਲ ਕੀਤਾ ਗਿਆ ਸੀ। ਜਿਸ ਨੂੰ ਲੈ ਕੇ ਟੀਮ ਵੱਲੋਂ ਜਾਂਚ ਕੀਤੀ ਗਈ। ਉਧਰ ਦੂਜੇ ਪਾਸੇ ਜੇ ਪਿੰਡ ਭੈਣੀ ਬਾਂਗਰ ਵਿਖੇ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ। ਮੁਹੱਲਾ ਅਕਾਲਗੜ੍ਹ ਦੇ ਵਸਨੀਕ ਅਤੇ ਮੁਹੱਲਾ ਧਰਮਪੁਰਾ ਕਾਦੀਆਂ ਵਸਨੀਕ ਨੂੰ ਟੀਮ ਵੱਲੋਂ ਸਮਾਂ ਦੇ ਕੇ ਦਫਤਰ ਬੁਲਾਇਆ ਗਿਆ। ਮੁਹੱਲਾ ਅਕਾਲਗੜ੍ਹ ਗੁਰੂ ਨਾਨਕ ਬਾਜ਼ਾਰ ਵਿਖੇ ਐਨ ਆਈ ਏ ਦੀ ਟੀਮ ਵੱਲੋਂ ਕਰੀਬ ਪੰਜ ਘੰਟੇ ਪਰਵਾਰ ਦੇ ਕੋਲੋਂ ਮੋਬਾਇਲ ਸਿਮ ਸਬੰਧੀ ਪੁਛਗਿਛ ਕੀਤੀ ਗਈ।

# ਪੈਨਸ਼ਨਰਜ਼ ਐਸੋਸੀਏਸ਼ਨ ਦੀ ਸਾਂਝੀ ਮੀਟਿੰਗ



ਪਠਾਨਕੋਟ (ਦਵਿੰਦਰ ਸਿੰਘ)-ਪੈਨਸ਼ਨਰਜ਼ ਐਸੋਸੀਏਸ਼ਨ ਪੰਜਾਬ ਸਟੇਟ ਪਾਵਰ ਅਤੇ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ ਸ਼ਹਿਰੀ ਮੰਡਲ ਅਤੇ ਦਿਹਾਤੀ ਮੰਡਲ ਪਠਾਨਕੋਟ ਨਾਲ ਸੰਬੰਧਤ ਪੈਨਸ਼ਨਰਜ਼ ਦੀ ਮੀਟਿੰਗ ਕਾਮਰੇਡ ਹੰਸਰਾਜ ਸਿੰਘ ਅਤੇ ਸੁਰਜੀਤ ਸਿੰਘ ਬਡੇਰੀ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿਚ ਕਾਮਰੇਡ ਬਿਕਰਮਜੀਤ ਪੈਨਸ਼ਨਰਾਂ ਦੇ ਆਗੂ ਵੀ ਸ਼ਾਮਲ ਹੋਏ। ਮੀਟਿੰਗ ਵਿਚ ਪੈਨਸ਼ਨਰਜ਼ ਦੀਆਂ ਮੰਗਾਂ ਦੇ ਸੰਬੰਧ ਵਿਚ ਵਿਚਾਰ ਵਟਾਂਦਰਾ ਕੀਤਾ ਗਿਆ। ਪਾਵਰ-ਕਾਮ ਦੀ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਵੱਲੋਂ ਪਿਛਲੇ ਸਮੇਂ ਮੀਟਿੰਗ ਵਿਚ ਜੋ ਮੰਗਾਂ ਬਾਰੇ ਸਹਿਮਤੀਆਂ ਹੋਈਆਂ ਸਨ ਉਹਨਾਂ ਦਾ ਅਜੇ ਤੱਕ ਨਿਪਟਾਰਾ ਨਹੀਂ ਕੀਤਾ ਗਿਆ, ਇਸ ਲਈ ਸਟੇਟ ਕਮੇਟੀ ਵਲੋਂ ਸੰਘਰਸ਼ ਸ਼ੁਰੂ ਕੀਤਾ ਗਿਆ ਹੈ ਜਿਸ ਦੇ ਵਜੋਂ ਸਾਰੇ ਪੰਜਾਬ ਸਰਕਲਾਂ ਵਿਚ ਕਨਵੈਨਸ਼ਨਾਂ ਕੀਤੀਆਂ ਜਾ ਰਹੀਆਂ ਹਨ। ਸਰਕਲ ਗੁਰਦਾਸਪੁਰ ਦੀ ਕਨਵੈਨਸ਼ਨ 27 ਜਨਵਰੀ ਨੂੰ ਗੁਰਦਾਸਪੁਰ ਵਿਖੇ ਹੋਵੇਗੀ ਅਤੇ 6 ਫਰਵਰੀ ਦੇ ਪਹਿਲੇ ਹਫਤੇ ਬਿਜਲੀ ਮੰਤਰੀ ਦੇ ਘਰ ਦੇ ਬਾਹਰ ਲੁਧਿਆਣਾ ਵਿਖੇ ਧਰਨਾ ਮਾਰਿਆ ਜਾਵੇਗਾ। ਮੁੱਖ ਮੰਗਾਂ ਜਿਵੇਂ ਕਿ ਤਨਖਾਹ ਕਮਿਸ਼ਨ ਵਿਚ ਪਾਈਆਂ ਤਰੁਟੀਆਂ ਦੂਰ ਕੀਤੀਆਂ ਜਾਣ, ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਸਮੇਤ ਪਿਛਲਾ ਬਕਾਇਆ ਜਾਰੀ ਕੀਤਾ ਜਾਵੇ, ਕੈਸ਼ਲੈਸ ਮੈਡੀਕਲ ਬੀਮਾ ਸਕੀਮ ਲਾਗੂ ਕੀਤੀ ਜਾਵੇ, ਫਿਕਸ ਮੈਡੀਕਲ ਅਲਾਊਂਸ ਰੁਪਏ 2000 ਮਹੀਨਾ ਲਾਗੂ ਕੀਤਾ ਜਾਵੇ, 23 ਸਾਲਾ ਸਕੇਲ ਬਿਨਾਂ ਸ਼ਰਤ ਦਿੱਤਾ ਜਾਵੇ, ਬਿਜਲੀ ਦੇ ਯੂਨਿਟਾਂ ਦੀ ਰਿਆਇਤ ਦਿੱਤੀ ਜਾਵੇ ਅਤੇ ਵਰਕਚਾਰਜ ਸਮੇਂ ਦੀ ਸੇਵਾ ਜਿਹਨਾਂ ਦਾ ਰਿਕਾਰਡ ਉਪਲਬਧ ਨਹੀਂ ਹੈ ਉਹਨਾਂ ਦਾ ਸਮਾਂ ਨਿਯਮਤ ਕਰਕੇ ਪੂਰਾ ਲਾਭ ਦੇਣ ਲਈ ਕਮੇਟੀ ਬਣਾ ਕੇ ਵਿਚਾਰ ਕੀਤਾ ਜਾਵੇ। ਮੀਟਿੰਗ ਵਿਚ ਸਾਥੀ ਵਿਜੇ ਕੁਮਾਰ ਸ਼ਰਮਾ, ਰਣਬੀਰ ਸਿੰਘ, ਨੰਦ ਕਿਸ਼ੋਰ, ਸਾਧੂ ਰਾਮ, ਅਮਰ ਨਾਥ, ਕਰਨੈਲ ਸਿੰਘ, ਸ਼ਿਵ ਕੁਮਾਰ, ਲੇਖ ਰਾਜ ਹਾਜ਼ਰ ਸਨ।

# ਪੰਜਾਬ ਵਾਸੀਆਂ ਲਈ ਵਰਦਾਨ ਸਾਬਤ ਹੋਵੇਗੀ ਸਿਹਤ ਬੀਮਾ ਯੋਜਨਾ : ਸ਼ਮਸ਼ੇਰ ਸਿੰਘ



ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਪੰਜਾਬ ਦੇ ਲੋਕਾਂ ਵੱਲੋਂ ਚਿਰਾਂ ਤੋਂ ਉਡੀਕੀ ਜਾ ਰਹੀ ਦੇਸ਼ ਦੀ ਸਭ ਤੋਂ ਵੱਡੀ ਨਕਦੀ ਰਹਿਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੀ ਲਾਂਚਿੰਗ ਮੌਕੇ ਵੀਰਵਾਰ ਇਸ ਯੋਜਨਾ ਨੂੰ ਦੀਨਾਨਗਰ ਅੰਦਰ ਵੀ ਵਰਚੂਅਲ ਤਰੀਕੇ ਨਾਲ ਲਾਂਚ ਕੀਤਾ ਗਿਆ। ਦੀਨਾਨਗਰ ਦੇ ਰਾਇਲ ਪੈਲੇਸ ਵਿਖੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਦੀ ਅਗਵਾਈ ਹੇਠ ਇਕ ਸਮਾਗਮ ਕਰਵਾਇਆ ਗਿਆ। ਜਿੱਥੇ ਵੱਡੀ ਸਕਰੀਨ ਰਾਹੀਂ ਪਾਰਟੀ ਵਰਕਰਾਂ ਨੇ ਯੋਜਨਾਂ ਦੀ ਲਾਂਚਿੰਗ ਵਿੱਚ ਵਰਚੂਅਲ ਤਰੀਕੇ ਨਾਲ ਸ਼ਮੂਲੀਅਤ ਕੀਤੀ।

ਪੰਜਾਬ ਦੇ ਲੋਕਾਂ ਦੀ ਸਿਹਤ ਨਾਲ ਜੁੜੀ ਯੋਜਨਾ ਨੂੰ ਲਾਗੂ ਕਰਨ 'ਤੇ ਆਪ ਵਰਕਰਾਂ ਨੇ ਖੁਸ਼ੀਆਂ ਮਨਾਈਆਂ, ਢੋਲ ਦੀ ਥਾਪ 'ਤੇ ਭੰਗੜੇ ਪਾਏ। ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਇਸ ਯੋਜਨਾ ਨੂੰ ਪੰਜਾਬ ਦੇ ਲੋਕਾਂ ਲਈ ਵਰਦਾਨ ਕਰਾਰ ਦਿੰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਲਾਗੂ ਕੀਤੀ ਗਈ ਨਕਦੀ ਰਹਿਤ ਸਿਹਤ ਬੀਮਾ ਯੋਜਨਾ ਨੇ ਪੰਜਾਬ ਦੇ ਲੋਕਾਂ ਦੀਆਂ ਹਸਪਤਾਲਾਂ ਅੰਦਰ ਇਲਾਜ ਉੱਤੇ ਹੋਣ ਵਾਲੇ ਖਰਚਿਆਂ ਦੀਆਂ ਚਿੰਤਾਵਾਂ ਮੁਕਾ ਦਿੱਤੀਆਂ ਹਨ।ਸ਼ਮਸ਼ੇਰ ਸਿੰਘ ਨੇ ਇਸ ਯੋਜਨਾ ਨੂੰ ਲਾਗੂ ਕਰਨ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਦਾ ਧੰਨਵਾਦ ਕੀਤਾ।

# ਗੈਂਗਸਟਰ ਪ੍ਰਭ ਦਾਸੂਵਾਲ ਗਿਰੋਹ ਦੇ 3 ਮੈਂਬਰ ਕੀਤੇ ਕਾਬੂ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ) - ਖਾਲੜਾ ਪੁਲਸ ਨੇ ਗੈਂਗਸਟਰ ਪ੍ਰਭ ਦਾਸੂਵਾਲ ਗਿਰੋਹ ਦੇ 6 ਮੈਂਬਰਾਂ ਵਿੱਚੋਂ ਤਿੰਨ ਜਣਿਆਂ ਨੂੰ ਹਥਿਆਰਾਂ ਸਮੇਤ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮਾਂ ਦੀ ਪਛਾਣ ਸੁਖਦੇਵ ਸਿੰਘ ਉਰਫ ਸੁੱਖਾ ਗਿੱਲ ਪੁੱਤਰ ਰਣਜੀਤ ਸਿੰਘ ਵਾਸੀ ਤਲਵੰਡੀ ਮਸੰਦਾਂ ਸਿੰਘ, ਗੁਰਪ੍ਰੀਤ ਸਿੰਘ ਉਰਫ ਗੋਪਾ ਪੁੱਤਰ ਸਾਹਿਬ ਸਿੰਘ ਵਾਸੀ ਡਲੀਰੀ ਅਤੇ ਮਨਜੀਤ ਸਿੰਘ ਉਰਫ ਮਾਹਣਾ ਪੁੱਤਰ ਸੁਖਵਿੰਦਰ ਸਿੰਘ ਵਾਸੀ ਪਿੰਡ ਡਲੀਰੀ ਵਜੋਂ ਹੋਈ ਹੈ। ਪੁਲਸ ਮੁਤਾਬਕ ਇਹ ਤਿੰਨੋਂ ਜਣੇ ਪਾਕਿਸਤਾਨ ਤੋਂ ਡਰੋਨ ਰਾਹੀਂ ਹਥਿਆਰ ਤੇ ਅਸਲਾ ਮੰਗਵਾਉਂਦੇ ਸਨ। ਇਨ੍ਹਾਂ ਪਾਸੋਂ 30 ਬੋਰ ਦੇ 2 ਪਿਸਤੌਲ ਸਮੇਤ ਮੈਗਜ਼ੀਨ ਅਤੇ ਏ ਕੇ-47 ਰਾਈਫਲ 2 ਮੈਗਜ਼ੀਨਾਂ ਤੇ 20 ਜ਼ਿੰਦਾ ਰੌਂਦ ਬਰਾਮਦ ਹੋਏ ਹਨ। ਇਸ ਸੰਬੰਧੀ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਐੱਸ ਐੱਸ ਪੀ ਤਰਨ ਤਾਰਨ ਸੁਰੇਂਦਰ ਲਾਂਬਾ ਨੇ ਦੱਸਿਆ ਕਿ ਫੜੇ ਗਏ ਮੁਲਜ਼ਮਾਂ ਪਾਸੋਂ ਬਰੀਕੀ ਨਾਲ ਪੁੱਛਗਿਛ ਕੀਤੀ ਜਾ ਰਹੀ ਹੈ ਤੇ ਇਨ੍ਹਾਂ ਪਾਸੋਂ ਕਈ ਹੋਰ ਅਹਿਮ ਖੁਲਾਸੇ ਹੋਣ ਦੀ ਵੀ ਸੰਭਾਵਨਾ ਹੈ।

# ਸਬਜ਼ੀ ਦੀ ਦੁਕਾਨ ਤੋਂ ਪਿਆਜ਼ਾਂ ਦਾ ਬੋਰਾ ਚੋਰੀ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਕਾਦੀਆਂ ਦੇ ਬੁੱਟਰ ਰੋਡ ਚੌਕ ਅਤੇ ਛੋਟੇ ਬਿਜਲੀ ਘਰ ਦੇ ਸਾਹਮਣੇ ਸਬਜ਼ੀ ਦੀ ਰੇਹੜੀ ਫੜ੍ਹੀ ਲਗਾਉਣ ਵਾਲੇ ਵਿਅਕਤੀ ਦਾ ਪਿਆਜ਼ਾਂ ਦਾ ਬੋਰਾ ਚੋਰੀ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਫੜ੍ਹੀ ਲਗਾਉਣ ਵਾਲੇ ਨਰੇਸ਼ ਕੁਮਾਰ ਪੁੱਤਰ ਲਾਲ ਚੰਦ ਵਾਸੀ ਮੁਹੱਲਾ ਧਰਮਪੁਰਾ ਕਾਦੀਆਂ ਨੇ ਦੱਸਿਆ ਕਿ ਉਹ ਸਵੇਰੇ ਆਪਣਾ ਅੱਡਾ ਲਗਾ ਕੇ ਬੱਚਿਆਂ ਨੂੰ ਸਕੂਲ ਛੱਡਣ ਲਈ ਘਰ ਚਲਾ ਗਿਆ ਤਾਂ ਉਸ ਦੇ ਪਿੱਛੋਂ ਕਿਸੇ ਚੋਰ ਵੱਲੋਂ ਉਸ ਦਾ ਪਿਆਜ਼ਾਂ ਦਾ ਭਰਿਆ ਤੋੜਾ ਚੋਰੀ ਕਰ ਲਿਆ ਗਿਆ। ਜਿਸ ਦੀ ਕੁੱਲ ਕੀਮਤ ਮਾਰਕੀਟ ਵਿੱਚ 1200 ਰੁਪਏ ਦੇ ਕਰੀਬ ਬਣਦੀ ਹੈ। ਉਸ ਦੀ ਦੁਕਾਨ ਦੇ ਲਾਗੋਂ ਕੁਝ ਸਮਾਂ ਪਹਿਲਾਂ ਛੋਲੇ ਭਠੂਰਿਆਂ ਵਾਲੀ ਦੁਕਾਨ ਵਿੱਚੋਂ ਇੱਕ ਜੂਸਰ ਗਰੈਂਡਰ ਤੇ ਪੈਸੇ ਵੀ ਚੋਰੀ ਹੋਏ ਸਨ ਅਤੇ ਨਾਲ ਹੀ ਪਿਛਲੇ ਪਾਸੇ ਲੱਗਦੀ ਆਟਾ ਚੱਕੀ ਮਸ਼ੀਨ ਤੋਂ 5 ਹਜ਼ਾਰ ਰੁਪਏ ਦੀ ਨਗਦੀ ਚੋਰੀ ਕੀਤੀ ਗਈ ਸੀ। ਇਸ ਘਟਨਾ ਤੋਂ ਬਾਅਦ ਇਲਾਕੇ ਦੇ ਸਬਜ਼ੀ ਵਿਕਰੇਤਾ ਵੱਲੋਂ ਆਪਣੀਆਂ ਦੁਕਾਨਾਂ ਦੇ ਬਾਹਰ ਹੁਣ ਪਹਿਰਾ ਵਧਾਉਣਾ ਪਵੇਗਾ। ਕਿਉਂਕਿ ਰਾਤ ਤਾਂ ਰਾਤ ਹੁਣ ਤਾਂ ਚੋਰ ਦਿਨ ਦਿਹਾੜੇ ਹੀ ਚੋਰੀਆਂ ਕਰ ਰਹੇ ਹਨ। ਚਿੱਟੇ ਦਿਨ ਹੋਈ ਇਸ ਵਾਰਦਾਤ ਤੋਂ ਬਾਅਦ ਇਹ ਲੱਗਦਾ ਹੈ ਕਿ ਸਥਾਨਕ ਪੁਲਸ ਪ੍ਰਸ਼ਾਸਨ ਦਾ ਵੀ ਚੋਰਾਂ ਦੇ ਉੱਪਰ ਕੋਈ ਡਰ ਨਹੀਂ ਹੈ। ਚੋਰ ਬੇਖੌਫ ਅਜਿਹੀਆਂ ਘਟਨਾਵਾਂ ਨੂੰ ਅੰਜਾਮ ਦੇ ਰਹੇ ਹਨ। ਜੇਕਰ ਸ਼ਹਿਰ 'ਚ ਪੁਲਸ ਦਾ ਪਹਿਰਾ ਜ਼ਿਆਦਾ ਹੋਵੇ ਤਾਂ ਸ਼ਾਇਦ ਅਜਿਹੀਆਂ ਘਟਨਾਵਾਂ ਰੁਕ ਸਕਣ।

# ਸੱਜਣ ਕੁਮਾਰ ਨੂੰ ਬਰੀ ਕਰਨਾ ਇਨਸਾਫ਼ ਦਾ ਕਤਲ: ਪੀਰ ਮੁਹੰਮਦ

ਧਾਰੀਵਾਲ, (ਮਨਦੀਪ ਵਿੱਕੀ) - ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ ਨੇ ਨਵੰਬਰ 1984 ਸਿੱਖ ਕਤਲੇਆਮ ਨਾਲ ਸਬੰਧਤ ਦਿੱਲੀ ਦੇ ਵਿਕਾਸਪੁਰੀ ਅਤੇ ਜਨਕਪੁਰੀ ਇਲਾਕਿਆਂ ਵਿੱਚ ਹੋਏ ਕਤਲਾਂ ਦੇ ਮਾਮਲੇ ਵਿੱਚ ਮੁੱਖ ਦੋਸ਼ੀ ਸੱਜਣ ਕੁਮਾਰ ਨੂੰ ਅਦਾਲਤ ਵੱਲੋਂ ਬਰੀ ਕੀਤੇ ਜਾਣ 'ਤੇ ਡੂੰਘੇ ਰੋਸ ਅਤੇ ਅਫ਼ਸੋਸ ਦਾ ਪ੍ਰਗਟਾਵਾ ਕੀਤਾ ਹੈ। ਪੀਰ ਮੁਹੰਮਦ, ਜਿਨ੍ਹਾਂ ਨੇ ਫੈਡਰੇਸ਼ਨ ਦੇ ਮੁਖੀ ਵਜੋਂ ਦਹਾਕਿਆਂ ਤੱਕ 1984 ਦੇ ਇਨਸਾਫ਼ ਲਈ ਕਾਨੂੰਨੀ ਲੜਾਈ ਲੜੀ ਹੈ, ਨੇ ਕਿਹਾ ਕਿ ਇਹ ਫੈਸਲਾ ਉਨ੍ਹਾਂ ਪੀੜਤ ਪਰਵਾਰਾਂ ਦੇ ਜ਼ਖਮਾਂ 'ਤੇ ਲੂਣ ਛਿੜਕਣ ਬਰਾਬਰ ਹੈ ਜੋ ਪਿਛਲੇ 41 ਸਾਲਾਂ ਤੋਂ ਇਨਸਾਫ਼ ਦੀ ਉਡੀਕ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਇਤਿਹਾਸਕ ਸੱਚ ਹੈ ਕਿ ਸੱਜਣ ਕੁਮਾਰ ਨੇ ਭੀੜ ਨੂੰ ਉਕਸਾ ਕੇ ਇਹ ਕਤਲੇਆਮ ਕਰਵਾਇਆ ਸੀ। ਅਜਿਹੇ ਗੰਭੀਰ ਮਾਮਲੇ ਵਿੱਚ ਉਸ ਨੂੰ ਬਰੀ ਕਰਨਾ ਜਾਂਚ ਏਜੰਸੀਆਂ ਦੀ ਢਿੱਲੀ ਪੈਰਵੀ ਅਤੇ ਕਾਂਗਰਸ ਸਰਕਾਰਾਂ ਵੱਲੋਂ ਸਬੂਤ ਮਿਟਾਉਣ ਦੀਆਂ ਸਾਜ਼ਿਸ਼ਾਂ ਦਾ ਨਤੀਜਾ ਹੈ। ਪੀਰ ਮੁਹੰਮਦ ਨੇ ਮੰਗ ਕੀਤੀ ਕਿ ਕੇਂਦਰੀ ਜਾਂਚ ਏਜੰਸੀਆਂ ਅਤੇ ਸਰਕਾਰ ਇਸ ਫੈਸਲੇ ਵਿਰੁੱਧ ਤੁਰੰਤ ਉੱਚ ਅਦਾਲਤ ਵਿੱਚ ਸਖ਼ਤ ਅਪੀਲ ਦਾਇਰ ਕਰਨ ਤਾਂ ਜੋ ਦੋਸ਼ੀਆਂ ਨੂੰ ਉਨ੍ਹਾਂ ਦੇ ਗੁਨਾਹਾਂ ਦੀ ਸਜ਼ਾ ਮਿਲ ਸਕੇ। ਉਨ੍ਹਾਂ ਸਪੱਸ਼ਟ ਕੀਤਾ ਕਿ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤੀ) ਹਮੇਸ਼ਾ 1984 ਦੇ ਪੀੜਤਾਂ ਦੇ ਹੱਕ ਵਿੱਚ ਖੜ੍ਹਾ ਹੈ ਅਤੇ ਅਸੀਂ ਸੱਜਣ ਕੁਮਾਰ ਤੇ ਜਗਦੀਸ਼ ਟਾਈਟਲਰ ਵਰਗੇ ਦੋਸ਼ੀਆਂ ਨੂੰ ਸਲਾਖਾਂ ਪਿੱਛੇ ਦੇਖਣ ਤੱਕ ਆਪਣੀ ਲੜਾਈ ਜਾਰੀ ਰੱਖਾਂਗੇ। ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਤੋਂ ਲੈ ਕੇ ਸ਼੍ਰੋਮਣੀ ਅਕਾਲੀ ਦਲ ਤੱਕ, ਸਾਡਾ ਇੱਕੋ-ਇੱਕ ਮਕਸਦ 1984 ਦੇ ਕਾਤਲਾਂ ਨੂੰ ਸਜ਼ਾ ਦਿਵਾਉਣਾ ਰਿਹਾ ਹੈ। ਅਸੀਂ ਇਸ ਨਾਇਨਸਾਫ਼ੀ ਨੂੰ ਬਰਦਾਸ਼ਤ ਨਹੀਂ ਕਰਾਂਗੇ ਅਤੇ ਕੌਮ ਦੀ ਆਵਾਜ਼ ਨੂੰ ਹਰ ਮੰਚ 'ਤੇ ਬੁਲੰਦ ਕਰਾਂਗੇ। ਇਸ ਮੌਕੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਜਨਰਲ ਸਕੱਤਰ ਤੇ ਸਮਾਜ ਸੇਵੀ ਆਗੂ ਭਾਈ ਗਗਨਦੀਪ ਸਿੰਘ ਰਿਆੜ, ਕੰਵਲਜੀਤ ਸਿੰਘ ਬਿੱਟਾ ਡਾਕਟਰ ਕਾਰਜ ਸਿੰਘ, ਗੁਰਮੁੱਖ ਸਿੰਘ ਸੰਧੂ, ਸੁਖਵਿੰਦਰ ਸਿੰਘ ਪਾਹੜਾ, ਲਵਪ੍ਰੀਤ ਸਿੰਘ ਬਟਾਲਾ, ਪਰਮਜੀਤ ਸਿੰਘ ਧਨੇਰ, ਆਦਿ ਆਗੂ ਹਾਜ਼ਰ ਸਨ।



# ਪੁਰਾਣੇ ਅਧਿਆਪਕਾਂ ਉੱਪਰ ਟੀ ਈ ਟੀ ਦੀ ਸ਼ਰਤ ਗ਼ੈਰ-ਵਾਜਿਬ: ਡੀ ਟੀ ਐੱਫ




ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ) - ਸਤੰਬਰ 2024 ਦੌਰਾਨ ਮਾਣਯੋਗ ਸੁਪਰੀਮ ਕੋਰਟ ਵੱਲੋਂ ਤਰੱਕੀ ਲਈ ਟੀ.ਈ.ਟੀ. (ਟੈੱਟ) ਲਾਜ਼ਮੀ ਕਰਨ ਸਬੰਧੀ ਆਏ ਫੈਸਲੇ ਨੇ ਪਹਿਲਾਂ ਤੋਂ ਸੇਵਾਵਾਂ ਨਿਭਾਅ ਰਹੇ ਅਧਿਆਪਕਾਂ ਲਈ ਵੱਡੀ ਪ੍ਰੇਸ਼ਾਨੀ ਖੜ੍ਹੀ ਕਰ ਦਿੱਤੀ ਹੈ। ਇਸ ਫੈਸਲੇ ਕਾਰਨ ਪ੍ਰਾਇਮਰੀ ਤੋਂ ਮਾਸਟਰ ਕਾਡਰ ਵਿੱਚ ਹੋਣ ਵਾਲੀਆਂ ਲਗਭਗ 5,000 ਅਧਿਆਪਕਾਂ ਦੀਆਂ ਤਰੱਕੀਆਂ 'ਤੇ ਰੋਕ ਲੱਗ ਗਈ ਹੈ। ਇਸ ਸਬੰਧੀ ਰੋਸ ਪ੍ਰਗਟ ਕਰਦਿਆਂ ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ (ਡੀ.ਟੀ.ਐੱਫ.) ਗੁਰਦਾਸਪੁਰ ਦੇ ਜ਼ਿਲ੍ਹਾ ਪ੍ਰਧਾਨ ਪਲਵਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਸਿੱਖਿਆ ਦੇ ਅਧਿਕਾਰ ਐਕਟ-2009 ਤਹਿਤ 23 ਅਗਸਤ 2010 ਤੋਂ ਬਾਅਦ ਹੋਈ ਭਰਤੀ ਲਈ ਤਾਂ ਟੀ.ਈ.ਟੀ. ਲਾਜ਼ਮੀ ਸੀ, ਪਰ ਹੁਣ ਪੁਰਾਣੇ ਅਧਿਆਪਕਾਂ 'ਤੇ ਵੀ ਇਹ ਸ਼ਰਤ ਮੜ੍ਹਨਾ ਸਰਾਸਰ ਧੱਕਾ ਹੈ। ਸੁਪਰੀਮ ਕੋਰਟ ਨੇ 23 ਅਗਸਤ 2010 ਤੋਂ ਪਹਿਲਾਂ ਭਰਤੀ ਹੋਏ ਅਧਿਆਪਕਾਂ ਨੂੰ ਵੀ 2 ਸਾਲਾਂ ਅੰਦਰ ਟੀ.ਈ.ਟੀ. ਪਾਸ ਕਰਨ ਦੀ ਸ਼ਰਤ ਲਗਾ ਦਿੱਤੀ ਹੈ। ਇਸ ਫੈਸਲੇ ਕਾਰਨ ਲੰਬੇ ਸਮੇਂ ਤੋਂ ਲਟਕ ਰਹੀਆਂ ਪ੍ਰਾਇਮਰੀ ਤੋਂ ਮਾਸਟਰ ਕਾਡਰ ਦੀਆਂ ਹਜ਼ਾਰਾਂ ਤਰੱਕੀਆਂ ਅੱਧਵਾਟੇ ਲਟਕ ਗਈਆਂ ਹਨ। ਜਥੇਬੰਦੀ ਦੇ ਆਗੂਆਂ ਨੇ ਕਿਹਾ ਕਿ ਅਧਿਆਪਕ ਆਪਣੇ ਸਮੇਂ ਦੀਆਂ ਤੈਅ ਸ਼ਰਤਾਂ ਅਨੁਸਾਰ ਭਰਤੀ ਹੋਏ ਸਨ, ਇਸ ਲਈ ਬਾਅਦ ਵਿੱਚ ਬਣੇ ਨਿਯਮ ਉਹਨਾਂ 'ਤੇ ਲਾਗੂ ਕਰਨਾ ਗੈਰ-ਕਾਨੂੰਨੀ ਹੈ। ? ਆਗੂਆਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਅਧਿਆਪਕਾਂ ਦੇ ਹਿੱਤਾਂ ਦੀ ਰਾਖੀ ਨਾ ਕੀਤੀ ਗਈ ਤਾਂ ਜਥੇਬੰਦੀ ਸੰਘਰਸ਼ ਨੂੰ ਹੋਰ ਤੇਜ਼ ਕਰਨ ਲਈ ਮਜਬੂਰ ਹੋਵੇਗੀ।

# ਨਸ਼ਿਆਂ ਦੀ ਦੁਰਵਰਤੋਂ ਤੇ ਔਰਤਾਂ 'ਤੇ ਇਸ ਦੇ ਮਾੜੇ ਪ੍ਰਭਾਵਾਂ ਬਾਰੇ ਇੱਕ ਰੋਜ਼ਾ ਸੈਮੀਨਾਰ



ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਰਾਸ਼ਟਰੀ ਮਹਿਲਾ ਕਮਿਸ਼ਨ, ਨਵੀਂ ਦਿੱਲੀ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਸਹਿਯੋਗ ਨਾਲ, ਨਸ਼ਿਆਂ ਦੀ ਦੁਰਵਰਤੋਂ ਦੇ ਵਧ ਰਹੇ ਖ਼ਤਰੇ ਅਤੇ ਔਰਤਾਂ 'ਤੇ ਇਸ ਦੇ ਮਾੜੇ ਪ੍ਰਭਾਵਾਂ ਬਾਰੇ ਇੱਕ ਰੋਜ਼ਾ ਸੈਮੀਨਾਰ ਕਰਵਾਇਆ ਗਿਆ। ਮੁੱਖ ਮਹਿਮਾਨਾਂ ਵਿੱਚ ਸੀ ਜੇ ਐਮ ਗੁਰਦਾਸਪੁਰ, ਸਵੈ-ਸਚਿਵ ਡੀ ਐਲ ਐਸ ਏ ਹਰਪ੍ਰੀਤ ਸਿੰਘ ਅਤੇ ਸਹਾਇਕ ਪ੍ਰੋਫੈਸਰ ਸ਼ਮਸ਼ੇਰ ਸਿੰਘ (ਕਾਨੂੰਨ ਵਿਭਾਗ, ਜੀ ਐਨ ਡੀ ਯੂ ਰੀਜਨਲ ਕੈਂਪਸ, ਗੁਰਦਾਸਪੁਰ) ਵਿਸ਼ੇਸ਼ ਭਾਸ਼ਣ ਲਈ ਸ਼ਾਮਲ ਸਨ। ਸੁਨੀਲ ਜੋਸ਼ੀ (ਡੀ ਸੀ ਪੀ ਓ) ਅਤੇ ਮੈਡਮ ਵੀਨਾ, ਸੀ ਡੀ ਪੀ ਓ, ਦੀਨਾਨਗਰ, ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਸਨ। ਮਹਿਮਾਨਾਂ ਦਾ ਸਵਾਗਤ ਕਰਦੇ ਹੋਏ, ਪ੍ਰਿੰਸੀਪਲ ਨੇ ਨਸ਼ਿਆਂ ਦੀ ਦੁਰਵਰਤੋਂ ਦੇ ਮਾੜੇ ਪ੍ਰਭਾਵਾਂ ਅਤੇ ਬਾਲ ਵਿਆਹ ਨੂੰ ਰੋਕਣ ਬਾਰੇ ਸਮਾਜ ਵਿੱਚ ਜਾਗਰੂਕਤਾ ਪੈਦਾ ਕਰਨ ਦਾ ਮੈਸੇਜ ਦਿੱਤਾ। ਮਹਿਲਾ ਭਲਾਈ ਵਿਭਾਗ ਦੇ ਡੀਨ ਪ੍ਰੋਫੈਸਰ ਪ੍ਰਬੋਧ ਗਰੋਵਰ ਨੇ ਸਾਰੀਆਂ ਸੰਸਥਾਵਾਂ ਨੂੰ ਨਸ਼ਿਆਂ ਦੀ ਵਰਤੋਂ ਵਿਰੁੱਧ ਅਤੇ ਸਮਾਜ ਵਿੱਚ ਔਰਤਾਂ 'ਤੇ ਮਾੜੇ ਪ੍ਰਭਾਵਾਂ ਅਤੇ ਸ਼ੋਸ਼ਣ ਦਾ ਮੁਕਾਬਲਾ ਕਰਨ ਲਈ ਪ੍ਰਸ਼ਾਸਨ ਨਾਲ ਇੱਕਜੁੱਟ ਹੋਣ ਅਤੇ ਸਮਰਥਨ ਕਰਨ ਦੀ ਅਪੀਲ ਕੀਤੀ। ਸੁਨੀਲ ਜੋਸ਼ੀ, ਡੀ ਸੀ ਪੀ ਓ ਨੇ ਬਾਲ ਵਿਆਹ ਨੂੰ ਰੋਕਣ ਵਿੱਚ ਆਂਗਣਵਾੜੀ ਵਰਕਰਾਂ ਦੀ ਸਰਗਰਮ ਭੂਮਿਕਾ ਬਾਰੇ ਚਰਚਾ ਕੀਤੀ। ਪ੍ਰੋਫੈਸਰ ਸ਼ਮਸ਼ੇਰ ਸਿੰਘ ਨੇ ਸਾਰਿਆਂ ਨੂੰ ਸ਼ਰਾਬ ਅਤੇ ਨਸ਼ਿਆਂ ਵਿਰੁੱਧ ਕਾਨੂੰਨਾਂ ਬਾਰੇ ਜਾਣੂ ਕਰਵਾਇਆ। ਹਰਵਿੰਦਰ ਸਿੰਘ ਭੱਟੀ ਨੇ ਜਕੜੀਆ ਪਿੰਡ ਤੋਂ ਹਰ ਸੰਭਵ ਸਹਾਇਤਾ ਦਾ ਭਰੋਸਾ ਦਿੱਤਾ। ਮੁੱਖ ਮਹਿਮਾਨ ਅਤੇ ਮੁੱਖ ਬੁਲਾਰੇ ਨੇ ਸਾਰੀਆਂ ਸੰਸਥਾਵਾਂ, ਆਂਗਣਵਾੜੀ ਵਰਕਰਾਂ, ਬਾਲ ਭਲਾਈ ਵਿਭਾਗ, ਡੀ ਐਲ ਐਸ ਏ ਅਤੇ ਆਸ਼ਾ ਵਰਕਰਾਂ ਦੀ ਭੂਮਿਕਾ ਬਾਰੇ ਚਰਚਾ ਕੀਤੀ। ਉਨ੍ਹਾਂ ਕਿਹਾ ਕਿ ਭਾਰਤੀ ਕਾਨੂੰਨ ਸੰਹਿਤਾ ਨੂੰ ਦੁਨੀਆ ਦਾ ਸਭ ਤੋਂ ਵਧੀਆ ਸੰਵਿਧਾਨ ਮੰਨਿਆ ਜਾਂਦਾ ਹੈ ਅਤੇ ਨਿਆਂਪਾਲਿਕਾ ਹਮੇਸ਼ਾ ਸਮਾਜ ਦੇ ਪੁਨਰ ਨਿਰਮਾਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਨਸ਼ੀਲੇ ਪਦਾਰਥਾਂ ਦੇ ਅਪਰਾਧੀਆਂ ਅਤੇ ਔਰਤਾਂ ਦਾ ਸ਼ੋਸ਼ਣ ਕਰਨ ਵਾਲਿਆਂ ਨੂੰ ਸਮਾਜ ਵਿੱਚੋਂ ਖਤਮ ਕੀਤਾ ਜਾਣਾ ਚਾਹੀਦਾ ਹੈ। ਇਸ ਮੌਕੇ ਹਰਜਿੰਦਰ ਸਿੰਘ, ਰਾਜਬੀਰ, ਰੰਮੀ ਠਾਕੁਰ, ਜਨਕ ਰਾਜ, ਪ੍ਰੋ. ਸੁਬੀਰ ਰਗਬੋਤਰਾ, ਪ੍ਰੋ. ਹਰਸ਼ਿਤ ਭੱਲਾ, ਪ੍ਰੋ. ਸੁਸ਼ਮਾ, ਪ੍ਰੋ. ਸਾਨੀਆ ਅਤੇ ਪ੍ਰੋ. ਸ਼ਿੰਦਰ ਕੌਰ ਮੌਜੂਦ ਸਨ।

# ਸਾਂਝੇ ਅਪ੍ਰੇਸ਼ਨ 'ਚ 3 ਪਿਸਤੌਲ, 6 ਮੈਗਜ਼ੀਨ ਤੇ 150 ਕਾਰਤੂਸ ਬਰਾਮਦ



ਅੰਮ੍ਰਿਤਸਰ (ਜਗਦੀਸ਼ ਕਮਲੇਸ਼) ਭਾਰਤ-ਪਾਕਿਸਤਾਨ ਅੰਤਰਰਾਸ਼ਟਰੀ ਸਰਹੱਦ ਦੇ ਨੇੜੇ ਇੱਕ ਵੱਡੀ ਸਾਜ਼ਿਸ਼ ਨੂੰ ਨਾਕਾਮ ਕਰਦੇ ਹੋਏ ਸੀਮਾ ਸੁਰੱਖਿਆ ਬਲ ਦੀ 45ਵੀਂ ਬਟਾਲੀਅਨ ਅਤੇ ਨਾਰਕੋਟਿਕਸ ਵਿਰੋਧੀ ਟਾਸਕ ਫੋਰਸ ਦੀ ਇੱਕ ਸਾਂਝੀ ਟੀਮ ਨੇ ਇੱਕ ਤਲਾਸ਼ੀ ਮੁਹਿੰਮ ਦੌਰਾਨ ਵੱਡੀ ਮਾਤਰਾ ਵਿੱਚ ਗੈਰ-ਕਾਨੂੰਨੀ ਹਥਿਆਰ ਅਤੇ ਗੋਲਾ ਬਾਰੂਦ ਬਰਾਮਦ ਕੀਤਾ। ਇਹ ਕਾਰਵਾਈ ਸਰਹੱਦੀ ਪਿੰਡ ਭਿੰਡੀ ਔਲਖ ਦੇ ਨੇੜੇ ਕੀਤੀ ਗਈ। ਸ਼ੱਕੀ ਗਤੀਵਿਧੀਆਂ ਦੀ ਸੂਚਨਾ ਮਿਲਣ ਤੋਂ ਬਾਅਦ ਸੁਰੱਖਿਆ ਬਲਾਂ ਨੇ ਇਲਾਕੇ ਨੂੰ ਘੇਰ ਲਿਆ ਅਤੇ ਤਲਾਸ਼ੀ ਮੁਹਿੰਮ ਸ਼ੁਰੂ ਕੀਤੀ। ਤਿੰਨ ਪਿਸਤੌਲ, ਛੇ ਮੈਗਜ਼ੀਨ ਅਤੇ 150 ਜ਼ਿੰਦਾ ਕਾਰਤੂਸ ਬਰਾਮਦ ਕੀਤੇ ਗਏ, ਜਿਨ੍ਹਾਂ ਨੂੰ ਤੁਰੰਤ ਜ਼ਬਤ ਕਰ ਲਿਆ ਗਿਆ। ਹਥਿਆਰਾਂ ਦੀ ਬਰਾਮਦਗੀ ਤੋਂ ਬਾਅਦ ਪੂਰੇ ਸਰਹੱਦੀ ਖੇਤਰ ਵਿੱਚ ਅਲਰਟ ਜਾਰੀ ਕਰ ਦਿੱਤਾ ਗਿਆ ਹੈ। ਆਲੇ-ਦੁਆਲੇ ਦੇ ਇਲਾਕਿਆਂ ਵਿੱਚ ਤਿੱਖੀ ਤਲਾਸ਼ੀ ਜਾਰੀ ਹੈ। ਸੁਰੱਖਿਆ ਏਜੰਸੀਆਂ ਨੂੰ ਸ਼ੱਕ ਹੈ ਕਿ ਇਹ ਹਥਿਆਰ ਸਰਹੱਦ ਪਾਰ ਤੋਂ ਤਸਕਰੀ ਕੀਤੇ ਗਏ ਸਨ। ਉਨ੍ਹਾਂ ਦਾ ਮੰਨਣਾ ਹੈ ਕਿ ਇਨ੍ਹਾਂ ਹਥਿਆਰਾਂ ਦੀ ਵਰਤੋਂ ਪੰਜਾਬ ਵਿੱਚ ਕਿਸੇ ਵੱਡੇ ਅਪਰਾਧਿਕ ਜਾਂ ਅੱਤਵਾਦੀ ਹਮਲੇ ਨੂੰ ਅੰਜਾਮ ਦੇਣ ਲਈ ਕੀਤੀ ਜਾ ਸਕਦੀ ਸੀ। ਇਸ ਵੇਲੇ ਸੁਰੱਖਿਆ ਏਜੰਸੀਆਂ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕਰ ਰਹੀਆਂ ਹਨ ਅਤੇ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ ਕਿ ਇਹ ਹਥਿਆਰ ਕਿਸ ਦੇ ਹਨ ਅਤੇ ਕਿਸ ਨੈੱਟਵਰਕ ਰਾਹੀਂ ਸਰਹੱਦ ਪਾਰ ਤੋਂ ਇਨ੍ਹਾਂ ਨੂੰ ਲਿਆਂਦਾ ਗਿਆ ਸੀ। ਬਰਾਮਦਗੀ ਤੋਂ ਬਾਅਦ ਇਲਾਕੇ ਵਿੱਚ ਸੁਰੱਖਿਆ ਅਤੇ ਚੌਕਸੀ ਵਧਾ ਦਿੱਤੀ ਗਈ ਹੈ।

# ਟੌਂਗ ਨੇ ਸਮਰਥਕਾਂ ਨਾਲ ਬੀਮਾ ਯੋਜਨਾ ਸ਼ੁਰੂ ਹੋਣ ਦਾ ਜਸ਼ਨ ਮਨਾਇਆ



ਬਿਆਸ (ਪਰਮਜੀਤ ਸਿੰਘ ਰੱਖੜਾ)-ਆਮ ਆਦਮੀ ਪਾਰਟੀ ਦੇ ਬਾਬਾ ਬਕਾਲਾ ਹਲਕੇ ਤੋਂ ਵਿਧਾਇਕ ਦਲਬੀਰ ਸਿੰਘ ਟੌਂਗ ਵੱਲੋਂ ਆਪਣੇ ਦਫ਼ਤਰ ਵਿਖੇ ਪਾਰਟੀ ਦੇ ਅਹੁਦੇਦਾਰਾਂ ਅਤੇ ਵਲੰਟੀਅਰਾਂ ਨਾਲ ਮਿਲ ਕੇ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੀ ਲਾਂਚਿੰਗ ਦਾ ਜਸ਼ਨ ਮਨਾਇਆ ਗਿਆ। ਇਸ ਮੌਕੇ ਅਹੁਦੇਦਾਰਾਂ, ਵਲੰਟੀਅਰਾਂ ਅਤੇ ਇਲਾਕਾ ਨਿਵਾਸੀਆਂ ਨੇ ਇੱਕ-ਦੂਜੇ ਨੂੰ ਮੂੰਹ ਮਿੱਠਾ ਕਰਵਾਉਂਦਿਆਂ ਵਧਾਈਆਂ ਸਾਂਝੀਆਂ ਕੀਤੀਆਂ।ਇਸ ਮੌਕੇ ਸੰਬੋਧਨ ਕਰਦਿਆਂ ਵਿਧਾਇਕ ਟੌਂਗ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ 22 ਜਨਵਰੀ ਨੂੰ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੀ ਸ਼ੁਰੂਆਤ ਕੀਤੀ ਗਈ ਹੈ, ਜਿਸ ਅਧੀਨ ਪੰਜਾਬ ਦੇ ਹਰ ਪਰਿਵਾਰ ਨੂੰ 10 ਲੱਖ ਰੁਪਏ ਤੱਕ ਦਾ ਮੁਫ਼ਤ ਕੈਸ਼ਲੈੱਸ ਇਲਾਜ ਮੁਹੱਈਆ ਕਰਵਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਯੋਜਨਾ ਲਈ ਕੋਈ ਵੀ ਆਮਦਨ ਸੀਮਾ ਨਹੀਂ ਰੱਖੀ ਗਈ ਅਤੇ ਸਰਕਾਰੀ ਮੁਲਾਜ਼ਮਾਂ ਨੂੰ ਵੀ ਇਸ ਯੋਜਨਾ ਦੇ ਦਾਇਰੇ ਵਿੱਚ ਸ਼ਾਮਿਲ ਕੀਤਾ ਗਿਆ ਹੈ।ਇਸ ਯੋਜਨਾ ਅਧੀਨ ਸਰਕਾਰੀ ਅਤੇ ਪ੍ਰਾਈਵੇਟ ਦੋਵੇਂ ਤਰ੍ਹਾਂ ਦੇ ਹਸਪਤਾਲਾਂ ਵਿੱਚ ਇਲਾਜ ਕਰਵਾਇਆ ਜਾ ਸਕੇਗਾ, ਜਿਸ ਨਾਲ ਆਮ ਲੋਕਾਂ ਨੂੰ ਵੱਡੀ ਰਾਹਤ ਮਿਲੇਗੀ।

# ਮੋਦੀ ਸਰਕਾਰ ਮਜ਼ਦੂਰਾਂ, ਕਿਸਾਨਾਂ 'ਤੇ ਚੌਤਰਫਾ ਹਮਲਾ ਕਰਕੇ ਉਨ੍ਹਾਂ ਦੇ ਹੱਕ ਖੋਹ ਰਹੀ : ਸਹਿਗਲ

ਪਠਾਨਕੋਟ (ਦਵਿੰਦਰ ਸਿੰਘ)- ਸੀ ਪੀ ਆਈ ਐਮ ਦੀ ਜਨਸੰਪਰਕ ਮੁਹਿੰਮ ਤਹਿਤ ਜ਼ਿਲ੍ਹਾ ਪਠਾਨਕੋਟ ਦੇ ਪਿੰਡ ਘੋਹ ਵਿਖੇ ਜਨਤਕ ਇਕੱਠ ਕੀਤਾ ਗਿਆ। ਜਿਸ ਦੀ ਪ੍ਰਧਾਨਗੀ ਕਾ. ਸੁਧਾ ਰਾਣੀ ਸਕੱਤਰੇਤ ਮੈਂਬਰ ਨੇ ਕੀਤੀ। ਇਸ ਮੀਟਿੰਗ ਵਿਚ ਪਰਸ਼ੋਤਮ ਬਢੋਈ, ਪਰਸ਼ੋਤਮ ਡਡਵਾ, ਚਮਨ ਲਾਲ, ਗੁੱਡੋ ਦੇਵੀ, ਕਰਤਾਰ ਸਿੰਘ, ਰਣਜੋਧ ਸਿੰਘ ਹਾਜ਼ਰ ਸਨ। ਇਸ ਮੀਟਿੰਗ ਨੂੰ ਕਾ. ਸੁਰਿੰਦਰ ਸਹਿਗਲ, ਕਾ. ਸੁਧਾ ਰਾਣੀ ਤੇ ਕਾ. ਸਤ ਪ੍ਰਕਾਸ਼ ਨੇ ਸੰਬੋਧਨ ਕੀਤਾ। ਬੁਲਾਰਿਆਂ ਨੇ ਕਿਹਾ ਕਿ ਮੋਦੀ ਸਰਕਾਰ ਕਾਰਪੋਰੇਟ ਘਰਾਣਿਆਂ ਨੂੰ ਲਾਭ ਦੇਣ ਲਈ ਕਨੂੰਨ ਬਣਾ ਰਹੀ ਹੈ। ਜਿਹੜੇ ਕਨੂੰਨ ਮਜ਼ਦੂਰ ਕਿਸਾਨ ਤੇ ਮੁਲਾਜ਼ਮਾਂ ਦੇ ਵਿਰੁੱਧ ਹਨ। ਉਹਨਾਂ ਮੰਗ ਕੀਤੀ ਕਿ ਲੋਕ ਵਿਰੋਧੀ ਕਨੂੰਨ ਵਾਪਸ ਲਏ ਜਾਣ। ਉਹਨਾਂ ਕਿਹਾ ਕਿ ਮਨਰੇਗਾ ਨੂੰ ਖਤਮ ਕਰਕੇ ਬਣਾਇਆ ਵੀ ਬੀ ਜੀ ਰਾਮ ਜੀ ਕਾਨੂੰਨ ਬਣਾਇਆ ਹੈ ਇਸ ਨਾਲ ਮਜ਼ਦੂਰਾਂ ਦਾ ਰੁਜ਼ਗਾਰ ਖਤਮ ਹੋ ਜਾਵੇਗਾ। ਇਸ ਕਾਨੂੰਨ ਨੇ ਪੰਚਾਇਤਾਂ ਕੋਲੋਂ ਅਧਿਕਾਰ ਖੋਹ ਕੇ ਆਪਣੇ ਕੋਲ ਲੈ ਲਏ ਹਨ। ਇਸ ਨਾਲ ਮਜ਼ਦੂਰਾਂ ਲਈ ਕੰਮ ਦੀ ਗਰੰਟੀ ਸਾਰੇ ਦੇਸ਼ ਦੀ ਥਾਂ ਨੋਟੀਫਾਈ ਕੀਤੇ ਪਿੰਡਾ ਤੱਕ ਸੀਮਤ ਹੋ ਜਾਵੇਗੀ। ਖਰਚ ਦਾ ਵੱਡਾ ਹਿੱਸਾ ਰਾਜਾਂ 'ਤੇ ਪਾ ਕੇ ਆਪਣਾ ਹਿੱਸਾ ਘਟਾ ਲਿਆ ਹੈ। ਜਿਸ ਨਾਲ ਮਜ਼ਦੂਰਾਂ ਦਾ ਰੁਜ਼ਗਾਰ ਖੁਸ ਜਾਵੇਗਾ।ਬਿਜਲੀ ਸੋਧ ਬਿੱਲ 2025 ਨਾਲ ਕਾਰਪੋਰੇਟ ਘਰਾਣਿਆਂ ਨੂੰ ਲਾਭ ਹੋਵੇਗਾ। ਆਮ ਲੋਕਾਂ ਅਤੇ ਕਿਸਾਨਾਂ 'ਤੇ ਭਾਰ ਪਵੇਗਾ ਅਤੇ ਬਿਜਲੀ ਵੰਡ ਦੇ ਕੰਮ ਦਾ ਨਿੱਜੀਕਰਨ ਹੋਵੇਗਾ। ਕਾਰਪੋਰੇਟ ਘਰਾਣਿਆਂ ਨੂੰ ਲਾਭ ਹੋਏਗਾ ਅਤੇ ਲੋਕਾਂ ਤੇ ਵਾਧੂ ਆਰਥਿਕ ਬੋਝ ਪਵੇਗਾ।ਘਰੇਲੂ



ਖਫਤਕਰ ਅਤੇ ਕਿਸਾਨਾਂ ਲਈ ਬੜਾ ਨੁਕਸਾਨ ਦੇਹ ਹੋਵੇਗਾ। ਬੀਜ ਬਿੱਲ ਨਾਲ ਕਿਸਾਨਾਂ ਦਾ ਬੀਜ 'ਤੇ ਅਧਿਕਾਰ ਖਤਮ ਹੋ ਜਾਵੇਗਾ ਅਤੇ ਕਾਰਪੋਰੇਟ ਬੀਜ ਕੰਪਨੀਆਂ ਦੀ ਮਨਾਪਲੀ ਹੋ ਜਾਵੇਗੀ। ਕਿਸਾਨ ਆਪਣਾ ਜਾਂ ਮੰਗ ਕੇ ਬੀਜ ਨਹੀ ਬੀਜ ਸਕਣਗੇ। ਲੇਬਰ ਲਾਅ ਖਤਮ ਕਰਕੇ ਲਿਆਂਦਾ ਲੇਬਰ ਕੋਡ ਮਜ਼ਦੂਰਾਂ ਦੀ ਉਜਰਤ, ਤਨਖਾਹ, ਕੰਮ ਦੀਆਂ ਹਾਲਤਾਂ ਅਤੇ ਕੰਮ ਦਾ ਸਮਾਂ ਦੀ ਰਖਵਾਲੀ ਨਹੀਂ ਕਰ ਸਕੇਗਾ। ਮਜ਼ਦੂਰਾਂ ਨੂੰ 12 ਘੰਟੇ ਕੰਮ ਕਰਨ ਲਈ ਮਜਬੂਰ ਹੋਣਾ ਪਵੇਗਾ। ਉਹਨਾਂ ਮੰਗ ਕੀਤੀ ਕਿ ਮਜ਼ਦੂਰ ਕਿਸਾਨ ਤੇ ਲੋਕ ਵਿਰੋਧੀ ਇਹ ਕਾਨੂੰਨ ਵਾਪਸ ਲਏ ਜਾਣ।

# ਬਾਬਾ ਦੀਪ ਸਿੰਘ ਦੇ ਜਨਮ ਦਿਹਾੜੇ 'ਤੇ ਪ੍ਰਭਾਤ ਫੇਰੀ 26 ਨੂੰ

**ਮਜੀਠਾ (ਸੋਇਮ ਆਨੰਦ)**-ਸ਼ਹਿਰ ਮਜੀਠਾ ਵਿਖੇ ਧੰਨ ਧੰਨ ਬਾਬਾ ਦੀਪ ਸਿੰਘ ਜੀ ਨਿਸ਼ਕਾਮ ਸੇਵਾ ਸੁਸਾਇਟੀ ਮਜੀਠਾ, ਸਿੱਖ ਸੇਵਕ ਜੱਥਾ, ਪ੍ਰਬੰਧਕ ਕਮੇਟੀ ਗੁਰਦਆਰਾ ਭਗਤ ਰਵਿਦਾਸ ਜੀ, ਪ੍ਰਬੰਧਕ ਕਮੇਟੀ ਗੁਰਦੁਆਰਾ ਬਾਬਾ ਕਾਹਨ ਸਿੰਘ ਜੀ ਮਜੀਠਾ ਵੱਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਤ ਵਿਸ਼ਾਲ ਪ੍ਰਭਾਤ ਫੇਰੀ 26 ਜਨਵਰੀ ਨੂੰ ਕੱਢੀ ਜਾਵੇਗੀ।

ਪ੍ਰਬੰਧਕਾਂ ਵੱਲੋਂ ਮਿਲੀ ਜਾਣਕਾਰੀ ਮੁਤਾਬਕ ਵਿਸ਼ਾਲ ਪ੍ਰਭਾਤ ਫੇਰੀ ਗੁਰਦਆਰਾ ਭਗਤ ਰਵਿਦਾਸ ਜੀ ਤੋਂ ਸਵੇਰੇ 4 ਵਜੇ ਰਵਾਨਾ ਹੋਵੇਗੀ ਅਤੇ ਵੱਖ ਵੱਖ ਪੜਾਵਾਂ ਵਿੱਚ ਹੁੰਦੀ ਹੋਈ ਇਸੇ ਅਸਥਾਨ 'ਤੇ ਸਮਾਪਤ ਹੋਵੇਗੀ। 27 ਜਨਵਰੀ ਨੂੰ ਗੁਰਦੁਆਰਾ ਬਾਬਾ ਕਾਹਨ ਸਿੰਘ ਜੀ ਵਿਖੇ ਰਹਿਰਾਸ ਸਾਹਿਬ ਦੇ ਪਾਠ ਉਪਰੰਤ ਰਾਤ ਨੂੰ ਵਿਸ਼ਾਲ ਕਥਾ ਕੀਰਤਨ ਸਮਾਗਮ ਕਰਾਇਆ ਜਾਵੇਗਾ। ਜਿਸ ਵਿੱਚ ਭਾਈ ਪਵਿੱਤਪਾਲ ਸਿੰਘ ਮਜੀਠਾ ਦੇ ਰਾਗੀ ਜਥੇ ਵੱਲੋਂ ਮਨੋਹਰ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਜਾਵੇਗਾ। ਉਪਰੰਤ ਭਾਈ ਨਿਰਮਲ ਸਿੰਘ ਜੇਠੂਵਾਲ ਦੇ ਢਾਡੀ ਜਥੇ ਵੱਲੋਂ ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਦੀ ਜੀਵਨੀ ਨਾਲ ਸਬੰਧਤ ਬੀਰਰਸ ਵਾਰਾਂ ਦੇ ਪ੍ਰਸੰਗ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ ਜਾਵੇਗਾ। ਇਸ ਮੌਕੇ ਗੁਰੂ ਦੇ ਅਤੁੱਟ ਲੰਗਰ ਵੀ ਵਰਤਾਏ ਜਾਣਗੇ।



ਰਾਮ ਮੰਦਰ ਸਥਾਪਨਾ ਦਿਵਸ ਦੇ ਸਬੰਧ ਵਿਚ ਜੀ.ਟੀ. ਰੋਡ 'ਤੇ ਲਗਾਏ ਗਏ ਲੰਗਰ ਨੂੰ ਵਰਤਾਉਣ ਤੋਂ ਪਹਿਲਾਂ ਪੂਜਾ ਅਰਚਨਾ ਕਰਦੇ ਹੋਏ ਭਾਰਤ ਭਾਰਤੀ ਦੇ ਪੰਜਾਬ ਪ੍ਰਧਾਨ ਰਾਜ ਕੁਮਾਰ ਰਾਜੂ ਜੂਡੋ, ਸਤਿੰਦਰ ਕੁਮਾਰ, ਸੰਤੋਸ਼ ਸਿੰਘ, ਰਾਜੂ ਕੁਮਾਰ, ਅਰੁਣ ਸਿੰਘ, ਸੰਜੀਵ ਪਾਸਵਾਨ, ਕਮਲੇਸ਼ ਕੁਮਾਰ, ਵਿਨੋਦ, ਪ੍ਰਮੋਦ, ਰਮੇਸ਼ ਕੁਮਾਰ, ਰਾਜ ਕੁਮਾਰ ਤੇ ਹੋਰ। (ਫੋਟੋ ਤੇ ਵੇਰਵਾ : ਮਨੋਜ ਕੁਮਾਰ, ਛੇਹਰਟਾ)

# ਬੀ ਐੱਲ ਓਜ਼ ਵੋਟਰ ਸੂਚੀਆਂ ਮੁਕੰਮਲ ਕਰਕੇ ਅੱਜ ਸੌਂਪਣਗੇ ਰਿਪੋਰਟ

ਗੁਰਦਾਸਪੁਰ (ਜਨਕ ਮਹਾਜਨ) - ਸ੍ਰੀ ਗੁਰਸਿਮਰਨ ਸਿੰਘ ਢਿੱਲੋਂ ਵਧੀਕ ਜ਼ਿਲਾ ਚੋਣ ਅਫਸਰ-ਕਮ-ਵਧੀਕ ਡਿਪਟੀ ਕਮਿਸ਼ਨਰ (ਜ) ਗੁਰਦਾਸਪੁਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਾਨਯੋਗ ਮੁੱਖ ਚੋਣ ਅਫਸਰ ਵਲੋਂ ਪ੍ਰਾਪਤ ਹੋਈਆਂ ਹਦਾਇਤਾਂ ਅਨੁਸਾਰ ਜ਼ਿਲ੍ਹੇ ਦੇ ਸਮੂਹ ਵਿਧਾਨ ਸਭਾ ਚੋਣ ਹਲਕਿਆਂ ਵਿਚ ਬੀ.ਐਲ.ਓਜ. ਦੁਆਰਾ ਵੋਟਰ ਸੂਚੀਆਂ ਵਿਚੋਂ ਵੋਟਰਾਂ ਦੀਆਂ ਧੁੰਦਲੀਆਂ, ਬਹੁਤ ਛੋਟੀਆਂ ਜਾਂ ਗਲਤ ਤਸਵੀਰਾਂ ਅਤੇ ਵੋਟਰਾਂ ਦੇ ਨਾਮ ਲਿੰਗ ਪਤੇ ਵਿਚਲੀਆਂ ਗਲਤੀਆਂ ਦੀ ਪਛਾਣ ਕਰਕੇ ਇਨ੍ਹਾਂ ਦੀ ਸੋਧ ਕਰਨ ਲਈ ਫਾਰਮ ਨੰਬਰ 8 ਭਰਵਾਏ ਜਾ ਰਹੇ ਹਨ। ਇਸ ਕੰਮ ਲਈ ਬੀ.ਐਲ.ਓਜ਼. ਨੂੰ ਮੌਜੂਦਾ ਰੰਗੀਨ ਫੋਟੋ ਵੋਟਰ ਸੂਚੀ ਮੁਹਈਆ ਕਰਵਾਈ ਗਈ ਹੈ । ਉਨ੍ਹਾਂ ਦੱਸਿਆ ਕਿ ਹਦਾਇਤਾਂ ਅਨੁਸਾਰ ਉਕਤ ਕੰਮ ਨਿਰਧਾਰਤ ਸਮੇਂ ਅੰਦਰ 100% ਮੁਕੰਮਲ ਕਰਕੇ ਫਾਈਨਲ ਰਿਪੋਰਟ 23 ਜਨਵਰੀ ਨੂੰ ਆਪਣੇ ਚੋਣਕਾਰ ਰਜਿਸਟਰੇਸ਼ਨ ਅਫਸਰਾਂ ਨੂੰ ਸੌਂਪਣ ਲਈ ਬੀ ਐਲ ਓਜ ਜਿੰਮੇਵਾਰ ਹੋਣਗੇ।

# ਗਰੀਬ ਬੱਚਿਆਂ ਨੂੰ ਸਿੱਖਿਆ ਦੇਣਾ ਸਮਾਜ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ : ਡਾ. ਜੇ ਪੀ ਸ਼ੂਰ



ਸ੍ਰੀ ਅੰਮ੍ਰਿਤਸਰ ਸਾਹਿਬ (ਜਗਦੀਸ਼ ਕਮਲੇਸ਼)- ਆਰੀਆ ਪ੍ਰਦੇਸ਼ਿਕ ਪ੍ਰਤੀਨਿਧੀ ਉਪ-ਸਭਾ ਪੰਜਾਬ ਦੇ ਪ੍ਰਧਾਨ ਪ੍ਰਿੰਸੀਪਲ ਡਾ. ਜੇ.ਪੀ. ਸ਼ੂਰ ਨੇ ਕਿਹਾ ਕਿ ਗਰੀਬ ਅਤੇ ਲੋੜਵੰਦ ਬੱਚਿਆਂ ਨੂੰ ਸਿੱਖਿਆ ਨਾਲ ਜੋੜਨਾ ਸਮਾਜ ਦਾ ਸਭ ਤੋਂ ਸ਼ਲਾਘਾਯੋਗ ਕੰਮ ਹੈ ਅਤੇ ਇਹ ਰਾਸ਼ਟਰੀ ਹਿੱਤ ਵਿੱਚ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਸਿੱਖਿਆ ਸਿਰਫ਼ ਗਿਆਨ ਪ੍ਰਾਪਤ ਕਰਨ ਦਾ ਮਾਧਿਅਮ ਹੀ ਨਹੀਂ ਹੈ ਬਲਕਿ ਸਮਾਜਿਕ ਉੱਨਤੀ ਅਤੇ ਦੇਸ਼ ਦੇ ਉੱਜਵਲ ਭਵਿੱਖ ਦੀ ਨੀਂਹ ਹੈ। ਪ੍ਰਿੰਸੀਪਲ ਸ਼ੂਰ ਨੇ ਕਿਹਾ ਕਿ ਅੱਜ ਵੀ ਸ਼ਹਿਰ, ਰਾਜ ਅਤੇ ਦੇਸ਼ ਦੇ ਵੱਖ-ਵੱਖ ਖੇਤਰਾਂ ਵਿੱਚ ਲੱਖਾਂ ਬੱਚੇ ਹਨ ਜਿਨ੍ਹਾਂ ਦੇ ਪਰਵਾਰ ਵਿੱਤੀ ਤੰਗੀਆਂ ਕਾਰਨ ਉਨ੍ਹਾਂ ਨੂੰ ਸਿੱਖਿਆ ਪ੍ਰਦਾਨ ਕਰਨ ਵਿੱਚ ਅਸਮਰੱਥ ਹਨ। ਅਜਿਹੇ ਬੱਚਿਆਂ ਨੂੰ ਸਿੱਖਿਆ ਦੇਣਾ ਸਮਾਜ ਦੇ ਹਰ ਜਾਗਰੂਕ ਨਾਗਰਿਕ ਦਾ ਨੈਤਿਕ ਫਰਜ਼ ਹੈ। ਉਨ੍ਹਾਂ ਕਿਹਾ ਕਿ ਜਿਹੜੇ ਲੋਕ ਅਤੇ ਸੰਸਥਾਵਾਂ ਗਰੀਬ ਪਰਵਾਰਾਂ ਦੇ ਬੱਚਿਆਂ ਨੂੰ ਸਿੱਖਿਆ ਪ੍ਰਦਾਨ ਕਰਦੀਆਂ ਹਨ, ਉਨ੍ਹਾਂ ਨੂੰ ਪ੍ਰਿੰਸੀਪਲ ਡਾ. ਸ਼ੂਰ ਨੇ ਕਿਹਾ ਕਿ ਸਿੱਖਿਆ ਨੂੰ ਉਤਸ਼ਾਹਿਤ ਕਰਦੇ ਹੋਏ, ਉਨ੍ਹਾਂ ਬੱਚਿਆਂ ਤੱਕ ਪਹੁੰਚਣਾ ਜ਼ਰੂਰੀ ਹੈ ਜੋ ਮਹਿੰਗਾਈ ਅਤੇ ਵਿੱਤੀ ਰੁਕਾਵਟਾਂ ਕਾਰਨ ਸਿੱਖਿਆ ਵਿੱਚ ਸਹਿਯੋਗ ਕਰ ਰਹੇ ਹਨ, ਉਹ ਅਸਲ ਵਿੱਚ ਰਾਸ਼ਟਰ ਨਿਰਮਾਣ ਦਾ ਕੰਮ ਕਰ ਰਹੇ ਹਨ। ਸਿੱਖਿਆ ਰਾਹੀਂ ਹੀ ਬੱਚਿਆਂ ਨੂੰ ਸਵੈ-ਨਿਰਭਰ, ਜਾਗਰੂਕ ਅਤੇ ਜ਼ਿੰਮੇਵਾਰ ਨਾਗਰਿਕ ਬਣਾਇਆ ਜਾ ਸਕਦਾ ਹੈ। ਉਨ੍ਹਾਂ ਨੂੰ ਸਿੱਖਿਆ ਤੋਂ ਵਾਂਝਾ ਕੀਤਾ ਜਾ ਰਿਹਾ ਹੈ। ਸਮਾਜ ਦੇ ਹਰ ਵਰਗ ਨੂੰ ਅੱਗੇ ਆ ਕੇ ਅਜਿਹੇ ਬੱਚਿਆਂ ਦਾ ਸਮਰਥਨ ਕਰਨਾ ਚਾਹੀਦਾ ਹੈ, ਤਾਂ ਜੋ ਕੋਈ ਵੀ ਬੱਚਾ ਸਿੱਖਿਆ ਦੇ ਅਧਿਕਾਰ ਤੋਂ ਵਾਂਝਾ ਨਾ ਰਹੇ।

ਉਨ੍ਹਾਂ ਕਿਹਾ ਕਿ ਬੱਚਿਆਂ ਨੂੰ ਸਿੱਖਿਆ ਦੇਣਾ ਦੇਸ਼ ਦੀ ਤਰੱਕੀ ਦਾ ਆਧਾਰ ਹੈ। ਗਰੀਬ ਬੱਚਿਆਂ ਨੂੰ ਸਿੱਖਿਆ ਨਾਲ ਜੋੜਨਾ ਨਾ ਸਿਰਫ਼ ਉਨ੍ਹਾਂ ਦੇ ਭਵਿੱਖ ਨੂੰ ਸੁਰੱਖਿਅਤ ਕਰਦਾ ਹੈ, ਸਗੋਂ ਦੇਸ਼ ਨੂੰ ਮਜ਼ਬੂਤ ਅਤੇ ਖੁਸ਼ਹਾਲ ਬਣਾਉਣ ਵੱਲ ਇੱਕ ਮਹੱਤਵਪੂਰਨ ਕਦਮ ਵੀ ਹੈ।

# ਬਨੇਗਾ ਹੀ ਬੇਰੁਜ਼ਗਾਰੀ ਦਾ ਪੱਕਾ ਹੱਲ : ਕਰਮਵੀਰ ਬੱਧਨੀ

ਝਬਾਲ, (ਹਰਜਿੰਦਰ ਸਿੰਘ ਸੋਨੀ)-ਸਰਬ ਭਾਰਤ ਨੌਜਵਾਨ ਸਭਾ ਜ਼ਿਲ੍ਹਾ ਤਰਨ ਤਾਰਨ ਦੀ ਇੱਕ ਅਹਿਮ ਮੀਟਿੰਗ ਵੀਰਵਾਰ ਦੇਸ਼ ਭਗਤ ਅਰਜੁਨ ਸਿੰਘ ਗੜਗੱਜ ਹਾਲ ਤਰਨ ਤਰਨ ਵਿਖੇ ਹੋਈ।ਜਿਸ ਵਿੱਚ ਜ਼ਿਲ੍ਹੇ ਦੇ ਸਾਰੇ ਬਲਾਕਾਂ ਦੇ ਵੱਖ-ਵੱਖ ਪਿੰਡਾਂ ਵਿੱਚੋਂ ਨੌਜਵਾਨਾਂ ਨੇ ਹਿੱਸਾ ਲਿਆ।ਮੀਟਿੰਗ ਦੀ ਪ੍ਰਧਾਨਗੀ ਜ਼ਿਲ੍ਹਾ ਪ੍ਰਧਾਨ ਰਸਾਲ ਸਿੰਘ ਭਿੱਖੀਵਿੰਡ ਨੇ ਕੀਤੀ।ਮੀਟਿੰਗ ਕਰਵਾਉਣ ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾਈ ਪ੍ਰਧਾਨ ਕਰਮਵੀਰ ਕੌਰ ਬੱਧਨੀ ਵਿਸ਼ੇਸ਼ ਤੌਰ 'ਤੇ ਪਹੁੰਚੇ। ਉਨ੍ਹਾਂ ਕਿਹਾ ਕਿ ਦੇਸ਼ ਦਾ ਨੌਜਵਾਨ ਅੱਜ ਬੜੇ ਗੰਭੀਰ ਸਮੇਂ ਵਿੱਚੋਂ ਲੰਘ ਰਿਹਾ ਹੈ।ਜਿੱਥੇ ਉਹ ਬੇਰੁਜ਼ਗਾਰੀ ਨਾਲ ਜੂਝ ਰਹੇ ਹਨ, ਉੱਥੇ ਨਾਲ ਹੀ ਮਹਿੰਗਾਈ ਨੇ ਉਹਨਾਂ ਦਾ ਲੱਕ ਤੋੜਿਆ ਪਿਆ ਹੈ।ਨਿੱਤ ਜ਼ਰੂਰਤ ਦੀਆਂ ਚੀਜ਼ਾਂ ਵੀ ਆਮ ਆਦਮੀ ਦੀ ਪਹੁੰਚ ਤੋਂ ਦੂਰ ਹੁੰਦੀਆਂ ਜਾ ਰਹੀਆਂ ਹਨ। ਇਸੇ ਨਿਰਾਸ਼ਾ ਦੇ ਆਲਮ ਵਿੱਚੋਂ ਲੰਘਦਿਆਂ ਹੀ ਨੌਜਵਾਨ ਨਸ਼ਿਆਂ ਤੇ ਗੁੰਡਾਗਰਦੀ ਦੇ ਰਾਹ ਵੱਲ ਪੈ ਜਾਂਦੇ ਹਨ। ਨੌਜਵਾਨਾਂ ਨੂੰ ਇਹੋ ਜਿਹੀਆਂ ਅਲਾਮਤਾਂ ਤੋਂ ਬਚਾਉਣ ਲਈ ਰੁਜ਼ਗਾਰ ਦਾ ਪੱਕਾ ਪ੍ਰਬੰਧ ਕਰਨਾ ਹੀ ਸਮੇਂ ਦੀ ਵੱਡੀ ਮੰਗ ਹੈ। ਸਰਬ ਭਾਰਤ ਨੌਜਵਾਨ ਸਭਾ ਇਹ ਮੰਗ ਕਰਦੀ ਹੈ ਕਿ ਭਗਤ ਸਿੰਘ ਦੇ ਨਾਮ ਤੇ ਭਗਤ ਸਿੰਘ ਨੈਸ਼ਨਲ ਗਰੰਟੀ ਕਾਨੂੰਨ ਬਨੇਗਾ ਬਣਾਇਆ ਜਾਵੇ।ਜਿਸ ਦੇ ਤਹਿਤ ਰੁਜ਼ਗਾਰ ਦੀ ਗਰੰਟੀ ਹੋਵੇ ਕਿ ਹਰ ਰੁਜ਼ਗਾਰ ਮੰਗਦੇ ਮੁੰਡੇ ਕੁੜੀ ਨੂੰ ਗਰੰਟੀ ਨਾਲ ਕੰਮ ਮਿਲੇਗਾ । ਕੰਮ ਨਾ ਮਿਲਣ ਦੀ ਸੂਰਤ ਵਿੱਚ ਕੰਮ ਇੰਤਜ਼ਾਰ ਭੱਤਾ ਮਿਲੇ। ਆਗੂ ਨੇ ਕਿਹਾ ਕਿ 24, 25 ਜਨਵਰੀ ਨੂੰ ਮੋਗੇ ਨਛੱਤਰ ਧਾਲੀਵਾਲ ਹਾਲ ਵਿੱਚ ਲੜਕੀਆਂ ਦੀ ਕਨਵੈਂਸ਼ਨ ਕਰਾਈ ਜਾ ਰਹੀ ਹੈ।ਇਸ ਵਿੱਚ ਲੜਕੀਆਂ ਨੂੰ ਦੇਸ਼ ਦੇ ਮੌਜੂਦਾ ਹਾਲਾਤ ਤੇ ਨੌਜਵਾਨੀ ਦੀਆਂ ਮੰਗਾਂ ਅਤੇ ਅੱਜ ਦੇ ਸਮੇਂ ਵਿੱਚ ਲੜਕੀਆਂ ਦੀ ਹਾਲਤ ਤੇ ਸਮਾਜ ਵਿੱਚ ਉਹਨਾਂ ਦੇ ਯੋਗਦਾਨ ਸਬੰਧੀ ਜਾਗਰੂਕ ਕੀਤਾ ਜਾਵੇਗਾ।ਸਰਬ ਭਾਰਤ ਨੌਜਵਾਨ ਸਭਾ ਦੇ ਜ਼ਿਲ੍ਹਾ ਸਕੱਤਰ ਵਿਸ਼ਾਲਦੀਪ ਸਿੰਘ ਵਲਟੋਹਾ ਕਿਹਾ ਕਿ ਰੁਜ਼ਗਾਰ ਦੀ ਗਰੰਟੀ ਦਾ ਕਾਨੂੰਨ ਬਨੇਗਾ ਦੀ ਪ੍ਰਾਪਤੀ ਲਈ ਜਥੇਬੰਦੀ ਲੰਮੇ ਸਮੇਂ ਤੋਂ ਸੰਘਰਸ਼ ਕਰ ਰਹੀ ਤੇ ਕਾਨੂੰਨ ਦੇ ਬਣ ਜਾਣ ਤੱਕ ਇਹ ਸੰਘਰਸ਼ ਜਾਰੀ ਰਹੇਗਾ ਤੇ ਨਾਲ ਹੀ ਮੋਗੇ ਦੀ ਕਨਵੈਂਸ਼ਨ ਵਿੱਚ ਜ਼ਿਲ੍ਹੇ ਵਿੱਚੋਂ ਵੱਡੀ ਗਿਣਤੀ ਵਿੱਚ ਲੜਕੀਆਂ ਸ਼ਾਮਿਲ ਹੋਣਗੀਆਂ।ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਮੇਲ ਸਿੰਘ ਵਲਟੋਹਾ,ਗੁਰਲਾਲ ਸਿੰਘ ਕੁਲਬੀਰ ਸਿੰਘ, ਲਵਪ੍ਰੀਤ ਸਿੰਘ ਵਲਟੋਹਾ, ਮਨਦੀਪ ਸਿੰਘ ਗੱਗੋਬੂਹਾ, ਸੁਖਚੈਨ ਸਿੰਘ, ਰਾਜਬੀਰ ਸਿੰਘ, ਪ੍ਰਭਜੋਤ ਸਿੰਘ ਵੱਡਾ ਕੋਟ, ਗੁਰਪ੍ਰੀਤ ਸਿੰਘ ਖਡੂਰ ਸਾਹਿਬ, ਜੋਬਨਪ੍ਰੀਤ ਸਿੰਘ ਕੋਟ ਧਰਮ ਚੰਦ, ਸੁਖਮਨ ਸਿੰਘ ਖਡੂਰ ਸਾਹਿਬ, ਗਗਨਦੀਪ ਸਿੰਘ ਨੂਰਪੁਰ, ਗੁਰਪ੍ਰੀਤ ਸਿੰਘ ਠੱਠਾ, ਲਵਪ੍ਰੀਤ ਸਿੰਘ ਮੰਨਣ, ਅਰਜਨ ਸਿੰਘ ਗਿੱਲ ਵੜੈਚ, ਅੰਮ੍ਰਿਤਪਾਲ ਸਿੰਘ ਕੋਟ ਧਰਮ ਚੰਦ ਆਦਿ ਹਾਜ਼ਰ ਸਨ।




# ਲੁੱਟ ਦੀਆਂ ਵਾਰਦਾਤਾਂ ਟਰੇਸ, ਦੋ ਲੁਟੇਰੇ ਕਾਬੂ

ਬਿਆਸ (ਪਰਮਜੀਤ ਸਿੰਘ ਰੱਖੜਾ) ਅਰੁਨ ਸ਼ਰਮਾ ਡੀ ਐੱਸ ਪੀ. ਬਾਬਾ ਬਕਾਲਾ ਦੀ ਅਗਵਾਈ ਹੇਠ ਥਾਣਾ ਬਿਆਸ ਪੁਲਸ ਵੱਲੋਂ ਕਾਮਯਾਬੀ ਹਾਸਿਲ ਕਰਦਿਆਂ ਲੁੱਟ ਦੀ ਵਾਰਦਾਤ ਨੂੰ ਟਰੇਸ ਕਰਕੇ ਦੋ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਲਿਆ।

ਦੱਸਣਯੋਗ ਹੈ ਕਿ 20 ਜਨਵਰੀ ਨੂੰ ਪ੍ਰਿਯੰਕਾ ਨਰੂਲਾ ਪਤਨੀ ਪਰਵੀਨ ਕੁਮਾਰ, ਵਾਸੀ ਡੇਰਾ ਰਾਧਾ ਸੁਆਮੀ ਬਿਆਸ ਨੇ ਥਾਣਾ ਬਿਆਸ ਵਿਖੇ ਇਤਲਾਹ ਦਿੱਤੀ ਕਿ ਉਹ ਆਪਣੀ ਸੱਸ ਦਾ ਪਤਾ ਲੈਣ ਲਈ ਰਾਧਾ ਸੁਆਮੀ ਹਸਪਤਾਲ ਬਿਆਸ ਗਈ ਸੀ। ਜਦੋਂ ਉਹ ਮੇਨ ਜੀ ਟੀ. ਰੋਡ 'ਤੇ ਪਹੁੰਚੀ ਤਾਂ ਪਲਟੀਨਾ ਮੋਟਰਸਾਈਕਲ 'ਤੇ ਸਵਾਰ ਦੋ ਨੌਜਵਾਨ ਉਸ ਦਾ ਪਰਸ ਖੋਹ ਕੇ ਮੌਕੇ ਤੋਂ ਫਰਾਰ ਹੋ ਗਏ।ਇਸ ਸੰਬੰਧੀ ਥਾਣਾ ਬਿਆਸ ਪੁਲਸ ਵੱਲੋਂ ਮੁਕੱਦਮਾ ਦਰਜ ਕਰਕੇ ਤਫ਼ਤੀਸ਼ ਸ਼ੁਰੂ ਕੀਤੀ ਗਈ।ਤਫ਼ਤੀਸ਼ ਦੌਰਾਨ ਉਕਤ ਘਟਨਾ ਵਿੱਚ ਸ਼ਾਮਲ ਦੋਸ਼ੀਆਂ ਦੀ ਪਛਾਣ ਕਰਕੇ ਅਮਰੀਕ ਸਿੰਘ ਅਤੇ ਸੰਦੀਪ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਪੁੱਛਗਿਛ ਦੌਰਾਨ ਉਕਤ ਦੋਸ਼ੀਆਂ ਵੱਲੋਂ ਇਸ ਤੋਂ ਇਲਾਵਾ ਹੋਰ ਦੋ ਲੁੱਟ ਦੀਆਂ ਵਾਰਦਾਤਾਂ ਨੂੰ ਵੀ ਅੰਜਾਮ ਦਿੱਤਾ ਗਿਆ ਹੈ।




# ਮਾਦੂਰੋ ਤੇ ਉਨ੍ਹਾ ਦੀ ਸੁਪਤਨੀ ਦੀ ਰਿਹਾਈ ਤੇ ਵੈਨੇਜ਼ੂਏਲਾ 'ਤੇ ਅਮਰੀਕੀ ਕਬਜ਼ਾ ਫੌਰੀ ਖਤਮ ਕਰੋ : ਸੀ ਟੀ ਯੂ ਪੰਜਾਬ

ਪਠਾਨਕੋਟ (ਦਵਿੰਦਰ ਸਿੰਘ)-ਵਿਸ਼ਵ ਦੇ ਸਾਰੇ ਮਜ਼ਦੂਰ ਸੰਗਠਨਾਂ ਦੇ ਸਾਂਝੇ ਕੌਮਾਂਤਰੀ ਮੰਚ ਵਰਲਡ ਫੈਡਰੇਸ਼ਨ ਆਫ ਟਰੇਡ ਯੂਨੀਅਨਜ਼ (ਵਫਟੂ) ਦੇ ਸੱਦੇ ਤਹਿਤ ਸੈਂਟਰ ਆਫ ਟਰੇਡ ਯੂਨੀਅਨਜ਼ (ਸੀ ਟੀ ਯੂ) ਪੰਜਾਬ ਵੱਲੋਂ ਵੈਨਜ਼ੁਏਲਾ ਦੇ ਲੋਕਾਂ ਨਾਲ ਇਕਜੁੱਟਤਾ ਜ਼ਾਹਰ ਕਰਨ ਅਤੇ ਅਮਰੀਕੀ ਸਾਮਰਾਜ ਦੇ ਵੈਨਜ਼ੁਏਲਾ ਅੰਦਰ ਧੌਂਸਵਾਦੀ ਦਖ਼ਲ ਤੇ ਧੱਕੇਸ਼ਾਹੀ ਦਾ ਵਿਰੋਧ ਕਰਦਿਆਂ ਪਠਾਨਕੋਟ ਵਿਖੇ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਪੁਤਲਾ ਫੂਕਿਆ ਗਿਆ। ਇਕ ਸਾਂਝੇ ਬਿਆਨ ਰਾਹੀਂ ਸੀ ਟੀ ਯੂ ਪੰਜਾਬ ਦੇ ਜਨਰਲ ਸਕੱਤਰ ਕਾਮਰੇਡ ਨੱਥਾ ਸਿੰਘ ਢਡਵਾਲ ਅਤੇ ਵਿੱਤ ਸਕੱਤਰ ਕਾਮਰੇਡ ਸ਼ਿਵ ਕੁਮਾਰ ਨੇ ਦੱਸਿਆ ਕਿ ਉਕਤ ਰੋਸ ਪ੍ਰਦਰਸ਼ਨਾਂ ਰਾਹੀਂ ਵੈਨੇਜ਼ੁਏਲਾ ਦੇ ਰਾਸ਼ਟਰਪਤੀ ਅਤੇ ਉਨ੍ਹਾਂ ਦੀ ਸੁਪਤਨੀ ਨੂੰ ਫੌਰੀ ਰਿਹਾਅ ਕੀਤੇ ਜਾਣ ਅਤੇ ਵੈਨਜ਼ੁਏਲਾ ਚੋਂ ਅਮਰੀਕੀ ਫੌਜਾਂ ਤੇ ਟਰੰਪ ਪ੍ਰਸ਼ਾਸਨ ਦੀ ਫੌਰੀ ਬੇਦਖ਼ਲੀ ਦੀ ਮੰਗ ਜ਼ੋਰ-ਸ਼ੋਰ ਨਾਲ ਉਭਾਰੀ। ਆਗੂਆਂ ਨੇ ਅਮਰੀਕਨ ਸਾਮਰਾਜ ਦੀ ਸ਼ਹਿ ਪ੍ਰਾਪਤ ਯੂਕਰੇਨ-ਰੂਸ ਜੰਗ, ਇਜ਼ਰਾਇਲ ਦੇ ਫਲਸਤੀਨ 'ਤੇ ਲਗਾਤਾਰ ਬਰਬਰਤਾ ਪੂਰਨ ਹਮਲਿਆਂ ਅਤੇ ਅਜ਼ਾਦ ਦੇਸ਼ ਵੇਨੇਜ਼ੁਏਲਾ ਦੇ ਲੋਕਾਂ ਵੱਲੋਂ ਚੁਣੇ ਹੋਏ ਰਾਸ਼ਟਰਪਤੀ ਤੇ ਉਸ ਦੀ ਪਤਨੀ ਨੂੰ ਡੋਨਾਲਡ ਟਰੰਪ ਵੱਲੋਂ ਕਿਡਨੈਪ ਕਰਨ ਜਿਹੇ ਅਮਾਨਵੀ ਕਾਰੇ ਸਮੇਂ ਭਾਰਤ ਦੇ ਪ੍ਰਧਾਨ ਨਰਿੰਦਰ ਮੋਦੀ ਸਰਕਾਰ ਦੀ ਵੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ। ਸੰਸਾਰ ਅਮਨ ਸ਼ਾਂਤੀ ਲਈ ਖਤਰਾ ਬਣੇ ਹੋਏ ਡੋਨਾਲਡ ਟਰੰਪ ਦਾ ਵੱਡੀ ਪੱਧਰ 'ਤੇ ਵਿਰੋਧ ਕਰਨ ਦੀ ਅਪੀਲ ਕੀਤੀ। ਰੋਸ ਪ੍ਰਦਰਸ਼ਨ ਦੌਰਾਨ ਟਰੇਡ ਯੂਨੀਅਨ ਦੇ ਸੂਬਾਈ ਆਗੂ ਮਾਸਟਰ ਸੁਭਾਸ਼ ਸ਼ਰਮਾ ਨੇ ਕਿਹਾ ਕਿ ਵਿਸ਼ਵ ਦੇ ਸਾਰੇ ਕਿਰਤੀ ਸੰਗਠਨਾਂ ਦੇ ਸਾਂਝੇ ਕੌਮਾਂਤਰੀ ਮੰਚ ਵਰਲਡ ਫੈਡਰੇਸ਼ਨ ਆਫ ਟਰੇਡ ਯੂਨੀਅਨਜ਼ (ਵਫਟੂ) ਵਲੋਂ 22 ਜਨਵਰੀ ਨੂੰ ਸੰਸਾਰ ਭਰ 'ਚ ਵੈਨਜ਼ੁਏਲਾ ਨਾਲ ਯਕਜਹਿਤੀ ਦਿਵਸ ਮਨਾਉਣ ਅਤੇ ਟਰੰਪ ਪ੍ਰਸ਼ਾਸਨ ਦੀ ਦਾਦਾਗਿਰੀ ਖਿਲਾਫ਼ ਰੋਸ ਐਕਸ਼ਨ ਕਰਨ ਦਾ ਸੱਦਾ ਦਿੱਤਾ ਗਿਆ ਹੈ।

ਉਪਰੋਕਤ ਤੋਂ ਇਲਾਵਾ ਜਮਹੂਰੀ ਕਿਸਾਨ ਸਭਾ ਦੇ ਆਗੂ ਕਾਮਰੇਡ ਬਲਵੰਤ ਸਿੰਘ ਘੋਹ, ਨਰਿੰਜਣ ਸਿੰਘ, ਰਘਬੀਰ ਸਿੰਘ ਧਲੌਰੀਆਂ, ਪੰਜਾਬ ਨਿਰਮਾਣ ਮਜ਼ਦੂਰ ਯੂਨੀਅਨ ਆਗੂ ਤਿਲਕ ਰਾਜ ਜਿਆਣੀ, ਰਾਮ ਬਿਲਾਸ ਠਾਕੁਰ, ਬਲਕਾਰ ਚੰਦ ਭਰਿਆਲ ਲਾਹੜੀ, ਯਸਪਾਲ, ਦਿਹਾਤੀ ਮਜ਼ਦੂਰ ਸਭਾ ਆਗੂ ਅਜੀਤ ਰਾਮ ਗੰਦਲਾਂ ਲਾਹੜੀ, ਪ੍ਰਵੀਨ ਕੁਮਾਰ ਬਮਿਆਲ, ਨਰੇਸ਼ ਕੁਮਾਰ ਖੋਜਕੀਚੱਕ, ਬਲਵਿੰਦਰ ਕੁਮਾਰ, ਅਵਤਾਰ ਸਿੰਘ, ਜਨਕ ਰਾਜ, ਨਰੋਤਮ ਸਿੰਘ, ਕੁਲਦੀਪ ਰਾਜ ਅਤੇ ਹੋਰ ਸਾਥੀ ਹਾਜ਼ਰ ਸਨ।



23 Jan Page 12.qxd 1/22/2026 9:30 PM Page 1



# ਬਰਸਟ ਨੇ ਨਵੀਆਂ ਤਕਨੀਕਾਂ ਨਾਲ ਫੂਡ ਵੇਸਟ ਨੂੰ ਊਰਜਾ ਤੇ ਖਾਦ 'ਚ ਬਦਲਣ 'ਤੇ ਦਿੱਤਾ ਜ਼ੋਰ

**ਮੁਹਾਲੀ, (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**- ਨੈਸ਼ਨਲ ਕੌਂਸਲ ਆਫ਼ ਸਟੇਟ ਐਗਰੀਕਲਚਰਲ ਮਾਰਕਿਟਿੰਗ ਬੋਰਡ (ਕੌਸਾਂਬ) ਅਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਵੱਲੋਂ ਗੁਜਰਾਤ ਦੇ ਸੂਰਤ ਵਿੱਚ ਆਯੋਜਿਤ ਏਸ਼ੀਆਈ ਖੇਤਰੀ ਸੰਮੇਲਨ ਵਿੱਚ ਭਾਗ ਲਿਆ ਗਿਆ। ਇਹ ਅੰਤਰਰਾਸ਼ਟਰੀ ਸੰਮੇਲਨ ਫੂਡ ਐਂਡ ਐਗਰੀਕਲਚਰ ਆਰਗੇਨਾਇਜੇਸ਼ਨ ਆਫ ਦ ਯੂਨਾਇਟਿਡ ਨੇਸ਼ਨਜ਼ (ਐਫ.ਏ.ਓ.), ਵਰਲਡ ਯੂਨਿਅਨ ਆਫ ਹੋਲਸੇਲ ਮਾਰਕੀਟਸ (ਡਬਲਯੂ.ਯੂ. ਡਬਲਯੂ. ਐਮ.) ਅਤੇ ਕੌਂਸਲ ਆਫ ਸਟੇਟ ਐਗਰੀਕਲਚਰਲ ਮਾਰਕਿਟਿੰਗ ਬੋਰਡ (ਕੌਸਾਂਬ) ਵੱਲੋਂ ਸਾਂਝੇ ਤੌਰ ਤੇ ਸ਼ੇਪਿੰਗ ਦ ਫਿਊਚਰ ਫਾਰ ਟਰਾਂਫਾਰਮਿੰਗ ਫੂਡ ਲਾਸ ਐਂਡ ਵੇਸਟ - ਬੇਸਟ ਪ੍ਰੈਕਟਿਸ ਫਰੋਮ ਫਰੂਟ ਐਂਡ ਵੈਜੀਟੇਬਲ ਹੋਲਸੇਲ ਮਾਰਕਿਟਸ ਇਨ ਏਸ਼ੀਆ ਵਿਸ਼ੇ ਤੇ ਆਯੋਜਿਤ ਕੀਤਾ ਗਿਆ।ਇਸ ਸੰਮੇਲਨ ਵਿੱਚ ਭਾਰਤ ਤੋਂ ਇਲਾਵਾ ਡਬਲਯੂ ਯੂ ਡਬਲਯੂ ਐੱਮ ਦੇ ਏਸ਼ੀਆ-ਪੈਸਿਫਿਕ ਖੇਤਰੀ ਸਮੂਹ ਦੇ ਚੇਅਰਮੈਨ ਸ੍ਰੀ ਮਾ ਜ਼ੇਂਗਜੁਨ, ਸੂਰਤ ਦੇ ਮੇਅਰ ਸ੍ਰੀ ਦਾਕੇਸ਼ ਮਾਵਾਨੀ ਅਤੇ ਚੋਰਿਆਸੀ (ਸੂਰਤ) ਹਲਕੇ ਦੇ ਵਿਧਾਇਕ ਅਤੇ ਸੂਰਤ ਏਪੀਐਮਸੀ ਦੇ ਚੇਅਰਮੈਨ ਸ੍ਰੀ ਸੰਦੀਪ ਦੇਸਾਈ ਵੀ ਸ਼ਾਮਲ ਹੋਏ। ਜਪਾਨ, ਹੋਂਗਕੋਂਗ, ਕੋਰੀਆ, ਸ੍ਰੀਲੰਕਾ, ਨੇਪਾਲ, ਫਿਲੀਪੀਨਜ਼, ਭੂਟਾਨ, ਇੰਡੋਨੇਸ਼ੀਆ, ਬੰਗਲਾਦੇਸ਼, ਮਲੇਸ਼ੀਆ, ਯੂਏਈ, ਥਾਈਲੈਂਡ, ਚੀਨ ਸਮੇਤ ਫਰਾਂਸ ਅਤੇ ਹੋਰ ਖੇਤਰਾਂ ਤੋਂ ਸੀਨੀਅਰ ਅਧਿਕਾਰੀ, ਨੀਤੀ ਨਿਰਮਾਤਾ, ਤਕਨੀਕੀ ਮਾਹਿਰ ਅਤੇ ਤਕਨਾਲੋਜੀ ਪ੍ਰਦਾਤਾ ਸ਼ਾਮਲ ਹੋਏ।



ਸੰਮੇਲਨ ਨੂੰ ਸੰਬੋਧਨ ਕਰਦਿਆਂ ਬਰਸਟ ਨੇ ਕਿਹਾ ਕਿ ਏਸ਼ੀਆ ਦੁਨੀਆ ਦੇ 70 ਫੀਸਦੀ ਤੋਂ ਵੱਧ ਤਾਜ਼ੇ ਫਲ ਅਤੇ ਸਬਜ਼ੀਆਂ ਦਾ ਉਤਪਾਦਨ ਕਰਦਾ ਹੈ, ਜਦਕਿ ਹੋਲਸੇਲ ਮਾਰਕੀਟ ਸ਼ਹਿਰੀ ਫੂਡ ਅਤੇ ਪੋਸ਼ਣ ਸੁਰੱਖਿਆ ਨੂੰ ਯਕੀਨੀ ਬਣਾਉਣ ਵਿੱਚ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਉਨ੍ਹਾਂ ਦੱਸਿਆ ਕਿ ਇਹ ਮਾਰਕੀਟਾਂ ਵੱਡੀ ਮਾਤਰਾ ਵਿੱਚ ਆਰਗੈਨਿਕ ਵੇਸਟ ਪੈਦਾ ਕਰਦੀਆਂ ਹਨ, ਜਿਸ ਨਾਲ ਇਹ ਕਲਾਈਮੇਟ ਐਕਸ਼ਨ, ਟਿਕਾਊ ਸ਼ਹਿਰੀ ਪ੍ਰਸ਼ਾਸਨ ਅਤੇ ਸਰਕੂਲਰ ਇਕੋਨਾਮੀ ਹੱਲਾਂ ਦੇ ਕੇਂਦਰ ਬਣ ਜਾਂਦੇ ਹਨ। ਬਰਸਟ ਨੇ ਸੋਲਿਡ ਵੇਸਟ ਮੈਨੇਜਮੈਂਟ ਰੂਲਜ਼, 2024 ਦੀ ਮਹੱਤਤਾ ਉੱਤੇ ਜ਼ੋਰ ਦਿੱਤਾ, ਜਿਸ ਵਿੱਚ ਏ.ਪੀ.ਐਮ.ਸੀਜ਼. ਅਤੇ ਹੋਲਸੇਲ ਮਾਰਕੀਟਾਂ ਨੂੰ ਵੱਡੇ ਪੱਧਰ ਤੇ ਰਹਿੰਦ-ਖੂੰਹਦ ਉਤਪਾਦਕ ਵੱਜੋਂ ਵਰਗੀਕ੍ਰਿਤ ਕੀਤਾ ਗਿਆ ਹੈ, ਜੋ ਸਰੋਤ ਨੂੰ ਵੱਖ ਕਰਨ ਅਤੇ ਵਿਗਿਆਨਕ ਢੰਗ ਨਾਲ ਇਸਦੇ ਨਿਪਟਾਰੇ ਨੂੰ ਲਾਜ਼ਮੀ ਬਣਾਉਂਦੇ ਹਨ। ਉਨ੍ਹਾਂ ਕਿਹਾ ਕਿ ਕੌਸਾਂਬ ਇਨ੍ਹਾਂ ਨੂੰ ਸਿਰਫ਼ ਪਾਲਣਾ ਕਰਨ ਦੀ ਲੋੜ ਵਜੋਂ ਨਹੀਂ ਵੇਖਦਾ, ਬਲਕਿ ਮਾਰਕੀਟਾਂ ਨੂੰ ਆਧੁਨਿਕ ਬਣਾਉਣ, ਬੁਨਿਆਦੀ ਢਾਂਚੇ ਨੂੰ ਸੁਧਾਰਨ, ਰੋਜ਼ਗਾਰ ਪੈਦਾ ਕਰਨ, ਕਿਸਾਨਾਂ ਦੀ ਆਮਦਨ ਵਧਾਉਣ, ਕਲਾਈਮੇਟ ਫਾਇਨੈਂਸ ਅਤੇ ਕਾਰਬਨ ਮਾਰਕੀਟ ਦੇ ਮੌਕੇ ਵੱਜੋਂ ਵੇਖਦਾ ਹੈ। ਉਨ੍ਹਾਂ ਸੰਮੇਲਨ ਦੌਰਾਨ ਚਰਚਾ ਕੀਤੀਆਂ ਨਵੀਆਂ ਤਕਨੀਕਾਂ ਤੇ ਜ਼ੋਰ ਦਿੱਤਾ, ਜਿਨ੍ਹਾਂ ਵਿੱਚ ਬਾਇਓ-ਸੀਐਨਜੀ ਅਤੇ ਬਾਇਓਮੀਥੇਨ ਪਲਾਂਟ, ਐਡਵਾਂਸਡ ਪ੍ਰੀ-ਟ੍ਰੀਟਮੈਂਟ ਸਿਸਟਮ, ਬਲੈਕ ਸੋਲਜਰ ਫਲਾਈ-ਬੇਸਡ ਵੇਸਟ ਵੈਲੋਰਾਈਜ਼ੇਸ਼ਨ, ਕੇਲੇ ਦੇ ਫਾਈਬਰ ਪ੍ਰੋਸੈਸਿੰਗ, ਐਨਜ਼ਾਈਮ-ਅਧਾਰਤ ਵਿਘਟਨ, ਡਿਜੀਟਲ ਵੇਸਟ ਟਰੈਕਿੰਗ ਅਤੇ ਕਾਰਬਨ ਕ੍ਰੈਡਿਟ ਅਸੈਸਮੈਂਟ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਇਹ ਹੱਲ ਦਰਸਾਉਂਦੇ ਹਨ ਕਿ ਫੂਡ ਵੇਸਟ ਨੂੰ ਨਵੀਨੀਕਰਨੀਯ ਉਰਜਾ, ਬਾਇਓ-ਖਾਦ ਅਤੇ ਆਰਥਿਕ ਮੁੱਲ ਵਿੱਚ ਬਦਲਿਆ ਜਾ ਸਕਦਾ ਹੈ।

# ਗੈਂਗਸਟਰਾਂ ਵਿਰੁੱਧ ਫੈਸਲਾਕੁੰਨ ਜੰਗ ਹੈ ਅਪ੍ਰੇਸ਼ਨ ਪ੍ਰਹਾਰ : ਕਰਮਜੀਤ ਕੌਰ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)** ਜ਼ਿਲ੍ਹਾ ਯੋਜਨਾ ਕਮੇਟੀ ਦੀ ਚੇਅਰਪਰਸਨ ਕਰਮਜੀਤ ਕੌਰ ਨੇ ਪੰਜਾਬ ਪੁਲਿਸ ਵੱਲੋਂ ਗੈਂਗਸਟਰਾਂ ਵਿਰੁੱਧ ਸ਼ੁਰੂ ਕੀਤੇ ਗਏ ਰਾਜ ਪੱਧਰੀ ਵੱਡੀ ਮੁਹਿੰਮ 'ਆਪ੍ਰੇਸ਼ਨ ਪ੍ਰਹਾਰ' ਦਾ ਸਵਾਗਤ ਕੀਤਾ ਤੇ ਇਸ ਨੂੰ ਪੰਜਾਬ ਵਿੱਚ



ਕਾਨੂੰਨ ਵਿਵਸਥਾ ਬਹਾਲ ਕਰਨ ਵੱਲ ਇਕ ਇਤਿਹਾਸਕ ਕਦਮ ਦੱਸਿਆ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਨਿਡਰ ਅਤੇ ਸਪੱਸ਼ਟ ਅਗਵਾਈ ਹੇਠ ਪੰਜਾਬ ਪੁਲਸ ਨੇ ਸੰਗਠਿਤ ਅਪਰਾਧ ਤੇ ਗੈਂਗਸਟਰ ਨੈੱਟਵਰਕ ਵਿਰੁੱਧ ਸਿੱਧੀ ਅਤੇ ਫੈਸਲਾਕੁੰਨ ਜੰਗ ਦਾ ਐਲਾਨ ਕੀਤਾ ਹੈ।ਕਰਮਜੀਤ ਕੌਰ ਨੇ ਕਿਹਾ ਕਿ ਡਾਇਰੈਕਟਰ ਜਨਰਲ ਪੁਲਸ (ਡੀ.ਜੀ.ਪੀ) ਦੀ ਅਗਵਾਈ ਹੇਠ ਪੂਰੇ ਪੰਜਾਬ ਵਿਚ ਲੱਗਭਗ 2,000 ਪੁਲਸ ਟੀਮਾਂ, ਜਿਨ੍ਹਾਂ ਵਿੱਚ ਲੱਗਭਗ 12,000 ਪੁਲਿਸ ਕਰਮਚਾਰੀ ਸ਼ਾਮਿਲ ਹਨ, ਪੰਜਾਬ ਭਰ ਵਿੱਚ ਸਰਗਰਮੀ ਨਾਲ ਛਾਪੇਮਾਰੀ ਕਰ ਰਹੀਆਂ ਹਨ।ਅਰਪਰਸਨ ਨੇ ਕਿਹਾ ਕਿ ਇਹ ਮੁਹਿੰਮ ਪੁਲਿਸ ਫੋਰਸ ਦਾ ਮਨੋਬਲ ਵੀ ਵਧਾਏਗੀ, ਕਿਉਂਕਿ ਚੰਗਾ ਅਤੇ ਸ਼ਲਾਘਾਯੋਗ ਕੰਮ ਕਰਨ ਵਾਲੇ ਪੁਲਿਸ ਮੁਲਾਜ਼ਮਾਂ ਨੂੰ ਢੁਕਵੇਂ ਇਨਾਮ ਦੇ ਕੇ ਉਤਸ਼ਾਹਿਤ ਕੀਤਾ ਜਾਵੇਗਾ। ਇਸ ਦੇ ਨਾਲ ਹੀ ਆਮ ਲੋਕਾਂ ਦੀ ਭਾਗੀਦਾਰੀ ਨੂੰ ਯਕੀਨੀ ਬਣਾਉਣ ਲਈ ਇਕ ਟੋਲ-ਫ੍ਰੀ ਨੰਬਰ 93946-93946 ਜਾਰੀ ਕੀਤਾ ਗਿਆ ਹੈ, ਤਾਂ ਜੋ ਲੋਕ ਬਿਨਾਂ ਕਿਸੇ ਡਰ ਦੇ ਪੁਲਸ ਨੂੰ ਅਪਰਾਧ ਨਾਲ ਸਬੰਧਤ ਜਾਣਕਾਰੀ ਪ੍ਰਦਾਨ ਕਰ ਸਕਣ।

# ਰਿਜਨਲ ਟਰਾਂਸਪੋਰਟ ਦਫ਼ਤਰ ਵੱਲੋਂ ਬਾਈਕ ਰੈਲੀ

**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**- ਆਮ ਲੋਕਾਂ ਵਿੱਚ ਸੜਕ ਸੁਰੱਖਿਆ ਪ੍ਰਤੀ ਜਾਗਰੂਕਤਾ ਵਧਾਉਣ ਦੇ ਮਕਸਦ ਨਾਲ ਮਨਾਏ ਜਾ ਰਹੇ ਸੜਕ ਸੁਰੱਖਿਆ ਮਹੀਨਾ-2026 ਤਹਿਤ ਰੀਜਨਲ ਟਰਾਂਸਪੋਰਟ ਦਫ਼ਤਰ ਵੱਲੋਂ ਬਾਈਕ ਰੈਲੀ ਕੱਢੀ ਗਈ, ਜਿਸ ਨੂੰ



ਰੀਜਨਲ ਟਰਾਂਸਪੋਰਟ ਅਫ਼ਸਰ ਅਮਨਪਾਲ ਸਿੰਘ, ਰਿਟਾਇਰਡ ਐਸ.ਐਸ.ਪੀ. ਐਮ.ਐਸ. ਭੁੱਲਰ ਜੁਆਇੰਟ ਡਾਇਰੈਕਟਰ ਲੀਡ ਏਜੰਸੀ ਆਨ ਰੋਡ ਸੇਫਟੀ, ਏ ਡੀ ਸੀ ਪੀ ਹਰਮਿੰਦਰ ਸਿੰਘ ਗਿੱਲ, ਸੀ ਐੱਮ ਐੱਫ ਓ ਨਵਦੀਪ ਸਿੰਘ ਤੇ ਸਹਾਇਕ ਕਮਿਸ਼ਨਰ (ਜ) ਰੋਹਿਤ ਜਿੰਦਲ ਨੇ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਸਥਾਨਕ ਗੁਰੂ ਗੋਬਿੰਦ ਸਿੰਘ ਸਟੇਡੀਅਮ ਤੋਂ ਸ਼ੁਰੂ ਹੋਈ ਇਹ ਬਾਈਕ ਰੈਲੀ ਚੁਨਮੁਨ ਮਾਲ ਤੋਂ ਏ ਪੀ ਜੇ ਸਕੂਲ, ਬੀ ਐੱਸ ਐੱਫ ਚੌਂਕ ਹੁੰਦੇ ਹੋਏ ਮੁੜ ਸਟੇਡੀਅਮ ਵਿਖੇ ਸਮਾਪਤ ਹੋਈ। ਇਹ ਰੈਲੀ ਮਹਿਲਾਵਾਂ ਦੇ ਰਾਈਡਰਜ਼ ਗਰੁੱਪ 'ਪੰਜਾਬ ਰਾਈਡਰਜ਼' ਦੇ ਸਹਿਯੋਗ ਨਾਲ ਕੱਢੀ ਗਈ, ਜਿਸ ਵਿੱਚ 15 ਮਹਿਲਾ ਬਾਈਕਰਜ਼ ਨੇ ਹਿੱਸਾ ਲਿਆ। ਇਸ ਮੌਕੇ ਰੀਜਨਲ ਟਰਾਂਸਪੋਰਟ ਅਫ਼ਸਰ ਅਮਨਪਾਲ ਸਿੰਘ ਨੇ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ 'ਤੇ ਮਨਾਏ ਜਾ ਰਹੇ ਸੜਕ ਸੁਰੱਖਿਆ ਮਹੀਨੇ ਤਹਿਤ ਲੋਕਾਂ ਨੂੰ ਟ੍ਰੈਫਿਕ ਨਿਯਮਾਂ ਪ੍ਰਤੀ ਜਾਗਰੂਕ ਕਰਨ ਦੇ ਮਕਸਦ ਨਾਲ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਕਰਵਾਈਆਂ ਜਾ ਰਹੀਆਂ ਹਨ, ਜਿਸ ਤਹਿਤ ਵੂਮੈਨ ਬਾਈਕ ਰੈਲੀ ਕੱਢੀ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਵਿਭਾਗ ਵੱਲੋਂ ਟਰੱਕ, ਟੈਕਸੀ ਤੇ ਆਟੋ ਯੂਨੀਅਨਾਂ, ਸਕੂਲੀ ਬੱਸਾਂ ਦੇ ਡਰਾਈਵਰਾਂ ਅਤੇ ਆਮ ਲੋਕਾਂ ਨੂੰ ਟ੍ਰੈਫਿਕ ਨਿਯਮਾਂ ਤੋਂ ਜਾਣੂ ਕਰਵਾਉਣ ਲਈ ਜਾਗਰੂਕਤਾ ਸੈਮੀਨਾਰ ਕਰਵਾਏ ਗਏ ਹਨ। ਇਸ ਮੌਕੇ ਸਹਾਇਕ ਰੀਜਨਲ ਟਰਾਂਸਪੋਰਟ ਅਫ਼ਸਰ ਵਿਸ਼ਾਲ ਗੋਇਲ, ਰਿਟਾਇਰਡ ਐੱਸ ਐੱਸ ਪੀ ਐੱਮ ਐੱਸ ਭੁੱਲਰ ਤੇ ਰੀਜਨਲ ਟਰਾਂਸਪੋਰਟ ਦਾ ਸਟਾਫ਼ ਵੀ ਮੌਜੂਦ ਸੀ।

# ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਖਿਲਾਫ ਸ਼ਿਵ ਸੈਨਾ ਹਿੰਦੁਸਤਾਨ ਨੇ ਕੀਤੀ ਨਾਅਰੇਬਾਜ਼ੀ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਆਏ ਦਿਨ ਸਰਕਾਰੀ ਇਮਾਰਤਾਂ ਨੂੰ ਬੰਬ ਨਾਲ ਉਡਾਉਣ ਦੇ ਹੁਣ ਗਣਤੰਤਰ ਦਿਵਸ 'ਚ ਸ਼ਾਮਿਲ ਹੋਣ ਵਾਲੇ ਟਾਂਡਾ ਦੇ



ਪ੍ਰਾਈਵੇਟ ਸਕੂਲਾਂ ਦੀਆਂ ਇਮਾਰਤਾਂ ਨੂੰ ਬੰਬ ਨਾਲ ਉਡਾਉਣ ਦੀ ਈ ਮੇਲ ਰਾਹੀਂ ਦਿੱਤੀ ਗਈ ਧਮਕੀ ਦੇ ਰੋਸ ਵਜੋਂ ਤੇ ਇਸ ਨੂੰ ਨਕੇਲ ਪਾਉਣ ਸਬੰਧੀ ਵਿਚਾਰ ਵਟਾਂਦਰਾ ਕਰਨ ਲਈ ਸ਼ਿਵ ਸੈਨਾ ਹਿੰਦੁਸਤਾਨ ਦੇ ਪੰਜਾਬ ਯੂਥ ਪ੍ਰਧਾਨ ਰਾਹੁਲ ਖੰਨਾ ਦੀ ਅਗਵਾਈ ਵਿੱਚ ਸ਼ਿਵ ਸੈਨਾ ਦੇ ਦਫਤਰ ਟਾਂਡਾ ਵਿਖੇ ਇੱਕ ਹੰਗਾਮੀ ਮੀਟਿੰਗ ਦਾ ਆਯੋਜਨ ਕੀਤਾ ਗਿਆ।ਮੀਟਿੰਗ 'ਚ ਹਾਜ਼ਰ ਸ਼ਿਵ ਸੈਨਾ ਦੇ ਜ਼ਿਲ੍ਹਾ ਚੇਅਰਮੈਨ ਵਿਵੇਕ ਵਿਜ਼ਨ, ਯੁਵਾ ਨੇਤਾ ਰਾਜੂ ਖੰਨਾ, ਦੋਆਬਾ ਪ੍ਰਧਾਨ ਪ੍ਰਸ਼ਾਂਤ ਪੰਡਿਤ, ਜ਼ਿਲ੍ਹਾ ਯੂਥ ਪ੍ਰਧਾਨ ਪੁਨੀਤ ਚੌਗਰਾ, ਯੂਥ ਸਿਟੀ ਪ੍ਰਧਾਨ ਗੁਰਨਾਮ ਸਿੰਘ ਗੋਨੀ, ਯੂਥ ਨੇਤਾ ਬ੍ਰਿਜ ਭਾਰਦ ਸੀਨੀਅਰ ਸਿਟੀ ਪ੍ਰਧਾਨ ਰਾਜੀਵ ਖੰਨਾ, ਵਾਈਸ ਚੇਅਰਮੈਨ ਬਬਲੂ ਕੁਮਾਰ, ਸਾਗਰ ਸਹੋਤਾ, ਟਾਈਗਰ ਨੰਗਲ, ਸਾਗਰ ਮੋਟਾ, ਯੂਵੀ, ਲਵੀ, ਦੀਪਕ, ਗਗਨਦੀਪ, ਜਸਪ੍ਰੀਤ ਬੋਗਾ, ਰਾਹੁਲ ਕੁਮਾਰ, ਸੁਖਦੀਪ ਤੋਂ ਇਲਾਵਾ ਹੋਰ ਸ਼ਿਵਸੇਨਾ ਵਰਕਰਾਂ ਨੇ ਅੱਤਵਾਦੀ ਗੁਰਪਤਵੰਤ ਸਿੰਘ ਪੰਨੂ ਖਿਲਾਫ ਰੋਸ ਦਾ ਪ੍ਰਗਟਾਵਾ ਕਰਦੇ ਹੋਏ ਨਾਅਰੇਬਾਜ਼ੀ ਕੀਤੀ।ਹਾਜ਼ਰ ਇਕੱਠ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਰਾਹੁਲ ਖੰਨਾ ਨੇ ਕਿਹਾ ਕਿ ਅੱਤਵਾਦੀ ਗੁਰਪਤਵੰਤ ਸਿੰਘ ਪੰਨੂ ਆਏ ਦਿਨ ਸ਼ਰਾਰਤੀ ਅਨਸਰਾਂ ਨੂੰ ਪੈਸੇ ਦੇ ਕੇ ਹਿੰਦੂ ਨੇਤਾਵਾਂ ਤੇ ਹਮਲੇ ਕਰ ਰਿਹਾ ਹੈ ਤੇ ਪੰਜਾਬ ਦਾ ਸ਼ਾਂਤਮਈ ਮਾਹੌਲ ਵਿਗਾੜ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਅੱਤਵਾਦੀ ਪੰਨੂ ਵਿਦੇਸ਼ ਵਿੱਚ ਬੈਠਾ ਸੋਸ਼ਲ ਮੀਡੀਆ ਰਾਹੀਂ ਕਦੇ ਪੰਜਾਬ ਦੀਆਂ ਸਰਕਾਰੀ ਇਮਾਰਤਾਂ, ਕਦੇ ਕੋਰਟ ਕੰਪਲੈਕਸ ਤੇ ਹੁਣ ਸਕੂਲਾਂ ਦੀਆਂ ਇਮਾਰਤਾਂ ਨੂੰ ਬੰਬ ਨਾਲ ਉਡਾਉਣ ਦੀਆਂ ਧਮਕੀਆਂ ਦੇ ਰਿਹਾ ਹੈ ਜਿਸ ਨੂੰ ਸ਼ਿਵ ਸੈਨਾ ਹਿੰਦੁਸਤਾਨ ਕਦੇ ਬਰਦਾਸ਼ਤ ਨਹੀਂ ਕਰੇਗਾ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਗੁਰਪਤਵੰਤ ਪੰਨੂ ਨੂੰ ਭਾਰਤ ਲਿਆਉਣ ਦੇ ਠੋਸ ਉਪਰਾਲੇ ਕਰੇ ਤੇ ਕਾਨੂੰਨੀ ਕਾਰਵਾਈ ਕਰਦੇ ਹੋਏ ਅਜਿਹੇ ਅੱਤਵਾਦੀ ਨੂੰ ਫਾਂਸੀ ਦੀ ਸਜ਼ਾ ਦੇਵੇ।

# ਖੂਨਦਾਨ ਕੈਂਪ ਤੇ ਫਰੀ ਮੈਡੀਕਲ ਚੈੱਕਅੱਪ ਕੈਂਪ ਲਗਾਇਆ



**ਬੰਗਾ (ਅਵਤਾਰ ਕਲੇਰ)**- ਸੰਤ ਬਾਬਾ ਸੇਵਾ ਸਿੰਘ ਜੀ ਕਾਰ ਸੇਵਾ ਕਿਲ੍ਹਾ ਅਨੰਦਗੜ੍ਹ ਸਾਹਿਬ ਅਨੰਦਪੁਰ ਸਾਹਿਬ ਦੀ 44ਵੀਂ ਬਰਸੀ ਮੌਕੇ ਸਵੈਚਿੱਛਕ ਖੂਨਦਾਨ ਕੈਂਪ ਤੇ ਫਰੀ ਮੈਡੀਕਲ ਕੈਂਪ ਗੁਰੂ ਗੋਬਿੰਦ ਸਿੰਘ ਜੀ ਲੋਹ ਲੰਗਰ ਸਰੋਵਰ, ਪਿੰਡ ਨੌਰਾ ਵਿਖੇ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵੱਲੋਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਲਗਾਇਆ ਗਿਆ। ਕੈਂਪ ਦਾ ਉਦਘਾਟਨ ਸੰਤ ਬਾਬਾ ਸਤਨਾਮ ਸਿੰਘ ਜੀ ਕਾਰ ਸੇਵਾ ਕਿਲ੍ਹਾ ਅਨੰਦਗੜ੍ਹ ਸਾਹਿਬ ਤੇ ਸੰਤ ਬਾਬਾ ਗੁਰਬਚਨ ਸਿੰਘ ਜੀ ਪਠਲਾਵੇ ਵਾਲਿਆਂ ਨੇ ਕੀਤਾ। ਕੈਂਪ ਵਿਚ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੇ ਮਾਹਿਰ ਡਾਕਟਰ ਸਾਹਿਬਾਨ ਵਲੋਂ ਮਰੀਜ਼ਾਂ ਦਾ ਮੁਫਤ ਮੈਡੀਕਲ ਚੈੱਕਅੱਪ ਕੀਤਾ ਗਿਆ। ਮਰੀਜ਼ਾਂ ਨੂੰ ਫਰੀ ਦਵਾਈਆਂ ਅਤੇ ਸ਼ੂਗਰ ਟੈਸਟ ਵੀ ਕੀਤਾ ਗਿਆ।ਬਾਬਾ ਸਤਨਾਮ ਸਿੰਘ ਨੇ ਖੂਨਦਾਨੀਆਂ ਨੂੰ ਯਾਦਚਿੰਨ ਅਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਤੇ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੇ ਸਮੂਹ ਪ੍ਰਬੰਧਕਾਂ ਤੇ ਮੈਡੀਕਲ ਟੀਮ ਦਾ ਹਾਰਦਿਕ ਧੰਨਵਾਦ ਕੀਤਾ। ਇਸ ਮੌਕੇ ਸੰਤ ਬਾਬਾ ਬਾਗ ਸਿੰਘ ਨਿਰਮਲ ਕੁਟੀਆ ਕਜਲਾ, ਨਿਰਮਲ ਸਿੰਘ ਪੁੱਤਰ ਸੰਤ ਬਾਬਾ ਸੇਵਾ ਸਿੰਘ,ਜਥੇਦਾਰ ਸੁਖਦੇਵ ਸਿੰਘ ਭੌਰ, ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ, ਮਲਕੀਤ ਸਿੰਘ ਬਾਹੜੋਵਾਲ, ਦਰਸ਼ਨ ਸਿੰਘ ਮਾਹਿਲ ਕੈਨੇਡਾ, ਬਾਬਾ ਜਰਨੈਲ ਸਿੰਘ ਅਨੰਦਪੁਰ, ਬਾਬਾ ਜਰਨੈਲ ਸਿੰਘ ਨੌਰਾ, ਕਰਮਜੀਤ ਸਿੰਘ ਯੂ ਕੇ, ਜਰਨੈਲ ਸਿੰਘ, ਚਰਨਜੀਤ ਸਿੰਘ ਯੂ ਕੇ, ਪਰਮਜੀਤ ਸਿੰਘ ਯੂ ਕੇ, ਧਨਵੰਤ ਸਿੰਘ, ਸੁਖਜਿੰਦਰ ਸਿੰਘ ਪੰਚ, ਸਤਵਿੰਦਰ ਸਿੰਘ ਰਾਜੂ, ਇੰਦਰਜੀਤ ਸਿੰਘ ਨਿਊਜ਼ੀਲੈਂਡ, ਅਵਿਨਾਸ਼ ਸਿੰਘ, ਭਾਈ ਜੋਗਾ ਸਿੰਘ, ਡਾ. ਕੁਲਦੀਪ ਸਿੰਘ, ਮਨਜੀਤ ਸਿੰਘ ਬੇਦੀ, ਸੰਤਾ ਦਾ ਪਰਿਵਾਰ, ਗ੍ਰਾਮ ਪੰਚਾਇਤ ਨੌਰਾ ਅਤੇ ਇਲਾਕਾ ਨਿਵਾਸੀ ਸੰਗਤਾਂ ਸ਼ਾਮਲ ਹੋਈਆਂ।

# ਪ੍ਰੀ-ਬਜਟ ਕੰਸਲਟੇਸ਼ਨ ਪ੍ਰਕ੍ਰਿਆ ਲੋਕਤੰਤਰ ਦਾ ਮਹਤੱਵਪੂਰਣ ਸਰੋਤ : ਮੁੱਖ ਮੰਤਰੀ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**- ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕੁਰੂਕਸ਼ੇਤਰ ਵਿੱਚ ਵੱਖ-ਵੱਖ ਸੰਗਠਨਾਂ ਦੇ ਨਾਲ ਆਯੋਜਿਤ ਪ੍ਰੀ-ਬਜਟ ਕੰਸਲਟੇਸ਼ਨ ਮੀਟਿੰਗ ਨੂੰ ਸੰਬੋਧਿਤ ਕੀਤਾ। ਇਸ ਮੌਕੇ 'ਤੇ ਉਦਮਤਾ ਰਾਜ ਮੰਤਰੀ ਗੌਰਵ ਗੌਤਮ ਵੀ ਵਿਸ਼ੇਸ਼ ਰੂਪ ਨਾਲ ਮੌਜੂਦ ਰਹੇ। ਮੀਟਿੰਗ ਵਿੱਚ ਸਮਾਜ ਦੇ ਵੱਖ-ਵੱਖ ਖੇਤਰਾਂ ਦੀ ਅਗਵਾਈ ਕਰਨ ਵਾਲੇ ਪ੍ਰਮੁੱਖ ਸੰਗਠਨਾਂ ਦੇ ਅਧਿਕਾਰੀ ਮੌਜੂਦ ਰਹੇ। ਮੁੱਖ ਮੰਤਰੀ ਨੇ ਪ੍ਰੀ-ਬਜਟ ਕੰਸਲਟੇਸ਼ਨ ਪ੍ਰਕ੍ਰਿਆ ਨੂੰ ਲੋਕਤੰਤਰ ਦਾ ਇੱਕ ਮਹਤੱਵਪੂਰਣ ਅਤੇ ਮਜ਼ਬੂਤ ਸਰੋਤ ਦੱਸਦੇ ਹੋਏ ਕਿਹਾ ਕਿ ਕਿਸਾਨਾਂ, ਮਜ਼ਦੂਰਾਂ, ਨੌਜੁਆਨਾਂ, ਵਕੀਲਾਂ, ਸਿਖਿਆ, ਖੇਡ ਤੇ ਸਮਾਜਿਕ ਸੰਗਠਨਾਂ ਤੋਂ ਪ੍ਰਾਪਤ ਸੁਝਾਵਾਂ 'ਤੇ ਸਰਕਾਰ ਗੰਭੀਰਤਾ ਨਾਲ ਵਿਚਾਰ ਕਰੇਗੀ।

# ਬਸੰਤ ਪੰਚਮੀ ਨੂੰ ਸਮਰਪਤ ਗੁਰਮਤਿ ਸਮਾਗਮ

**ਐਸ ਏ ਐਸ ਨਗਰ (ਗੁਰਜੀਤ ਬਿੱਲਾ)**- ਧੰਨ ਧੰਨ ਅਮਰ ਸ਼ਹੀਦ ਜੱਥੇਦਾਰ ਬਾਬਾ ਹਨੂੰਮਾਨ ਸਿੰਘ ਜੀ ਦੇ ਸ਼ਹੀਦੀ ਅਸਥਾਨ ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ ਵਿਖੇ ਦਸਮ ਪਿਤਾ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵਿਆਹ ਪੁਰਬ ਤੇ ਬਸੰਤ ਪੰਚਮੀ ਨੂੰ ਸਮਰਪਿਤ ਗੁਰਮਤਿ ਸਮਾਗਮ ਦਾ ਆਯੋਜਨ ਬੜੀ ਸ਼ਰਧਾ ਭਾਵਨਾ ਨਾਲ ਉਤਸ਼ਾਹ ਪੂਰਵਕ ਕਰਵਾਇਆ ਗਿਆ।



ਇਸ ਖੁਸ਼ੀ ਵਿੱਚ ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ, ਇਸ ਉਪਰੰਤ ਸਾਰਾ ਦਿਨ ਗੁਰਮਤਿ ਸਮਾਗਮ ਦਾ ਆਯੋਜਨ ਕੀਤਾ ਗਿਆ। ਭਾਈ ਜਰਨੈਲ ਸਿੰਘ ਜੀ ਲੁਧਿਆਣੇ ਵਾਲਿਆਂ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੁਆਰਾ 'ਗੁਰੂ ਕਾ ਲਾਹੌਰ' ਸ਼ਹਿਰ ਵਸਾਉਣ ਬਾਰੇ ਸੰਗਤਾਂ ਨੂੰ ਜਾਣੂ ਕਰਵਾਇਆ। ਸਾਰੇ ਜੱਥਿਆਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਪ੍ਰਬੰਧਕ ਕਮੇਟੀ ਦੇ ਬੁਲਾਰੇ ਨੇ ਦੱਸਿਆ ਕਿ ਆਉਣ ਵਾਲੀ ਮਿਤੀ 28 ਜਨਵਰੀ ਨੂੰ ਦਸਵੀਂ ਦਾ ਸ਼ੁਭ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਉਤਸ਼ਾਹ ਪੂਰਵਕ ਮਨਾਇਆ ਜਾਵੇਗਾ।

# 50 ਨਵ-ਜੰਮੀਆਂ ਬੱਚੀਆਂ ਦੀ ਲੋਹੜੀ ਪਾਈ

**ਮੇਹਟੀਆਣਾ/ਹੁਸ਼ਿਆਰਪੁਰ (ਜਗਤਾਰ ਸਿੰਘ ਭੁੰਗਰਨੀ, ਓ ਪੀ ਰਾਣਾ, ਬਲਵੀਰ ਸਿੰਘ ਸੈਣੀ)**- ਡਾਇਰੈਕਟਰ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ, ਚੰਡੀਗੜ੍ਹ ਦੇ ਦਿਸ਼ਾ-ਨਿਰਦੇਸ਼ਾਂ 'ਤੇ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਗਗਨਦੀਪ ਸਿੰਘ ਦੀ ਅਗਵਾਈ ਹੇਠ



ਬਾਲ ਵਿਕਾਸ ਪ੍ਰੋਜੈਕਟ ਅਫ਼ਸਰ ਹੁਸ਼ਿਆਰਪੁਰ-2 ਦਇਆ ਰਾਣੀ ਵੱਲੋਂ ਪਿੰਡ ਮਰਨਾਈਆਂ ਕਲਾਂ ਵਿਖੇ ਪਿੰਡ ਦੇ ਸਰਪੰਚ ਰੁਪਿੰਦਰ ਸਿੰਘ ਦੇ ਸਹਿਯੋਗ ਨਾਲ ਬਲਾਕ ਪੱਧਰੀ ਲੋਹੜੀ ਦੇ ਸਮਾਗਮ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਬਲਾਕ-ਹੁਸ਼ਿਆਰਪੁਰ 2 ਦੀਆਂ 50 ਨਵ-ਜੰਮੀਆਂ ਲੜਕੀਆਂ ਦੀ ਲੋਹੜੀ ਪਾਈ ਗਈ। ਇਸ ਮੌਕੇ ਕਰਵਾਏ ਗਏ ਸਮਾਗਮ ਵਿੱਚ ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਲੋਹੜੀ ਦੇ ਇਸ ਸਮਾਗਮ ਮੌਕੇ ਪਿੰਡ ਦੀਆਂ ਲੜਕੀਆਂ ਵੱਲੋਂ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ। ਮੁੱਖ ਮਹਿਮਾਨ ਵੱਲੋਂ ਬੱਚੀਆਂ ਤੇ ਉਨ੍ਹਾਂ ਦੀਆਂ ਮਾਵਾਂ ਨੂੰ ਧੀਆਂ ਦੀ ਲੋਹੜੀ ਮਨਾਉਣ ਲਈ ਵਧਾਈਆਂ ਦਿੱਤੀਆਂ ਤੇ 50 ਨਵ-ਜਨਮੀਆਂ ਬੱਚੀਆਂ ਤੇ ਉਨ੍ਹਾਂ ਦੀਆਂ ਮਾਵਾਂ ਨੂੰ ਤੋਹਫ਼ੇ ਦੇ ਕੇ ਸਨਮਾਨਤ ਕੀਤਾ। ਉਨ੍ਹਾਂ ਧੀਆਂ ਨੂੰ ਉਚੇਰੀ ਵਿੱਦਿਆ ਦੇਣ ਲਈ ਪ੍ਰੇਰਿਤ ਕੀਤਾ ਤੇ ਕਿਹਾ ਕਿ ਅੱਜ ਦੇ ਯੁੱਗ ਵਿੱਚ ਬੇਟੀਆਂ ਨੂੰ ਸਹੀ ਪਾਲਣ-ਪੋਸ਼ਣ ਅਤੇ ਵਿੱਦਿਆ ਪ੍ਰਦਾਨ ਕੀਤੀ ਜਾਵੇ ਤਾਂ ਉਹ ਵੀ ਮਾਪਿਆਂ ਦਾ ਨਾਂਅ ਰੋਸ਼ਨ ਕਰ ਸਕਦੀਆਂ ਹਨ। ਉਨ੍ਹਾਂ ਵੱਲੋਂ ਵੱਖ-ਵੱਖ ਅਹੁਦਿਆਂ 'ਤੇ ਤਾਇਨਾਤ ਮਹਿਲਾ ਅਧਿਕਾਰੀਆਂ ਦੀ ਉਦਾਹਰਨ ਦਿੰਦੇ ਹੋਏ ਲੜਕੀਆਂ ਦੀ ਉਚੇਰੀ ਸਿੱਖਿਆ ਅਤੇ ਸਹੀ ਪਾਲਣ-ਪੋਸ਼ਣ ਲਈ ਸਭ ਨੂੰ ਪ੍ਰੇਰਿਤ ਕੀਤਾ ਗਿਆ।ਪ੍ਰਿੰਸੀਪਲ ਮਿਡਲ ਲੈਵਲ ਟ੍ਰੇਨਿੰਗ ਸੈਂਟਰ ਸੀਮਾ ਸ਼ਰਮਾ ਨੇ ਬੱਚਿਆਂ ਦੀਆਂ ਮਾਵਾਂ ਨੂੰ ਬੱਚਿਆਂ ਦੀ ਪੌਸ਼ਟਿਕ ਖ਼ੁਰਾਕ ਅਤੇ ਸਹੀ ਸਮੇਂ ਸਹੀ ਖ਼ੁਰਾਕ ਦੇਣ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਬਲਾਕ ਹੁਸ਼ਿਆਰਪੁਰ-2 ਦੀਆਂ ਸੁਪਰਵਾਈਜ਼ਰਾਂ, ਆਂਗਨਵਾੜੀ ਵਰਕਰਾਂ, ਪੰਚਾਇਤ ਮੈਂਬਰ ਤੇ ਪਿੰਡ ਵਾਸੀ ਵੀ ਮੌਜੂਦ ਸਨ।

# ਕੌਮੀ ਲੋਕ ਅਦਾਲਤ 14 ਮਾਰਚ ਨੂੰ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਨੈਸ਼ਨਲ ਲੀਗਲ ਸਰਵਿਸ ਅਥਾਰਟੀ ਦੇ ਦਿਸ਼ਾਂ ਨਿਰਦੇਸ਼ਾਂ ਅਨੁਸਾਰ ਅਤੇ ਮਾਣਯੋਗ ਮੈਂਬਰ ਸਕੱਤਰ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐੱਸ ਏ ਐੱਸ ਨਗਰ ਜੀਆਂ ਦੇ ਪ੍ਰਾਪਤ ਹੁਕਮਾਂ ਤਹਿਤ ਜਿਲ੍ਹਾਂ ਅਤੇ ਸੈਸ਼ਨ ਜੱਜ, ਸ਼ਹੀਦ



ਭਗਤ ਸਿੰਘ ਨਗਰ ਸ੍ਰੀਮਤੀ ਪ੍ਰਿਆ ਸੂਦ ਵੱਲੋ ਦੱਸਿਆ ਗਿਆ ਕਿ ਜ਼ਿਲ੍ਹੇ ਵਿੱਚ 14 ਮਾਰਚ ਨੂੰ ਕੌਮੀ ਲੋਕ ਅਦਾਲਤ ਲਗਾਈ ਜਾਵੇ ਗਈ । ਜ਼ਿਲ੍ਹਾ ਤੇ ਸੈਸ਼ਨ ਜੱਜ, ਸ਼ਹੀਦ ਭਗਤ ਸਿੰਘ ਨਗਰ ਪ੍ਰਿਆ ਸੂਦ ਵੱਲੋ ਦੱਸਿਆ ਕਿ ਨੈਸ਼ਨਲ ਲੀਗਲ ਸਰਵਿਸ ਅਥਾਰਟੀ ਦੇ ਨਿਰਦੇਸ਼ਾਂ ਅਨੁਸਾਰ ਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ , ਐਸ.ਏ.ਐਸ ਨਗਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਦਾਲਤੀ ਤੇ ਪ੍ਰੀ-ਲਿਟੀਗੇਟਿਵ ਪੜਾਅ ਤੇ ਆਏ ਰਾਜੀਨਾਮਾ ਹੋਣ ਯੋਗ ਕੇਸਾਂ ਦਾ ਆਪਸੀ ਸਹਿਮਤੀ ਨਾਲ ਨਿਪਟਾਰਾ ਕਰਨ ਲਈ ਜ਼ਿਲੇ ਵਿੱਚ 14 ਮਾਰਚ ਨੂੰ ਕੌਮੀ ਲੋਕ ਅਦਾਲਤ ਲਗਾਈ ਜਾਵੇਗੀ । ਉਨ੍ਹਾਂ ਦੱਸਿਆ ਕਿ ਇਸ ਕੌਮੀ ਲੋਕ ਅਦਾਲਤ ਵਿੱਚ ਪੈਨਸ਼ਨ ਕੇਸ ਸਮੇਤ ਸੇਵਾਵਾਂ ਦੇ ਕੇਸ, ਜਮੀਨ ਗ੍ਰਹਿਣ ਦੇ ਕੇਸ, ਰੈਵਿਨਿਊ ਦੇ ਕੇਸ, ਬੀ ਐੱਸ ਐੱਨ ਐੱਲ ਦੇ ਕੇਸ, ਬੀਮਾ ਕੰਪਨੀ ਦੇ ਨਾਲ ਸਬੰਧਤ ਕੇਸ, ਵਿੱਤੀ ਫਾਈਨਾਸ ਦੇ ਕੇਸ, ਬੈਕਾਂ ਲੋਨ ਨਾਲ ਸਬੰਧਤ ਕੇਸ, ਪਾਣੀ ਦੇ ਬਿੱਲ, ਕ੍ਰਿਮੀਨਲ ਕਪਾਉਂਡੇਬਲ ਕੇਸ, ਚੈਕ ਬਾਉਸ ਨਾਲ ਸਬੰਧਿਤ ਕੇਸ, ਮੋਟਰ ਐਕਸੀਡੈਂਟ ਕਲੇਮ ਕੇਸ, ਟ੍ਰਿਬਿਊਨਲ ਨਾਲ ਸਬੰਧਿਤ ਕੇਸ, ਵਿਵਾਹਿਤ ਝਗੜੇ, ਟ੍ਰੈਫਿਕ ਚਲਾਨ, ਲੇਬਰ ਵਿਵਾਦ ਦੇ ਕੇਸ, ਬਿਜਲੀ ਦੇ ਕੇਸ ਤੇ ਹੋਰ ਰਾਜੀਨਾਮਾ ਯੋਗ ਕੇਸਾਂ ਦੀ ਸੁਣਵਾਈ ਕੀਤੀ ਜਾਵੇਗੀ ।

# ਮੁਕੇਸ਼ ਮਾਲੌਦ ਦੀ ਗ੍ਰਿਫ਼ਤਾਰੀ ਵਿਰੁੱਧ ਧਰਨਾ 27 ਨੂੰ



**ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾਈ ਪ੍ਰੈੱਸ ਸਕੱਤਰ ਕਸ਼ਮੀਰ ਸਿੰਘ ਘੁੱਗਸ਼ੋਰ,ਯੂਥ ਵਿੰਗ ਦੇ ਆਗੂ ਗੁਰਪ੍ਰੀਤ ਸਿੰਘ ਚੀਦਾ ਤੇ ਤਹਿਸੀਲ ਸਕੱਤਰ ਨਾਵਲ ਗਿੱਲ ਟਾਹਲੀ ਨੇ ਕਿਹਾ ਕਿ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਪ੍ਰਧਾਨ ਮੁਕੇਸ਼ ਮਾਲੌਦ ਦੀ ਗ੍ਰਿਫ਼ਤਾਰੀ ਨੂੰ ਮਜ਼ਦੂਰ ਵਰਗ ਨੇ ਚੁਣੌਤੀ ਵਜੋਂ ਲੈਂਦੇ ਹੋਏ ਇਸ ਨੂੰ ਮਜ਼ਦੂਰ ਲਹਿਰ ਉੱਪਰ ਹਮਲਾ ਕਰਾਰ ਦਿੱਤਾ ਹੈ ਤੇ ਇਸਦੇ ਵਿਰੁੱਧ 27 ਜਨਵਰੀ ਨੂੰ ਮੁੱਖ ਮੰਤਰੀ ਦੀ ਕੋਠੀ ਅੱਗੇ ਧਰਨਾ ਮੁਜ਼ਾਹਰਾ ਕਰਨ ਦਾ ਮਨ ਬਣਾ ਲਿਆ ਹੈ। ਉਨ੍ਹਾਂ ਪਿੰਡ ਟਾਹਲੀ ਅਤੇ ਵੱਖ ਵੱਖ ਹੋਰਨਾਂ ਪਿੰਡਾਂ ਵਿਖੇ ਪੇਂਡੂ ਮਜ਼ਦੂਰਾਂ ਦੀਆਂ ਭਰਵੀਆਂ ਮੀਟਿੰਗਾਂ ਕਰਨ ਉਪਰੰਤ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਜਥੇਬੰਦੀ ਸਮੇਤ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਲੈਂਡ ਸੀਲਿੰਗ ਐਕਟ ਤੋਂ ਵਾਧੂ ਜ਼ਮੀਨਾਂ ਬੇਜ਼ਮੀਨੇ ਮਜ਼ਦੂਰਾਂ ਤੇ ਛੋਟੇ ਕਿਸਾਨਾਂ ਨੂੰ ਵੰਡਣ, ਪਰੋਵੈਨਸ਼ਲ ਗੌਰਮਿੰਟ ਦੀਆਂ ਜ਼ਮੀਨਾਂ ਸਮੇਤ ਨਜ਼ੂਲ ਜ਼ਮੀਨਾਂ ਤੋਂ ਨਜਾਇਜ਼ ਕਬਜ਼ੇ ਖ਼ਤਮ ਕਰਕੇ ਇਹਨਾਂ ਅਲਾਟ ਜ਼ਮੀਨਾਂ ਦੇ ਦਲਿਤਾਂ ਨੂੰ ਹੱਕ ਦੇਣ, ਲਾਲ ਲਕੀਰ ਵਿੱਚ ਰਹਿੰਦੇ ਲੋਕਾਂ ਨੂੰ ਮਾਲਕੀ ਹੱਕ ਦੇਣ ਅਤੇ ਲੋੜਵੰਦ ਪਰਵਾਰਾਂ ਨੂੰ ਰਿਹਾਇਸ਼ੀ ਪਲਾਟ ਅਲਾਟ ਕਰਨ ਲਈ ਸੰਘਰਸ਼ਸ਼ੀਲ ਹੈ।

# ਅਵਾਰਾ ਕੁੱਤੇ ਨੇ ਔਰਤ ਨੂੰ ਕੀਤਾ ਜ਼ਖ਼ਮੀ

**ਜਲੰਧਰ (ਇਕਬਾਲ ਸਿੰਘ ਉਭੀ)**- ਨਾਗਰਾ ਪਿੰਡ ਵਿੱਚ ਸ਼ਾਮ ਵੇਲੇ ਸੈਰ ਕਰ ਰਹੀ ਇੱਕ ਮਹਿਲਾ ਤੇ ਆਵਾਰਾ ਕੁੱਤੇ ਨੇ ਅਚਾਨਕ ਹਮਲਾ ਕਰਕੇ ਬੁਰੀ ਤਰ੍ਹਾਂ ਨਾਲ ਜ਼ਖ਼ਮੀ ਕਰ ਦਿੱਤਾ।ਜ਼ਖ਼ਮੀ ਮਹਿਲਾ ਦੀ ਪਛਾਣ ਨਾਗਰਾ ਪਿੰਡ ਦੀ ਰਹਿਣ ਵਾਲੀ 42 ਸਾਲਾ ਸੂਰਤੀ ਦੇਵੀ ਵਜੋਂ ਹੋਈ ਹੈ। ਸੂਤਰਾਂ ਅਨੁਸਾਰ ਉਹ ਸ਼ਾਮ ਕਰੀਬ 6:30 ਵਜੇ ਉਹ ਆਪਣੇ ਘਰ ਦੇ ਨੇੜੇ ਸੈਰ ਕਰ ਰਹੀ ਸੀ, ਤਾਂ ਇੱਕ ਆਵਾਰਾ ਕੁੱਤੇ ਨੇ ਅਚਾਨਕ ਹਮਲਾ ਕਰ ਦਿੱਤਾ ਤੇ ਉਸਦੀ ਲੱਤ ਨੂੰ ਆਪਣੇ ਜਬਾੜੇ ਵਿੱਚ ਜਕੜ ਲਿਆ। ਮਹਿਲਾ ਦੇ ਚੀਕਣ ਦੀ ਆਵਾਜ਼ ਸੁਣ ਕੇ ਆਸ-ਪਾਸ ਦੇ ਲੋਕਾਂ ਨੇ ਇਕੱਠੇ ਹੋ ਕੇ ਬੜੀ ਮੁਸ਼ਕਲ ਨਾਲ ਕੁੱਤੇ ਨੂੰ ਭਜਾਇਆ ਤੇ ਔਰਤ ਦੀ ਜਾਨ ਬਚਾਈ। ਮਹਿਲਾ ਦੇ ਪਤੀ ਰਮੇਸ਼ ਨੇ ਦੱਸਿਆ ਕਿ ਉਸ ਦੀ ਲੱਤ 'ਤੇ ਡੂੰਘੇ ਜ਼ਖ਼ਮ ਹੋਣ ਕਾਰਨ ਡਾਕਟਰਾਂ ਨੂੰ 5 ਟਾਂਕੇ ਲਗਾਉਣੇ ਪਏ। ਇਲਾਜ ਤੋਂ ਬਾਅਦ ਹੁਣ ਮਹਿਲਾ ਨੂੰ ਘਰ ਭੇਜ ਦਿੱਤਾ ਗਿਆ ।ਇਸ ਘਟਨਾ ਨੇ ਜਲੰਧਰ ਨਗਰ ਨਿਗਮ ਦੇ ਉਸ ਨਸਬੰਦੀ ਅਭਿਆਨ 'ਤੇ ਵੱਡੇ ਸਵਾਲ ਖੜ੍ਹੇ ਕਰ ਦਿੱਤੇ ਹਨ, ਜਿਸ 'ਤੇ ਲੱਖਾਂ ਰੁਪਏ ਖਰਚਣ ਦਾ ਦਾਅਵਾ ਕੀਤਾ ਜਾਂਦਾ ਹੈ। ਸਥਾਨਕ ਨਿਵਾਸੀਆਂ ਵਿੱਚ ਨਿਗਮ ਪ੍ਰਸ਼ਾਸਨ ਖ਼ਿਲਾਫ਼ ਭਾਰੀ ਰੋਸ ਹੈ। ਲੋਕਾਂ ਦਾ ਕਹਿਣਾ ਹੈ ਕਿ ਸ਼ਹਿਰ ਦੇ ਹਰ ਮੁਹੱਲੇ ਵਿੱਚ ਆਵਾਰਾ ਕੁੱਤਿਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ।

# ਡਿਪਟੀ ਕਮਿਸ਼ਨਰ ਨੇ ਖਟਕੜ ਕਲਾਂ ਵਿਖੇ ਸ਼ਰਧਾ ਦੇ ਫੁੱਲ ਕੀਤੇ ਭੇਟ

**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਨਵੇਂ ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਆਪਣਾ ਅਹੁਦਾ ਸੰਭਾਲਣ ਤੋਂ ਬਾਅਦ



ਖਟਕੜ ਕਲਾਂ ਵਿਖੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਯਾਦਗਾਰ 'ਤੇ ਸ਼ਰਧਾ ਸੁਮਨ ਅਰਪਿਤ ਕੀਤੇ। ਇਸ ਮੌਕੇ ਉਨਾਂ ਸ਼ਹੀਦ-ਏ-ਆਜ਼ਮ ਦੇ ਬੁੱਤ 'ਤੇ ਫੁੱਲ ਮਾਲਾਵਾਂ ਭੇਟ ਕਰਨ ਤੋਂ ਇਲਾਵਾ ਉਨਾਂ ਦੇ ਪਿਤਾ ਸਕਿਸ਼ਨ ਸਿੰਘ ਦੇ ਸਮਾਰਕ 'ਤੇ ਵੀ ਸ਼ਰਧਾ ਦੇ ਫੁੱਲ ਅਰਪਿਤ ਕੀਤੇ। ਇਸ ਦੌਰਾਨ ਉਨ੍ਹਾਂ ਮਿਊਜ਼ੀਅਮ ਦਾ ਦੌਰਾ ਵੀ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਖਟਕੜ ਕਲਾਂ ਦੀ ਧਰਤੀ 'ਤੇ ਆ ਕੇ ਉਨਾਂ ਨੂੰ ਬੇਹੱਦ ਖੁਸ਼ੀ ਹੋਈ ਹੈ। ਉਨ੍ਹਾਂ ਕਿਹਾ ਕਿ ਉਹ ਭਾਗਾਂ ਵਾਲੇ ਹਨ ਕਿ ਉਨਾਂ ਨੂੰ ਸ਼ਹੀਦ-ਏ-ਆਜ਼ਮ ਦੀ ਇਸ ਪਵਿੱਤਰ ਧਰਤੀ ਵਾਲੇ ਜ਼ਿਲ੍ਹੇ ਵਿਚ ਸੇਵਾ ਦਾ ਮੌਕਾ ਮਿਲਿਆ ਹੈ। ਇਸ ਮੌਕੇ ਐੱਸ ਡੀ ਐੱਮ ਬੰਗਾ ਵਿਪਨ ਭੰਡਾਰੀ ਤੋਂ ਇਲਾਵਾ ਹੋਰ ਅਧਿਕਾਰੀ ਵੀ ਮੌਜੂਦ ਸਨ।

# ਗੁਲਪ੍ਰੀਤ ਸਿੰਘ ਔਲਖ ਨੇ ਡਿਪਟੀ ਕਮਿਸ਼ਨਰ ਵਜੋਂ ਅਹੁਦਾ ਸੰਭਾਲਿਆ

**ਨਵਾਂਸ਼ਹਿਰ, ਬਲਾਚੌਰ (ਕੁਲਵਿੰਦਰ ਸਿੰਘ ਦੁਰਗਾਪੁਰੀਆ, ਜਸਵਿੰਦਰ ਬੈਂਸ)**- 2015 ਬੈਚ ਦੇ ਆਈ. ਏ. ਐਸ ਅਫ਼ਸਰ ਗੁਲਪ੍ਰੀਤ ਸਿੰਘ ਔਲਖ ਨੇ ਅੱਜ ਸ਼ਹੀਦ ਭਗਤ ਸਿੰਘ ਨਗਰ ਵਿਖੇ ਡਿਪਟੀ ਕਮਿਸ਼ਨਰ ਵਜੋਂ ਅਹੁਦਾ ਸੰਭਾਲ ਲਿਆ। ਇਸ ਤੋਂ ਪਹਿਲਾਂ ਉਹ ਵਿਸ਼ੇਸ਼ ਸਕੱਤਰ ਮਾਲ ਤੇ ਪੁਨਰਵਾਸ ਵਿਭਾਗ ਵਜੋਂ ਸੇਵਾਵਾਂ ਨਿਭਾਅ ਰਹੇ ਸਨ। ਇਸ ਤੋਂ ਇਲਾਵਾ



ਉਹ ਵਧੀਕ ਡਿਪਟੀ ਕਮਿਸ਼ਨਰ ਸ੍ਰੀ ਮੁਕਤਸਰ ਸਾਹਿਬ, ਐਡੀਸ਼ਨਲ ਰਜਿਸਟਰਾਰ ਸਹਿਕਾਰਤਾ ਵਿਭਾਗ, ਐੱਮ ਡੀ ਪੰਜਾਬ ਸਟੇਟ ਸਹਿਕਾਰੀ ਬੈਂਕ ਤੇ ਕਮਿਸ਼ਨਰ ਮਿਉਂਸਪਲ ਕਾਰਪੋਰੇਸ਼ਨ ਅੰਮ੍ਰਿਤਸਰ ਵਜੋਂ ਵੀ ਬਿਹਤਰੀਨ ਸੇਵਾਵਾਂ ਨਿਭਾਅ ਚੁੱਕੇ ਹਨ। ਗੁਲਪ੍ਰੀਤ ਸਿੰਘ ਔਲਖ ਨੇ ਅਹੁਦਾ ਸੰਭਾਲਣ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸ਼ਹੀਦ-ਏ-ਆਜ਼ਮ ਭਗਤ ਸਿੰਘ ਨਾਲ ਜੁੜੇ ਇਸ ਜ਼ਿਲ੍ਹੇ ਵਿਚ ਲੋਕਾਂ ਦੀਆਂ ਸਮੱਸਿਆਵਾਂ ਨੂੰ ਇਕ ਟੀਮ ਦੀ ਤਰ੍ਹਾਂ ਰਲ-ਮਿਲ ਕੇ ਹੱਲ ਕਰਨਾ, ਪਾਰਦਰਸ਼ੀ ਪ੍ਰਸ਼ਾਸਨ ਮੁਹੱਈਆ ਕਰਵਾਉਣਾ, ਸਰਕਾਰੀ ਸਕੀਮਾਂ ਦਾ ਲਾਭ ਉਨ੍ਹਾਂ ਤੱਕ ਪਹੁੰਚਾਉਣਾ ਅਤੇ ਵਿਕਾਸ ਕਾਰਜਾਂ ਨੂੰ ਨੇਪਰੇ ਚਾੜ੍ਹ ਕੇ ਜ਼ਿਲ੍ਹੇ ਨੂੰ ਹਰੇਕ ਖੇਤਰ ਵਿਚ ਬੁਲੰਦੀਆਂ 'ਤੇ ਪਹੁੰਚਾਉਣਾ ਉਨਾਂ ਦੀ ਮੁੱਖ ਤਰਜੀਹ ਹੋਵੇਗੀ। ਇਸ ਤੋਂ ਪਹਿਲਾਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਪਹੁੰਚਣ 'ਤੇ ਜ਼ਿਲ੍ਹਾ ਪੁਲਿਸ ਦੀ ਟੁਕੜੀ ਵੱਲੋਂ ਉਨਾਂ ਨੂੰ ਸ਼ਾਨਦਾਰ 'ਗਾਰਡ ਆਫ਼ ਆਨਰ' ਦਿੱਤਾ ਗਿਆ। ਇਸ ਮੌਕੇ ਉਨਾਂ ਦਾ ਸਵਾਗਤ ਕਰਨ ਵਾਲਿਆਂ ਵਿਚ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅਵਨੀਤ ਕੌਰ, ਐੱਸ ਡੀ ਐੱਮ ਨਵਾਂਸ਼ਹਿਰ ਡਾ. ਅਕਸ਼ਿਤਾ ਗੁਪਤਾ, ਐੱਸ ਡੀ ਐਮ ਬਲਾਚੌਰ ਕ੍ਰਿਤਿਕਾ ਗੋਇਲ, ਐੱਸ ਡੀ ਐਮ ਵਿਪਿਨ ਭੰਡਰੀ, ਖੇਤਰੀ ਟਰਾਂਸਪੋਰਟ ਅਧਿਕਾਰੀ ਇੰਦਰਪਾਲ, ਸਹਾਇਕ ਕਮਿਸ਼ਨਰ, ਜਗਦੀਪ ਸਿੰਘ ਤੋਂ ਇਲਾਵਾ ਹੋਰ ਅਧਿਕਾਰੀ ਤੇ ਕਰਮਚਾਰੀ ਸ਼ਾਮਿਲ ਸਨ।

# ਡਾ. ਬੌਰੀ ਨੇ ਅੱਖਾਂ ਦੀ ਸਰਜਰੀ ਕਰ ਕੇ ਇਨੋਸੈਂਟ ਹਾਰਟਸ ਆਈ ਸੈਂਟਰ ਨੂੰ ਦਿਵਾਇਆ ਰਾਸ਼ਟਰੀ ਸਨਮਾਨ

**ਜਲੰਧਰ (ਸ਼ੈਲੀ ਐਲਬਰਟ)**- ਇੰਨੋਸੈਂਟ ਹਾਰਟਸ ਆਈ ਸੈਂਟਰ ਨੇ ਉੱਨਤ ਨੇਤਰ ਵਿਗਿਆਨ ਦੇ ਖੇਤਰ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਪ੍ਰਾਪਤ ਕੀਤਾ ਹੈ। ਇੰਨੋਸੈਂਟ ਹਾਰਟਸ ਦੇ ਨੇਤਰ ਰੋਗ ਵਿਸ਼ੇਸ਼ਕ ਅਤੇ ਡਿਪਟੀ ਡਾਇਰੈਕਟਰ-ਸਿਹਤ ਸੇਵਾਵਾਂ,ਡਾ. ਰੋਹਨ ਬੌਰੀ (ਐੱਮ ਬੀ ਬੀ ਐੱਸ, ਐੱਮ ਐੱਸ ਓਫਥਲਮੋਲੋਜੀ, ਐੱਫ ਪੀ ਆਰ ਐੱਸ), ਨੇ ਇੱਕ ਵੱਕਾਰੀ ਰਾਸ਼ਟਰੀ ਪਲੇਟਫਾਰਮ 'ਤੇ ਇੱਕ



ਡਿਫਰਡ ਲਾਈਵ ਰਿਫ੍ਰੈਕਟਿਵ ਸਰਜਰੀ ਸਫ਼ਲਤਾਪੂਰਵਕ ਕਰਕੇ ਖੇਤਰ ਦੇ ਸਭ ਤੋਂ ਘੱਟ ਉਮਰ ਦੇ ਅੱਖਾਂ ਦੇ ਸਰਜਨਾਂ ਵਿੱਚ ਆਪਣੀ ਜਗ੍ਹਾ ਬਣਾਈ।'ਪ੍ਰੈਸ ਬਿਓਂਡ' ਸਿਰਲੇਖ ਵਾਲੀ ਇਹ ਡਿਫਰਡ ਲਾਈਵ ਸਰਜਰੀ ਇੱਕ ਦਿਨ ਪਹਿਲਾਂ ਕੀਤੀ ਗਈ ਤੇ ਬਾਅਦ ਵਿੱਚ ਵਿੱਦਿਅਕ ਉਦੇਸ਼ਾਂ ਲਈ ਲਾਈਵ ਪ੍ਰਦਰਸ਼ਿਤ ਕੀਤੀ ਗਈ ਸੀ, ਜਿਸ ਨਾਲ ਡਾਕਟਰਾਂ ਨੂੰ ਪੂਰੀ ਮਰੀਜ਼ ਸੁਰੱਖਿਆ ਨੂੰ ਯਕੀਨੀ ਬਣਾਉਂਦੇ ਹੋਏ ਸਰਜੀਕਲ ਤਕਨੀਕ, ਕਲੀਨਿਕਲ ਫੈਸਲਿਆਂ ਅਤੇ ਨਤੀਜਿਆਂ ਨੂੰ ਵਿਸਥਾਰ ਵਿੱਚ ਸਮਝਣ ਦਾ ਮੌਕਾ ਮਿਲਿਆ। ਡਾ. ਰੋਹਨ ਬੌਰੀ ਨੇ ਅਤਿ-ਆਧੁਨਿਕ ਲੇਜ਼ਰ ਤਕਨਾਲੋਜੀ ਦੀ ਵਰਤੋਂ ਕਰਕੇ ਦ੍ਰਿਸ਼ਟੀ ਨੁਕਸ ਨੂੰ ਸਫ਼ਲਤਾਪੂਰਵਕ ਠੀਕ ਕਰਕੇ ਮਰੀਜ਼ ਨੂੰ ਨੇੜੇ ਅਤੇ ਦੂਰ ਦ੍ਰਿਸ਼ਟੀ ਦੋਵਾਂ ਐਨਕਾਂ ਤੋਂ ਮੁਕਤ ਕੀਤਾ।ਇਹ ਸਰਜੀਕਲ ਪ੍ਰਕਿਰਿਆ ਅਤਿ-ਆਧੁਨਿਕ ਲੇਜ਼ਰ ਪ੍ਰਣਾਲੀਆਂ ਦੀ ਵਰਤੋਂ ਕਰਕੇ ਕੀਤੀ ਗਈ ਸੀ, ਜਿਸ ਨਾਲ ਇੰਨੋਸੈਂਟ ਹਾਰਟਸ ਆਈ ਸੈਂਟਰ ਪੰਜਾਬ ਦਾ ਪਹਿਲਾ ਕੇਂਦਰ ਬਣ ਗਿਆ ਜਿਸ ਨੇ ਇਹ ਉੱਨਤ ਤਕਨਾਲੋਜੀ ਦੀ ਪੇਸ਼ਕਸ਼ ਕੀਤੀ। ਇਹ ਸਰਜਰੀ ਨੇਤਰਧਾਮਾ ਸੁਪਰ ਸਪੈਸ਼ਲਿਟੀ ਆਈ ਹਸਪਤਾਲ, ਬੰਗਲੌਰ ਵਿਖੇ ਕੀਤੀ ਗਈ ਸੀ ਤੇ ਦੇਸ਼ ਭਰ ਦੇ 1,500 ਤੋਂ ਵੱਧ ਨੇਤਰ ਵਿਗਿਆਨੀਆਂ ਅਤੇ ਸਰਜਨਾਂ ਨੇ ਇਸ ਨੂੰ ਦੇਖਿਆ।ਇਹ ਸ਼ਾਨਦਾਰ ਪ੍ਰਾਪਤੀ ਡਾ. ਰੋਹਨ ਬੌਰੀ ਦੀ ਕਲੀਨਿਕਲ ਮੁਹਾਰਤ ਤੇ ਨਵੀਨਤਾਕਾਰੀ ਪਹੁੰਚ ਨੂੰ ਦਰਸਾਉਂਦੀ ਹੈ, ਅਤੇ ਇੰਨੋਸੈਂਟ ਹਾਰਟਸ ਆਈ ਸੈਂਟਰ ਦੀ ਵਿਸ਼ਵ ਪੱਧਰੀ ਅੱਖਾਂ ਦੀ ਦੇਖਭਾਲ ਪ੍ਰਦਾਨ ਕਰਨ ਅਤੇ ਅਤਿ-ਆਧੁਨਿਕ ਤਕਨਾਲੋਜੀ ਅਪਣਾਉਣ ਦੀ ਵਚਨਬੱਧਤਾ ਨੂੰ ਮਜ਼ਬੂਤ ਕਰਦੀ ਹੈ ਜੋ ਮਰੀਜ਼ਾਂ ਤੇ ਡਾਕਟਰੀ ਜਗਤ ਦੋਵਾਂ ਦੇ ਲਈ ਲਾਭਦਾਇਕ ਹੈ ।

# ਰੌਬਿਨ ਸਿੰਘ ਜੋਸਨ ਯੂਥ ਵਿੰਗ ਦੇ ਬਲਾਕ ਪ੍ਰਧਾਨ ਨਿਯੁਕਤ

**ਮਹਿਤਪੁਰ (ਰਾਜਾ)**- ਆਮ ਆਦਮੀ ਪਾਰਟੀ ਵੱਲੋਂ ਰੌਬਿਨ ਸਿੰਘ ਜੋਸਨ ਨੂੰ ਯੂਥ ਵਿੰਗ ਬਲਾਕ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਇਸ ਮੌਕੇ ਰੌਬਿਨ ਸਿੰਘ ਵੱਲੋਂ ਪਾਰਟੀ ਨੈਸ਼ਨਲ ਕਨਵੀਨਰ ਅਰਵਿੰਦ ਕੇਜਰੀਵਾਲ,



ਪੰਜਾਬ ਪ੍ਰਭਾਰੀ ਮਨੀਸ਼ ਸਸੋਦੀਆ ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ। ਉਹਨਾਂ ਕਿਹਾ ਕਿ ਪਾਰਟੀ ਵੱਲੋਂ ਜੋ ਜਿੰਮੇਵਾਰੀ ਮੈਨੂੰ ਸੌਂਪੀ ਗਈ ਹੈ ਉਸ ਨੂੰ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਵਾਂਗਾ। ਉਨਾਂ ਜ਼ਿੰਮੇਵਾਰੀ ਨੂੰ ਸਾਂਭਦਿਆਂ ਯੂਥ ਡਿਵੈਲਪਮੈਂਟ ਬੋਰਡ ਦੇ ਚੇਅਰਮੈਨ ਪਰਮਿੰਦਰ ਸਿੰਘ ਗੋਲਡੀ, ਦੁਆਬਾ ਜੋਨ ਇੰਚਾਰਜ ਯੂਥ ਵਿੰਗ ਗੁਰਿੰਦਰ ਸਿੰਘ ਸ਼ੇਰਗਿੱਲ, ਰੋਬੀ ਕੰਗ ਜਿਲਾ ਜਲੰਧਰ ਦਿਹਾਤੀ ਦੇ ਪ੍ਰਧਾਨ, ਰਜਿੰਦਰ ਸਿੰਘ ਭੁੱਲਰ ਹਲਕਾ ਕੋਡੀਨੇਟਰ ਸ਼ਾਹਕੋਟ ਤੋਂ ਸ਼ਮਸ਼ੇਰ ਸਿੰਘ ਅਤੇ ਹਲਕਾ ਸ਼ਾਹਕੋਟ ਦੇ ਸੀਨੀਅਰ ਲੀਡਰਸ਼ਿਪ ਦਾ ਧੰਨਵਾਦ ਕੀਤਾ।

# ਸੇਂਟ ਸੋਲਜਰ ਗਰੁੱਪ ਨੇ ਬਸੰਤ ਪੰਚਮੀ ਦਾ ਤਿਉਹਾਰ ਮਨਾਇਆ

**ਜਲੰਧਰ (ਇਕਬਾਲ ਸਿੰਘ ਉਭੀ)**- ਸੇਂਟ ਸੋਲਜਰ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਦੀਆਂ ਵੱਖ-ਵੱਖ ਸ਼ਾਖਾਵਾਂ ਨੇ ਬਸੰਤ ਪੰਚਮੀ ਦਾ ਤਿਉਹਾਰ ਬੜੇ ਉਤਸ਼ਾਹ ਨਾਲ ਮਨਾਇਆ। ਇਸ ਮੌਕੇ ਗਿਆਨ, ਬੁੱਧੀ ਅਤੇ ਸਿੱਖਿਆ ਦੀ ਦੇਵੀ ਮਾਂ ਸਰਸਵਤੀ ਦੀ ਪੂਜਾ ਕੀਤੀ ਗਈ। ਇਸ ਮੌਕੇ ਸਕੂਲਾਂ 'ਤੇ ਕਾਲਜਾਂ ਦੇ ਡਾਇਰੈਕਟਰਾਂ, ਪ੍ਰਿੰਸੀਪਲਾਂ, ਅਧਿਆਪਕਾਂ ਤੇ ਵਿਦਿਆਰਥੀਆਂ ਨੇ ਇਕੱਠੇ ਹੋ ਕੇ ਦੇਵੀ ਮਾਂ ਸਰਸਵਤੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਵੱਖ-ਵੱਖ ਕੈਂਪਸ ਖੁਸ਼ੀਆਂ ਨਾਲ ਭਰ ਗਏ ਸਨ ਕਿਉਂਕਿ ਸਾਰਿਆਂ ਨੇ ਪੀਲੇ



ਕੱਪੜੇ ਪਾਏ ਹੋਏ ਸਨ, ਜੋ ਊਰਜਾ, ਖੁਸ਼ਹਾਲੀ ਅਤੇ ਬਸੰਤ ਦੇ ਆਗਮਨ ਦਾ ਪ੍ਰਤੀਕ ਸਨ। ਤਿਉਹਾਰਾਂ ਦੇ ਮਾਹੌਲ ਵਿੱਚ ਵਾਧਾ ਕਰਦੇ ਹੋਏ, ਵਿਦਿਆਰਥੀਆਂ ਨੇ ਉਤਸ਼ਾਹ ਨਾਲ ਪਤੰਗ ਉਡਾਏ, ਖੁਸ਼ੀ, ਏਕਤਾ ਤੇ ਸੱਭਿਆਚਾਰਕ ਕਦਰਾਂ-ਕੀਮਤਾਂ ਦਾ ਸੰਦੇਸ਼ ਫੈਲਾਇਆ। ਜਸ਼ਨ ਨੇ ਭਾਰਤੀ ਪਰੰਪਰਾਵਾਂ ਪ੍ਰਤੀ ਸਤਿਕਾਰ ਨੂੰ ਉਤਸ਼ਾਹਿਤ ਕੀਤਾ ਤੇ ਵਿਦਿਆਰਥੀਆਂ ਤੇ ਸਟਾਫ ਵਿਚਕਾਰ ਦੋਸਤੀ ਨੂੰ ਉਤਸ਼ਾਹਿਤ ਕੀਤਾ। ਇਹ ਸਮਾਗਮ ਖੁਸ਼ੀ ਭਰੇ ਢੰਗ ਨਾਲ ਸਮਾਪਤ ਹੋਇਆ, ਜਿਸ ਨਾਲ ਸਾਰੇ ਭਾਗੀਦਾਰਾਂ ਲਈ ਯਾਦਗਾਰੀ ਪਲ ਪੈਦਾ ਹੋਏ। ਇਸ ਮੌਕੇ 'ਤੇ ਗਰੁੱਪ ਚੇਅਰਮੈਨ ਅਨਿਲ ਚੋਪੜਾ ਤੇ ਵਾਈਸ ਚੇਅਰਪਰਸਨ, ਸੰਗੀਤਾ ਚੋਪੜਾ ਨੇ ਦੇਵੀ ਸਰਸਵਤੀ ਤੋਂ ਅਸ਼ੀਰਵਾਦ ਮੰਗਿਆ ਤੇ ਕਾਮਨਾ ਕੀਤੀ ਕਿ ਦੇਵੀ ਸਰਸਵਤੀ ਦੇ ਆਸ਼ੀਰਵਾਦ ਸਾਡੇ ਮਨਾਂ ਨੂੰ ਰੌਸ਼ਨ ਕਰਨ, ਸਾਡੇ ਸੰਕਲਪ ਨੂੰ ਮਜ਼ਬੂਤ ? ?ਕਰਨ ਅਤੇ ਸਾਨੂੰ ਵਧੇਰੇ ਸਫਲਤਾ ਤੇ ਸਦਭਾਵਨਾ ਵੱਲ ਲੈ ਜਾਣ।

# ਡਿਪਟੀ ਕਮਿਸ਼ਨਰ ਨੇ ਗਣਤੰਤਰ ਦਿਵਸ ਸਮਾਗਮ ਦੀ ਰਿਹਰਸਲ ਦਾ ਲਿਆ ਜਾਇਜ਼ਾ

**ਜਲੰਧਰ, (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ, ਇਕਬਾਲ ਸਿੰਘ ਉੱਭੀ)** - ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਗਣਤੰਤਰ ਦਿਵਸ ਮੌਕੇ 26 ਜਨਵਰੀ ਨੂੰ ਸਥਾਨਕ ਗੁਰੂ ਗੋਬਿੰਦ ਸਿੰਘ ਸਟੇਡੀਅਮ ਵਿਖੇ ਮਨਾਏ ਜਾਣ ਵਾਲੇ ਜ਼ਿਲ੍ਹਾ ਪੱਧਰੀ ਸਮਾਗਮ ਦੀ ਚੱਲ ਰਹੀ ਰਿਹਰਸਲ ਦਾ ਜਾਇਜ਼ਾ ਲਿਆ।ਡਿਪਟੀ ਕਮਿਸ਼ਨਰ ਨੇ ਇਸ ਮੌਕੇ ਸਮਾਗਮ ਵਿੱਚ ਭਾਗ ਲੈਣ ਵਾਲੇ ਵੱਖ-ਵੱਖ ਸਕੂਲਾਂ ਤੇ ਕਾਲਜਾਂ ਦੇ



ਵਿਦਿਆਰਥੀਆਂ ਵੱਲੋਂ ਪੇਸ਼ ਕੀਤੇ ਜਾਣ ਵਾਲੇ ਦੇਸ਼ ਭਗਤੀ ਦੀ ਭਾਵਨਾ 'ਤੇ ਆਧਾਰਿਤ ਸੱਭਿਆਚਾਰਕ ਪ੍ਰੋਗਰਾਮ ਦੀ ਰਿਹਰਸਲ ਨੂੰ ਗਹੁ ਨਾਲ ਵਾਚਿਆ ਤੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਅਧਿਆਪਕਾਂ ਨੂੰ ਜ਼ਰੂਰੀ ਦਿਸ਼ਾ-ਨਿਰਦੇਸ਼ ਦਿੱਤੇ। ਉਨ੍ਹਾਂ ਵਿਦਿਆਰਥੀਆਂ ਨੂੰ ਪੂਰੀ ਊਰਜਾ, ਅਨੁਸ਼ਾਸਨ ਅਤੇ ਆਤਮ ਵਿਸ਼ਵਾਸ ਨਾਲ ਆਪਣੀਆਂ ਪੇਸ਼ਕਾਰੀਆਂ ਦੇਣ ਲਈ ਉਤਸ਼ਾਹਿਤ ਕੀਤਾ ਤਾਂ ਜੋ ਸਮਾਗਮ ਨੂੰ ਯਾਦਗਾਰੀ ਬਣਾਇਆ ਜਾ ਸਕੇ। ਡਾ. ਅਗਰਵਾਲ ਨੇ ਦੱਸਿਆ ਕਿ ਜ਼ਿਲ੍ਹਾ ਪੱਧਰੀ ਸਮਾਗਮ ਦੌਰਾਨ ਪੰਜਾਬ ਦੇ ਮਾਈਨਜ਼ ਤੇ ਜਿਆਲੋਜੀ, ਜਲ ਸਰੋਤ ਅਤੇ ਭੂਮੀ ਤੇ ਜਲ ਸੰਭਾਲ ਮੰਤਰੀ ਬਰਿੰਦਰ ਕੁਮਾਰ ਗੋਇਲ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ ਤੇ ਕੌਮੀ ਝੰਡਾ ਲਹਿਰਾਉਣ ਦੀ ਰਸਮ ਅਦਾ ਕਰਨਗੇ।ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪੱਧਰੀ ਸਮਾਗਮ ਦੌਰਾਨ ਵੱਖ-ਵੱਖ ਟੁਕੜੀਆਂ ਵੱਲੋਂ ਮਾਰਚ ਪਾਸਟ ਕੀਤਾ ਜਾਵੇਗਾ। ਜਦਕਿ ਵੱਖ-ਵੱਖ ਵਿਭਾਗਾਂ ਵੱਲੋਂ ਪੰਜਾਬ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਨੂੰ ਦਰਸਾਉਂਦੀਆਂ ਝਾਕੀਆਂ ਕੱਢੀਆਂ ਜਾਣਗੀਆਂ। ਇਸ ਤੋਂ ਇਲਾਵਾ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਵੱਲੋਂ ਮਾਸ ਪੀ.ਟੀ. ਸ਼ੋਅ ਤੋਂ ਇਲਾਵਾ ਦੇਸ਼ ਭਗਤੀ ਦੀ ਭਾਵਨਾ ਨਾਲ ਭਰਪੂਰ ਸੱਭਿਆਚਾਰਕ ਸਮਾਗਮ ਪੇਸ਼ ਕੀਤਾ ਜਾਵੇਗਾ।ਡਾ. ਅਗਰਵਾਲ ਨੇ ਦੱਸਿਆ ਕਿ ਸਮਾਗਮ ਦੌਰਾਨ ਦੇਸ਼ ਦੇ ਆਜ਼ਾਦੀ ਸੰਗਰਾਮ ਵਿੱਚ ਯੋਗਦਾਨ ਪਾਉਣ ਵਾਲੇ ਆਜ਼ਾਦੀ ਘੁਲਾਟੀਆਂ ਦਾ ਸਨਮਾਨ ਕੀਤਾ ਜਾਵੇਗਾ। ਇਸ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਸ਼ਾਨਦਾਰ ਕਾਰਗੁਜ਼ਾਰੀ ਵਾਲੇ ਅਧਿਕਾਰੀਆਂ/ਕਰਮਚਾਰੀਆਂ ਅਤੇ ਵੱਖ-ਵੱਖ ਖੇਤਰਾਂ ਵਿੱਚ ਨਾਂਅ ਰੌਸ਼ਨ ਕਰਨ ਵਾਲੀਆਂ ਹਸਤੀਆਂ ਨੂੰ ਸਨਮਾਨਤ ਕਰਨ ਦੇ ਨਾਲ-ਨਾਲ ਜ਼ਿਲ੍ਹਾ ਪੱਧਰੀ ਸਮਾਗਮ ਦੌਰਾਨ ਸਰਬਉੱਤਮ ਸੱਭਿਆਚਾਰਕ ਪੇਸ਼ਕਾਰੀ ਤੇ ਸਰਬਉੱਤਮ ਝਾਕੀ ਨੂੰ ਵੀ ਸਨਮਾਨਤ ਕੀਤਾ ਜਾਵੇਗਾ।

# ਪ੍ਰਕਾਸ਼ ਪੁਰਬ ਮੌਕੇ ਪ੍ਰਭਾਤ ਫੇਰੀਆਂ 26 ਤੋਂ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਬੱਡੋਂ ਵਿਖੇ ਗੁਰਦੁਆਰਾ ਸ਼੍ਰੀ ਗੁਰੂ ਰਵਿਦਾਸ ਜੀ ਦੇ ਅਸਥਾਨ ਤੇ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ ਪ੍ਰਵਾਸੀ ਭਾਰਤੀਆਂ ਤੇ ਇਲਾਕੇ ਦੇ ਸਹਿਯੋਗ ਨਾਲ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ਼੍ਰੀ ਗੁਰੂ ਰਵਿਦਾਸ ਜੀ ਦੇ 649ਵਾਂ ਪ੍ਰਕਾਸ਼ ਪੁਰਬ ਮੌਕੇ 1 ਫਰਵਰੀ ਨੂੰ ਸ਼ਰਧਾ ਭਾਵਨਾ ਨਾਲ ਕਰਵਾਏ ਜਾ ਰਹੇ ਹਨ। ਇਸ ਮੌਕੇ ਗੁਰਦੁਆਰਾ ਸਾਹਿਬ ਜੀ ਦੇ ਪ੍ਰਧਾਨ ਜਥੇਦਾਰ ਜਰਨੈਲ ਸਿੰਘ ਖਾਲਸਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ 26 ਜਨਵਰੀ ਤੋਂ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਮੌਕੇ 26 ਜਨਵਰੀ ਤੋਂ ਪ੍ਰਭਾਤ ਫੇਰੀਆਂ ਲਗਾਈਆਂ ਜਾਣਗੀਆਂ ਜਾਣਗੀਆ।



ਉਨ੍ਹਾਂ ਦੱਸਿਆ ਕਿ 31 ਜਨਵਰੀ ਨੂੰ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਆਰੰਭ ਹੋਣਗੇ। ਉਨ੍ਹਾਂ ਦੱਸਿਆ ਕਿ ਪ੍ਰਕਾਸ਼ ਪੁਰਬ ਮੌਕੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਵਿਸ਼ਾਲ ਨਗਰ ਕੀਰਤਨ ਸਜਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਪ੍ਰਕਾਸ਼ ਪੁਰਬ ਮੌਕੇ 1 ਫਰਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਨ੍ਹਾਂ ਦੱਸਿਆ ਕਿ ਪ੍ਰਕਾਸ਼ ਪੁਰਬ ਮੌਕੇ ਵਿਸ਼ਾਲ ਨਗਰ ਕੀਰਤਨ ਦੌਰਾਨ ਭਾਈ ਨਿਸ਼ਾਨ ਸਿੰਘ ਸ਼ਾਹਕੋਟ ਇੰਟਰਨੈਸ਼ਨਲ ਢਾਡੀ, ਪ੍ਰਭਾਤ ਫੇਰੀ ਜੱਥਾ ਆਦਿ ਗੁਰਬਾਣੀ ਗੁਰਇਤਿਹਾਸ ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਉਨ੍ਹਾਂ ਦੱਸਿਆ ਕਿ ਪ੍ਰਕਾਸ਼ ਪੁਰਬ ਮੌਕੇ 01ਫਰਵਰੀ ਨੂੰ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਦੀਵਾਨ ਹਾਲ ਵਿੱਚ ਭਾਈ ਨਿਰਮਲ ਸਿੰਘ ਜੇਠੂਮਜਾਰਾ ਢਾਡੀ ਜੱਥਾ, ਭਾਈ ਬਲਵੀਰ ਸਿੰਘ ਕਮਲ, ਭਾਈ ਕੰਵਲਦੀਪ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਆਦਿ ਗੁਰਬਾਣੀ ਗੁਰਇਤਿਹਾਸ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਮੌਕੇ ਕਮੇਟੀ ਪ੍ਰਧਾਨ ਜਥੇਦਾਰ ਜਰਨੈਲ ਸਿੰਘ ਖਾਲਸਾ, ਅਜੈ ਕੁਮਾਰ, ਵਿਜੈ ਕੁਮਾਰ, ਅਮਰਦੀਪ ਸਿੰਘ, ਸਰਬਜੀਤ ਸਿੰਘ, ਨਰਿੰਦਰ ਸਿੰਘ, ਦਿਲਪ੍ਰੀਤ ਸਿੰਘ, ਪਰਮਜੀਤ ਸਿੰਘ, ਕੁਲਵਿੰਦਰ ਸਿੰਘ, ਮਹਿੰਦਰ ਸਿੰਘ, ਬੰਟੀ ਬੱਡੋਂ, ਸੁਰਿੰਦਰ ਸਿੰਘ ਮੋਨਾ, ਕੇਵਲ ਸਿੰਘ, ਸੋਢੀ ਸਿੰਘ, ਰਾਮ ਆਸਰਾ, ਚਰਨਜੀਤ ਸਿੰਘ, ਰਾਜੂ, ਕਾਕਾ, ਆਸੂ, ਉਕਾਰ ਸਿੰਘ, ਰਮਨ ਆਦਿ ਹਾਜ਼ਰ ਸਨ। ਇਸ ਮੌਕੇ ਸਮਾਗਮ ਦੌਰਾਨ ਗੁਰੂ ਜੀ ਦੇ ਲੰਗਰ ਅਟੁੱਟ ਵਰਤਾਏ ਜਾਣਗੇ।

# ਫ੍ਰੀ ਕੈਂਸਰ ਚੈੱਕਅੱਪ ਤੇ ਜਾਗਰੂਕਤਾ ਕੈਂਪ 28 ਨੂੰ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਕ੍ਰਿਸ਼ਨ ਗਰਗ)**- ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵੱਲੋਂ ਵਰਡ ਕੈਂਸਰ ਕੇਅਰ ਚੈਰੀਟੇਬਲ ਸੁਸਾਇਟੀ ਦੇ ਸਹਿਯੋਗ ਨਾਲ ਇੱਕ ਫ੍ਰੀ ਕੈਂਸਰ ਚੈੱਕਅੱਪ ਤੇ ਜਾਗਰੂਕਤਾ ਕੈਂਪ ਦਾ ਆਯੋਜਨ 28 ਜਨਵਰੀ ਨੂੰ ਸਵੇਰੇ 10 ਵਜੇ ਤੋਂ ਦੁਪਹਿਰ 3 ਵਜੇ ਤੱਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਸੈਕਟਰ-76, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ ਲਗਾਇਆ ਜਾਵੇਗਾ।ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਅਤੇ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਦੇ ਪ੍ਰਧਾਨ ਸ੍ਰੀਮਤੀ ਕੋਮਲ ਮਿੱਤਲ ਨੇ ਦੱਸਿਆ ਕਿ ਕੈਂਪ ਦੌਰਾਨ ਮੈਮੋਗ੍ਰਾਫ਼ੀ, ਬੋਨ ਡੇਂਸਟੀ ਟੈਸਟ, ਅੱਖਾਂ ਦਾ ਚੈਕਅੱਪ, ਫ੍ਰੀ ਐਨਕਾਂ ਸਮੇਤ ਹੋਰ ਲੋੜੀਂਦੇ ਮੈਡੀਕਲ ਟੈਸਟ ਡਾਕਟਰਾਂ ਦੀ ਸਲਾਹ ਅਨੁਸਾਰ ਮੌਕੇ 'ਤੇ ਹੀ ਬਿਲਕੁਲ ਮੁਫ਼ਤ ਕੀਤੇ ਜਾਣਗੇ। ਇਸ ਦੇ ਨਾਲ ਹੀ ਲੋਕਾਂ ਨੂੰ ਕੈਂਸਰ ਸੰਬੰਧੀ ਜਾਗਰੂਕਤਾ ਵੀ ਪ੍ਰਦਾਨ ਕੀਤੀ ਜਾਵੇਗੀ।



ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਯੂਨਿਟ ਮੁਕੰਦਪੁਰ ਵਲੋਂ ਸਖੀ ਸੁਲਤਾਨ ਪੀਰ ਲੱਖ ਦਾਤਾ ਜੀ ਦੇ ਮੇਲੇ ਲੰਗੇਰੀ ਵਿਖੇ ਫਰੀ ਮੈਡੀਕਲ ਕੈਂਪ ਲਗਾਇਆ ਗਿਆ। ਗੱਦੀ ਨਸ਼ੀਨ ਸਾਈਂ ਸੁਖਵੀਰ ਸ਼ਾਹ ਕਾਦਰੀ ਵਲੋਂ ਡਾਕਟਰਾਂ ਦੀ ਟੀਮ ਦਾ ਸਨਮਾਨ ਕੀਤਾ ਗਿਆ। **(ਫੋਟੋ ਤੇ ਵੇਰਵਾ : ਅਵਤਾਰ ਕਲੇਰ, ਬੰਗਾ)**